**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourteenth Year of Publication
ਕੈਲੀਫੋਰਨੀਆ ਐਡੀਸ਼ਨ    Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 37, September 14th, 2013    20451 N Plum Grove Rd., Palatine, IL 60074    Ph:847-359-0746, Fax:847-705-9388

# ਨਫਰਤ ਨੇ ਲੂਹ ਸੁੱਟੇ ਸਿੱਖਾਂ ਦੇ ਹਿਰਦੇ

## ਉਸਾਮਾ ਬਿਨ-ਲਾਦਿਨ ਦੇ ਸਾਥੀ ਸਮਝ ਕੇ ਹੋ ਰਹੇ ਨੇ ਅਜੇ ਵੀ ਹਮਲੇ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਵਿਦੇਸ਼ਾਂ ਵਿਚ ਵਸੇ ਸਿੱਖ ਅਜੇ ਵੀ 'ਬੇਗਾਨੇ' ਮੁਲਕਾਂ ਵਿਚ ਆਪਣੀ ਸ਼ਨਾਖ਼ਤ ਬਾਰੇ ਪੈਦਾ ਹੋਈ ਗਲਤਫਹਿਮੀ ਦੂਰ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਉਸਾਮਾ ਬਿਨ-ਲਾਦਿਨ ਦੇ ਸਾਥੀ ਸਮਝਦੇ ਹੋਏ ਵਿਦੇਸ਼ੀਆਂ ਦੀ ਨਫਰਤ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਿਛਲੇ ਵਰ੍ਹੇ ਅਮਰੀਕਾ ਦੇ ਓਕ ਕਰੀਕ ਸਥਿਤ ਗੁਰਦੁਆਰੇ ਵਿਚ ਵਾਪਰੀ ਘਟਨਾ ਨੇ ਇਸ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਸੀ ਪਰ ਕੁਝ ਸਮੇਂ ਦੀ ਸਰਗਰਮੀ ਤੋਂ ਬਾਅਦ ਇਸ ਪਾਸਿਉਂ ਸਭ ਦਾ ਧਿਆਨ ਹਟ ਗਿਆ।

ਅਮਰੀਕਾ ਵਿਚ ਸਿੱਖਾਂ ਬਾਰੇ ਜਾਗਰੂਕਤਾ ਦਾ ਇਸ ਵੇਲੇ ਇਹ ਹਾਲ ਹੈ ਕਿ ਬਹੁਤੇ ਅਮਰੀਕੀ ਲੋਕ, ਸਿੱਖਾਂ ਨੂੰ ਅਲ-ਕਾਇਦਾ ਦੇ ਮਾਰੇ ਗਏ ਮੁਖੀ ਉਸਾਮਾ ਬਿਨ-ਲਾਦਿਨ ਨਾਲ ਜੋੜ ਕੇ ਦੇਖਦੇ ਹਨ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ (ਸੈਲਡੈਫ) ਤੇ ਸਟੈਨਫੋਰਡ ਯੂਨੀਵਰਸਿਟੀ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਅਧਿਐਨ 'ਟਰਬਨ ਮਿੱਥਸ' ਵਿਚ ਖੁਲਾਸਾ ਕੀਤਾ ਗਿਆ ਕਿ 49 ਫ਼ੀਸਦੀ ਅਮਰੀਕੀ ਲੋਕ, ਸਿੱਖਾਂ ਨੂੰ ਇਸਲਾਮ ਦਾ ਹੀ ਹਿੱਸਾ ਮੰਨਦੇ ਹਨ ਜਦਕਿ 70 ਫ਼ੀਸਦੀ ਕਿਸੇ ਸਿੱਖ ਦੀ ਤਸਵੀਰ ਵਿਚ ਉਸ ਦੀ ਸਿੱਖ ਵਜੋਂ ਸ਼ਨਾਖ਼ਤ ਨਹੀਂ ਕਰ ਸਕਦੇ। ਪਾਲੋ ਅਲਟੋ (ਕੈਲੀਫਰੋਨੀਆ) ਵਿਚ ਜਾਰੀ ਰਿਪੋਰਟ ਵਿਚ ਕਿਹਾ ਗਿਆ ਕਿ 79 ਫ਼ੀਸਦੀ ਅਮਰੀਕੀ, ਸਿੱਖ ਮਤ ਦੀ ਉਤਪਤੀ ਦੇ ਸਥਾਨ ਭਾਰਤ ਨੂੰ ਭੂਗੋਲਿਕ ਤੌਰ 'ਤੇ ਪਛਾਣ ਨਹੀਂ ਸਕਦੇ। ਸਰਵੇਖਣ ਵਿਚ ਇਹ ਗੱਲ ਦੇਖੀ ਗਈ ਕਿ 70 ਫ਼ੀਸਦੀ ਅਮਰੀਕੀ ਦਸਤਾਰ ਸਜਾਉਣ ਵਾਲਿਆਂ ਨੂੰ ਮੁਸਲਮਾਨ ਸਮਝਦੇ ਹਨ ਜਦਕਿ 48 ਫ਼ੀਸਦੀ ਹਿੰਦੂ, ਬੋਧੀ ਜਾਂ ਸ਼ਿੰਟੋ (ਜਪਾਨੀ ਧਰਮ) ਸਮਝਦੇ ਹਨ। ਇਹ ਇਸ ਤੱਥ ਦੇ ਪੂਰੀ ਤਰ੍ਹਾਂ ਉਲਟ ਹੈ ਕਿ ਅਮਰੀਕਾ ਵਿਚ ਤਕਰੀਬਨ ਸਾਰੇ ਵਿਅਕਤੀ ਜਿਹੜੇ ਪੱਗ ਬੰਨ੍ਹਦੇ ਹਨ, ਸਿੱਖ-ਅਮਰੀਕਨ ਹਨ ਜਿਨ੍ਹਾਂ ਦੇ ਧਰਮ ਦੀ ਉਤਪਤੀ ਭਾਰਤ ਤੋਂ ਹੋਈ।




'ਸੈਲਡੈਫ' ਦੇ ਅਗਜ਼ੈਕਟਿਵ ਡਾਇਰੈਕਟਰ ਜਸਜੀਤ ਸਿੰਘ ਦਾ ਕਹਿਣਾ ਹੈ ਕਿ ਇਹ ਖੋਜ ਸਿੱਖ ਭਾਈਚਾਰੇ ਲਈ ਅਹਿਮ ਹੈ ਤੇ ਅਸਲ ਤੇ ਅਮਲੀ ਜ਼ਿੰਦਗੀ ਜਿਉਣ ਦੇ ਤਜਰਬਿਆਂ ਦੀ ਪੁਸ਼ਟੀ ਕਰਦੀ ਹੈ। ਇਸ ਅਧਿਐਨ ਦੀ ਨਿਗਰਾਨੀ ਸਟੈਨਫੋਰਡ ਯੂਨੀਵਰਸਿਟੀ ਦੇ ਖੋਜੀ ਤੇ ਸ਼ਾਂਤੀ ਇਨੋਵੇਸ਼ਨ ਲੈਬ ਕੋ-ਡਾਇਰੈਕਟਰ ਮਰਗਰੀਤਾ ਕੁਈਹੁਈਜ਼ ਨੇ ਕੀਤੀ। ਇਹ ਖੋਜ ਸਰਵੇਖਣ, ਸਮਾਜਕ ਵਿਗਿਆਨ ਖੋਜ ਤੇ ਸਿੱਖਾਂ ਤੇ ਸ਼ਹਿਰੀ ਹੱਕਾਂ ਬਾਰੇ ਨਾਗਰਿਕ ਸੰਗਠਨਾਂ ਵਿਚਲੇ ਵਿਅਕਤੀਆਂ ਨਾਲ ਲੰਬੀਆਂ ਚੌੜੀਆਂ ਮੁਲਾਕਾਤਾਂ 'ਤੇ ਆਧਾਰਤ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਸਿੱਖਾਂ ਨੇ ਕੈਨੇਡਾ ਤੇ ਅਮਰੀਕਾ ਵਰਗੇ ਮੁਲਕਾਂ ਦੀ ਸਿਆਸਤ ਵਿਚ ਵੀ ਚੰਗਾ ਮੁਕਾਮ ਹਾਸਲ ਕਰ ਲਿਆ ਹੈ ਪਰ ਦਸਤਾਰ ਕਾਰਨ ਜ਼ਿਆਦਾਤਰ ਗੋਰੇ ਸਿੱਖਾਂ ਨੂੰ ਮੁਸਲਮਾਨ ਹੀ ਸਮਝਦੇ ਹਨ। ਅਲ-ਕਾਇਦਾ ਵੱਲੋਂ ਅਮਰੀਕਾ ਵਿਚ ਕੀਤੇ ਹਮਲੇ ਤੋਂ ਬਾਅਦ ਗੋਰਿਆਂ ਦੇ ਮਨਾਂ ਵਿਚ ਮੁਸਲਮਾਨਾਂ ਬਾਰੇ ਪੈਦਾ ਹੋਈ ਨਫਰਤ ਦਾ ਸ਼ਿਕਾਰ ਸਿੱਖਾਂ ਨੂੰ ਵੀ ਹੋਣਾ ਪੈ ਰਿਹਾ ਹੈ।

ਇਕ ਹੋਰ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਨਿਊ ਯਾਰਕ ਸ਼ਹਿਰ ਦੇ ਪਬਲਿਕ ਸਕੂਲਾਂ ਵਿਚ ਸਿੱਖਾਂ ਸਮੇਤ ਏਸ਼ੀਆਈ-ਅਮਰੀਕੀ ਵਿਦਿਆਰਥੀਆਂ ਨੂੰ ਧਮਕਾਉਣ ਡਰਾਉਣ ਦੀਆਂ ਘਟਨਾਵਾਂ ਦੁੱਗਣੀਆਂ ਹੋ ਕੇ 50 ਫੀਸਦੀ ਹੋ ਗਈਆਂ ਹਨ। ਮਾਨਵੀ ਹੱਕਾਂ ਬਾਰੇ ਦੋ ਜਥੇਬੰਦੀਆਂ ਨੇ ਇਹ ਖੁਲਾਸਾ ਕੀਤਾ ਹੈ। ਸਿੱਖ ਕੁਲੀਸ਼ਨ ਤੇ 'ਏਸ਼ੀਆ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਏਸ਼ੀਆਈ-ਅਮਰੀਕੀ ਵਿਦਿਆਰਥੀਆਂ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ 'ਤੇ ਧੌਂਸ ਜਮਾਉਣ ਦੀਆਂ ਕਾਰਵਾਈਆਂ 2012 ਵਿਚ 50 ਫੀਸਦੀ ਹੋ ਗਈਆਂ ਹਨ। 2009 ਵਿਚ ਅਜਿਹੀਆਂ ਕਾਰਵਾਈਆਂ 27 ਫੀਸਦੀ ਸਨ।

ਡਰਾਉਣ-ਧਮਕਾਉਣ ਦੇ ਤਰੀਕਿਆਂ ਵਿਚ ਗਾਲ ਮੰਦਾ ਕਰਨਾ, ਇੰਟਰਨੈਟ 'ਤੇ ਡਰਾਉਣ ਤੋਂ ਲੈ ਕੇ ਸਰੀਰਕ ਖਿੱਚ-ਧੂਹ ਸ਼ਾਮਲ ਹੈ।

ਵਾਸ਼ਿੰਗਟਨ ਪੋਸਟ ਨੇ ਰਿਲੀਜ਼ਨ ਨਿਊਜ਼ ਸਰਵਿਸ ਦੇ ਹਵਾਲੇ ਨਾਲ ਕਿਹਾ ਸੀ ਕਿ ਵਿਦਿਆਰਥੀਆਂ ਦੀਆਂ ਦਸਤਾਰਾਂ ਲਾਹੁਣਾ ਤੇ ਸਿਰ ਦਾ ਕੱਪੜਾ ਧੂਹਣਾ ਇਨ੍ਹਾਂ ਕਾਰਵਾਈਆਂ ਵਿਚ ਸ਼ਾਮਲ ਹੈ।

ਜੂਨੀਅਰ ਸਿੱਖ ਕੁਲੀਸ਼ਨ ਦੇ ਵਿਦਿਆਰਥੀ ਆਗੂ ਤੇ ਡੈਵਿਟ ਕਲਿੰਟਨ ਹਾਈ ਸਕੂਲ ਬਰੌਂਕਸ ਦੇ ਪਵਨਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਨੂੰ ਅਕਸਰ 'ਉਸਾਮਾ' ਅਤੇ 'ਲੀਰਾਂ ਦੇ ਸਿਰ ਵਾਲਾ' (ਰੈਗਜ਼) ਜਿਹੇ ਸੰਬੋਧਨ ਸੁਣਨੇ ਪੈਂਦੇ ਹਨ। ਨਿਊ ਯਾਰਕ ਦੇ ਹੀ ਇਕ ਸਕੂਲ ਦੀ ਬੰਗਾਲੀ-ਅਮਰੀਕੀ ਤੇ ਮੁਸਲਿਮ ਵਿਦਿਆਰਥਣ ਅਰੋਨੋ

(ਬਾਕੀ ਸਫਾ 6 'ਤੇ)

## ਪੰਜਾਬ ਪੁਲਿਸ ਦਾ ਕਾਰਨਾਮਾ

# ਵਿਦੇਸ਼ ਗਿਆ ਹਰ ਪੰਜਾਬੀ ਅਤਿਵਾਦੀ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਤਕਰੀਬਨ ਦੋ ਦਹਾਕਿਆਂ ਮਗਰੋਂ ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਪੁਲਿਸ ਵੱਲੋਂ ਕੀਤੀਆਂ ਵਧੀਕੀਆਂ ਦਾ ਕੌੜਾ ਸੱਚ ਸਾਹਮਣੇ ਆਉਣ ਲੱਗਾ ਹੈ। ਫਰਜ਼ੀ ਮੁਕਾਬਲਿਆਂ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਤਲ ਦਾ ਖੁਲਾਸਾ ਹੋਣ ਮਗਰੋਂ ਇਕ ਹੋਰ ਸੱਚ ਸਾਹਮਣੇ ਆਇਆ ਹੈ ਕਿ ਖਾੜਕੂਵਾਦ ਦੇ ਦੌਰ ਵਿਚ ਪੰਜਾਬ ਪੁਲਿਸ ਨੇ ਵਿਦੇਸ਼ਾਂ ਵਿਚ ਗਏ ਸੈਂਕੜੇ ਨੌਜਵਾਨਾਂ ਨੂੰ ਬਗੈਰ ਸਬੂਤ ਹੀ ਦਹਿਸ਼ਤਗਰਦ ਐਲਾਨ ਦਿੱਤਾ ਸੀ। ਇਹ ਖੁਲਾਸਾ ਇਕ ਪੁਲਿਸ ਅਫਸਰ ਨੇ ਹਾਈ ਕੋਰਟ ਵਿਚ ਹਲਫਨਾਮਾ ਦਾਇਰ ਕਰ ਕੇ ਕੀਤਾ ਹੈ।

ਇਸ ਖੁਲਾਸੇ 'ਤੇ ਫਿਕਰ ਜ਼ਾਹਿਰ ਕਰਦਿਆਂ ਹਾਈ ਕੋਰਟ ਦੇ ਜੱਜ ਜਸਟਿਸ ਰਾਮ ਚੰਦਰ ਗੁਪਤਾ ਨੇ ਆਖਿਆ ਕਿ ਉਹ ਇਹ ਹਲਫ਼ਨਾਮਾ ਪੜ੍ਹ ਕੇ ਪੁਲਿਸ ਦੇ ਰਵੱਈਏ 'ਤੇ ਹੈਰਾਨ-ਪ੍ਰੇਸ਼ਾਨ ਹਨ ਕਿ ਕੋਈ ਰਿਕਾਰਡ ਨਾ ਹੋਣ ਦੇ ਬਾਵਜੂਦ ਪੁਲਿਸ ਨੇ ਪਟੀਸ਼ਨਰ ਦਾ ਨਾਂ ਦਹਿਸ਼ਤਗਰਦਾਂ ਦੀ ਸੂਚੀ ਵਿਚੋਂ ਖਾਰਜ ਕਰਨ ਦੀ ਬਜਾਏ ਅਜੇ ਵੀ ਇਹ ਗੱਲ ਅਦਾਲਤ 'ਤੇ ਛੱਡ ਦਿੱਤੀ ਹੈ ਕਿ ਉਹ ਇਸ ਨੂੰ ਪਟੀਸ਼ਨਰ ਦਾ ਨਾਂ ਦਹਿਸ਼ਤਗਰਦਾਂ ਦੀ ਸੂਚੀ ਵਿਚੋਂ ਖਾਰਜ ਕਰਨ ਦਾ ਹੁਕਮ ਦੇਵੇ।

ਜ਼ਿਕਰਯੋਗ ਹੈ ਕਿ ਬੰਗਾ ਦੇ ਡੀ.ਐਸ.ਪੀ. ਭਗਵੰਤ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਨਸਨੀਖੇਜ਼ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਪੰਜਾਬ ਵਿਚ ਖਾੜਕੂਵਾਦ ਦੌਰਾਨ ਵਿਦੇਸ਼ ਜਾਣ ਵਾਲਿਆਂ ਦਾ ਨਾਂ ਦਹਿਸ਼ਤਗਰਦਾਂ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ। ਇਹ ਖੁਲਾਸਾ ਉਨ੍ਹਾ ਸ਼ਿੰਗਾਰਾ ਸਿੰਘ ਨਾਮੀ ਵਿਅਕਤੀ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA - SFR - CDPE
Century 21 M&M and Associates
209.918.6464
ahundal@c21mm.com
605 Standiford Ave, Ste D - Modesto, CA 95350
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100    Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300    Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party    1-866-FOR RAJA    www.RajaSweets.com

**Law Office of Manpreet S. Gahra**
>ਇਮੀਗ੍ਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582    Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਲਵਿੰਦਰ ਸਿੰਘ ਭਿੰਦਾ ’ਤੇ ਦੂਜੀ ਵਾਰ ਜਾਨਲੇਵਾ ਹਮਲਾ

**ਸਟਾਕਟਨ (ਬਿਊਰੋ):** ‘ਜਿਸਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ’ ਦੇ ਮਹਾਂਵਾਕ ਅਨੁਸਾਰ ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸਿੱਖ ਯੂਥ ਆਫ ਅਮਰੀਕਾ ਦੇ ਆਗੂ ਗੁਲਵਿੰਦਰ (ਭਿੰਦਾ) ਸਿੰਘ ਗਾਖਲ ਆਪਣੇ ਉਪਰ ਕੁਝ ਹੀ ਮਹੀਨਿਆਂ ਅੰਦਰ ਹੋਏ ਦੂਜੇ ਜਾਨਲੇਵਾ ਹਮਲੇ ਵਿਚ ਵਾਲ ਵਾਲ ਬਚ ਗਏ। ਸ. ਗਾਖਲ ਅਤੇ ਉਨ੍ਹਾਂ ਦੀ ਮਾਤਾ ਮਹਿੰਦਰ ਕੌਰ ਗੰਭੀਰ ਰੂਪ ’ਚ ਜ਼ਖਮੀ ਹੋ ਗਏ ਅਤੇ ਉਨ੍ਹਾਂ ਦੀ ਪਤਨੀ ਹਰਜੀਤ ਕੌਰ ਨੂੰ ਵੀ ਸੱਟਾਂ ਲੱਗੀਆਂ। ਤਿੰਨੇ ਹਸਪਤਾਲ ਵਿਚ ਹਨ। ਉਨ੍ਹਾਂ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਹੈ।

ਸ. ਗਾਖਲ ਉੱਤੇ ਹਮਲਾ ਪਿਛਲੇ ਸਨਿਚਰਵਾਰ ਤੜਕੇ 4 ਕੁ ਵਜੇ ਉਦੋਂ ਹੋਇਆ ਜਦੋਂ ਉਹ ਆਪਣੇ ਘਰ ਸੁੱਤੇ ਪਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਮੈਕਸੀਕਨ ਮੂਲ ਦਾ ਇਕ ਨੌਜਵਾਨ ਦਰਵਾਜਾ ਤੋੜ ਕੇ ਘਰ ਅੰਦਰ ਦਾਖਲ ਹੋਇਆ ਤਾਂ ਖੜਕੇ ਦੀ ਆਵਾਜ਼ ਸੁਣ ਕੇ ਸ. ਗਾਖਲ ਦੀ ਮਾਤਾ ਬੀਬੀ ਮਹਿੰਦਰ ਕੌਰ ਗਾਖਲ ਦੀ ਜਾਗ ਖੁਲ ਗਈ ਅਤੇ ਉਨ੍ਹਾਂ ਬੜੀ ਦਲੇਰੀ ਨਾਲ ਹਮਲਾਵਰ ਨੂੰ ਜੱਫਾ ਮਾਰ ਲਿਆ ਪਰ ਹਮਲਾਵਰ ਨੇ ਬੀਬੀ ਮਹਿੰਦਰ ਕੌਰ ਦੇ ਚਾਰ ਗੋਲੀਆਂ ਮਾਰੀਆਂ। ਉਨ੍ਹਾਂ ਦੀ ਪਤਨੀ ਹਰਜੀਤ ਕੌਰ ਨੇ ਵੀ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤੇ ਹੱਥੋਪਾਈ ਵਿਚ ਜ਼ਖਮੀ ਹੋ ਗਈ। ਇਸ ਪਿਛੋਂ ਹਮਲਾਵਰ ਕਾਹਲੀ ਨਾਲ ਉਸ ਕਮਰੇ ਵਿਚ ਗਿਆ ਜਿਥੇ ਸ. ਗਾਖਲ ਸੁੱਤੇ ਪਏ ਸਨ। ਹਮਲਾਵਰ ਨੇ ਉਨ੍ਹਾਂ ਦੀ ਕਨਪਟੀ ‘ਤੇ ਦੋ ਗੋਲੀਆਂ ਮਾਰੀਆਂ। ਸ. ਗਾਖਲ ਨੇ ਇਸ ਦੇ ਬਾਵਜੂਦ ਹਮਲਾਵਰ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਹ ਛੁਟ ਕੇ ਨਿਕਲ ਗਿਆ। ਇਸੇ ਦੌਰਾਨ ਸ. ਗਾਖਲ ਦੇ ਬੱਚਿਆਂ ਨੇ ਪੁਲਿਸ ਨੂੰ ਕਾਲ ਕਰ ਦਿਤੀ ਪਰ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਹਮਲਾਵਰ ਫਰਾਰ ਹੋ ਗਿਆ।

ਸ. ਗਾਖਲ ਅਤੇ ਉਨ੍ਹਾਂ ਦੀ ਮਾਤਾ ਤੇ ਪਤਨੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਹੈ। ਪੁਲਿਸ ਹਮਲਾਵਰ ਦੀ ਤਲਾਸ਼ ਕਰ ਰਹੀ ਹੈ।

ਇਸੇ ਦੌਰਾਨ ਸਥਾਨਕ ਸਿੱਖ ਭਾਈਚਾਰੇ ਵਿਚ ਇਸ ਹਮਲੇ ਬਾਰੇ ਵੱਖ ਵੱਖ ਤਰ੍ਹਾਂ ਦੀ ਚਰਚਾ ਚੱਲ ਰਹੀ ਹੈ ਅਤੇ ਕਈ ਲੋਕ ਇਸ ਦਾ ਸਬੰਧ ਧੜੇਬੰਦਕ ਲੜਾਈ ਨਾਲ ਜੋੜਦਿਆਂ ਇਸ ਨੂੰ ਕੁਝ ਸਾਲ ਪਹਿਲਾਂ ਇਥੇ ਖੇਡ ਮੇਲੇ ਦੌਰਾਨ ਚੱਲੀ ਗੋਲੀ ਨਾਲ ਜੋੜ ਰਹੇ ਹਨ। ਇਹ ਵੀ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਇਹ ਹਮਲਾ ਹਮਲਾਵਰ ਨੂੰ ਸੁਪਾਰੀ ਦੇ ਕੇ ਕਰਵਾਇਆ ਗਿਆ ਹੋ ਸਕਦਾ ਹੈ। ਹਾਲ ਦੀ ਘੜੀ ਇਸ ਨੂੰ ਅਟਕਲਪੱਚੂ ਹੀ ਸਮਝਿਆ ਜਾ ਰਿਹਾ ਹੈ ਪਰ ਇਸ ਗੱਲ ‘ਤੇ ਵੀ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਜੇ ਅਜਿਹਾ ਹੈ ਤਾਂ ਇਹ ਸਿੱਖ ਭਾਈਚਾਰੇ ਲਈ ਬਹੁਤ ਹੀ ਮਾੜੀ ਗੱਲ ਹੈ।

ਸ. ਭਿੰਦਾ ਗਾਖਲ ਜਲੰਧਰ ਨੇੜਲੇ ਪਿੰਡ ਗਾਖਲ ਤੋਂ ਹਨ ਅਤੇ ਸਥਾਨਕ ਸਿੱਖ ਸਿਆਸਤ ਵਿਚ ਕਾਫੀ ਸਰਗਰਮ ਰਹੇ ਹਨ। ਉਨ੍ਹਾਂ ਉਪਰ ਇਸ ਹਮਲੇ ਦੀ ਨਿਖੇਧੀ ਕਰਦਿਆਂ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਉਨ੍ਹਾਂ ਦੇ ਜਲਦ ਸਿਹਤਯਾਬ ਹੋਣ ਦੀ ਆਸ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸ. ਭਿੰਦਾ ਗਾਖਲ ਨੇ ਹਮੇਸ਼ਾ ਵੱਖ ਵੱਖ ਧੜਿਆਂ ਵਿਚ ਤਣਾਓ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਹਮਲਾ ਬੇਹਦ ਦੁਖਦਾਈ ਹੈ।

***punjabtimesusa.com***

# ਜੈਨਕੋ ਦਾ ਛੇਵਾਂ ਸਾਲਾਨਾ ਗੌਲਫ ਟੂਰਨਾਮੈਂਟ 21 ਨੂੰ

**ਫਰੀਮਾਂਟ (ਬਿਊਰੋ):** ਜੈਨਕੋ ਵਲੋਂ ਇਸ ਵਾਰ 21 ਸਤੰਬਰ ਨੂੰ ਸਾਲਾਨਾ ਗੌਲਫ ਟੂਰਨਾਮੈਂਟ ਓਕਲੈਂਡ ਦੇ ਲੇਕ ਛਬੋ ਗੌਲਫ ਕੋਰਸ ਵਿਚ ਕਰਵਾਇਆ ਜਾ ਰਿਹਾ ਹੈ। ਪਿਛਲੇ ਸਾਲ ਇਸ ਟੂਰਨਾਮੈਂਟ ਵਿਚ ਕੋਈ 60 ਖਿਡਾਰੀਆਂ ਨੇ ਹਿਸਾ ਲਿਆ ਸੀ। ਜੈਨਕੋ ਪ੍ਰਬੰਧਕਾਂ ਨੇ ਇਸ ਸਾਲ 100 ਖਿਡਾਰੀਆਂ ਲਈ ਇੰਤਜ਼ਾਮ ਕੀਤਾ ਹੈ।

ਜੈਨਕੋ ਵਲੋਂ ਜਾਰੀ ਇਕ ਬਿਆਨ ਅਨੁਸਾਰ ਟੂਰਨਾਮੈਂਟ ਲਈ ਰਜਿਸਟ੍ਰੇਸ਼ਨ ਸਵੇਰੇ 10 ਵਜੇ ਸ਼ੁਰੂ ਹੋਵੇਗੀ ਅਤੇ ਟੂਰਨਾਮੈਂਟ ਸ਼ੌਟਗਨ ਸਟਾਈਲ ਵਿਚ ਦੁਪਹਿਰ 12 ਵਜੇ ਸ਼ੁਰੂ ਹੋਵੇਗਾ। ਟੂਰਨਾਮੈਂਟ ਤੋਂ ਪਹਿਲਾਂ ਪੇਂਟਿੰਗ ਕੰਪੀਟੀਸ਼ਨ ਅਤੇ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਹੋਵੇਗਾ। ਸ਼ਾਮ ਨੂੰ ਇਨਾਮ ਸਮਾਰੋਹ ਅਤੇ ਖਾਣਾ ਗੌਲਫ ਕੌਰਸ ਦੇ ਕਲਬ ਹਾਊਸ ਵਿਚ ਹੋਵੇਗਾ।

ਜ਼ਿਕਰਯੋਗ ਹੈ ਕਿ ਜੈਨਕੋ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਜਥੇਬੰਦੀ ਹੈ। ਇਸ ਵਲੋਂ ਗੌਲਫ ਤੋਂ ਇਲਾਵਾ ਸਭਿਆਚਾਰਕ ਪ੍ਰੋਗਰਾਮ, ਪਿਕਨਿਕ, ਸਕੀਇੰਗ ਅਤੇ ਕੈਂਪਿੰਗ ਆਦਿ ਕਰਵਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਨੌਵਿੰਦਰ ਵੜੈਚ (408) 857-6022 ਜਾਂ ਮਨਰਾਜ ਨੱਤ (408) 802-7181 ਤੋਂ ਲਈ ਜਾ ਸਕਦੀ ਹੈ।















# Indo American Cultural & Sports Association (USA) and Gopio





# ਗਦਰੀ ਮੇਲਾ

100 Year Centennial Celebration

ਐਤਵਾਰ, 6 ਅਕਤੂਬਰ, 2013

ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ

James Logan High School

1800 H Street, Union City, CA

**Speaker:**

Richard Valle -Supervisor of Alameda
Bill Quark - Assemblyman
Carol Dutra -Union City Mayor
Ellan Corbett -Congresswomen
Michael Sueeney - Mayor of Hayward
Gurdeep Singh Ankhi





ਗਾਇਕ: ਜਤਿੰਦਰ ਜਰਗੀਆ, ਅਨੂਪ ਚੀਮਾ ਤੇ ਕੈਲੀਫੋਰਨੀਆ ਸੰਗੀਤ

ਢਾਡੀ ਜਥਾ ਭਾਈ ਸਰਬਜੀਤ ਸਿੰਘ ਸਾਜਨ

ਇਸ ਮੌਕੇ ਗਦਰੀ ਬਾਬਿਆਂ ਬਾਰੇ ਵਿਸ਼ਾਲ ਫੋਟੋ ਨੁਮਾਇਸ਼ ਵੀ ਲਾਈ ਜਾਵੇਗੀ।

ਗਿੱਧਾ ਅਤੇ ਭੰਗੜਾ

ਮੰਚ ਸੰਚਾਲਨ: ਆਸ਼ਾ ਸ਼ਰਮਾ



ਖਾਣੇ ਦੀ ਸੇਵਾ ਭਾਈ ਕਨ੍ਹਈਆ ਸੁਸਾਇਟੀ ਵਲੋਂ

ਖੇਡਾਂ: ਕਬੱਡੀ, ਹਾਕੀ, ਸੌਕਰ ਤੇ ਵਾਲੀਬਾਲ

*ਗੋਲਡਨ ਹਾਕ ਇੰਸ਼ੋਰੈਂਸ ਦੇ ਮਾਲਕ ਜਸਵੀਰ ਸਿੰਘ ਥਾਂਦੀ ਨੂੰ ਗਦਰ ਲਹਿਰ ਦੀ ਸ਼ਤਾਬਦੀ 'ਤੇ ਸਨਮਾਨਤ ਕੀਤਾ ਜਾਵੇਗਾ।*

ਸਟਾਲਾਂ ਲਈ ਸੰਪਰਕ ਕਰੋ: ਅਵਤਾਰ ਸਿੰਘ ਤਾਰੀ 510-750-5152



**ਹੋਰ ਜਾਣਕਾਰੀ ਲਈ** ਕਸ਼ਮੀਰ ਸਿੰਘ ਧੁੱਗਾ 510-816-9044, ਮਹਿੰਗਾ ਸਿੰਘ ਸਰਪੰਚ 510-755-0767, ਜੀਵਨ ਜ਼ੁਤਸ਼ੀ 510-589-3702

**ਪ੍ਰਬੰਧਕ ਕਮੇਟੀ: Mehnga Singh Sarpanch, Kashmir Singh Dhugga, Avtar Singh Tari, Manjit S. Virk, Santokh Takhar, Sukhwant Dhillon, Kamaljit Atwal, Avininder Singh, Manjit Gill, Darshan Aujla, Baljinder Singh, Jeevan Zutshi, Inder Singh, Johnpal Singh, Kulwinder (Kinda), Jagwinder Jandiala, Manjit Sandhu, Lahmber Sandhu, Bhupinder Parmar, Hardev Malhi, Arjun Malhi, Amar Singh Malhi, Kamaljit S. Dhami, Satnam Bal, Charan Singh Judg, Ajit Bal, Davinder Singh, Kuldeep Shergill, Harbhajan Phull, Parkash Singh, Ravinder Sandhu, Harjinder Ladhar, Kam Gill, Arvind Sindh, Sarpanch Avtar Sindh, Sucha Ram Bharta, Kulwant S Jagga, Ajmer Singh, Major Gakhal, Sohan Singh, Rajpal Singh**

*ਸਹਿਯੋਗੀ: ਇੰਡੋ-ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ (ਕੈਲੀਫੋਰਨੀਆ), ਗਦਰ ਮੈਮੋਰੀਅਲ ਫਾਊਂਡੇਸ਼ਨ-ਅਮਰੀਕਾ, ਮੱਖਣ ਬਾਸੀ ਯੂਬਾ ਸਿਟੀ।*

**Sponsors:** Tut Brothers, Chaat Bhavan, Kumar Jewellers, Lali Tire, Prime Properties (Nick), Rana Kahlon-Subway, Garry, Hardeep Aulakh, Lachhman Singh Mangat, Gurcharan Mann-Farmers Insurance, Jagdeep Nagra, Dr. Jagtar Singh Sandhu, Chaana Construction Co., Harbhajan Dosanjh, Chatha Bros., Mehta Entertainment, Global Hawk Insurance, Jasvir Singh Thandi, Raj Bhanot, Dr. Bhupinder Bhandari, Dr. Sarabjit Hundal, Dr. Harpreet Dhillon, Dr. Romesh K Japre, Pardeep Grewal Attorney, Jaspreet Singh Attorney, Dr. Dalvir Pannu, Kashmir Hundal, Satwant Singh Broadway Landscaping, Randhir Gill (Manila), Jasvir Powar, Sarbjot Swaddi, Sukhjit Sandhu, Sandhu Brothers, San Jose Trucking School, Bhandal Trucking, A&I Trucking, Balvir Singh (Kaka), Bhaji Rana ji Santa Rosa & members, Raja Sweets & Catering, Sohal Brothers, Tandoor Restaurant, Bombay Garden, Kabila Restaurant, Moon Light Restaurant, Favorite Restaurant, Teerth Sal & Sons, Kulwant Nijjar & Brothers (PC Micro), Serai Trucking & Body Shop, Economy Trucking, Surinder Dhanoa & Team, Mountain Mike's Pizza Hayward (Kurt), Mountain Mike's Pizza Freemont, MILPITAS (Goldi), Mountain Mike's Pizza Alum Rock, Kuldeep Singh Atwal, Swijit S Atwal, Sarbjit Atwal, Travel for Less, Kuldeep Dhariwal Attoreny, Dr. Charanjit Singh Uppal DDS, West Coast Auto Repair, Radio Chardi Kala, Punjab Radio USA, Satish Kumar (Wells Fargo), Avininder All State Insurance, Inder Dosanjh, Santokh Judge, Sansar Restaurant, Amrik Chand (CPA), AI Interior Decorating Inc., GNC Rental, Bhogal Dental Group, Preet Fabric & Appliance, Security Corners, Bhindi Jewellers, Mehfil Indian Cuisine, Legend Travels, Truck & Bus Driving School, New India Bazar, Nuts & Spice Company, Anil Sikka, Indian Cash & Curry, Punkaj, Balwant S. Banka, Harpal Sangha Yuba City, Amarjeet Sangha … Lakhbir Singh Lucki, Randhawa Trucking & Randhawa Limos, Kash Fabrics, All Star Auto Repair.

# ਪੰਜਾਬ ਦੇ ਨਗਰ ਨਿਗਮ ਵੀ ਹੋਏ ਕਰੋੜਾਂ ਦੇ ਕਰਜ਼ਾਈ

## ਜ਼ਮੀਨਾਂ ਵੇਚ ਕੇ ਭਾਰ ਹੌਲਾ ਕਰਨ ਦੀ ਤਿਆਰੀ

**ਚੰਡੀਗੜ੍ਹ:** ਕਰਜ਼ੇ ਦੀ ਪੰਡ ਥੱਲੇ ਦੱਬੇ ਪੰਜਾਬ ਦੇ ਨਗਰ ਨਿਗਮਾਂ ਨੇ ਹੁਣ ਜ਼ਮੀਨਾਂ ਨਿਲਾਮ ਕਰਕੇ ਭਾਰ ਹੌਲਾ ਕਰਨ ਦੀ ਵਿਉਂਤ ਬਣਾਈ ਹੈ। ਨਿਗਮਾਂ ਨੇ ਅਜਿਹੀਆਂ ਜ਼ਮੀਨਾਂ ਦੀ ਸ਼ਨਾਖਤ ਵੀ ਕਰ ਲਈ ਹੈ ਜਿਨ੍ਹਾਂ ਨੂੰ ਨਿਲਾਮ ਕੀਤਾ ਜਾਣਾ ਹੈ। ਆਰ.ਟੀ.ਆਈ. ਤਹਿਤ ਹਾਸਲ ਕੀਤੇ ਵੇਰਵੇ ਅਨੁਸਾਰ ਨਗਰ ਨਿਗਮ ਲੁਧਿਆਣਾ ਨੇ 20 ਕਰੋੜ ਰੁਪਏ ਦਾ ਕਰਜ਼ਾ ਸੜਕਾਂ ਵਾਸਤੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਤੋਂ ਚੁੱਕਿਆ ਹੈ। ਹੁਣ ਇਸ ਕਰਜ਼ੇ ਦੀ ਰਕਮ ਵਿਆਜ ਸਮੇਤ 25.08 ਕਰੋੜ ਰੁਪਏ ਹੋ ਚੁੱਕੀ ਹੈ।

ਨਗਰ ਨਿਗਮ ਨੇ ਇਹ ਕਰਜ਼ਾ 16 ਅਕਤੂਬਰ, 2008 ਨੂੰ ਲਿਆ ਸੀ। ਇਸ ਦੀ ਕੋਈ ਕਿਸ਼ਤ ਹਾਲੇ ਤੱਕ ਵਾਪਸ ਨਹੀਂ ਕੀਤੀ ਗਈ ਹੈ। ਬਠਿੰਡਾ ਨਗਰ ਨਿਗਮ ਨੇ ਵੀ ਵਿਕਾਸ ਬੋਰਡ ਤੋਂ 52.45 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ ਜਿਸ ਦੀ ਵਿਆਜ ਸਮੇਤ ਰਕਮ ਹੁਣ 64.42 ਕਰੋੜ ਰੁਪਏ ਹੋ ਚੁੱਕੀ ਹੈ। ਨਿਗਮ ਨੇ 17 ਮਾਰਚ 2011 ਨੂੰ ਸੀਵਰੇਜ ਤੇ ਵਿਕਾਸ ਕੰਮਾਂ ਖਾਤਰ 12.45 ਕਰੋੜ ਰੁਪਏ ਦਾ ਕਰਜ਼ਾ ਇਸ ਅਦਾਰੇ ਤੋਂ ਲਿਆ ਸੀ। ਹਾਲੇ ਤੱਕ ਨਿਗਮ ਇਹ ਕਰਜ਼ਾ ਵਾਪਸ ਨਹੀਂ ਕਰ ਸਕਿਆ ਹੈ। ਨਿਗਮ ਨੇ ਆਪਣੀ ਕੀਮਤੀ ਜਾਇਦਾਦ ਬਲਿਊ ਫੌਕਸ ਨਗਰ ਸੁਧਾਰ ਟਰੱਸਟ ਬਠਿੰਡਾ ਨੂੰ ਦੇ ਦਿੱਤੀ ਹੈ ਤੇ ਟਰੱਸਟ ਨੇ ਅੱਗੇ ਕਰਜ਼ਾ ਚੁੱਕ ਕੇ ਇਹ ਜਗ੍ਹਾ ਖਰੀਦੀ ਹੈ। ਨਗਰ ਨਿਗਮ ਨੇ ਹੋਰ ਜਾਇਦਾਦਾਂ ਵੀ ਸ਼ਨਾਖਤ ਕੀਤੀ ਹੈ ਜਿਨ੍ਹਾਂ ਨੂੰ ਨਿਲਾਮ ਕੀਤਾ ਜਾਣਾ ਹੈ।

ਪਟਿਆਲਾ ਨਗਰ ਨਿਗਮ ਨੇ ਐਨ.ਸੀ.ਆਰ ਪਲੈਨਿੰਗ ਬੋਰਡ, ਨਵੀਂ ਦਿੱਲੀ ਤੋਂ ਜਲ ਸਪਲਾਈ, ਸੀਵਰੇਜ ਤੇ ਸੋਲਿਡ ਵੇਸਟ ਮੈਨੇਜਮੈਂਟ ਲਈ 44.94 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ ਜਿਸ ਵਿਚੋਂ 95 ਫੀਸਦੀ ਕਰਜ਼ਾ ਵਾਪਸ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪਟਿਆਲਾ ਨਗਰ ਨਿਗਮ ਨੇ ਨਗਰ ਸੁਧਾਰ ਟਰੱਸਟ ਤੋਂ ਵਿਕਾਸ ਕੰਮਾਂ ਖਾਤਰ 25 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਜਿਸ ਦੀ ਰਕਮ ਹਾਲੇ ਤੱਕ ਵਾਪਸ ਨਹੀਂ ਕੀਤੀ ਗਈ। ਨਗਰ ਨਿਗਮ ਨੇ ਤਕਰੀਬਨ 58 ਸੰਪਤੀਆਂ ਤਾਂ ਹੁਣ ਤੱਕ ਵੇਚ ਦਿੱਤੀਆਂ ਹਨ ਜਿਨ੍ਹਾਂ ਵਿਚ ਜ਼ਿਆਦਾ ਗਿਣਤੀ ਪਲਾਟਾਂ ਦੀ ਹੈ।

ਨਿਗਮ ਨੇ ਹੋਰ ਅੱਠ ਵੇਚਣਯੋਗ ਸੰਪਤੀਆਂ ਦੀ ਸੂਚੀ ਵੀ ਤਿਆਰ ਕੀਤੀ ਹੈ। ਇਨ੍ਹਾਂ ਸੰਪਤੀਆਂ ਤੋਂ ਤਕਰੀਬਨ 13 ਕਰੋੜ ਰੁਪਏ ਦੀ ਕਮਾਈ ਹੋਣ ਦੀ ਨਿਗਮ ਨੂੰ ਉਮੀਦ ਹੈ। ਮੁਹਾਲੀ ਨਗਰ ਨਿਗਮ ਨੇ ਵੀ ਆਪਣਾ ਦਫ਼ਤਰ ਕਰਜ਼ਾ ਚੁੱਕ ਕੇ ਬਣਾਇਆ ਹੈ। ਇਸ ਨਿਗਮ ਨੇ ਪੰਜਾਬ ਨੈਸ਼ਨਲ ਬੈਂਕ ਤੋਂ 1.93 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ ਜਿਸ ਦਾ ਵਿਆਜ 59.66 ਲੱਖ ਰੁਪਏ ਬਣਿਆ ਸੀ। ਇਹ ਰਕਮ ਵਾਪਸ ਕਰ ਦਿੱਤੀ ਗਈ ਹੈ।

ਜਲੰਧਰ ਨਗਰ ਨਿਗਮ ਨੇ ਵੀ ਤਕਰੀਬਨ 19 ਜਾਇਦਾਦਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਇਨ੍ਹਾਂ ਵਿਚੋਂ 12 ਕਨਾਲ ਅੱਠ ਮਰਲੇ ਜਾਇਦਾਦ ਉਤੇ ਤਾਂ ਧੋਬੀਆਂ ਦਾ ਕਬਜ਼ਾ ਹੈ ਜਦੋਂਕਿ ਚਾਰ ਜਾਇਦਾਦਾਂ ਦਾ ਹਾਈ ਕੋਰਟ ਵਿਚ ਕੇਸ ਚੱਲ ਰਿਹਾ ਹੈ।ਇਸ ਤਰ੍ਹਾਂ 10 ਕਨਾਲ ਦੋ ਮਰਲੇ ਜਗ੍ਹਾ ਬਿਜਲੀ ਬੋਰਡ ਤੇ ਪੁਲਿਸ ਵਿਭਾਗ ਨੂੰ ਵੇਚਣ ਵਾਸਤੇ ਸ਼ਨਾਖਤ ਕੀਤੀ ਹੈ। ਪਿੰਡ ਚੱਕਜਿੰਦਾ ਤੇ ਧੰਨੋਵਾਲੀ ਵਿਚ ਦੋ ਛੱਪੜ ਹਨ ਜੋ ਨਿਗਮ ਦੀ ਮਲਕੀਅਤ ਹਨ। ਛੇ ਕਨਾਲ ਛੇ ਮਰਲੇ ਦਾ ਛੱਪੜ ਪਿੰਡ ਮਿੱਠਾਪੁਰ ਵਿਚ ਹੈ। ਇਨ੍ਹਾਂ ਤੋਂ ਹੋਣ ਵਾਲੀ ਕਮਾਈ ਦਾ ਅੰਦਾਜ਼ਾ ਵੀ ਨਿਗਮ ਨੇ




ਲਗਾ ਲਿਆ ਹੈ।

ਲੁਧਿਆਣਾ ਨਗਰ ਨਿਗਮ ਨੇ ਪਿੰਡ ਲੁਹਾਰਾ ਦੇ ਖਸਰਾ ਨੰਬਰ 17 ਵਾਲੀ ਜਾਇਦਾਦ ਨਿਲਾਮ ਕਰਨ ਦਾ ਫੈਸਲਾ ਕੀਤਾ ਹੈ। ਨਿਗਮ ਨੇ ਇਸ ਜਾਇਦਾਦ ਦੇ ਰਕਬੇ ਵਗੈਰਾ ਦੀ ਸੂਚਨਾ ਨਹੀਂ ਦਿੱਤੀ ਹੈ। ਅੰਮ੍ਰਿਤਸਰ ਨਗਰ ਨਿਗਮ ਨੇ ਨੌਂ ਸਰਕਾਰੀ ਜਾਇਦਾਦਾਂ ਦੀ ਸ਼ਨਾਖਤ ਕੀਤੀ ਹੈ ਜਿਨ੍ਹਾਂ ਨੂੰ ਨਿਲਾਮ ਕਰਨ ਵਾਸਤੇ ਕੇਸ ਪੰਜਾਬ ਸਰਕਾਰ ਕੋਲ ਭੇਜੇ ਗਏ ਹਨ। ਨਗਰ ਨਿਗਮ ਨੇ ਇਨ੍ਹਾਂ ਜਾਇਦਾਦਾਂ ਨੂੰ ਨਿਲਾਮ ਕਰਨ ਦੇ ਮਤੇ ਪਾਸ ਕਰ ਦਿੱਤੇ ਹਨ। ਨਿਗਮ ਨੇ ਛੇ ਅਪਰੈਲ 2011 ਨੂੰ ਇਹ ਮਤੇ ਪਾਸ ਕਰ ਦਿੱਤੇ ਸਨ। ਇਨ੍ਹਾਂ ਜਾਇਦਾਦਾਂ ਤੋਂ ਨਗਰ ਨਿਗਮ ਅੰਮ੍ਰਿਤਸਰ ਨੂੰ ਤਕਰੀਬਨ 23 ਕਰੋੜ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਇਨ੍ਹਾਂ ਜਾਇਦਾਦਾਂ ਦਾ ਕੁਲੈਕਟਰ ਰੇਟ 14.68 ਲੱਖ ਰੁਪਏ ਬਣਦਾ ਹੈ। ਨਿਗਮ ਵਲੋਂ 1127 ਦੁਕਾਨਾਂ ਕਿਰਾਏ 'ਤੇ ਦਿੱਤੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ 510 ਦੁਕਾਨਾਂ ਨਿਗਮ ਦੀ ਜ਼ਮੀਨ ਉਪਰ ਹਨ ਜਿਨ੍ਹਾਂ ਨੂੰ ਵੇਚਣ ਵਾਸਤੇ ਮਤਾ ਪਾਸ ਕੀਤਾ ਜਾ ਚੁੱਕਾ ਹੈ। ਨਿਗਮ ਅੰਮ੍ਰਿਤਸਰ ਨੇ ਰੱਖ ਸ਼ਿਕਾਰਗਾਹ ਵੇਚਣ ਦਾ ਫੈਸਲਾ ਕੀਤਾ ਹੈ ਜਿਸ ਦਾ ਰਕਬਾ 26 ਕਨਾਲ ਹੈ। ਇਸ ਜਾਇਦਾਦ ਤੋਂ 6.80 ਕਰੋੜ ਰੁਪਏ ਦੀ ਆਮਦਨ ਦਾ ਅਨੁਮਾਨ ਲਗਾਇਆ ਗਿਆ ਹੈ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਮਾਰਕਿਟ, ਲੋਹਗੜ੍ਹ ਗੇਟ ਦੇ ਵਪਾਰਕ ਬੂਥ ਵੀ ਵੇਚੇ ਜਾਣੇ ਹਨ। ਯਾਦ ਰਹੇ ਕਿ ਸਰਕਾਰੀ ਜਾਇਦਾਦਾਂ ਵੇਚਣ ਦੀ ਸੱਤਾਧਾਰੀ ਅਕਾਲੀ ਦਲ ਦੀ ਤਿੱਖੀ ਨੁਕਤਾਚੀਨੀ ਹੋਈ ਹੈ ਪਰ ਇਸ ਦੇ ਬਾਵਜੂਦ ਇਹ ਸਿਲਸਿਲਾ ਜਾਰੀ ਹੈ।

## ਪੰਜਾਬ ਨੇ 20 ਹਜ਼ਾਰ ਕਰੋੜ ਦਾ ਪੈਕੇਜ ਮੰਗਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਅਤਿਵਾਦ ਦੀ ਦੇਣ ਦੱਸਦਿਆਂ ਕੇਂਦਰ ਸਰਕਾਰ ਤੋਂ ਇਹ ਭਾਰ ਵੰਡਾਉਣ ਦੀ ਮੰਗ ਕੀਤੀ ਹੈ। ਕੇਂਦਰੀ ਵਿੱਤ ਕਮਿਸ਼ਨ ਦੀ ਟੀਮ ਨਾਲ ਚੰਡੀਗੜ੍ਹ ਵਿਚ ਮੀਟਿੰਗ ਦੌਰਾਨ ਸੂਬਾ ਸਰਕਾਰ ਨੇ 20 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਰਾਹਤ ਪੈਕੇਜ ਮੰਗਿਆ ਹੈ।

ਸੂਬਾ ਸਰਕਾਰ ਨੇ ਤੱਥ ਪੇਸ਼ ਕਰਦਿਆਂ ਕਿਹਾ ਕਿ ਅੱਸੀਵਿਆਂ ਦੌਰਾਨ ਕਰਜ਼ਾ 24.21 ਫੀਸਦੀ ਦੀ ਦਰ ਦੌਰਾਨ ਸਾਲਾਨਾ ਵਧਦਾ ਰਿਹਾ ਹੈ। ਸੂਬੇ ਵਿਚ ਜਦੋਂ ਲੋਕਾਂ ਦੀ ਚੁਣੀ ਹੋਈ ਸਰਕਾਰ ਆ ਗਈ ਤਾਂ ਨੱਬੇਵਿਆਂ ਦੌਰਾਨ ਕਰਜ਼ਾ 16.96 ਫੀਸਦੀ ਦੀ ਦਰ ਨਾਲ ਵਧਿਆ। ਇਸੇ ਤਰ੍ਹਾਂ 2001 ਤੋਂ 2011 ਦੇ ਦਰਮਿਆਨ ਕਰਜ਼ਾ 11 ਫੀਸਦੀ ਦੀ ਦਰ ਨਾਲ ਵਧਿਆ।

ਸਰਕਾਰ ਨੇ ਦਾਅਵਾ ਕੀਤਾ ਕਿ ਇਨ੍ਹਾਂ ਤੱਥਾਂ ਮੁਤਾਬਕ ਕਰਜ਼ੇ ਦੀ ਪੰਡ ਅਤਿਵਾਦ ਦੇ ਸਮੇਂ ਹੀ ਭਾਰੀ ਹੋਈ ਹੈ। ਸਥਾਨਕ ਸਰਕਾਰਾਂ ਦੇ ਨੁਮਾਇੰਦਿਆਂ ਨੇ ਸਾਲਿਡ ਵੇਸਟ ਮੈਨੇਜਮੈਂਟ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ ਮੁਕੰਮਲ ਤੌਰ 'ਤੇ ਸੀਵਰੇਜ ਤੇ ਪਾਣੀ ਦੀ ਵਿਵਸਥਾ ਤੇ ਇਸ ਦੀ ਸਾਂਭ-ਸੰਭਾਲ, ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ ਲਿੰਕ ਸੜਕਾਂ ਦੀ ਉਸਾਰੀ, ਐਲ.ਈ.ਡੀ ਸਟਰੀਟ ਲਾਈਟਾਂ ਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਮੁਹੱਈਆ ਕਰਵਾਉਣ ਲਈ 10 ਹਜ਼ਾਰ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੀ ਮੰਗ ਕਮਿਸ਼ਨ ਕੋਲੋਂ ਕੀਤੀ।

ਸਰਕਾਰ ਵੱਲੋਂ ਵਿੱਤ ਕਮਿਸ਼ਨ ਅੱਗੇ ਇਹ ਮੰਗ ਰੱਖੀ ਗਈ ਕਿ ਸਥਾਨਕ ਸਰਕਾਰਾਂ ਨੂੰ ਸਾਲ 2015-16 ਤੋਂ 2019-20 ਤੱਕ ਮਿਲਣ ਵਾਲੀ ਵਿੱਤੀ ਇਮਦਾਦ ਮੌਜੂਦਾ 1.5 ਫੀਸਦੀ ਤੋਂ ਦੁੱਗਣੀ ਭਾਵ 3 ਫੀਸਦੀ ਕੀਤੀ ਜਾਵੇ। ਕੇਂਦਰੀ ਕਰਾਂ ਵਿਚ ਸੂਬਾ ਸਰਕਾਰ ਦਾ ਹਿੱਸਾ ਵਧਾਇਆ ਜਾਵੇ।

# ਸੁਖਬੀਰ ਤੇ ਮਜੀਠੀਆ 'ਤੇ ਮਨੁੱਖੀ ਹੱਕਾਂ ਦੇ ਘਾਣ ਦਾ ਦੋਸ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਫ਼ਤਿਹ ਜੰਗ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸ਼ਹਿ 'ਤੇ ਥਾਣਾ ਕੱਥੂਨੰਗਲ ਵਿਚ ਕਾਂਗਰਸ ਦੇ ਆਗੂ ਤੇ ਅੰਮ੍ਰਿਤਧਾਰੀ ਸਿੱਖ ਬਾਬਾ ਰਾਮ ਸਿੰਘ ਅਬਦਾਲ 'ਤੇ ਪੁਲਿਸ ਨੇ ਜਿਥੇ ਅਨਮਨੁੱਖੀ ਤਸ਼ੱਦਦ ਕੀਤਾ ਹੈ ਉਥੇ ਕੇਸਾਂ ਦੀ ਬੇਅਦਬੀ ਵੀ ਕੀਤੀ ਹੈ।

ਉਨ੍ਹਾਂ ਪ੍ਰੈੱਸ ਕਾਨਫਰੰਸ ਦੌਰਾਨ ਬਾਬਾ ਅਬਦਾਲ ਦੀ ਪਹਿਲਿਆਂ ਸਿੱਖੀ ਸਰੂਪ ਤੇ ਹੁਣ ਵਾਲੇ ਸਰੂਪਾਂ ਦੀਆਂ ਤਸਵੀਰਾਂ ਦਿਖਾਉਂਦਿਆਂ ਕਿਹਾ ਕਿ ਬਾਬਾ ਅਬਦਾਲ ਬਲਾਕ ਸਮਿਤੀ ਚੋਣਾਂ ਮੌਕੇ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਨ ਜਿਸ ਕਾਰਨ ਉਨ੍ਹਾਂ ਉਪਰ ਬਦਲਾਖੋਰੀ ਅਧੀਨ ਝੂਠੇ ਕੇਸ ਪਾ ਕੇ ਮੁੜ ਅਕਾਲੀ ਦਲ ਵਿਚ ਆਉਣ ਦਾ ਦਬਾਅ ਪਾਇਆ ਜਾ ਰਿਹਾ ਹੈ। ਹੁਣ ਇਹ ਮੁੱਦਾ ਕੌਮੀ ਘੱਟ ਗਿਣਤੀ ਕਮਿਸ਼ਨ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੇ ਐਸ.ਸੀ. ਐਸ.ਟੀ ਕਮਿਸ਼ਨ ਕੋਲ ਲਿਜਾਇਆ ਜਾਵੇਗਾ। ਬਾਬਾ ਅਬਦਾਲ ਦੇ ਭਰਾ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਇਨਸਾਫ਼ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੱਕ ਪਹੁੰਚ ਕਰੇਗਾ।

# ਸੁਖਬੀਰ ਦੇ ਵਿਭਾਗ ਦੀ ਕਾਰਗੁਜ਼ਾਰੀ ਮਾੜੀ !

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਖੱਜਲ-ਖੁਆਰੀ ਤੋਂ ਬਚਾਉਣ ਲਈ ਬਣਾਇਆ ਪੰਜਾਬ ਸੇਵਾ ਅਧਿਕਾਰ ਕਾਨੂੰਨ ਚੰਗੀ ਕਾਰਗੁਜ਼ਾਰੀ ਨਹੀਂ ਵਿਖਾ ਸਕਿਆ। ਇਸ ਕਾਨੂੰਨ ਦੀ ਸਭ ਤੋਂ ਵੱਧ ਵਕਾਲਤ ਕਰਨ ਵਾਲੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਪੁਲਿਸ ਮਹਿਕਮਾ ਇਸ ਕੰਮ ਵਿਚ ਸਭ ਤੋਂ ਫਾਡੀ ਰਿਹਾ ਹੈ। ਪੁਲਿਸ ਮਹਿਕਮੇ ਦੀ ਕਾਰਗੁਜ਼ਾਰੀ 81.6 ਫੀਸਦੀ ਰਹੀ ਹੈ ਜਦੋਂਕਿ ਮਾਲ ਵਿਭਾਗ ਸਭ ਤੋਂ ਬੇਹਤਰੀਨ ਸੇਵਾ ਦੇਣ ਲਈ ਅੱਵਲ ਸਥਾਨ 'ਤੇ ਆਇਆ ਹੈ।

ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਚੱਲ ਰਹੇ ਇਸ ਵਿਭਾਗ ਨੂੰ ਕਾਰਗੁਜ਼ਾਰੀ ਦੇ 97.5 ਫੀਸਦੀ ਅੰਕ ਦਿੱਤੇ ਗਏ ਹਨ। ਵਧੀਆ ਤੇ ਸਮਾਂਬੱਧ ਸੇਵਾਵਾਂ ਦੇਣ ਵਿਚ ਸਿਹਤ ਵਿਭਾਗ ਅੱਠਵੇਂ ਨੰਬਰ 'ਤੇ ਆਇਆ ਹੈ। ਸਰਕਾਰ ਵੱਲੋਂ ਕੁੱਲ ਦਸ ਵਿਭਾਗਾਂ ਦੀਆਂ 65 ਤਰ੍ਹਾਂ ਦੀਆਂ ਵੱਖ-ਵੱਖ ਸੇਵਾਵਾਂ ਨੂੰ ਸੇਵਾ ਅਧਿਕਾਰ ਕਾਨੂੰਨ ਹੇਠ ਲਿਆਂਦਾ ਗਿਆ ਸੀ। ਇਹ ਜਾਣਕਾਰੀ ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਤਿਆਰ ਕੀਤੀ ਰਿਪੋਰਟ ਤੋਂ ਸਾਹਮਣੇ ਆਈ ਹੈ।

ਰਿਪੋਰਟ ਮੁਤਾਬਕ ਸਥਾਨਕ ਸਰਕਾਰਾਂ ਵਿਭਾਗ 84.7 ਫੀਸਦੀ ਅੰਕਾਂ ਨਾਲ ਨੌਵੇਂ ਨੰਬਰ 'ਤੇ ਆਇਆ ਹੈ। ਹਾਊਸਿੰਗ ਐਂਡ ਡਿਵੈਲਪਮੈਂਟ ਵਿਭਾਗ ਦੀ ਕਾਰਗੁਜ਼ਾਰੀ ਸਿਹਤ ਵਿਭਾਗ ਤੋਂ ਵੀ ਮਾੜੀ ਹੈ। ਦੂਜੇ ਨੰਬਰ 'ਤੇ ਟਰਾਂਸਪੋਰਟ ਵਿਭਾਗ ਦਾ ਨਾਂ ਰੱਖਿਆ ਗਿਆ ਹੈ ਤੇ ਇਸ ਨੂੰ ਕਾਰਗੁਜ਼ਾਰੀ ਲਈ 96.9 ਅੰਕ ਮਿਲੇ ਹਨ। ਸਮਾਜ ਭਲਾਈ



ਵਿਭਾਗ ਵੀ 96.7 ਫੀਸਦੀ ਅੰਕ ਪ੍ਰਾਪਤ ਕਰਨ ਵਿਚ ਸਫ਼ਲ ਰਿਹਾ ਹੈ। ਮਹਿਲਾ ਤੇ ਬਾਲ ਭਲਾਈ ਵਿਭਾਗ 93.7 ਫੀਸਦੀ ਅੰਕ ਲੈ ਕੇ ਛੇਵੇਂ ਥਾਂ 'ਤੇ ਆਇਆ ਹੈ। ਫੂਡ ਤੇ ਸਪਲਾਈ ਵਿਭਾਗ ਨੂੰ 92.8 ਫੀਸਦੀ ਅੰਕਾਂ ਨਾਲ ਸੱਤਵੇਂ ਸਥਾਨ 'ਤੇ ਰੱਖਿਆ ਗਿਆ ਹੈ।

ਇਸ ਕਾਨੂੰਨ ਤਹਿਤ ਜਨਮ ਤੇ ਮੌਤ ਦਾ ਸਰਟੀਫਿਕੇਟ ਲੈਣ ਲਈ ਸਿਹਤ ਵਿਭਾਗ ਕੋਲ 690104 ਅਰਜ਼ੀਆਂ ਆਈਆਂ ਸਨ ਤੇ ਇਨ੍ਹਾਂ ਵਿਚੋਂ 634153 ਦਾ ਨਿਬੇੜਾ ਹੀ ਤੈਅ ਸਮੇਂ ਵਿਚ ਕੀਤਾ ਗਿਆ। ਮਾਲ ਵਿਭਾਗ ਨੂੰ 2436574 ਅਰਜ਼ੀਆਂ ਮਿਲੀਆਂ ਤੇ ਇਨ੍ਹਾਂ ਵਿਚੋਂ 2429469 ਨੇ ਕੰਮ 'ਤੇ ਤਸੱਲੀ ਪ੍ਰਗਟ ਕੀਤੀ ਹੈ। ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਪੁਲਿਸ ਮਹਿਕਮੇ ਕੋਲ 796815 ਲੋਕਾਂ ਨੂੰ ਆਪਣੇ ਕੰਮ ਕਰਾਉਣ ਲਈ ਲਿਖਤੀ ਪਹੁੰਚ ਕੀਤੀ ਸੀ ਪਰ ਸਿਰਫ 650408 ਨੂੰ ਹੀ ਤੈਅ ਸਮੇਂ ਵਿਚ ਸੇਵਾ ਦਿੱਤੀ ਗਈ।

ਟਰਾਂਸਪੋਰਟ ਵਿਭਾਗ ਕੋਲ ਵੀ 1285379 ਅਰਜ਼ੀਆਂ ਆਈਆਂ ਸਨ ਤੇ 1245994 ਦਾ ਨਿਬੇੜਾ ਤੈਅ ਸਮੇਂ ਸਿਰ ਹੋ ਗਿਆ। ਸਥਾਨਕ ਸਰਕਾਰਾਂ ਵਿਭਾਗ ਕੋਲ 377210 ਲੋਕ ਸੇਵਾ ਦਾ ਲਾਭ ਲੈਣ ਗਏ ਪਰ 31947 ਨੂੰ ਹੀ ਲਾਭ ਮਿਲਿਆ। ਸਰਕਾਰ ਵੱਲੋਂ ਇਸ ਨਾਲ ਜੁੜੀਆਂ ਆਮ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਸਬ ਡਵੀਜ਼ਨਲ ਮਜਿਸਟਰੇਟ ਤੇ ਡਿਪਟੀ ਕਮਿਸ਼ਨਰਾਂ ਨੂੰ ਅਧਿਕਾਰ ਦਿੱਤੇ ਗਏ ਹਨ। ਇਸ ਤੋਂ ਬਾਅਦ ਸੇਵਾ ਅਧਿਕਾਰ ਕਮਿਸ਼ਨ ਤੱਕ ਪਹੁੰਚ ਕਰਨ ਦਾ ਵੀ ਹੱਕ ਹੈ। ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਇਹ ਰਿਪੋਰਟ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਗਈ ਹੈ।

# ਪੰਜਾਬ 'ਚ ਰੇਲ ਹਾਦਸਿਆਂ ਵਿਚ 7229 ਜਾਨਾਂ ਗਈਆਂ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਰੇਲ ਗੱਡੀਆਂ ਹੇਠ ਆ ਕੇ 7229 ਵਿਅਕਤੀਆਂ ਦੀ ਮੌਤ ਹੋਈ ਹੈ। ਇਨ੍ਹਾਂ ਵਿਚ ਖੁਦਕੁਸ਼ੀ ਕਰਨ ਤੇ ਕਤਲ ਕਰਕੇ ਰੇਲਵੇ ਲਾਈਨ 'ਤੇ ਸੁੱਟੇ ਵਿਅਕਤੀਆਂ ਦੀਆਂ ਲਾਸ਼ਾਂ ਸ਼ਾਮਲ ਹਨ। ਬਰਾਮਦ ਹੋਈਆਂ ਕੁੱਲ ਲਾਸ਼ਾਂ ਵਿਚੋਂ 40 ਫੀਸਦੀ ਦੀ ਪਛਾਣ ਹੀ ਨਹੀਂ ਹੋਈ ਜਦੋਂਕਿ ਕਈ ਰੇਲਵੇ ਲਾਈਨਾਂ ਤੋਂ ਬਰਾਮਦ ਹੋਈਆਂ ਤਕਰੀਬਨ 90 ਫੀਸਦੀ ਲਾਸ਼ਾਂ ਦੀ ਪਛਾਣ ਨਾ ਹੋਣ ਕਰਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।

ਇਸ ਤੋਂ ਇਲਾਵਾ ਰੇਲਵੇ ਪੁਲਿਸ ਵੱਲੋਂ ਅਜਿਹੇ ਮਾਮਲਿਆਂ ਦੀ ਪੜਤਾਲ ਕਰਨ ਦੀ ਬਜਾਏ ਸਿਰਫ 174 ਦੀ ਕਾਰਵਾਈ ਕਰਦੇ ਹੋਏ ਲਾਸ਼ ਨੂੰ ਟਿਕਾਣੇ ਲਾ ਦਿੱਤਾ ਗਿਆ। ਇਸ ਕਾਰਨ ਰੇਲਵੇ ਲਾਈਨਾਂ ਤੋਂ ਮਿਲਣ ਵਾਲੀਆਂ ਲਾਸ਼ਾਂ ਦੇ ਜ਼ਿਆਦਾਤਰ ਮਾਮਲੇ ਅਣਸੁਲਝੇ ਹੀ ਰਹਿ ਜਾਂਦੇ ਹਨ। ਇਨ੍ਹਾਂ ਵਿਚ 6213 ਮਰਦ, 806 ਔਰਤਾਂ ਤੇ 210 ਬੱਚੇ ਸ਼ਾਮਲ ਹਨ। 4677 ਲਾਸ਼ਾਂ ਦੀ ਪਛਾਣ ਹੋਈ ਤੇ 2552 ਲਾਸ਼ਾਂ ਦਾ ਅਣਪਛਾਤੀਆਂ ਹੋਣ ਕਰਕੇ ਸਸਕਾਰ ਕਰ ਦਿੱਤਾ ਗਿਆ।

ਇਸ ਬਾਰੇ ਗੌਰਮਿੰਟ ਰੇਲਵੇ ਪੁਲਿਸ ਪੰਜਾਬ ਕੋਲੋਂ ਸੂਚਨਾ ਦੇ ਅਧਿਕਾਰ ਤਹਿਤ ਸਾਲ 2003



ਤੋਂ 2008 ਤੱਕ ਰਾਜ ਦੀਆਂ ਰੇਲਵੇ ਲਾਈਨਾਂ ਤੋਂ ਬਰਾਮਦ ਹੋਈਆਂ ਲਾਸ਼ਾਂ ਤੇ ਉਨ੍ਹਾਂ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਮੰਗੀ ਗਈ ਸੀ। ਪੰਜਾਬ ਦੇ 20 ਜ਼ਿਲ੍ਹਿਆਂ ਦੀ ਭੇਜੀ ਗਈ ਸੂਚਨਾ ਵਿਚ ਦੱਸਿਆ ਗਿਆ ਹੈ ਕਿ ਇਸ ਸਮੇਂ ਦੌਰਾਨ ਰੇਲਵੇ ਲਾਈਨਾਂ ਤੋਂ ਕੁੱਲ 7229 ਲਾਸ਼ਾਂ ਬਰਾਮਦ ਹੋਈਆਂ ਹਨ। ਇਨ੍ਹਾਂ ਵਿਚ 6213 ਮਰਦ, 806 ਔਰਤਾਂ ਤੇ 210 ਬੱਚੇ ਸ਼ਾਮਲ ਹਨ।

ਸਭ ਤੋਂ ਵੱਧ 1582 ਲਾਸ਼ਾਂ ਲੁਧਿਆਣੇ ਜ਼ਿਲ੍ਹੇ ਦੀਆਂ ਰੇਲਵੇ ਲਾਈਨਾਂ ਤੋਂ ਬਰਾਮਦ ਹੋਈਆਂ ਜਿਨ੍ਹਾਂ ਵਿਚ 748 ਮਰਦ, 162 ਔਰਤਾਂ ਤੇ 34 ਬੱਚਿਆਂ ਦੀਆਂ ਲਾਸ਼ਾਂ ਬਾਰੂਦ ਹੋਈਆਂ ਜਿਨ੍ਹਾਂ ਵਿਚੋਂ 874 ਦੀ ਪਛਾਣ ਹੋ ਗਈ ਪਰ 708 ਲਾਸ਼ਾਂ ਦੀ ਪਛਾਣ ਨਾ ਹੋਣ ਕਰਕੇ ਸਸਕਾਰ ਕਰ ਦਿੱਤਾ ਗਿਆ। ਦੂਸਰੇ ਨੰਬਰ 'ਤੇ ਸਭ ਤੋਂ ਵੱਧ 983 ਲਾਸ਼ਾਂ ਜਲੰਧਰ ਦੀ ਰੇਲਵੇ ਲਾਈਨ ਤੋਂ ਬਰਾਮਦ ਹੋਈਆਂ। ਇਨ੍ਹਾਂ ਵਿਚ 836 ਮਰਦ, 115 ਔਰਤਾਂ ਤੇ 32 ਬੱਚੇ ਸ਼ਾਮਲ ਸਨ। ਇਨ੍ਹਾਂ ਵਿਚੋਂ 643 ਦੀ ਪਛਾਣ ਹੋ ਗਈ ਪਰ 340 ਲਾਸ਼ਾਂ ਨੂੰ ਅਣਪਛਾਤਾ ਕਰਾਰ ਦੇ ਕੇ ਸਸਕਾਰ ਕਰ ਦਿੱਤਾ ਗਿਆ।

ਤੀਜੇ ਨੰਬਰ 'ਤੇ 978 ਲਾਸ਼ਾਂ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਰੇਲਵੇ ਲਾਈਨਾਂ ਤੋਂ ਬਰਾਮਦ ਹੋਈਆਂ। ਇਨ੍ਹਾਂ ਵਿਚ 844 ਮਰਦ, 111 ਔਰਤਾਂ, 17 ਬੱਚਿਆਂ ਦੀਆਂ ਲਾਸ਼ਾਂ ਸ਼ਾਮਲ ਹਨ। ਇਨ੍ਹਾਂ ਵਿਚੋਂ 525 ਦੀ ਪਛਾਣ ਹੋਈ ਤੇ 453 ਬੇਪਛਾਣ ਹੀ ਰਹੀਆਂ। ਇਸ ਤਰ੍ਹਾਂ ਜ਼ਿਲ੍ਹਾ ਤਰਨ ਤਾਰਨ ਦੀਆਂ ਰੇਲਵੇ ਲਾਈਨਾਂ ਤੋਂ 56, ਗੁਰਦਾਸਪੁਰ 378, ਕਪੂਰਥਲਾ 313, ਹੁਸ਼ਿਆਰਪੁਰ 381, ਨਵਾਂ ਸ਼ਹਿਰ 46, ਰੋਪੜ 165, ਮੁਹਾਲੀ 171, ਫਤਹਿਗੜ੍ਹ ਸਾਹਿਬ 175, ਪਟਿਆਲਾ 437, ਸੰਗਰੂਰ 271, ਬਰਨਾਲਾ 64, ਬਠਿੰਡਾ 449, ਮਾਨਸਾ 166, ਫਰੀਦਕੋਟ 98, ਮੁਕਤਸਰ ਸਾਹਿਬ 122, ਫਿਰੋਜ਼ਪੁਰ 273, ਮੋਗਾ ਦੀ ਰੇਲਵੇ ਲਾਈਨ ਤੋਂ 121 ਲਾਸ਼ਾਂ ਬਰਾਮਦ ਹੋਈਆਂ। ਬਰਾਮਦ ਹੋਈਆਂ ਕੁੱਲ ਲਾਸ਼ਾਂ ਵਿਚੋਂ 4677 ਦੀ ਪਛਾਣ ਹੋ ਗਈ ਪਰ 2552 ਅਣਪਛਾਤੀਆਂ ਹੀ ਰਹੀਆਂ।

# ਗੁਰਦੁਆਰਾ ਐਸਕੋਨਡੀਡੋ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ

**ਸੈਨ ਡਿਐਗੋ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਐਸਕੋਨਡੀਡੋ ਦੀ ਪ੍ਰਬੰਧਕ ਕਮੇਟੀ ਸਿੱਖ ਸੁਸਾਇਟੀ, ਸੈਨ ਡਿਐਗੋ ਦੀ ਚੋਣ ਲੰਘੀ ਪਹਿਲੀ ਸਤੰਬਰ ਨੂੰ ਸੁਸਾਇਟੀ ਦੇ ਸੰਵਿਧਾਨ ਅਤੇ ਬਾਈਲਾਅਜ਼ ਮੁਤਾਬਕ ਪਹਿਲੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਤੱਖਰ ਨਾਲ ਸਹਿਮਤੀ ਅਨੁਸਾਰ ਹੋਈ। ਇਸ ਚੋਣ ਵਿਚ ਪ੍ਰਧਾਨ ਬਖਸ਼ੀਸ਼ ਸਿੰਘ ਹੁੰਦਲ, ਮੀਤ ਪ੍ਰਧਾਨ ਲਖਵਿੰਦਰ (ਵਿਕਟਰ) ਸਿੰਘ ਮੱਲ੍ਹੀ, ਸਕੱਤਰ ਸੁਖਵਿੰਦਰ (ਰਾਜਾ) ਸਿੰਘ ਸੈਣੀ, ਮੀਤ ਸਕੱਤਰ ਲਖਵਿੰਦਰ ਸਿੰਘ ਚਾਹਲ ਅਤੇ ਖਜ਼ਾਨਚੀ ਪਰਮਜੀਤ (ਪੰਮੀ) ਸਿੰਘ ਭੰਡਾਲ ਚੁਣੇ ਗਏ। ਇਸ ਚੋਣ ਲਈ ਇਕ ਐਡਹਾਕ ਚੋਣ ਕਮੇਟੀ ਬਣਾਈ ਗਈ ਸੀ। ਚੋਣ ਸੰਗਤ ਦੇ ਕਰੀਬ 260 ਮੈਂਬਰਾਂ ਦੀ ਹਾਜ਼ਰੀ ਵਿਚ ਹੋਈ। ਵਿਰੋਧੀ ਧਿਰ ਵਲੋਂ ਸਿਰਫ ਇਕ ਉਮੀਦਵਾਰ ਖੜ੍ਹਾ ਸੀ। ਇਸ ਚੋਣ ਲਈ 10 ਅਗਸਤ ਤੋਂ ਮੈਂਬਰਸ਼ਿਪ ਬਣਾਉਣ ਦਾ ਅਮਲ ਸ਼ੁਰੂ ਕੀਤਾ ਗਿਆ ਸੀ ਅਤੇ 310 ਮੈਂਬਰ ਬਣੇ।

ਇਸੇ ਦੌਰਾਨ ਨਵੀਂ ਚੁਣੀ ਗਈ ਕਮੇਟੀ ਨੇ ਐਤਵਾਰ 8 ਸਤੰਬਰ ਨੂੰ ਗੁਰਦੁਆਰਾ ਸਾਹਿਬ ਵਿਚ ਵਾਪਰੀਆਂ ਘਟਨਾਵਾਂ ਉਪਰ ਦੁੱਖ ਪ੍ਰਗਟਾਉਂਦਿਆਂ ਕਿਹਾ ਹੈ ਕਿ ਅਸੀਂ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਪੂਰੀ ਤਰ੍ਹਾਂ ਪਾਰਦਰਸ਼ੀ ਹੋਣ ਦੇ ਹੱਕ ਵਿਚ ਹਾਂ ਅਤੇ ਅਸੀਂ ਗੁਰਦੁਆਰਾ ਐਸਕੋਂਡੀਡੋ ਦੇ ਪ੍ਰਬੰਧ ਨੂੰ ਸੰਗਤ ਦੇ ਸਹਿਯੋਗ ਨਾਲ ਚਲਾਉਣ ਦੇ ਮੁੱਦਈ ਹਾਂ।

ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਨੇ ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਕਿਹਾ ਹੈ ਕਿ ਪਿਛਲੇ 5 ਸਾਲ ਤੋਂ ਗੁਰੂ ਘਰ ਦਾ ਪ੍ਰਬੰਧ ਚਲਾ ਰਹੀ ਪ੍ਰਬੰਧਕ ਕਮੇਟੀ, ਜਿਸ ਦੀ ਮਿਆਦ ਲੰਘੀ ਫਰਵਰੀ ਵਿਚ ਖਤਮ ਹੋ ਗਈ ਸੀ, ਨਾਲ ਅਸੀਂ ਗੁਰੂ ਘਰ ਦਾ ਪ੍ਰਬੰਧ ਸੰਵਿਧਾਨ ਅਤੇ ਬਾਈਲਾਅਜ਼ ਮੁਤਾਬਕ ਚਲਾਉਣ ਲਈ ਵੱਖ ਵੱਖ ਤਰੀਕਿਆਂ ਨਾਲ ਵਾਰ ਵਾਰ ਗੱਲ ਚਲਾਈ। ਅਸੀਂ ਮੁੜ ਮੁੜ ਕਿਹਾ ਕਿ ਸੰਗਤ ਹੀ ਸੁਪਰੀਮ ਹੈ ਪਰ ਸਹੀ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚੇ ਕਿ ਪੁਰਾਣੀ ਕਮੇਟੀ ਸਿਧਾਂਤਾਂ ਉਤੇ ਪਹਿਰਾ ਦੇਣ ਦੀ ਥਾਂ ਪ੍ਰਬੰਧ ਸੁਸਾਇਟੀ ਦੇ ਕੁਝ ਗਿਣੇ ਚੁਣੇ ਮੈਂਬਰਾਂ ਦੀ ਮਰਜ਼ੀ ਨਾਲ ਹੀ ਚਲਾਉਣਾ ਚਾਹੁੰਦੀ ਹੈ ਜੋ ਕਿ ਸਿੱਖ ਸਿਧਾਂਤਾਂ ਦੇ ਬਿਲਕੁਲ ਉਲਟ ਹੈ।

ਬਿਆਨ ਅਨੁਸਾਰ ਪਿਛਲੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਤੱਖਰ ਨਾਲ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਗੁਰੂ ਘਰ ਦਾ ਪ੍ਰਬੰਧ ਅਸਲ ਸੰਵਿਧਾਨ ਅਨੁਸਾਰ ਚਲਾਉਣ ਲਈ ਸਹਿਮਤੀ ਹੋਈ ਸੀ ਕਿ ਗੁਰਦੁਆਰਾ ਮੈਂਬਰਸ਼ਿਪ ਬਣਾਈ ਜਾਏਗੀ, ਪ੍ਰਬੰਧ ਚਲਾਉਣ ਲਈ ਪੰਜ ਅਹੁਦੇਦਾਰਾਂ-ਪ੍ਰਧਾਨ, ਮੀਤ ਪ੍ਰਧਾਨ, ਸਕੱਤਰ, ਮੀਤ ਸਕੱਤਰ ਅਤੇ ਖਜ਼ਾਨਚੀ ਲਈ ਨਾਮਜ਼ਦਗੀਆਂ ਲਈਆਂ ਜਾਣਗੀਆਂ, ਮੈਂਬਰਸ਼ਿਪ ਦੀ ਤਸਦੀਕ ਅਤੇ ਨਾਮਜ਼ਦਗੀਆਂ ਦੀ ਨਿਗਰਾਨੀ ਲਈ ਇਕ ਐਡਹਾਕ ਕਮੇਟੀ ਬਣਾਈ ਜਾਵੇਗੀ। ਹਰ ਉਮੀਦਵਾਰ ਆਮ ਮੈਂਬਰਸ਼ਿਪ ਦੇ 15 ਮੈਂਬਰਾਂ ਵਲੋਂ ਨਾਮਜ਼ਦ ਕੀਤਾ ਜਾਵੇਗਾ ਅਤੇ ਕੋਈ ਇਕ ਮੈਂਬਰ ਸਿਰਫ ਇਕ ਹੀ ਉਮੀਦਵਾਰ ਨਾਮਜ਼ਦ ਕਰ ਸਕੇਗਾ। ਇਸ ਪਿਛੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਮੀਦਵਾਰਾਂ ਦੀਆਂ ਪਰਚੀਆਂ ਪਾ ਕੇ ਕਮੇਟੀ ਦੀ ਚੋਣ ਕੀਤੀ ਜਾਏਗੀ ਅਤੇ ਇਸ ਕਮੇਟੀ ਦੀ ਮਿਆਦ ਦੋ ਸਾਲ ਹੋਵੇਗੀ। ਇਸ ਮੁਤਾਬਕ ਚੋਣ ਕਰ ਲਈ ਗਈ।

ਨਵੀਂ ਪ੍ਰਬੰਧਕ ਕਮੇਟੀ ਨੇ ਦੋਸ਼ ਲਾਇਆ ਹੈ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਵੀਂ ਕਮੇਟੀ ਅਹੁਦੇ ਦਾ ਹਲਫ ਲੈ ਰਹੀ ਸੀ ਤਾਂ ਸੰਗਤ ਦੇ 281 ਤੋਂ ਵੱਧ ਮੈਂਬਰਾਂ ਦੀ ਹਾਜ਼ਰੀ ਵਿਚ ਗੁਰਮਨਜੀਤ ਸਿੰਘ ਰੰਧਾਵਾ ਨੇ ਮਾਈਕ ਫੜ੍ਹ ਕੇ ਇਸ ਪ੍ਰੋਗਰਾਮ ਵਿਚ ਖਲਲ ਪਾਇਆ। ਉਸ ਦੇ ਸਾਥੀਆਂ ਜਗਰੂਪ ਸਿੰਘ ਤੱਖਰ, ਅੰਮ੍ਰਿਤਪਾਲ ਸਿੰਘ ਤੱਖਰ ਅਤੇ ਗੁਰਮੀਤ ਸਿੰਘ ਤੂਰ ਨੇ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਨਵੀਂ ਕਮੇਟੀ ਵਿਰੁਧ ਨਾਅਰੇ ਲਾਉਣ ਲਈ ਉਕਸਾਇਆ ਅਤੇ ਉਨ੍ਹਾਂ ਆਡੀਓ ਸਿਸਟਮ ਦੇ ਕੁਨੈਕਸ਼ਨ ਵੀ ਕੱਟ ਦਿੱਤੇ। ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਇਹ ਤਿੰਨ ਪਰਿਵਾਰ ਗੁਰਦੁਆਰਾ ਪ੍ਰਬੰਧ ਸੰਗਤ ਦੀ ਮਰਜ਼ੀ ਅਨੁਸਾਰ ਚਲਾਉਣ ਵਿਚ ਅੜਿੱਕਾ ਡਾਹ ਰਹੇ ਹਨ। ਅੰਮ੍ਰਿਤਪਾਲ ਸਿੰਘ ਤੱਖਰ ਨੇ ਪਿਛਲੀ ਵਾਰ ਪੁਲਿਸ ਬੁਲਾਉਣ ਲਈ ਸੰਗਤ ਤੋਂ ਮੁਆਫੀ ਮੰਗੀ ਸੀ ਪਰ ਇਸ ਵਾਰ ਮੁੜ ਸਕਿਉਰਿਟੀ ਗਾਰਡ ਲਿਆਂਦੇ ਗਏ ਅਤੇ ਪੁਲਿਸ ਦੀਆਂ ਤਿੰਨ ਕਾਰਾਂ ਵੀ ਪਾਰਕਿੰਗ ਲਾਟ ਵਿਚ ਖੜ੍ਹੀਆਂ ਦੇਖੀਆਂ ਗਈਆਂ। ਇਨ੍ਹਾਂ ਲੋਕਾਂ ਨੇ ਨਵੇਂ ਕਮੇਟੀ ਮੈਂਬਰਾਂ ਨੂੰ ਵਕੀਲਾਂ ਦੇ ਨੋਟਿਸ ਵੀ ਭਿਜਵਾਏ।

ਨਵੇਂ ਚੁਣੇ ਗਏ ਪ੍ਰਧਾਨ ਬਖਸ਼ੀਸ਼ ਸਿੰਘ ਹੁੰਦਲ ਨੇ ਦੋਸ਼ ਲਾਇਆ ਕਿ ਅੰਮ੍ਰਿਤਪਾਲ ਸਿੰਘ ਤੱਖਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਝ ਹਫਤੇ ਪਹਿਲਾਂ ਸੰਗਤ ਸਾਹਮਣੇ ਕੀਤੇ ਗਏ ਵਾਅਦੇ ਉਤੇ ਪੂਰਾ ਨਹੀਂ ਉਤਰ ਰਹੇ ਅਤੇ ਤੱਖਰ ਪਰਿਵਾਰ ਵਲੋਂ ਬਾਈਲਾਅਜ਼ ਵਿਚ ਸੋਧਾਂ ਦੀਆਂ ਗੈਰ ਵਿਧਾਨਿਕ ਕਾਪੀਆਂ ਵੰਡੀਆਂ ਜਾ ਰਹੀਆਂ ਹਨ ਜਦੋਂਕਿ ਇਨ੍ਹਾਂ ਸੋਧਾਂ ਉਪਰ ਉਸ ਦੇ ਆਪਣੇ ਪਰਿਵਾਰ ਦੇ ਸੱਤ ਜੀਆਂ ਦੇ ਹੀ ਦਸਤਖਤ ਹਨ। ਗੁਰੂ ਘਰ ਦੇ 1998 ਦੇ ਅਸਲ ਸੰਵਿਧਾਨ ਵਿਚ ਸਾਫ ਲਿਖਿਆ ਹੋਇਆ ਹੈ ਕਿ ਕੋਈ ਵੀ ਸੋਧ ਸੰਗਤ ਦੀ ਮਰਜ਼ੀ ਨਾਲ ਹੀ ਕੀਤੀ ਜਾ ਸਕਦੀ ਹੈ ਜਦੋਂਕਿ ਅਜਿਹਾ ਕਦੀ ਵੀ ਨਹੀਂ ਹੋਇਆ। ਸ. ਹੁੰਦਲ ਨੇ ਕਿਹਾ ਕਿ ਵਿਧਾਨਕ ਅਮਲ ਰਾਹੀਂ ਚੁਣੀ ਗਈ ਨਵੀਂ ਕਮੇਟੀ ਆਪਣੇ ਫਰਜ਼ ਤਨਦੇਹੀ ਨਾਲ ਨਿਭਾਏਗੀ।

ਇਸ ਮਾਮਲੇ 'ਤੇ ਵਿਰੋਧੀ ਧਿਰ ਨਾਲ ਉਨ੍ਹਾਂ ਦਾ ਪੱਖ ਜਾਣਨ ਲਈ ਸੰਪਰਕ ਨਹੀਂ ਹੋ ਸਕਿਆ।

## ਹੁਸ਼ਿਆਰ ਬੱਚਿਆਂ ਦੇ ਸਨਮਾਨ ਲਈ ਸਮਾਗਮ 14 ਨੂੰ

**ਬੇਕਰਜ਼ਫੀਲਡ (ਬਿਊਰੋ):** ਪੰਜਾਬੀ ਅਮੈਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਵਲੋਂ ਜਥੇਦਾਰ ਸੰਪੂਰਨ ਸਿੰਘ ਬਸਰਾ ਦੀ ਯਾਦ ਵਿਚ ਇਕ ਵਿਸ਼ੇਸ਼ ਸਮਾਗਮ ਆਉਂਦੀ 14 ਸਤੰਬਰ ਸਨਿਚਰਵਾਰ ਨੂੰ ਸਵੇਰੇ 10 ਵਜੇ ਗੁਰਦੁਆਰਾ ਵਿਲਸਨ ਰੋਡ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਮਿਡਲ ਤੋਂ ਹਾਈ ਸਕੂਲ ਤੱਕ ਹੋਏ ਗਰੈਜੂਏਟ ਬੱਚਿਆਂ, ਜਿਨ੍ਹਾਂ ਦਾ ਜੀ ਪੀ ਏ ਗਰੇਡ 3.5 ਜਾਂ ਇਸ ਤੋਂ ਵੱਧ ਹੈ ਅਤੇ ਅੰਮ੍ਰਿਤਧਾਰੀ ਹਨ, ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਬੱਚੇ ਆਰ ਐਨ, ਐਲ ਵੀ ਐਨ, ਇੰਜੀਨੀਅਰ, ਡਾਕਟਰ, ਫਿਜ਼ੀਸ਼ੀਅਨ ਅਸਿਸਟੈਂਟ ਜਾਂ ਸਕੂਲ ਅਧਿਆਪਕ ਬਣੇ ਹਨ, ਉਨ੍ਹਾਂ ਦਾ ਵੀ ਸੰਸਥਾ ਵਲੋਂ ਸਨਮਾਨ ਕੀਤਾ ਜਾਵੇਗਾ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਮਾਗਮ ਮੌਕੇ ਪਨਾਮਾ ਬਿਊਨਾ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੇ ਸਕੂਲ ਸੁਪਰਵਾਈਜ਼ਰ ਸ੍ਰੀ ਕੈਵਿਨ ਐਮ ਸਿਲਬਰਬਰਗ ਅਤੇ ਸਕੂਲ ਡਿਸਟ੍ਰਿਕਟ ਦੇ ਟਰਸਟੀ ਡਾ. ਡੀਨ ਹੈਡੌਕ ਪਹੁੰਚ ਰਹੇ ਹਨ ਅਤੇ ਆਪਣੇ ਹੱਥੀ ਬੱਚਿਆਂ ਦਾ ਮਾਣ-ਸਨਮਾਨ ਕਰਨਗੇ। ਪ੍ਰੋਗਰਾਮ ਸਵੇਰੇ 10 ਤੋਂ 11:30 ਵਜੇ ਤੱਕ ਹੋਵੇਗਾ। ਸੰਸਥਾ ਨੇ ਸਭ ਨੂੰ ਬੇਨਤੀ ਕੀਤੀ ਹੈ ਕਿ ਜਿਨ੍ਹਾਂ ਨੇ ਆਪਣੇ ਨਾਂ ਲਿਖਾਉਣੇ ਹਨ ਉਹ ਠੀਕ 10 ਵਜੇ ਗੁਰਦੁਆਰਾ ਸਾਹਿਬ ਪਹੁੰਚ ਜਾਣ। ਹੋਰ ਜਾਣਕਾਰੀ ਲਈ ਫੋਨ 661-748-6833 ਜਾਂ 661-932-2000 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਲੁਧਿਆਣਾ ਵਿਚ ਤਿੰਨ ਸਾਲਾ ਮਾਸੂਮ ਨਾਲ ਜਬਰ ਜਨਾਹ

**ਲੁਧਿਆਣਾ:** ਲੁਧਿਆਣਾ ਵਿਚ ਤਿੰਨ ਸਾਲਾ ਬੱਚੀ ਨਾਲ ਬਲਾਤਕਾਰ ਹੋਇਆ ਹੈ। ਬੱਚੀ ਦੀ ਹਾਲਤ ਗੰਭੀਰ ਹੈ ਤੇ ਉਸ ਨੂੰ ਲੁਧਿਆਣਾ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਪੀ.ਜੀ.ਆਈ. ਚੰਡੀਗੜ੍ਹ ਭੇਜ ਦਿੱਤਾ ਹੈ।

ਲੁਧਿਆਣਾ ਦੇ ਹੈਬੋਵਾਲ ਇਲਾਕੇ ਦੇ ਪਿੰਡ ਜੱਸੀਆਂ ਵਿਖੇ 10 ਸਾਲਾਂ ਤੋਂ ਰਹਿ ਰਹੇ ਪਰਵਾਸੀ ਮਜ਼ਦੂਰ ਦੀ ਤਿੰਨ ਸਾਲਾ ਲੜਕੀ ਆਪਣੇ ਮਾਤਾ ਪਿਤਾ ਨਾਲ ਝੁੱਗੀ ਵਿਚ ਸੌਂ ਰਹੀ ਸੀ। ਰਾਤ 3 ਵਜੇ ਬੱਚੀ ਦੀ ਮਾਂ ਦੀ ਜਾਗ ਖੁੱਲ੍ਹੀ ਤਾਂ ਉਸ ਨੇ ਦੇਖਿਆ ਕਿ ਬੱਚੀ ਝੁੱਗੀ ਵਿਚ ਨਹੀਂ ਸੀ। ਬੱਚੀ ਸਵੇਰੇ ਕਰੀਬ ਸਾਢੇ ਚਾਰ ਵਜੇ ਸੜਕ ਕੰਢੇ ਪਈ ਮਿਲੀ। ਬੱਚੀ ਦੇ ਤਨ 'ਤੇ ਕੋਈ ਕੱਪੜਾ ਨਹੀਂ ਸੀ ਤੇ ਲਹੂ ਲੁਹਾਣ ਸੀ। ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਪੀ.ਜੀ.ਆਈ. ਚੰਡੀਗੜ੍ਹ ਭੇਜ ਦਿੱਤਾ।

## ਡਾ. ਸੁਹਿੰਦਰਬੀਰ ਸਿੰਘ ਵਲੋਂ ਅਮਰੀਕੀ ਪੰਜਾਬੀ ਕਵਿਤਾ ਦਾ ਥੀਮਿਕ ਅਧਿਐਨ



ਡਾ. ਸੁਹਿੰਦਰਬੀਰ ਸਿੰਘ

**ਸੈਨ ਹੋਜ਼ੇ (ਬਿਊਰੋ):** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਅਧਿਆਪਕ, ਪ੍ਰਸਿੱਧ ਚਿੰਤਕ ਅਤੇ ਗੀਤਕਾਰ ਡਾ. ਸੁਹਿੰਦਰਬੀਰ ਸਿੰਘ ਅੱਜ ਕਲ੍ਹ ਅਮਰੀਕਾ ਵਿਚ ਹਨ। ਉਹ 1901 ਤੋਂ ਲੈ ਕੇ ਅੱਜ ਤੱਕ ਲਿਖੀ ਗਈ ਅਮਰੀਕੀ ਪੰਜਾਬੀ ਕਵਿਤਾ ਦਾ ਥੀਮਿਕ ਅਧਿਐਨ ਕਰ ਰਹੇ ਹਨ।

ਡਾ. ਸੁਹਿੰਦਰਬੀਰ ਸਿੰਘ ਨੇ ਅਮਰੀਕਾ ਵਸਦੇ ਸ਼ਾਇਰਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਕਾਵਿ-ਸੰਗ੍ਰਿਹ 30 ਸਤੰਬਰ ਤੱਕ 32567 Loomis Dr. San Jose, CA 95121 ਪਤੇ 'ਤੇ ਭੇਜ ਦੇਣ। ਹੋਰ ਜਾਣਕਾਰੀ ਲਈ ਤਾਰਾ ਸਿੰਘ ਸਾਗਰ ਫੋਨ 510-453-5779 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Short Sale Specialist

Do you want to sell your home

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Please call me to find out value of your home.
Listing: 4 bed, 2 bath in Stockton $189,000
If you want to Buy or Sell

*Call: Sohanpreet 'Sam' Chahal*

@916-612-5773

visit: www.hudhomestore.com
Serving from Bay Area to Sacramento

Multi-Million Dollars Producer-2007 to 2011

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707




**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਗੁਰਦਾਸਪੁਰ ਫਾਇਰਿੰਗ

# ਹਾਈ ਕੋਰਟ ਨੇ ਸਰਕਾਰ ਤੋਂ ਜੁਆਬ ਮੰਗਿਆ

**ਚੰਡੀਗੜ੍ਹ:** ਗੁਰਦਾਸਪੁਰ ਪੁਲਿਸ ਫਾਇਰਿੰਗ ਕੇਸ ਜਿਸ ਵਿਚ ਇਕ ਨੌਜਵਾਨ ਮਾਰਿਆ ਗਿਆ ਸੀ, ਸਬੰਧੀ ਅਧੂਰੀ ਜਾਣਕਾਰੀ ਦੇਣ 'ਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਦੀ ਖਿਚਾਈ ਕੀਤੀ।

ਚੀਫ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ 'ਤੇ ਆਧਾਰਤ ਬੈਂਚ ਨੇ ਇਸ ਮੁੱਦੇ 'ਤੇ ਸੁਣਵਾਈ ਕਰਦਿਆਂ ਮੁੱਖ ਸਕੱਤਰ ਨੂੰ ਪੁੱਛਿਆ ਕਿ ਪੂਰੀ ਜਾਣਕਾਰੀ ਦੇਣ ਅਤੇ ਸਰਕਾਰ ਦੀ ਤਰਫੋਂ ਰਹੀਆਂ ਖਾਮੀਆਂ ਬਾਰੇ ਵੇਰਵੇ ਦੇਣ 'ਚ ਹੋਰ ਕਿੰਨਾ ਸਮਾਂ ਲੱਗੇਗਾ। ਚੀਫ ਜਸਟਿਸ ਕੌਲ ਨੇ ਆਖਿਆ, "ਜੇ ਤੁਸੀਂ ਚਾਰ ਹਫਤੇ ਮੰਗਦੇ ਹੋ ਤਾਂ ਮੈਂ ਤੁਹਾਨੂੰ ਪੰਜ ਹਫਤੇ ਦੇ ਸਕਦਾ ਹਾਂ ਪਰ ਜਾਣਕਾਰੀ ਮੁਕੰਮਲ ਹੋਣੀ ਚਾਹੀਦੀ ਹੈ।" ਬੈਂਚ ਨੇ ਰਾਜ ਸਰਕਾਰ ਨੂੰ 18 ਨਵੰਬਰ ਤਕ ਤਫਸੀਲੀ ਜੁਆਬ ਪੇਸ਼ ਕਰਨ ਦਾ ਹੁਕਮ ਦਿੰਦਿਆਂ ਮਾਮਲੇ 'ਤੇ ਸੁਣਵਾਈ ਅੱਗੇ ਪਾ ਦਿੱਤੀ।



ਜਸਪਾਲ ਸਿੰਘ

ਪਹਿਲਾਂ ਡੀ.ਆਈ.ਜੀ. ਬਲਕਾਰ ਸਿੰਘ ਸਿੱਧੂ ਵੱਲੋਂ ਹਲਫਨਾਮਾ ਬੈਂਚ ਸਾਹਮਣੇ ਪੇਸ਼ ਕੀਤਾ ਗਿਆ ਜਿਸ ਵਿਚ ਦੱਸਿਆ ਗਿਆ ਸੀ ਕਿ ਇਸ ਕੇਸ ਦੀ ਆਈ.ਜੀ.ਪੀ. (ਕ੍ਰਾਈਮ) ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਵੱਲੋਂ ਜਾਂਚ ਕੀਤੀ ਗਈ ਸੀ। ਰਾਜ ਸਰਕਾਰ ਨੇ ਦੱਸਿਆ ਸੀ ਕਿ ਐੱਸ.ਡੀ.ਐੱਮ., ਐੱਸ.ਐੱਸ.ਪੀ. ਅਤੇ ਡੀ.ਐਸ.ਪੀ ਨੂੰ ਪਹਿਲਾਂ ਹੀ ਚਾਰਜਸ਼ੀਟ ਕੀਤਾ ਜਾ ਚੁੱਕਿਆ ਹੈ। ਫਾਇਰਿੰਗ ਵਿਚ ਵਰਤੇ ਹਥਿਆਰ ਮੁਹਾਲੀ ਸਥਿਤ ਫੋਰੈਂਸਿਕ ਲੈਬ ਵਿਚ ਜਮ੍ਹਾਂ ਕਰਵਾ ਦਿੱਤੇ ਹਨ। ਜਾਂਚ ਦੌਰਾਨ ਪੁਲਿਸ ਅਫਸਰਾਂ ਤੋਂ ਵੀ ਪੁੱਛ-ਪੜਤਾਲ ਕੀਤੀ ਗਈ ਹੈ ਅਤੇ ਗੁਰਦਾਸਪੁਰ ਜ਼ਿਲ੍ਹੇ ਨਾਲ ਛੋਟੇ ਹਥਿਆਰਾਂ ਦੀ ਜਾਂਚ ਦਾ 3-16 ਜਨਵਰੀ 2012 ਦਾ ਰਿਕਾਰਡ ਵੀ ਵਾਚਿਆ ਗਿਆ।

ਚੇਤੇ ਰਹੇ ਕਿ ਲਾਅਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਨੇ ਜਨਹਿਤ ਪਟੀਸ਼ਨ ਦਾਇਰ ਕਰ ਕੇ ਘਟਨਾ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ ਸੀ। ਇਸ ਘਟਨਾ ਵਿਚ ਜਸਪਾਲ ਸਿੰਘ ਨਾਂ ਦਾ ਨੌਜਵਾਨ ਮਾਰਿਆ ਗਿਆ ਸੀ ਅਤੇ ਗੁਰਦਾਸਪੁਰ ਥਾਣੇ ਵਿਚ ਪਿਛਲੇ ਸਾਲ 29 ਮਾਰਚ ਨੂੰ ਐਫ.ਆਈ.ਆਰ. ਦਰਜ ਕੀਤੀ ਗਈ ਸੀ।

# ਦਿੱਲੀ ਗੈਂਗਰੇਪ: ਨੌਂ ਮਹੀਨਿਆਂ ਵਿਚ ਸੁਣਾਇਆ ਫੈਸਲਾ

## ਸਾਰੇ ਮੁਲਜ਼ਮ ਦੋਸ਼ੀ ਕਰਾਰ

**ਨਵੀਂ ਦਿੱਲੀ:** ਦਿੱਲੀ ਦੀ ਫਾਸਟ ਟਰੈਕ ਅਦਾਲਤ ਨੇ 16 ਦਸੰਬਰ ਦੇ ਸਮੂਹਿਕ ਬਲਾਤਕਾਰ ਕੇਸ ਵਿਚ ਸਾਰੇ ਪੰਜ ਮੁਲਜ਼ਮਾਂ ਨੂੰ 23 ਸਾਲਾ ਮੁਟਿਆਰ ਦੀ ਹੱਤਿਆ ਦੇ ਦੋਸ਼ੀ ਕਰਾਰ ਦਿੱਤਾ ਹੈ। ਇਨ੍ਹਾਂ ਉਹ ਵਿਅਕਤੀ ਵੀ ਸ਼ੁਮਾਰ ਹੈ ਜੋ ਕੇਸ ਦੀ ਕਾਰਵਾਈ ਦੌਰਾਨ ਮਰ ਗਿਆ ਸੀ। 16 ਦਸੰਬਰ ਦੀ ਇਸ ਘਟਨਾ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਸੀ ਤੇ ਲੰਮਾ ਸਮਾਂ ਲੋਕ ਸੜਕਾਂ 'ਤੇ ਉਤਰੇ ਰਹੇ ਸਨ। ਅਦਾਲਤ ਨੇ ਮੁਕੇਸ਼ (26), ਵਿਨੈ ਸ਼ਰਮਾ (20), ਪਵਨ ਗੁਪਤਾ (19) ਤੇ ਅਕਸ਼ੈ ਠਾਕੁਰ (28) ਨੂੰ ਬਲਾਤਕਾਰ, ਹੱਤਿਆ ਤੇ ਸਾਜ਼ਿਸ਼ ਦੇ ਦੋਸ਼ੀ ਕਰਾਰ ਦੇਣ ਤੋਂ ਇਲਾਵਾ ਗੈਰ-ਕੁਦਰਤੀ ਅਪਰਾਧ (ਗੈਰ-ਕੁਦਰਤੀ ਸੰਭੋਗ), ਸਬੂਤ ਮਿਟਾਉਣ, ਕਤਲ ਦੇ ਮਨਸ਼ੇ ਨਾਲ ਅਗਵਾ/ਉਧਾਲੇ ਦੇ ਦੋਸ਼ੀ ਵੀ ਕਰਾਰ ਦਿੱਤਾ ਹੈ। ਇਸ ਕੇਸ ਦੇ ਦੋਸ਼ੀਆਂ ਮੁਕੇਸ਼, ਵਿਨੈ ਸ਼ਰਮਾ, ਪਵਨ ਗੁਪਤਾ ਤੇ ਅਕਸ਼ੈ ਠਾਕੁਰ ਨੂੰ ਬਾਰੇ ਐਡੀਸ਼ਨਲ ਸੈਸ਼ਨ ਜੱਜ ਯੋਗੇਸ਼ ਖੰਨਾ ਨੇ 237 ਸਫਿਆਂ ਦਾ ਫੈਸਲਾ ਸੁਣਾਇਆ ਅਤੇ ਕਿਹਾ ਕਿ ਕੇਸ ਦੇ ਸਾਰੇ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਾਰੇ ਮੁਲਜ਼ਮ ਨਿਹੱਥੀ ਲੜਕੀ ਦੀ ਜ਼ਾਲਮਾਨਾ ਢੰਗ ਨਾਲ ਹੱਤਿਆ ਕਰਨ ਲਈ ਜ਼ਿੰਮੇਵਾਰ ਹਨ ਤੇ ਇਹ ਅਪਰਾਧ ਆਈ.ਪੀ.ਸੀ. ਦੇ ਸੈਕਸ਼ਨ 302 (ਹੱਤਿਆ) ਤੇ ਸੈਕਸ਼ਨ 120 ਬੀ. (ਫੌਜਦਾਰੀ ਸਾਜ਼ਿਸ਼) ਦੇ ਪ੍ਰਸੰਗ ਵਿਚ ਸਿੱਧ ਹੋ ਜਾਂਦਾ ਹੈ ਤੇ ਸਾਰੇ ਮੁਲਜ਼ਮ ਦੋਸ਼ੀ ਕਰਾਰ ਦਿੱਤੇ ਜਾਂਦੇ ਹਨ।

ਅਦਾਲਤ ਨੇ ਬਚਾਅ ਪੱਖ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਲੜਕੀ ਦੀ ਮੌਤ ਦੇਰ ਨਾਲ ਡਾਕਟਰੀ ਸਹਾਇਤਾ ਮਿਲਣ ਤੇ ਹਸਪਤਾਲ ਵਿਚ ਇਲਾਜ ਦੌਰਾਨ ਇਨਫੈਕਸ਼ਨ ਹੋਣ ਨਾਲ ਹੋਈ ਹੈ। ਜੱਜ ਨੇ ਕਿਹਾ, "ਇਸ ਕੇਸ ਦਾ ਅਹਿਮ ਪਹਿਲੂ ਇਹ ਹੈ ਕਿ ਪੀੜਤ ਲੜਕੀ ਦੀ ਖੁਰਾਕ ਨਾਲੀ ਤੇ ਆਂਦਰਾਂ ਦਾ ਨੁਕਸਾਨ ਕਰਨ ਲਈ ਤੇ ਇਸ ਨੂੰ ਬਾਹਰ ਕੱਢਣ ਲਈ ਹੱਥਾਂ ਤੇ ਰਾਡਾਂ ਦੀ ਵਰਤੋਂ ਕੀਤੀ ਗਈ। ਇਹ ਸਰੀਰ ਅੰਦਰਲੇ ਸਾਰੇ ਅਹਿਮ ਅੰਗਾਂ ਨੂੰ ਨਸ਼ਟ ਕਰਨ ਦੀ ਕਾਰਵਾਈ ਸੀ ਤੇ ਇਸ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਕੇਵਲ ਸਰੀਰਕ ਸੱਟਾਂ ਮਾਰਨ ਲਈ ਕੀਤਾ ਗਿਆ।"

ਆਪਣੇ ਫੈਸਲੇ ਵਿਚ ਅਦਾਲਤ ਨੇ ਕਿਹਾ, "ਹਾਲਾਤ, ਵਿਹਾਰ ਤੇ ਬਿਆਨਾਂ ਅਨੁਸਾਰ ਮੁਲਜ਼ਮਾਂ ਦਾ ਪ੍ਰਤੱਖ ਕਾਰਾ ਇਹ ਸਪਸ਼ਟ ਸਥਾਪਤ ਕਰਦਾ ਹੈ ਕਿ ਉਨ੍ਹਾਂ ਸਾਰਿਆਂ ਨੇ ਸ਼ਿਕਾਇਤਕਰਤਾ ਨੂੰ ਮਾਰਨ ਦਾ ਯਤਨ ਕੀਤਾ ਸੀ।" ਜੱਜ ਨੇ ਕਿਹਾ ਕਿ ਭਾਵੇਂ ਤਿਹਾੜ ਜੇਲ੍ਹ ਵਿਚ ਮਾਰਚ ਦੇ ਮਹੀਨੇ ਖੁਦਕੁਸ਼ੀ ਕਰਨ ਵਾਲੇ ਰਾਮ ਸਿੰਘ ਵਿਰੁੱਧ ਮੁਕੱਦਮੇ ਦੀ ਕਾਰਵਾਈ ਉਸ ਦੀ ਮੌਤ ਮਗਰੋਂ ਮਨਸੂਖ ਕਰ ਦਿੱਤੀ ਗਈ ਸੀ ਪਰ ਉਹ ਵੀ ਉਪਰੋਕਤ ਧਾਰਾਵਾਂ ਤਹਿਤ ਸਮੂਹਿਕ ਬਲਾਤਕਾਰ, ਹੱਤਿਆ ਤੇ ਹੋਰ ਅਪਰਾਧਾਂ ਲਈ ਦੋਸ਼ੀ ਗਿਆ ਹੈ।

## ਲੰਡਨ ਵਿਚ ਨਰਿੰਦਰ ਮੋਦੀ ਖਿਲਾਫ਼ ਵਿਖਾਵਾ

**ਲੰਡਨ:** ਮਨੁੱਖੀ ਹੱਕਾਂ ਦੇ ਰਾਖਿਆਂ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਬਰਤਾਨੀਆ ਆਉਣ ਦਾ ਸੱਦਾ ਦੇਣ ਖਿਲਾਫ਼ ਲੰਡਨ ਵਿਚ ਮੁਜ਼ਾਹਰਾ ਕੀਤਾ। ਸਾਊਥ ਏਸ਼ੀਆ ਸਾਲੀਡੈਰਿਟੀ ਗਰੁੱਪ ਦੀ ਅਗਵਾਈ ਹੇਠ 10 ਹੋਰ ਗਰੁੱਪਾਂ ਨੇ ਉੱਤਰੀ ਲੰਡਨ ਵਿਚ ਲੇਬਰ ਪਾਰਟੀ ਦੇ ਐਮ.ਪੀ. ਬੈਰੀ ਗਾਰਡੀਨਰ ਦੇ ਦਫ਼ਤਰ ਸਾਹਮਣੇ ਰੋਸ ਮੁਜ਼ਾਹਰਾ ਕੀਤਾ। ਸ੍ਰੀ ਗਾਰਡੀਨਰ ਨੇ ਲੇਬਰ ਫ੍ਰੈਂਡਜ਼ ਆਫ ਇੰਡੀਆ ਗਰੁੱਪ ਦੇ ਮੁਖੀ ਦੀ ਹੈਸੀਅਤ ਵਿਚ ਪਿਛਲੇ ਮਹੀਨੇ ਸ੍ਰੀ ਮੋਦੀ ਨੂੰ ਹਾਊਸ ਆਫ ਕਾਮਨਜ਼ ਦੇ ਵਿਸ਼ੇਸ਼ ਸਮਾਗਮ 'ਆਧੁਨਿਕ ਭਾਰਤ ਦਾ ਭਵਿੱਖ' ਵਿਸ਼ੇ ਉਤੇ ਬੋਲਣ ਲਈ ਸੱਦਾ ਦਿੱਤਾ ਸੀ ਜਿਸ ਤੋਂ ਬਹਿਸ ਛਿੜ ਪਈ ਸੀ। ਉਂਝ ਨਰਿੰਦਰ ਮੋਦੀ ਨੇ ਸਪਸ਼ਟ ਕੀਤਾ ਸੀ ਕਿ ਉਸ ਦਾ ਬਰਤਾਨੀਆ ਜਾਣ ਦਾ ਫਿਲਹਾਲ ਕੋਈ ਇਰਾਦਾ ਨਹੀਂ ਹੈ। ਸਾਲੀਡੈਰਿਟੀ ਗਰੁੱਪ ਦੀ ਤਰਜਮਾਨ ਨੇ ਕਿਹਾ, "ਮੋਦੀ ਨੇ ਇਸ ਸੱਦੇ ਦਾ ਭਾਰਤ ਵਿਚ ਪਹਿਲਾਂ ਹੀ ਰਾਜਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਾਨੂੰ ਇਹ ਸਪਸ਼ਟ ਸੰਦੇਸ਼ ਦੇਣ ਦੀ ਲੋੜ ਹੈ ਕਿ ਇਥੇ ਉਨ੍ਹਾਂ ਦਾ ਸੁਆਗਤ ਨਹੀਂ ਹੋਵੇਗਾ।" ਮੁਜ਼ਾਹਰਾਕਾਰੀਆਂ ਨੇ ਸਈਅਦ ਦਾਊਦ, ਸ਼ਕੀਲ ਦਾਊਦ ਅਤੇ ਮੁਹੰਮਦ ਅਸਵਤ ਲਈ ਨਿਆਂ ਦੀਆਂ ਤਖਤੀਆਂ ਚੁੱਕੀਆਂ ਹੋਈਆਂ ਸਨ ਜੋ 2002 ਦੇ ਦੰਗਿਆਂ ਵਿਚ ਮਾਰੇ ਗਏ ਸਨ।

# ਜਦੋਂ ਨਿਕਸਨ ਨੇ ਬੰਗਲਾਦੇਸ਼ ਵਿਚ ਪਾਕਿਸਤਾਨੀ ਫੌਜ ਦੀ ਪਿੱਠ ਠੋਕੀ

**ਵਾਸ਼ਿੰਗਟਨ:** ਚਾਰ ਦਹਾਕੇ ਪਹਿਲਾਂ ਨਿਕਸਨ ਪ੍ਰਸ਼ਾਸਨ ਨੇ ਬੰਗਲਾਦੇਸ਼ ਵਿਚ ਪਾਕਿਸਤਾਨੀ ਫੌਜ ਦੀ ਪਿੱਠ ਠੋਕੀ ਸੀ ਅਤੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦਬਕਾਉਣ ਲਈ ਚੀਨ ਨੂੰ ਭਾਰਤੀ ਸਰਹੱਦ 'ਤੇ ਫੌਜਾਂ ਭੇਜਣ ਲਈ ਹੱਲਾਸ਼ੇਰੀ ਦਿੱਤੀ ਸੀ।

ਪ੍ਰਿੰਸਟਨ ਦੇ ਇਤਿਹਾਸਕਾਰ ਗੈਰੀ ਬੈਸ ਦੀ ਨਵੀਂ ਕਿਤਾਬ 'ਦਿ ਬਲੱਡ ਟੈਲੀਗ੍ਰਾਮ: ਨਿਕਸਨ, ਕਿਸਿੰਜਰ ਐਂਡ ਏ ਫਾਰਗੌਟਨ ਜੈਨੋਸਾਈਡ' ਵਿਚ ਕਿਹਾ ਗਿਆ ਹੈ ਕਿ ਕਿਵੇਂ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਅਤੇ ਉਨ੍ਹਾਂ ਦੇ ਵਿਦੇਸ਼ ਮੰਤਰੀ ਹੈਨਰੀ ਕਿਸਿੰਜਰ ਨੇ ਪਾਕਿਸਤਾਨੀ ਫੌਜ ਦੀ ਤਾਨਾਸ਼ਾਹੀ ਦੀ ਨਿਰਪੱਖ ਢੰਗ ਨਾਲ ਨੀਤੀਆਂ ਨੂੰ ਕੁਚਲਣ ਵਿਚ ਮਦਦ ਕੀਤੀ ਸੀ। ਪਾਕਿਸਤਾਨੀ ਫੌਜ ਨੇ ਪੂਰਬੀ ਪਾਕਿਸਤਾਨ ਵਿਚ ਜ਼ਿਆਦਤੀਆਂ ਦਾ ਦੌਰ ਚਲਾਇਆ ਹੋਇਆ ਸੀ ਜਿਸ ਦੌਰਾਨ ਲੱਖਾਂ ਲੋਕ ਮਾਰੇ ਗਏ ਸਨ ਅਤੇ 10 ਲੱਖ ਤੋਂ ਵੱਧ ਸ਼ਰਨਾਰਥੀ ਭਾਰਤ ਚਲੇ ਗਏ ਸਨ। ਲੇਖਕ ਲਿਖਦਾ ਹੈ ਕਿ ਨਿਕਸਨ-ਕਿਸਿੰਜਰ ਜੋੜੀ ਭਾਰਤ ਅਤੇ ਇੰਦਰਾ ਗਾਂਧੀ ਨੂੰ ਨਫਰਤ ਕਰਦੇ ਸਨ ਅਤੇ ਉਨ੍ਹਾਂ ਭਾਰਤੀ ਪ੍ਰਧਾਨ ਮੰਤਰੀ ਨੂੰ ਨੀਵਾਂ ਦਿਖਾਉਣ ਲਈ ਹਰ ਹਰਬਾ ਵਰਤਿਆ ਸੀ।

ਬੈਸ ਦੀ ਇਹ ਕਿਤਾਬ 24 ਸਤੰਬਰ ਨੂੰ ਸਟਾਲਾਂ 'ਤੇ ਆ ਰਹੀ ਹੈ ਅਤੇ ਇਸ ਵਿਚ ਉਨ੍ਹਾਂ ਲਿਖਿਆ ਸੀ ਕਿ ਨਿਕਸਨ ਤੇ ਕਿਸਿੰਜਰ ਠੰਢੀ ਜੰਗ ਦੇ ਚੌਖਟੇ 'ਚ ਰਹਿ ਕੇ ਵਿਚਰਦੇ ਸਨ ਪਰ ਜਾਤੀ ਤੌਰ 'ਤੇ ਵੀ ਉਹ ਭਾਰਤ ਅਤੇ ਇੰਦਰਾ ਗਾਂਧੀ ਨੂੰ ਪਸੰਦ ਨਹੀਂ ਕਰਦੇ ਸਨ।

# ਵਿਦੇਸ਼ ਗਿਆ ਹਰ ਪੰਜਾਬੀ ਅਤਿਵਾਦੀ!

*(ਸਫਾ ਇਕ ਦੀ ਬਾਕੀ)*

ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੀਤਾ। ਸ਼ਿੰਗਾਰਾ ਸਿੰਘ ਵੱਲੋਂ ਦਾਇਰ ਪਟੀਸ਼ਨ ਵਿਚ ਆਖਿਆ ਗਿਆ ਸੀ ਕਿ ਪੰਜਾਬ ਪੁਲਿਸ ਨੂੰ ਹਦਾਇਤ ਦਿੱਤੀ ਜਾਵੇ ਕਿ ਨਵਾਂ ਸ਼ਹਿਰ ਜ਼ਿਲ੍ਹੇ ਦੇ ਬਹਿਰਾਮ ਥਾਣੇ ਦੇ ਰਿਕਾਰਡ ਵਿਚਲੀ ਦਹਿਸ਼ਤਗਰਦਾਂ ਦੀ ਸੂਚੀ ਵਿਚ ਦਰਜ ਉਸ ਦਾ ਨਾਂ ਕੱਟਿਆ ਜਾਵੇ। ਸ਼ਿੰਗਾਰਾ ਸਿੰਘ ਮੁਤਾਬਕ ਆਪਣੀ ਸਾਰੀ ਜ਼ਿੰਦਗੀ ਵਿਚ ਉਹ ਕਿਸੇ ਵੀ ਅਪਰਾਧ ਵਿਚ ਸ਼ਾਮਲ ਨਹੀਂ ਰਿਹਾ।

ਡੀ.ਐਸ.ਪੀ. ਭਗਵੰਤ ਸਿੰਘ ਵੱਲੋਂ ਅਦਾਲਤ ਵਿਚ ਦਿੱਤੇ ਗਏ ਹਲਫਨਾਮੇ ਵਿਚ ਉਸ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਪੁਲਿਸ ਕੋਲ ਅਜਿਹਾ ਕੋਈ ਰਿਕਾਰਡ ਨਹੀਂ ਜਿਸ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਮੁਲਜ਼ਮ ਕਿਸੇ ਕਿਸਮ ਦੀ ਦਹਿਸ਼ਤਗਰਦੀ ਕਾਰਵਾਈ ਵਿਚ ਸ਼ਾਮਲ ਰਿਹਾ ਹੈ। ਇਸ ਕਰ ਕੇ ਜੇ ਕਰ ਪੁਲਿਸ ਨੂੰ ਪਟੀਸ਼ਨਰ ਦਾ ਨਾਂ ਇਸ ਸੂਚੀ ਵਿਚੋਂ ਕੱਟਣ ਦੇ ਹੁਕਮ ਦਿੱਤੇ ਜਾਂਦੇ ਹਨ ਤਾਂ ਇਸ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਜਸਟਿਸ ਗੁਪਤਾ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਅਕਤੂਬਰ ਤੱਕ ਅੱਗੇ ਪਾ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੀ ਕਾਲੀ ਸੂਚੀ ਨੇ ਹਜ਼ਾਰਾਂ ਪੰਜਾਬੀਆਂ ਖਾਸ ਕਰ ਕੇ ਸਿੱਖਾਂ ਨੂੰ ਚਿਰਾਂ ਤੋਂ ਆਪਣੀ ਧਰਤੀ 'ਤੇ ਪੈਰ ਨਹੀਂ ਧਰਨ ਦਿੱਤਾ। ਉਹ ਆਪਣਿਆਂ ਦੀ ਖੁਸ਼ੀ-ਗਮੀ ਵਿਚ ਸ਼ਾਮਲ ਨਹੀਂ ਹੋ ਸਕੇ। ਪਿਛਲੇ ਸਮੇਂ ਦੌਰਾਨ ਕੇਂਦਰ ਸਰਕਾਰ ਨੇ ਇਸ ਸੂਚੀ ਵਿਚੋਂ ਕਈਆਂ ਦੇ ਨਾਂ ਕੱਟ ਦਿੱਤੇ ਹਨ ਪਰ ਅਜੇ ਵੀ ਸੈਂਕੜੇ ਲੋਕ ਇਸ ਕਾਲੀ ਸੂਚੀ ਦਾ ਸੰਤਾਪ ਭੋਗ ਰਹੇ ਹਨ। ਹੁਣ ਪੁਲਿਸ ਅਧਿਕਾਰੀ ਵੱਲੋਂ ਖੁਦ ਹੀ ਇਸ ਸੂਚੀ ਦਾ ਸੱਚ ਬਿਆਨ ਦਿੱਤਾ ਗਿਆ ਹੈ ਜਿਸ ਨਾਲ ਪੁਲਿਸ ਦੀ ਕਾਰਗੁਜ਼ਾਰੀ 'ਤੇ ਇਕ ਹੋਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

# ਨਫਰਤ ਨੇ ਲੂਹ ਸੁੱਟੇ ਸਿੱਖਾਂ ਦੇ ਹਿਰਦੇ

*(ਸਫਾ ਇਕ ਦੀ ਬਾਕੀ)*

ਸ਼ਾਸੀ ਨੇ ਦੱਸਿਆ ਕਿ ਉਹ ਡਰ ਕੇ ਘਰ ਬੈਠ ਗਈ ਹੈ। ਡਰਾਉਣ-ਧਮਕਾਉਣ ਵਾਲੇ ਜੋ ਕਹਿੰਦੇ ਹਨ, ਮਨ ਉਹ ਸੱਚ ਮੰਨਣ ਲੱਗਦਾ ਹੈ।

ਪੱਖਪਾਤ ਦੇ ਆਧਾਰ 'ਤੇ ਡਰਾਉਣ-ਧਮਕਾਉਣ ਵਿਰੁਧ 2008 ਵਿਚ ਨੀਤੀਆਂ ਬਣਾਉਣ ਦੇ ਬਾਵਜੂਦ ਇਹ ਘਟਨਾਵਾਂ ਵਧੀਆਂ ਹਨ। ਬੱਚਿਆਂ ਦਾ ਕਹਿਣਾ ਹੈ ਕਿ ਦੱਸਣ 'ਤੇ ਅਧਿਆਪਕ ਵੀ ਕੁਝ ਨਹੀਂ ਕਰਦੇ ਸਗੋਂ ਕਈ ਵਾਰ ਖੁਦ ਵੀ ਮਾੜੀ ਟਿੱਪਣੀ ਕਰ ਦਿੰਦੇ ਹਨ।

ਇਸੇ ਦੌਰਾਨ ਸਿੱਖ ਵਿਦਵਾਨਾਂ ਨੇ ਇਸ ਰਿਪੋਰਟ ਦੇ ਖੁਲਾਸਿਆਂ ਪ੍ਰਤੀ ਫਿਕਰਮੰਦੀ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਬੇਗਾਨੀ ਧਰਤੀ 'ਤੇ ਸਿੱਖਾਂ ਦੀ ਅਸਲ ਪਛਾਣ ਦਾ ਮੁੱਦਾ ਬੇਹੱਦ ਨਾਜ਼ੁਕ ਹੈ। ਸਿੱਖ, ਮੁਸਲਮਾਨਾਂ ਦੇ ਭੁਲੇਖੇ ਅਮਰੀਕਾ ਵਿਚ ਨਸਲੀ ਹਮਲਿਆਂ ਦੇ ਸ਼ਿਕਾਰ ਹੋ ਰਹੇ ਹਨ। ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਆਪਣੀ ਧਾਰਮਿਕ ਪਛਾਣ ਪ੍ਰਤੀ ਪਏ ਖੱਪੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਨ ਦਾ ਯਤਨ ਕੀਤਾ ਜਾ ਸਕਦਾ ਹੈ। ਅਮਰੀਕਨਾਂ ਦਾ ਵਿਸ਼ਵਾਸ ਜਿੱਤਣ ਵਾਲੇ ਕਾਰਜ ਕਰਨ ਦੇ ਨਾਲ-ਨਾਲ ਇਸ ਪ੍ਰਤੀ ਵੀ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ ਕਿ ਸਿੱਖ ਵੀ ਅਮਰੀਕੀ ਭਾਈਚਾਰੇ ਦੀ ਬਿਹਤਰੀ ਲਈ ਸਰਗਰਮ ਹਨ। ਇਸ ਬਾਰੇ ਸਰਗਰਮੀਆਂ ਲਗਾਤਾਰ ਜਾਰੀ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# TRUCK STOP FOR SALE in California with Approved Hotel Site

Seller retiring after 30 years. Excellent opportunity to buy well established highway Location with approved lot to build a hotel in almost 13 acres. Newly renovated 10,000 Sq. feet building has Restaurant, Store, Shower, Laundromat, Massage Place, Sign Shop & also Truck Tire & Repair Shop, Truck wash, Propane, Cat Scale & 150 Truck Parking Space. New Digital Remote control Price Signs. Priced only for $6.9 Million. Please only serious & Qualified Buyers with good financials

Contact
**Jessie Brar**
**661-301-7955**
E-mail : jessiebrar@sbcglobal.net
Star Real Estate & Development
Lic#01243878


# ਪ੍ਰਿੰ. ਸਰਵਣ ਸਿੰਘ ਦੀ ਸਵੈਜੀਵਨੀ ਰਿਲੀਜ਼

**ਟੋਰਾਂਟੋ (ਬਿਊਰੋ):** ਨਾਮੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਦੀ ਨਵੀਂ ਐਡੀਸ਼ਨ ਕਹਾਣੀਕਾਰ ਵਰਿਆਮ ਸਿੰਘ ਸੰਧੂ ਵੱਲੋਂ ਕਲਮਾਂ ਦੇ ਕਾਫਲੇ ਵਿਚ ਰਿਲੀਜ਼ ਕੀਤੀ ਗਈ। ਤਿੰਨ ਸੌ ਸਫਿਆਂ ਦੀ ਇਹ ਪੁਸਤਕ ਸੰਗਮ ਪਬਲੀਕੇਸ਼ਨਜ਼-ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ। ਇਸ ਵਿਚ ਲੇਖਕ ਨੇ ਜਿਥੇ ਆਪਣੀ ਜੀਵਨ ਗਾਥਾ ਬਿਆਨ ਕੀਤੀ ਹੈ,



ਉਥੇ 1940 ਤੋਂ ਹੁਣ ਤਕ ਦੇ ਸਮੇਂ ਦੀਆਂ ਝਲਕਾਂ ਵੀ ਵਿਖਾਈਆਂ ਹਨ।

ਪੁਸਤਕ ਦੇ ਸਰਵਰਕ ਉਤੇ ਲਿਖਿਆ ਹੈ-ਮਨੁੱਖ ਦੀ ਦੇਹ ਜ਼ਰੂਰ ਨਾਸ਼ਵਾਨ ਹੈ ਪਰ ਮਨੁੱਖ ਦਾ ਜੀਵਨ ਨਾਸ਼ਵਾਨ ਨਹੀਂ। ਮਨੁੱਖ ਦਾ ਜੀਵਨ ਵਿਚ ਵਿਸ਼ਵਾਸ ਬੱਝਿਆ ਰਹਿਣਾ ਚਾਹੀਦੈ। ਉਹ ਆਸ ਤੇ ਉਮੀਦ ਨਾਲ ਜੀਵੇ, ਆਪਣੇ ਚਾਵਾਂ ਤੇ ਖੇੜਿਆਂ ਨੂੰ ਸੋਕਾ ਨਾ ਆਉਣ ਦੇਵੇ ਤੇ ਸੰਘਰਸ਼ ਕਰਦਾ ਅੱਗੇ ਵਧਦਾ ਰਵ੍ਹੇ। ਨਾ ਸੁੱਖ ਸਦੀਵੀ ਹੁੰਦੇ ਨੇ ਤੇ ਨਾ ਦੁੱਖ ਸਦੀਵੀ ਰਹਿੰਦੇ ਨੇ। ਹਮੇਸ਼ਾ ਰੋਣੇ-ਧੋਣੇ ਰੋਈ ਜਾਂਦਿਆਂ ਦੀਆਂ ਉਮਰਾਂ ਸੌਖੀਆਂ ਨਹੀਂ ਲੰਘਦੀਆਂ। ਜਿਹੜੇ ਮੁਸ਼ਕਲਾਂ ਵਿਚ ਵੀ ਹੱਸ ਖੇਡ ਸਕਦੇ ਨੇ, ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਉਮਰਾਂ ਕਦੋਂ ਲੰਘ ਜਾਂਦੀਆਂ ਨੇ। ਜੀਵਨ ਦੀ ਮੁਕਤੀ ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਾਵੰਦਿਆਂ, ਗੁਰਾਂ ਦੀ ਦੱਸੀ ਜੀਵਨ-ਜਾਚ ਵਿਚ ਹੀ ਹੈ।


# Are You Tired Of All Treatments?
## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
## National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
www.gurbansgill.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**

# ਡਰੋਨ ਹਮਲਿਆਂ ਦਾ ਤੋੜ ਲੱਭਣ 'ਚ ਜੁਟੀ ਅਲ-ਕਾਇਦਾ

**ਵਾਸ਼ਿੰਗਟਨ:** ਅਮਰੀਕੀ ਡਰੋਨਾਂ ਦੇ ਟਾਕਰੇ ਲਈ ਪਾਕਿਸਤਾਨ ਵਿਚਲੇ ਅਲਕਾਇਦਾ ਇੰਜੀਨੀਅਰ ਲੇਜ਼ਰ ਚਿਤਾਵਨੀ ਪ੍ਰਣਾਲੀ ਤੇ ਸ਼ੋਲਡਰ ਫਾਇਰਡ ਮਿਸਾਈਲਾਂ ਬਣਾਉਣ ਸਮੇਤ ਕਈ ਤਰ੍ਹਾਂ ਦੇ ਉਪਰਾਲੇ ਕਰ ਰਹੇ ਹਨ। ਇਸ ਬਾਰੇ ਵਾਸ਼ਿੰਗਟਨ ਪੋਸਟ ਨੇ ਸੀ.ਆਈ.ਏ ਦੇ ਸਾਬਕਾ ਕੰਟਰੈਕਟਰ ਐਡਵਰਡ ਸਨੋਡਨ ਤੋਂ ਮਿਲੇ ਗੁਪਤ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਅਲਕਾਇਦਾ ਲੀਡਰਸ਼ਿਪ ਅੱਜ ਵੀ ਪਾਕਿਸਤਾਨ ਵਿਚ ਸਰਗਰਮ ਹੈ ਤੇ ਇਹ ਅਮਰੀਕਾ ਦੇ ਡਰੋਨ ਹਮਲਿਆਂ ਦੇ ਟਾਕਰੇ ਲਈ ਜੁਆਬੀ ਸਿਸਟਮ ਤਿਆਰ ਕਰਨ ਲਈ ਗੰਭੀਰ ਉਪਰਾਲੇ ਕਰ ਰਹੀ ਹੈ।

ਇਨ੍ਹਾਂ ਗੁਪਤ ਦਸਤਾਵੇਜ਼ਾਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਅਮਰੀਕਾ ਦੀਆਂ ਏਜੰਸੀਆਂ ਅਲਕਾਇਦਾ ਦੇ ਇਰਾਦਿਆਂ ਤੋਂ ਕਾਫੀ ਬੇਚੈਨ ਹਨ ਜਦਕਿ ਅਲ ਕਾਇਦਾ ਆਗੂ ਡਰੋਨਾਂ ਨੂੰ ਅਸਰਹੀਣ ਕਰਨ ਲਈ ਹਰ ਤਰ੍ਹਾਂ ਦੀ ਵਾਹ ਲਾ ਰਹੇ ਹਨ। 2011 ਦੀ ਗੁਪਤ ਰਿਪੋਰਟ ਵਿਚ ਡਰੋਨ ਹਮਲਿਆਂ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਚ ਅਲਕਾਇਦਾ ਇੰਜਨੀਅਰ ਅਮਰੀਕੀ ਡਰੋਨ ਹਮਲੇ ਪਛਾੜਨ ਲਈ ਲੇਜ਼ਰ ਵਾਰਨਿੰਗ ਸਿਸਟਮ ਵਿਕਸਤ ਕਰਨ ਵਿਚ ਲੱਗੇ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ




ਜਨਵਰੀ 2011 ਵਿਚ ਅਮਰੀਕੀ ਖੁਫ਼ੀਆ ਏਜੰਸੀਆਂ ਨੇ ਉੱਤਰੀ ਵਜ਼ੀਰਿਸਤਾਨ (ਪਾਕਿਸਤਾਨ) ਦੇ ਮੀਰਾਂਸ਼ਾਹ ਖੇਤਰ ਨੇੜਿਓਂ ਅਸਾਧਾਰਨ ਇਲੈਕਟ੍ਰਾਨਿਕ ਸਿਗਨਲ ਉੱਠਦੇ ਪਤਾ ਲਾਏ ਸਨ। ਡਿਫੈਂਸ ਇੰਟੈਲੀਜੈਂਸ ਏਜੰਸੀ (ਡੀ.ਆਈ.ਏ) ਨੇ ਦੱਸਿਆ ਕਿ ਇਹ ਸਿਗਨਲ ਅਤਿਵਾਦੀਆਂ ਦੀ ਨਵੀਂ ਜੀ.ਪੀ.ਐਸ ਜੈਮਿੰਗ ਸਮਰੱਥਾ ਦਾ ਪਹਿਲਾ ਨਜ਼ਰ ਆ ਰਿਹਾ ਟੈਸਟ ਹੈ। ਡੀ.ਆਈ.ਏ ਦਾ ਕਹਿਣਾ ਹੈ ਕਿ ਇਕ ਵਾਰ ਅਲਕਾਇਦਾ ਦੇ ਇੰਜਨੀਅਰ ਸਫਲ ਹੋ ਗਏ ਤਾਂ ਅਮਰੀਕਾ ਦੇ ਪਾਕਿਸਤਾਨ ਤੇ ਅਫਗਾਨਿਸਤਾਨ ਵਿਚ ਡਰੋਨ ਅਪਰੇਸ਼ਨ ਠੱਪ ਹੋ ਜਾਣਗੇ।

## ਹੱਕਾਨੀ ਧੜੇ ਦਾ ਸੀਨੀਅਰ ਆਗੂ ਡਰੋਨ ਹਮਲੇ ਵਿਚ ਹਲਾਕ

**ਪਿਸ਼ਾਵਰ:** ਅਮਰੀਕਾ ਨੇ ਡਰੋਨ ਹਮਲੇ ਨਾਲ ਉੱਤਰੀ ਵਜ਼ੀਰਿਸਤਾਨ ਦੇ ਦਰਗਾ ਮੰਡੀ ਪਿੰਡ ਦੇ ਇਕ ਵੱਡੇ ਘਰ ਉਪਰ ਮਿਜ਼ਾਈਲਾਂ ਦਾਗ ਕੇ ਛੇ ਦਹਿਸ਼ਤਗਰਦ ਮਾਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿਚ ਹੱਕਾਨੀ ਧੜੇ ਦਾ ਸੀਨੀਅਰ ਆਗੂ ਮੁੱਲਾਂ ਸੰਗੀਨ ਜ਼ਾਂਦਰਾਂ ਵੀ ਸਮਝਿਆ ਜਾ ਰਿਹਾ ਹੈ ਜਿਸ ਨੂੰ ਸੰਯੁਕਤ ਰਾਸ਼ਟਰ ਤੇ ਅਮਰੀਕਾ ਨੇ ਬਲੈਕ ਲਿਸਟ ਕੀਤਾ ਹੋਇਆ ਹੈ।

ਅਮਰੀਕਾ ਮੁਤਾਬਕ ਉਹ ਤਾਲਿਬਾਨ ਵਜੋਂ ਅਫਗਾਨਿਸਤਾਨ ਦੇ ਪਾਕਟਿਕਾ ਸੂਬੇ ਦਾ ਬਦਲਵਾਂ ਗਵਰਨਰ ਥਾਪਿਆ ਹੋਇਆ ਸੀ। ਮਰਨ ਵਾਲਿਆਂ ਵਿਚ ਜਾਰਡਨ ਦੇ ਦਹਿਸ਼ਤਗਰਦ ਜ਼ੁਬੇਰ ਮੁਜ਼ੀ, ਮੁਹੰਮਦ ਆਬੂ ਬਿਲਾਲ ਅਲ ਖੋਰਾਸਾਨੀ ਤੇ ਅਬੂ ਦੋਗਾਂ ਅਲ-ਖੋਰਾਸਨੀ ਵੀ ਹਨ। ਹਮਲੇ ਵਿਚ ਚਾਰ ਦਹਿਸ਼ਤਗਰਦ ਜ਼ਖ਼ਮੀ ਹੋਏ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕੀ ਡਰੋਨ ਹਮਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਦੇਸ਼ ਦੀ ਪ੍ਰਭੂਸੱਤਾ ਉਪਰ ਹਮਲਾ ਕਰਾਰ ਦਿੱਤਾ ਹੈ।

## ਸੱਤ ਹਜ਼ਾਰ ਕਰੋੜ ਦੇ ਘਪਲੇ ਬੇਨਕਾਬ

**ਨਵੀਂ ਦਿੱਲੀ:** ਬੀਤੇ ਸਾਲ ਕੇਂਦਰੀ ਵਿਜੀਲੈਂਸ ਕਮਿਸ਼ਨ ਨੇ ਕੁੱਲ 7000 ਕਰੋੜ ਰੁਪਏ ਦੇ ਘਪਲਿਆਂ ਦਾ ਪਰਦਾਫਾਸ਼ ਕੀਤਾ ਜਿਨ੍ਹਾਂ ਵਿਚ ਕੋਲਾ ਘਪਲਾ ਤੇ ਪੌਂਜੀ ਸਕੀਮਾਂ ਨਾਲ ਸਬੰਧਤ ਘਪਲੇ ਵੀ ਸ਼ਾਮਲ ਹਨ। ਕਮਿਸ਼ਨ ਦੀ ਸੰਸਦ ਵਿਚ ਪੇਸ਼ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਿਹਾਰ ਦੇ ਇਕ ਟੀਵੀ ਗਰੁੱਪ ਵੱਲੋਂ 2700 ਕਰੋੜ ਦੀਆਂ ਬੇਨਿਯਮੀਆਂ ਦਾ ਪਤਾ ਲੱਗਾ।

ਇਸ ਤੋਂ ਇਲਾਵਾ ਮੁੰਬਈ ਸਟੇਟ ਟਰੇਡਿੰਗ ਕਾਰਪੋਰੇਸ਼ਨ ਦੀ ਕਰਜ਼ਾ ਸਬੰਧਤ ਬੀਮਾ ਯੋਜਨਾ ਦੀ ਦੁਰਵਰਤੋਂ ਦਾ ਪਤਾ ਲਾਇਆ। ਇਹ ਮਾਮਲਾ 725 ਕਰੋੜ ਰੁਪਏ ਦਾ ਹੈ। ਕੋਲਾ ਘਪਲੇ (ਕੋਲਗੇਟ) ਦਾ ਵੇਰਵਾ ਦਿੰਦਿਆਂ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਘਪਲੇ ਨਾਲ ਸਰਕਾਰੀ ਖਜ਼ਾਨੇ ਨੂੰ 43,96,943 ਕਰੋੜ ਰੁਪਏ ਦਾ ਨੁਕਸਾਨ ਹੋਇਆ। ਕਮਿਸ਼ਨ ਨੇ ਪੰਜ ਅਪਰੈਲ 2012 ਨੂੰ ਸੀ.ਬੀ.ਆਈ ਨੂੰ ਮਾਮਲੇ ਦੀ ਜਾਂਚ ਕਰਨ ਲਈ ਕਿਹਾ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਟੈਲੀਕਾਮ ਲਾਇਸੈਂਸ ਜਾਰੀ ਕਰਨ ਮਗਰੋਂ ਤਿੰਨ ਅਪਰੇਟਰਾਂ ਵੱਲੋਂ ਬੇਨਿਯਮੀਆਂ ਕਰਨ ਦਾ ਮਾਮਲਾ ਵੀ ਕਮਿਸ਼ਨ ਕੋਲ ਪੁੱਜਾ। ਇਸ ਕਾਰਨ ਤਿੰਨ ਕੰਪਨੀਆਂ ਨੂੰ 50 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਗਿਆ।

# ਪਾਰਲੀਮੈਂਟ ਨੇ ਸੁਪਰੀਮ ਕੋਰਟ ਦਾ ਫੈਸਲਾ ਉਲਟਾਇਆ

### ਜੇਲ੍ਹ ਵਿਚ ਬੈਠੇ ਆਗੂ ਲੜ ਸਕਣਗੇ ਚੋਣ

**ਨਵੀਂ ਦਿੱਲੀ:** ਸੰਸਦ ਵਿਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਉਲਟਦਿਆਂ ਉਹ ਬਿੱਲ ਪਾਸ ਕਰ ਦਿੱਤਾ ਜਿਸ ਵਿਚ ਜੇਲ੍ਹ ਵਿਚ ਬੈਠੇ ਨੇਤਾਵਾਂ ਦੇ ਚੋਣ ਲੜਨ ਦੇ ਅਧਿਕਾਰ ਨੂੰ ਬਰਕਰਾਰ ਰੱਖਿਆ ਗਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਅਦਾਲਤ ਦਾ ਫੈਸਲਾ ਗਲਤ ਸੀ ਤੇ ਉਸ ਨੂੰ ਠੀਕ ਕਰਨਾ ਵਿਧਾਨ ਮੰਡਲ ਦਾ ਸੰਵਿਧਾਨਕ ਫਰਜ਼ ਹੈ। ਲੋਕ ਪ੍ਰਤੀਨਿਧ ਬਿੱਲ (ਸੋਧ ਤੇ ਵੈਧਤਾ) 2013 ਲੋਕ ਸਭਾ ਵਿਚ ਕਾਹਲੀ ਨਾਲ ਪੇਸ਼ ਕੀਤਾ ਗਿਆ ਤੇ ਇਸ ਨੂੰ ਸੰਖੇਪ ਜਿਹੀ ਬਹਿਸ ਦੇ ਬਾਅਦ ਸਿਰਫ 15 ਮਿੰਟਾਂ ਵਿਚ ਹੀ ਪਾਸ ਕਰ ਦਿੱਤਾ ਗਿਆ।

ਰਾਜ ਸਭਾ ਇਸ ਬਿੱਲ ਨੂੰ ਪਹਿਲਾਂ ਹੀ ਪਾਸ ਕਰ ਚੁੱਕੀ ਹੈ। ਕੁਝ ਮੈਂਬਰ ਚਾਹੁੰਦੇ ਸਨ ਕਿ ਬਿੱਲ 'ਤੇ ਢੁਕਵੀਂ ਬਹਿਸ ਕੀਤੀ ਜਾਵੇ ਪਰ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਸਮੇਤ ਸੰਸਦ ਵਿਚ ਜ਼ਿਆਦਾਤਰ ਮੈਂਬਰਾਂ ਨੇ ਇਸ ਬਿੱਲ ਨੂੰ ਬਿਨਾਂ ਕਿਸੇ ਬਹਿਸ ਦੇ ਪਾਸ ਕਰਨ 'ਤੇ ਜ਼ੋਰ ਦਿੱਤਾ। ਬਿੱਲ ਪੇਸ਼ ਕਰਦਿਆਂ ਕਾਨੂੰਨ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਜੇਕਰ ਥਾਣਾ ਮੁਖੀ ਚੋਣਾਂ ਤੋਂ ਇਕ ਦਿਨ ਪਹਿਲਾਂ ਤੁਹਾਨੂੰ ਗ੍ਰਿਫਤਾਰ ਕਰ ਲੈਂਦਾ ਹੈ ਤਾਂ ਕੀ ਚੋਣਾਂ ਰੱਦ ਸਮਝੀਆਂ ਜਾਣ।ਇਸ ਫੈਸਲੇ ਨੂੰ ਠੀਕ ਕਰਨਾ ਸਾਡਾ ਸੰਵਿਧਾਨਿਕ ਫਰਜ਼ ਹੈ। ਕਿਰਤੀ ਆਜ਼ਾਦ (ਭਾਜਪਾ) ਤੇ ਦਾਰਾ ਸਿੰਘ ਚੌਹਾਨ (ਬਸਪਾ) ਸਮੇਤ ਕੁਝ ਮੈਂਬਰਾਂ ਨੇ ਸਿੱਬਲ ਦੇ ਵਿਚਾਰਾਂ ਦਾ ਸਮਰਥਨ ਕੀਤਾ। ਸੋਧ 10



ਜੁਲਾਈ, 2013 ਤੋਂ ਲਾਗੂ ਹੋਵੇਗੀ ਜਿਸ ਦਿਨ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ। ਉਕਤ ਫੈਸਲੇ ਵਿਰੁੱਧ ਕੇਂਦਰ ਨੇ ਸਮੀਖਿਆ ਪਟੀਸ਼ਨ ਦਾਇਰ ਕੀਤੀ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਰੱਦ ਕਰ ਦਿੱਤਾ ਸੀ।

# ਚੀਨ ਨੂੰ ਕਿਤੇ ਕਬਜ਼ਾ ਨਹੀਂ ਕਰਨ ਦਿਆਂਗੇ: ਐਂਟਨੀ

**ਨਵੀਂ ਦਿੱਲੀ:** ਭਾਰਤ ਨੇ ਆਖਿਆ ਹੈ ਕਿ ਚੀਨ ਨੂੰ ਇਕ ਇੰਚ ਜ਼ਮੀਨ 'ਤੇ ਵੀ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ। ਕੇਂਦਰ ਸਰਕਾਰ ਨੇ ਸੰਸਦ ਵਿਚ ਦਾਅਵਾ ਕੀਤਾ ਕਿ ਭਾਰਤ ਵੱਲੋਂ ਅਸਲ ਕੰਟਰੋਲ ਰੇਖਾ (ਐਲ.ਏ.ਸੀ) ਉੱਤੇ ਸਮਰੱਥਾਵਾਂ ਵਿਚ ਤੇਜ਼ੀ ਨਾਲ ਵਾਧਾ ਕੀਤੇ ਜਾਣ ਕਾਰਨ ਚੀਨ ਦੇ ਦਿਲ ਵਿਚ ਡਰ ਪੈਦਾ ਹੋਣ ਕਰਕੇ ਕਈ ਵਾਰ ਦੋਵਾਂ ਮੁਲਕਾਂ ਦੀਆਂ ਫੌਜਾਂ ਦਰਮਿਆਨ ਟਕਰਾਅ ਵਾਲੇ ਹਾਲਾਤ ਬਣ ਜਾਂਦੇ ਹਨ।

ਰੱਖਿਆ ਮੰਤਰੀ ਏ. ਕੇ ਐਂਟਨੀ ਨੇ ਲੋਕ ਸਭਾ ਤੇ ਰਾਜ ਸਭਾ ਵਿਚ ਕਿਹਾ ਕਿ ਭਾਰਤ ਦਾ ਕੋਈ ਹਿੱਸਾ ਚੀਨ ਨੂੰ ਛੱਡੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਂਜ ਉਨ੍ਹਾਂ ਮੰਨਿਆ ਕਿ ਸਰਹੱਦੀ ਬੁਨਿਆਦੀ ਢਾਂਚਾ ਉਸਾਰਨ ਦੇ ਮਾਮਲੇ ਵਿਚ ਭਾਰਤ ਨਾਲੋਂ ਚੀਨ ਦਾ ਹੱਥ ਉੱਚਾ ਹੈ ਕਿਉਂਕਿ ਭਾਰਤ ਨੇ ਸਰਹੱਦ 'ਤੇ ਐਲ.ਏ.ਸੀ ਉੱਤੇ ਸੜਕਾਂ ਆਦਿ ਦੀ ਉਸਾਰੀ ਦਾ ਫੈਸਲਾ ਲੈਣ ਵਿਚ ਦੇਰ ਕਰ ਦਿੱਤੀ। ਚੀਨ ਵੱਲੋਂ ਲੱਦਾਖ ਵਿਚ ਭਾਰਤੀ ਜ਼ਮੀਨ ਹਥਿਆਏ ਜਾਣ ਬਾਰੇ ਰੱਖਿਆ ਮੰਤਰੀ ਏ.ਕੇ ਐਂਟਨੀ ਨੇ ਕਿਹਾ ਕਿ ਦੇਸ਼ ਦਾ ਕੋਈ ਹਿੱਸਾ ਚੀਨ ਨੂੰ ਸੌਂਪਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਦੇਸ਼ ਦੀ ਕੌਮੀ ਸਲਾਮਤੀ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਸੰਸਦ ਵਿਚ ਵਿਰੋਧੀ ਧਿਰ ਦੇ



ਮੈਂਬਰਾਂ ਦਾ ਕਹਿਣਾ ਸੀ ਕਿ ਸਰਕਾਰ ਦੀ ਇਕ ਉੱਚ ਪੱਧਰੀ ਕਮੇਟੀ ਨੇ ਰਿਪੋਰਟ ਦਿੱਤੀ ਹੈ ਕਿ ਚੀਨ ਨੇ ਭਾਰਤ ਦੇ 640 ਵਰਗ ਕਿਲੋਮੀਟਰ ਇਲਾਕੇ ਉਤੇ ਕਬਜ਼ਾ ਕਰ ਲਿਆ ਹੈ। ਇਸ 'ਤੇ ਸ੍ਰੀ ਐਂਟਨੀ ਨੇ ਕਿਹਾ ਕਿ ਕੌਮੀ ਸੁਰੱਖਿਆ ਸਲਾਹਕਾਰ ਬੋਰਡ ਦੇ ਚੇਅਰਮੈਨ ਸ਼ਿਆਮ ਸਰਨ ਦੋ ਤੋਂ ਨੌਂ ਅਗਸਤ ਨੂੰ ਲੱਦਾਖ ਦੇ ਦੌਰੇ ਉਤੇ ਗਏ ਸਨ।

ਉਨ੍ਹਾਂ ਇਸ ਪਿੱਛੋਂ ਉਥੇ ਸਰਹੱਦੀ ਬੁਨਿਆਦੀ ਢਾਂਚੇ ਬਾਰੇ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਹੈ ਤੇ ਅਜਿਹੀ ਕੋਈ ਰਿਪੋਰਟ ਨਹੀਂ ਦਿੱਤੀ ਕਿ ਚੀਨ ਨੇ ਭਾਰਤ ਦਾ ਕੋਈ ਹਿੱਸਾ ਕਬਜ਼ਾਇਆ ਹੈ ਜਾਂ ਭਾਰਤ ਨੂੰ ਭਾਰਤੀ ਇਲਾਕੇ ਵਿਚ ਹੀ ਜਾਣ ਤੋਂ ਰੋਕਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਦੇਸ਼ ਦੀ ਸੁਰੱਖਿਆ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਹਨ ਤੇ ਕੌਮੀ ਹਿੱਤ ਲਈ ਅਜਿਹਾ ਕਰਨਾ ਅੱਗੋਂ ਵੀ ਜਾਰੀ ਰੱਖੇਗਾ। ਉਨ੍ਹਾਂ ਕਿਹਾ ਕਿ ਸ੍ਰੀ ਸਰਨ ਦੀ ਰਿਪੋਰਟ ਵਿਚ ਸਰਹੱਦੀ ਬੁਨਿਆਦੀ ਢਾਂਚੇ ਵੱਲ ਹੀ ਮੁੱਖ ਧਿਆਨ ਦਿੱਤਾ ਗਿਆ ਹੈ ਤੇ ਲੱਦਾਖ ਵਿਚ ਹਵਾਈ ਸੇਵਾਵਾਂ ਵਧਾਉਣ ਉਤੇ ਵੀ ਜ਼ੋਰ ਦਿੱਤਾ ਗਿਆ ਹੈ।

## ਦੀਪਕ ਸੰਧੂ ਬਣੀ ਮੁੱਖ ਸੂਚਨਾ ਕਮਿਸ਼ਨਰ

**ਨਵੀਂ ਦਿੱਲੀ:** ਸ੍ਰੀਮਤੀ ਦੀਪਕ ਸੰਧੂ ਨੂੰ ਦੇਸ਼ ਦੀ ਪਹਿਲੀ ਮਹਿਲਾ ਮੁੱਖ ਸੂਚਨਾ ਕਮਿਸ਼ਨਰ ਬਣਨ ਦਾ ਮਾਣ ਪ੍ਰਾਪਤ ਹੋ ਗਿਆ ਹੈ। ਉਹ ਬੀਤੇ ਚਾਰ ਸਾਲਾਂ ਤੋਂ ਕੇਂਦਰ ਵਿਚ ਸੂਚਨਾ ਕਮਿਸ਼ਨਰ ਸਨ। 1971 ਬੈਚ ਦੀ ਸਾਬਕਾ ਭਾਰਤੀ ਸੂਚਨਾ ਸੇਵਾ ਅਧਿਕਾਰੀ ਬੀਬੀ ਸੰਧੂ ਨੂੰ ਰਾਸ਼ਟਰਪਤੀ ਭਵਨ ਵਿਚ ਅਹੁਦੇ ਦੀ ਸਹੁੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਚੁਕਾਈ। ਉਨ੍ਹਾਂ ਕਿਹਾ ਕਿ ਮੁੱਖ ਸੂਚਨਾ ਕਮਿਸ਼ਨਰ ਵਜੋਂ ਉਨ੍ਹਾਂ ਦਾ ਪਹਿਲਾ ਤੇ ਫੌਰੀ ਕੰਮ ਕਮਿਸ਼ਨ ਵਿਚ ਲਟਕੇ ਕੇਸਾਂ ਦਾ ਛੇਤੀ ਨਿਬੇੜਾ ਕਰਨਾ ਹੈ।

ਇਸ ਵੇਲੇ ਕਮਿਸ਼ਨ ਕੋਲ 30 ਹਜ਼ਾਰ ਕੇਸ ਪਏ ਹਨ ਤੇ 64 ਸਾਲਾ ਇਸ ਬੀਬੀ ਲਈ ਆਪਣੇ ਤਿੰਨ ਮਹੀਨਿਆਂ ਦੇ ਕਾਰਜਕਾਲ ਦੌਰਾਨ ਇਨ੍ਹਾਂ ਨੂੰ ਨਿਬੇੜਨਾ ਵੱਡੀ ਚੁਣੌਤੀ ਹੈ। ਬੀਬੀ ਸੰਧੂ ਇਸ ਅਹੁਦੇ 'ਤੇ ਸਤਿਆਨੰਦ ਮਿਸ਼ਰਾ ਦੀ ਥਾਂ ਆਏ ਹਨ, ਜਿਹੜੇ ਪੰਜ ਸਾਲਾਂ ਦੀਆਂ ਸੇਵਾਵਾਂ ਮਗਰੋਂ ਸੇਵਾਮੁਕਤ ਹੋ ਗਏ।

# ਕਰਾਚੀ ਵਿਚ ਰੋਜ਼ਾਨਾ ਹੁੰਦੀ ਹੈ 83 ਕਰੋੜ ਦੀ ਕਾਲੀ ਕਮਾਈ

**ਕਰਾਚੀ:** ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਲੁੱਟਖੋਹ ਤੇ ਕਾਲੇ ਕਾਰਨਾਮਿਆਂ ਦੀਆਂ ਵਾਰਦਾਤਾਂ ਸਿਖਰਾਂ 'ਤੇ ਹਨ ਤੇ ਇਸ ਰਾਹੀਂ ਹਰ ਰੋਜ਼ 83 ਕਰੋੜ ਰੁਪਿਆ ਕਮਾਇਆ ਜਾਂਦਾ ਹੈ। ਇਹ ਖੁਲਾਸਾ ਜਿਓ ਨਿਊਜ਼ ਚੈਨਲ ਵੱਲੋਂ ਇਕ ਰਿਪੋਰਟ ਵਿਚ ਕੀਤਾ ਗਿਆ। ਰਿਪੋਰਟ ਮੁਤਾਬਕ ਇਨ੍ਹਾਂ ਕਾਲੇ ਕਾਰਨਾਮਿਆਂ ਵਿਚ ਉਧਾਲਿਆਂ, ਅਗਵਾ ਰਾਹੀਂ ਫਿਰੌਤੀਆਂ ਮੰਗਣਾ, ਲੁੱਟਾਂ-ਖੋਹਾਂ, ਸੜਕਾਂ 'ਤੇ ਹੁੰਦੇ ਅਪਰਾਧਾਂ, ਗੈਰ-ਕਾਨੂੰਨੀ ਪਾਰਕਿੰਗ ਥਾਵਾਂ, ਰੇਹੜੀ-ਫੜ੍ਹੀ ਵਾਲਿਆਂ ਤੋਂ ਧਨ ਵਸੂਲੀ ਤੇ ਬਿਜਲੀ ਦੇ ਗ਼ੈਰ-ਕਾਨੂੰਨੀ ਕੁਨੈਕਸ਼ਨ ਦੇਣ ਜਿਹੇ ਵਰਤਾਰੇ ਸ਼ਾਮਲ ਹਨ।

ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਹਰ ਰੋਜ਼ ਘੱਟੋ-ਘੱਟ ਇਕ ਕਰੋੜ ਰੁਪਏ ਦੀ ਖੋਹ-ਖਿੰਝ ਹੁੰਦੀ ਹੈ, ਪੰਜ ਕਰੋੜ ਰੁਪਏ ਤੱਕ ਦੀ ਰਕਮ ਲਈ ਅਗਵਾ ਦੀਆਂ ਘਟਨਾਵਾਂ ਹਰ ਰੋਜ਼ ਵਾਪਰਦੀਆਂ ਹਨ। ਕਾਲੇ ਧਨ ਦੀ ਇਸ ਮੰਡੀ ਵਿਚ 500 ਗੈਰਕਾਨੂੰਨੀ ਤੇ ਅਣਅਧਿਕਾਰਤ ਪਾਰਕਿੰਗ ਥਾਵਾਂ ਤੋਂ ਵੀ 24 ਲੱਖ ਰੁਪਏ ਇਕੱਠੇ ਕੀਤੇ ਜਾਂਦੇ ਹਨ। ਹਾਕਰ ਤੇ ਰੇਹੜੀ ਫੜ੍ਹੀ ਵਾਲੇ ਹਰ ਰੋਜ਼ 82.50 ਲੱਖ ਰੁਪਏ ਪੁਲਿਸ, ਅਪਰਾਧੀਆਂ ਜਾਂ ਠੇਕੇਦਾਰਾਂ ਨੂੰ ਅਦਾ ਕਰਦੇ ਹਨ।

ਰਿਪੋਰਟ ਮੁਤਾਬਕ ਸ਼ਹਿਰ ਵਿਚ 55,000 ਤੋਂ ਵੱਧ ਹਾਕਰ ਆਪਣੀਆਂ ਸਟਾਲਾਂ ਲਾਉਂਦੇ ਹਨ। ਸ਼ਹਿਰ ਵਿਚ ਪਾਣੀ ਮਾਫ਼ੀਆ ਹਰ ਰੋਜ਼ 27 ਕਰੋੜ 20 ਲੱਖ ਗੈਲਨ ਪਾਣੀ ਗ਼ੈਰਕਾਨੂੰਨੀ ਢੰਗ ਨਾਲ



ਵੇਚਦਾ ਹੈ ਜਿਸ ਦੀ ਕੀਮਤ 10 ਕਰੋੜ ਰੁਪਏ ਬਣਦੀ ਹੈ। ਨਸ਼ੀਲੇ ਪਦਾਰਥ ਵੇਚਣ ਤੇ ਜੂਏਬਾਜ਼ੀ ਦੇ 15000 ਤੋਂ ਵੱਧ ਅੱਡੇ ਹਨ ਜਿਥੋਂ ਹਰ ਰੋਜ਼ 15 ਕਰੋੜ ਰੁਪਿਆ ਕਮਾਇਆ ਜਾਂਦਾ ਹੈ। ਕਰਾਚੀ ਦਾ ਭੌਂ ਮਾਫੀਆ, ਸਰਕਾਰ ਦੀ 30,000 ਏਕੜ ਤੋਂ ਵੱਧ ਜ਼ਮੀਨ ਉਤੇ ਕਾਬਜ਼ ਹੈ ਤੇ ਇਸ ਤਰ੍ਹਾਂ ਇਹ ਸਰਕਾਰੀ ਖਜ਼ਾਨੇ ਨੂੰ ਸੱਤ ਅਰਬ ਸਾਲਾਨਾ ਤੇ ਰੋਜ਼ 23 ਕਰੋੜ ਰੁਪਏ ਦਾ ਘਾਟਾ ਪਾ ਰਿਹਾ ਹੈ।

ਸ਼ਹਿਰ ਦਾ ਟਰਾਂਸਪੋਰਟ ਮਾਫ਼ੀਆ ਸ਼ਹਿਰ ਦੇ ਜਨਤਕ ਆਵਾਜਾਈ ਪ੍ਰਬੰਧਾਂ 'ਤੇ ਕਾਬਜ਼ ਹੈ ਤੇ ਇਸ ਨੂੰ ਚਲਾਉਂਦਾ ਹੈ ਤੇ ਇਕ ਕਰੋੜ 48 ਲੱਖ ਰੁਪਏ ਇਸ ਦੀਆਂ ਬੱਸਾਂ, ਰਿਕਸ਼ਿਆਂ ਤੇ ਟੈਕਸੀਆਂ ਤੋਂ ਉਗਰਾਹੁੰਦਾ ਹੈ। ਟਰੱਕਾਂ, ਕੰਟੇਨਰ ਟਰੱਕਾਂ ਤੇ ਤੇਲ ਟੈਂਕਰਾਂ ਨੂੰ ਹੋਣ ਵਾਲੀ 75 ਲੱਖ ਰੁਪਏ ਆਮਦਨ ਅੱਡ ਹੈ। ਸ਼ਹਿਰ ਵਿਚ ਹਰ ਰੋਜ਼ ਇਕ ਕਰੋੜ ਪੰਜ ਲੱਖ ਰੁਪਏ ਦੀ ਬਿਜਲੀ ਚੋਰੀ ਹੁੰਦੀ ਹੈ ਤੇ ਇਥੇ 4000 ਤੋਂ 5000 ਤੱਕ ਕੁੰਡੀ ਕੁਨੈਕਸ਼ਨ ਲੱਗੇ ਹੋਏ ਹਨ।

ਸ਼ਹਿਰ ਵਿਚੋਂ ਹਰ ਰੋਜ਼ 40-50 ਮੋਟਰਸਾਈਕਲ ਤੇ 20-25 ਕਾਰਾਂ ਚੋਰੀ ਹੁੰਦੀਆਂ ਹਨ ਜੋ ਕਮਾਈ ਪੱਖੋਂ ਦੋ ਕਰੋੜ ਪੰਜ ਲੱਖ ਪ੍ਰਤੀ ਦਿਨ ਬਣਦੀ ਹੈ। ਸੜਕਾਂ 'ਤੇ ਫਿਰਦੇ ਅਪਰਾਧੀ ਹਰ ਰੋਜ਼ 125-150 ਮੋਬਾਈਲ ਫੋਨ, ਗਹਿਣੇ ਤੇ ਹੋਰ ਵਸਤਾਂ ਖੋਂਹਦੇ ਹਨ ਜੋ 52 ਲੱਖ ਰੁਪਏ ਰੋਜ਼ਾਨਾ ਬਣਦੇ ਹਨ। ਹਰ ਰੋਜ਼ ਸ਼ਹਿਰ ਦੇ ਸਰਦੇ-ਪੁੱਜਦੇ ਖੇਤਰਾਂ ਵਿਚੋਂ 10-15 ਅਜਿਹੇ ਅਗਵਾ ਦੇ ਮਾਮਲੇ ਵਾਪਰਦੇ ਹਨ। ਰੋਜ਼ਾਨਾ ਆਧਾਰ 'ਤੇ ਕਰਾਚੀ ਵਿਚ ਪੁਲਿਸ ਵੀ 21 ਕਰੋੜ ਰੁਪਏ ਹਰ ਰੋਜ਼ ਰਿਸ਼ਵਤ ਦੇ ਉਗਰਾਹੁੰਦੀ ਹੈ ਜੋ ਸਿਖਰ ਤੋਂ ਲੈ ਕੇ ਹੇਠਲੇ ਅਫਸਰਾਂ ਤੱਕ ਵੰਡੀ ਜਾਂਦੀ ਹੈ।

## ਡਾ. ਮਨਮੋਹਨ 28 ਨੂੰ ਦੇਣਗੇ ਯੂ ਐਨ ਓ ਵਿਚ ਭਾਸ਼ਨ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵੱਲੋਂ ਬੁਲਾਰਿਆਂ ਦੀ ਜਾਰੀ ਤਾਜ਼ਾ ਆਰਜ਼ੀ ਸੂਚੀ ਮੁਤਾਬਕ ਪ੍ਰਧਾਨ ਮੰਤਰੀ ਮਨਮੋਹਨ ਸਿੰਘ 28 ਸਤੰਬਰ ਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਨੂੰ ਸੰਬੋਧਨ ਕਰਨਗੇ। ਇਸ ਤੋਂ ਪਹਿਲੀ ਸੂਚੀ ਮੁਤਾਬਕ ਪ੍ਰਧਾਨ ਮੰਤਰੀ ਨੇ 27 ਸਤੰਬਰ ਨੂੰ ਸੰਯੁਕਤ ਰਾਸ਼ਟਰ ਵਿਚ ਭਾਸ਼ਣ ਦੇਣਾ ਸੀ। ਸਮਝਿਆ ਜਾਂਦਾ ਹੈ ਕਿ ਇਹ ਤਬਦੀਲੀ ਡਾ. ਸਿੰਘ ਦੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਤੈਅ ਮੀਟਿੰਗ ਕਾਰਨ ਕੀਤੀ ਗਈ ਹੈ। ਓਬਾਮਾ ਨਾਲ ਮੀਟਿੰਗ ਪਿੱਛੋਂ ਡਾ. ਸਿੰਘ ਉਸੇ ਸ਼ਾਮ ਵਾਸ਼ਿੰਗਟਨ ਤੋਂ ਨਿਊਯਾਰਕ ਲਈ ਰਵਾਨਾ ਹੋ ਜਾਣਗੇ।




ਗੁਰਦੁਆਰਾ ਸਿੱਖ ਸਟੱਡੀ ਸਰਕਲ, ਮਿਜ਼ੌਰੀ

ਗ੍ਰੰਥੀ ਸਿੰਘ ਦੀ ਲੋੜ ਹੈ

ਗੁਰਦੁਆਰਾ ਸਿੱਖ ਸਟੱਡੀ ਸਰਕਲ, ਸੇਂਟ ਲੁਇਸ, ਮਿਜ਼ੌਰੀ ਲਈ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਕਿ ਕਥਾ ਕੀਰਤਨ ਕਰ ਸਕਦਾ ਹੋਵੇ।

ਸੰਪਰਕ ਕਰੋ: ਸਤਨਾਮ ਸਿੰਘ ਫੋਨ 314-452-8083
ਸੁਖਚੈਨ ਸਿੰਘ ਫੋਨ 314-612-0800

ਨੋਟ: ਗੁਰੂ ਘਰ ਦੀ ਇਕ ਸੁੰਦਰ ਇਮਾਰਤ ਬਣ ਰਹੀ ਹੈ ਜਿਸ ਲਈ ਪ੍ਰਬੰਧਕਾਂ ਵਲੋਂ ਸਮੂਹ ਸੰਗਤ ਨੂੰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਭੇਟਾ ਕਰਨ ਦੀ ਬੇਨਤੀ ਹੈ ਜੀ।



ਰੈਸਟੋਰੈਂਟ ਸਟਾਫ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਵੇਟਰ, ਅਸਿਸਟੈਂਟ ਮੈਨਜੇਰ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 816-806-6065


# ਕਬੱਡੀ ਨੂੰ ਕੌਮਾਂਤਰੀ ਪਹਿਚਾਣ ਦੁਆਉਣ ਲਈ ਵਚਨਬਧ ਹਾਂ-ਸਿਕੰਦਰ ਮਲੂਕਾ



**ਫਰਿਜ਼ਨੋ (ਬਿਊਰੋ):** ਪੰਜਾਬ ਦੇ ਵਿਦਿਆ ਮੰਤਰੀ ਅਤੇ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਹੈ ਕਿ ਕ੍ਰਿਕਟ ਵਾਂਗ ਕਬੱਡੀ ਨੂੰ ਕੌਮਾਂਤਰੀ ਪਹਿਚਾਣ ਦੁਆਉਣ ਲਈ ਪੰਜਾਬ ਸਰਕਾਰ ਵਚਨਬਧ ਹੈ। ਉਹ ਇਥੇ ਉਨ੍ਹਾਂ ਦੇ ਸਵਾਗਤ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਵਲੋਂ ਕੀਤੇ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਮਲੂਕਾ ਨੇ ਕਿਹਾ ਕਿ ਜਿਹੜੀ ਖੇਡ ਕੱਖਾਂ ਦੀ ਸੀ, ਉਸ ਨੂੰ ਕਰੋੜਾਂ ਦੀ ਖੇਡ ਬਣਾ ਦਿਤਾ ਹੈ। ਪੰਜਾਬ ਸਰਕਾਰ ਨੇ ਲੜਕੇ ਤੇ ਲੜਕੀਆਂ ਦੀਆਂ ਟੀਮਾਂ ਨੂੰ ਇਕ ਇਕ ਕਰੋੜ ਰੁਪਏ ਦੇ ਇਨਾਮ ਦੇਣ ਦਾ ਇਤਿਹਾਸਕ ਫੈਸਲਾ ਕੀਤਾ ਹੈ। ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੂੰ ਕਬੱਡੀ ਵਰਲਡ ਕੱਪ ਲਈ ਸੱਦਾ ਦਿੰਦਿਆਂ ਸ੍ਰੀ ਮਲੂਕਾ ਨੇ ਕਿਹਾ ਕਿ ਉਹ ਪਰਵਾਸੀ ਪੰਜਾਬੀਆਂ ਦੇ ਕਬੱਡੀ ਪ੍ਰਤੀ ਮੋਹ ਨੂੰ ਦੇਖ ਕੇ ਬਹੁਤ ਉਤਸ਼ਾਹਤ ਹੋਏ ਹਨ। ਪੰਜਾਬ ਵਿਚ ਭ੍ਰਿਸ਼ਟਾਚਾਰ ਅਤੇ ਵਿਦਿਅਕ ਪ੍ਰਬੰਧ ਵਿਚ ਆਏ ਨਿਘਾਰ ਦੇ ਮੁੱਦੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਇਸ ਬਾਰੇ ਬਹੁਤ ਗੰਭੀਰ ਹੈ ਅਤੇ ਲੋੜੀਂਦੇ ਕਦਮ ਉਠਾਏ ਗਏ ਹਨ।

ਸਮਾਗਮ ਵਿਚ ਚਰਨਜੀਤ ਸਿੰਘ ਬਾਠ, ਪਾਲ ਸਹੋਤਾ, ਸੁਰਜੀਤ ਟੁੱਟ, ਤੀਰਥ ਗਾਖ਼ਲ, ਗੈਰੀ ਗਰੇਵਾਲ, ਅਵਤਾਰ ਗਿੱਲ, ਨਾਜਰ ਸਿੰਘ ਸਹੋਤਾ, ਸੁਰਿੰਦਰ ਸਿੰਘ ਨਿੱਜਰ, ਅੰਮ੍ਰਿਤਪਾਲ ਨਿੱਜਰ, ਇੰਡੋ ਯੂ ਐਸ ਹੈਰੀਟੇਜ ਦੇ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਗੁਰਦੀਪ ਨਿੱਜਰ, ਭੁਪਿੰਦਰ ਸਿੰਘ, ਸਾਧੂ ਸਿੰਘ ਸੰਘਾ, ਕਰਮ ਸਿੰਘ ਸੰਘਾ, ਪਰਮਜੀਤ ਸਿੰਘ ਧਾਲੀਵਾਲ, ਸ਼ਾਨੇ ਪੰਜਾਬ ਦੇ ਸੁਖਦੇਵ ਸਿੰਘ, ਬਲਵਿੰਦਰ ਸਿੰਘ ਬਰਾੜ, ਸਤਵੀਰ ਸਿੰਘ ਹੀਰ, ਗੁਰਦੀਪ ਸਿੰਘ ਅਣਖੀ, ਸੁਰਿੰਦਰ ਮੰਡਾਲੀ, ਉਦੇਦੀਪ ਸਿੰਘ, ਰੇਡੀਓ ਹੋਸਟ ਗੁਰਦੀਪ ਸ਼ੇਰਗਿਲ, ਮਹਿੰਦਰ ਸਿੰਘ ਸੰਧਾਵਾਲੀਆ, ਸੰਤੋਖ ਸਿੰਘ ਮਿਨਹਾਸ, ਪਾਲ ਧਾਲੀਵਾਲ, ਰਵਿੰਦਰ ਬੋਇਲ, ਕਰਮਜੀਤ ਸਿੰਘ ਤਲਵੰਡੀ, ਕਾਰੋਬਾਰੀ ਗੈਰੀ ਚਾਹਲ, ਟੋਨੀ ਗਿੱਲ, ਮੋਗਾ ਵੀਡੀਓ ਦੇ ਅਜੀਤ ਗਿੱਲ ਅਤੇ ਹੋਰ ਕਬੱਡੀ ਪ੍ਰੇਮੀ ਹਾਜ਼ਰ ਸਨ।

## ਅਮਰੀਕੀ ਅਦਾਲਤ ਵੱਲੋਂ ਸੋਨੀਆ ਗਾਂਧੀ ਨੂੰ ਸੰਮਨ

**ਨਿਊ ਯਾਰਕ:** ਅਮਰੀਕਾ ਦੀ ਇਕ ਸੰਘੀ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਕਾਂਗਰਸੀ ਨੇਤਾਵਾਂ ਦਾ ਬਚਾਅ ਕਰਨ ਕਾਰਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸੰਮਨ ਜਾਰੀ ਕੀਤੇ ਹਨ। ਅਮਰੀਕਾ ਵਿਚਲੇ ਮਨੁੱਖੀ ਅਧਿਕਾਰ ਸੰਗਠਨ 'ਸਿੱਖਜ਼ ਫਾਰ ਜਸਟਿਸ' ਨੇ ਨਿਊਯਾਰਕ ਦੀ ਯੂਐਸ ਈਸਟਰਨ ਡਿਸਟ੍ਰਿਕਟ ਕੋਰਟ ਵਿਚ ਐਲੀਅਨ ਟ੍ਰਾਟ ਕਲੇਮਜ਼ ਐਕਟ ਤੇ ਟਾਰਚਰ ਵਿਕਟਮ ਪ੍ਰੋਟੈਕਸ਼ਨ ਐਕਟ ਤਹਿਤ ਸੋਨੀਆ ਗਾਂਧੀ ਖਿਲਾਫ ਸ਼ਿਕਾਇਤ ਦਰਜ ਕਰਵਾਈ ਕਿ ਉਹ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਵਿਚ ਸ਼ਾਮਿਲ ਕਾਂਗਰਸੀ ਨੇਤਾਵਾਂ ਦਾ ਬਚਾਅ ਕਰ ਰਹੀ ਹੈ।

ਇਸ ਲਈ ਸੋਨੀਆ ਗਾਂਧੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਅਮਰੀਕੀ ਕਾਨੂੰਨ ਮੁਤਾਬਿਕ ਇਹ ਸੰਮਨ ਸੋਨੀਆ ਗਾਂਧੀ ਨੂੰ ਦਸਤੀ ਦਿੱਤੇ ਜਾਣਗੇ ਜੋ ਇਸ ਸਮੇਂ ਇਲਾਜ ਅਮਰੀਕਾ ਵਿਚ ਹੈ। ਇਸੇ ਦੌਰਾਨ ਨਵੀਂ ਦਿੱਲੀ ਕਾਂਗਰਸ ਦੇ ਬੁਲਾਰੇ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਦੀ ਜਾਣਕਾਰੀ ਨਹੀਂ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਘਟਨਾ ਤੋਂ 30 ਸਾਲ ਬਾਅਦ ਇਹ ਸੰਮਨ ਜਾਰੀ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਬਾਰੇ ਉਚਿਤ ਕਾਨੂੰਨੀ ਕਦਮ ਚੁੱਕੇ ਜਾਣਗੇ।


MRP TRAVEL

Lowest International and Domestic Fares

ARC FLY ANY AIRLINE OF YOUR CHOICE IATA

Providing the lowest Airfare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com
2123 Port Way, San Jose, CA 95133
CST: 2097308-40

Passport & Visa services also available



India Vacation tour package also available.

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com

702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org

702-489-0228 ਆਪਨਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com

702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗ੍ਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

Radio CK, PO Box 296, Fremont, CA 94537



FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## ਲਾਲਾ ਜਗਤ ਨਰਾਇਣ ਬਾਰੇ ਡਾਕ ਟਿਕਟ ਜਾਰੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮਰਹੂਮ ਪੱਤਰਕਾਰ ਲਾਲਾ ਜਗਤ ਨਰਾਇਣ ਬਾਰੇ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ। ਉਨ੍ਹਾਂ ਨੂੰ 32 ਸਾਲ ਪਹਿਲਾਂ ਪੰਜਾਬ ਵਿਚ ਖਾੜਕੂਆਂ ਨੇ ਹਲਾਕ ਕਰ ਦਿੱਤਾ ਸੀ।

ਦਿੱਲੀ ਸਥਿਤ ਆਪਣੀ ਰਿਹਾਇਸ਼ ਉਤੇ ਪੰਜ ਰੁਪਏ ਕੀਮਤ ਵਾਲੀ ਇਹ ਟਿਕਟ ਜਾਰੀ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਕ ਪੱਤਰਕਾਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਔਖੇ ਹਾਲਾਤ ਵਿਚ ਵੀ ਈਮਾਨਦਾਰੀ, ਨਿਡਰਤਾ ਤੇ ਨਿਰਪੱਖਤਾ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਸਮਾਗਮ ਵਿਚ ਕਈ ਕੇਂਦਰੀ ਮੰਤਰੀ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਅਖ਼ਬਾਰ 'ਪੰਜਾਬ ਕੇਸਰੀ' ਦੇ ਮੁੱਖ ਸੰਪਾਦਕ ਤੇ ਸੀਈਓ ਵਿਜੇ ਚੋਪੜਾ ਵੀ ਹਾਜ਼ਰ ਸਨ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਲਾਲਾ ਜਗਤ ਨਰਾਇਣ ਨੇ ਪੱਤਰਕਾਰ ਵਜੋਂ ਆਪਣੇ ਕਰੀਅਰ ਦੌਰਾਨ ਮੀਡੀਆ ਨੂੰ ਕਾਬੂ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਦਾ ਡਟ ਕੇ ਵਿਰੋਧ ਕੀਤਾ। ਜਗਤ ਨਰਾਇਣ ਦੀ ਨਿਡਰਤਾ ਆਪਣੇ ਆਪ ਵਿਚ ਇਕ ਮਿਸਾਲ ਸੀ। ਉਹ 21 ਸਾਲਾਂ ਦੀ ਉਮਰੇ ਗਾਂਧੀ ਦੇ ਅਸਹਿਯੋਗ ਅੰਦੋਲਨ 'ਚ ਸ਼ਾਮਲ ਹੋ ਗਏ ਸਨ।

# ਮੁੱਖ ਮੰਤਰੀ ਬਾਦਲ ਨੇ ਗਾਏ ਨਰਿੰਦਰ ਮੋਦੀ ਦੇ ਸੋਹਲੇ

## ਦੇਸ਼ ਦਾ ਮਹਾਨ ਆਗੂ ਦੱਸਿਆ

**ਗਾਂਧੀਨਗਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ 'ਦੇਸ਼ ਦਾ ਮਹਾਨ ਨੇਤਾ' ਕਰਾਰ ਦਿੰਦਿਆਂ ਸੱਦਾ ਦਿੱਤਾ ਕਿ ਉਨ੍ਹਾਂ ਨੂੰ ਮਹਿਜ਼ ਗੁਜਰਾਤ ਤਕ ਹੀ ਮਹਿਦੂਦ ਨਹੀਂ ਰਹਿਣਾ ਚਾਹੀਦਾ। ਸ. ਬਾਦਲ ਗੁਜਰਾਤ ਵਿਚ ਸ੍ਰੀ ਮੋਦੀ ਵੱਲੋਂ ਸੱਦੇ ਗਏ ਗੁਜਰਾਤ ਆਲਮੀ ਖੇਤੀ ਸਿਖਰ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ।

ਸੰਮੇਲਨ ਵਿਚ ਦੇਸ਼ ਭਰ ਤੋਂ ਪੁੱਜੇ ਹਜ਼ਾਰਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਆਪਣੇ ਗੁਜਰਾਤੀ ਹਮਰੁਤਬਾ ਸ੍ਰੀ ਮੋਦੀ ਨੂੰ ਸੂਬੇ ਦੀ ਸਿਆਸਤ ਤੋਂ ਅੱਗੇ ਵਧ ਕੇ ਕੌਮੀ ਪੱਧਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਦੱਬ ਕੇ ਹੱਲਾਸ਼ੇਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਕੇਂਦਰ ਦੀ ਯੂਪੀਏ ਸਰਕਾਰ 'ਤੇ ਮੁਲਕ ਦੇ ਕਿਸਾਨ ਭਾਈਚਾਰੇ ਲਈ ਕੁਝ ਖਾਸ ਨਾ ਕਰਨ ਦਾ ਦੋਸ਼ ਲਾਉਂਦਿਆਂ ਖਾਸਕਰ ਕਾਂਗਰਸ ਦੀ ਸਖ਼ਤ ਨੁਕਤਾਚੀਨੀ ਕੀਤੀ।

ਸ. ਬਾਦਲ ਨੇ ਇਸ ਮੌਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਝੋਨਾ ਨਾ ਬੀਜਣ ਦੀ ਸਲਾਹ ਦਿੱਤੇ ਜਾਣ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਪਹਿਲਾਂ ਸਰਕਾਰ ਨੂੰ ਕਣਕ ਤੇ ਝੋਨੇ ਆਦਿ ਵਾਂਗ ਬਦਲਵੀਆਂ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਸੰਕਟ ਵਿਚ ਸੀ ਤਾਂ ਕਿਸਾਨਾਂ



ਨੂੰ ਵੱਧ ਝੋਨਾ ਬੀਜਣ ਲਈ ਕਿਹਾ ਜਾ ਰਿਹਾ ਸੀ ਪਰ ਜਦੋਂ ਹੁਣ ਕਿਸਾਨ ਸੰਕਟ ਵਿਚ ਹੈ ਤਾਂ ਕੋਈ ਬਾਂਹ ਫੜਨ ਵਾਲਾ ਨਹੀਂ ਹੈ।

ਸ. ਬਾਦਲ ਨੇ ਸ੍ਰੀ ਮੋਦੀ ਕੋਲ ਕੱਛ ਖੇਤਰ ਵਿਚ ਵਸੇ ਪੰਜਾਬੀ ਕਿਸਾਨਾਂ ਦੇ ਉਜਾੜੇ ਦਾ ਮੁੱਦਾ ਵੀ ਉਠਾਇਆ। ਗੁਜਰਾਤ ਦੇ ਮੁੱਖ ਮੰਤਰੀ ਨੇ ਪੰਜਾਬੀ ਜਾਂ ਸਿੱਖ ਕਿਸਾਨਾਂ ਨੂੰ ਬੇਦਖ਼ਲ ਨਾ ਕਰਨ ਦਾ ਭਰੋਸਾ ਦਿੱਤਾ। ਦੋਹਾਂ ਮੁੱਖ ਮੰਤਰੀਆਂ ਨਾਲ ਹੋਈ ਮੀਟਿੰਗ ਦੌਰਾਨ ਸ੍ਰੀ ਮੋਦੀ ਨੇ ਸ. ਬਾਦਲ ਨੂੰ ਭਰੋਸਾ ਦਿੱਤਾ ਕਿ ਭਾਵੇਂ ਇਹ ਮਾਮਲਾ ਅਦਾਲਤ ਵਿਚ ਸੁਣਵਾਈ ਅਧੀਨ ਹੈ ਪਰ ਉਨ੍ਹਾਂ ਦੀ ਸਰਕਾਰ ਕੱਛ ਖੇਤਰ ਦੇ ਸਿੱਖ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਵਚਨਬੱਧ ਹੈ।

ਗੁਜਰਾਤ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿੱਚ ਪੰਜਾਬੀਆਂ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਗੁਜਰਾਤ ਵਿਚ ਸਦੀਆਂ ਤੋਂ ਤਕਰੀਬਨ 50,000 ਸਿੱਖ ਸ਼ਾਂਤੀਪੂਰਨ ਰਹਿ ਰਹੇ ਹਨ ਤੇ ਇਹ ਭਾਈਚਾਰਾ ਸੂਬੇ ਦੇ ਵਿਕਾਸ ਵਿਚ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਗੁਜਰਾਤ ਸਰਕਾਰ ਦਾ ਜੇਕਰ ਕੋਈ ਅਧਿਕਾਰੀ ਕਿਸਾਨਾਂ ਨੂੰ ਗੁਜਰਾਤ ਛੱਡਣ ਲਈ ਆਖੇਗਾ ਤਾਂ ਉਸ ਅਧਿਕਾਰੀ ਨੂੰ ਗੁਜਰਾਤ ਛੱਡਣਾ ਪਵੇਗਾ ਤੇ ਇਹ ਗੱਲ ਅਧਿਕਾਰੀਆਂ ਨੂੰ ਭਲੀ-ਭਾਂਤ ਸਮਝ ਲੈਣੀ ਚਾਹੀਦੀ ਹੈ।

ਸ੍ਰੀ ਮੋਦੀ ਨੇ ਸ. ਬਾਦਲ ਨੂੰ ਦੱਸਿਆ ਕਿ ਕੱਛ ਵਿੱਚ ਰਹਿ ਰਹੇ 784 ਪਰਿਵਾਰਾਂ ਵਿਚੋਂ 245 ਪਰਿਵਾਰ ਪੰਜਾਬੀ, 88 ਗੁਜਰਾਤੀ ਤੇ 451 ਪਰਿਵਾਰ ਮੱਧ ਪ੍ਰਦੇਸ਼ ਤੇ ਰਾਜਸਥਾਨ ਵਰਗੇ ਹੋਰ ਸੂਬਿਆਂ ਤੋਂ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਸਰਕਾਰ ਇਨ੍ਹਾਂ ਕਿਸਾਨਾਂ ਦੇ ਸ਼ਾਂਤੀਪੂਰਨ ਰਹਿਣ ਦੇ ਅਧਿਕਾਰ ਦੀ ਸੁਰੱਖਿਆ ਕਰੇਗੀ। ਉਨ੍ਹਾਂ ਨੂੰ ਆਪਣਾ ਜੀਵਨ ਮਾਣ-ਸਨਮਾਨ ਨਾਲ ਬਸਰ ਕਰਨ ਲਈ ਹਰ ਸੰਭਵ ਮਦਦ ਕਰੇਗੀ।

## ਪਤੀ ਦੀ ਕਾਤਲ ਪਤਨੀ ਸਣੇ ਪੰਜ ਨੂੰ ਉਮਰ ਕੈਦ

**ਸ੍ਰੀ ਮੁਕਤਸਰ ਸਾਹਿਬ:** ਅਦਾਲਤ ਨੇ ਕਤਲ ਦੇ ਇਕ ਮਾਮਲੇ ਵਿਚ ਮ੍ਰਿਤਕ ਦੀ ਪਤਨੀ, ਉਸ ਦੇ ਪ੍ਰੇਮੀ ਤੇ ਤਿੰਨ ਹੋਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 2011 ਵਿਚ ਪਿੰਡ ਕਾਨਿਆਂਵਾਲੀ ਵਿਚ ਪ੍ਰੇਮ ਸਬੰਧਾਂ ਦੇ ਕਾਰਨ ਇਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ ਸੀ। ਮ੍ਰਿਤਕ ਦੇ ਭਰਾ ਵੱਲੋਂ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਦਰ ਵਿਚ 20 ਮਈ 2011 ਨੂੰ ਮਾਮਲਾ ਦਰਜ ਕੀਤਾ ਗਿਆ ਸੀ।

ਹਾਸਲ ਜਾਣਕਾਰੀ ਅਨੁਸਾਰ ਕਾਨਿਆਂਵਾਲੀ ਵਾਸੀ ਤਰਸੇਮ ਸਿੰਘ ਦੀ ਲਾਸ਼ 19 ਮਈ 2011 ਨੂੰ ਪਿੰਡ ਲੁਬਾਣਿਆਂਵਾਲੀ ਦੇ ਸੇਮ ਨਾਲੇ ਵਿਚੋਂ ਬਰਾਮਦ ਹੋਈ ਸੀ। ਮ੍ਰਿਤਕ ਤਰਸੇਮ ਸਿੰਘ ਦੇ ਭਰਾ ਗੁਰਮੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਦੇ ਭਰਾ ਤਰਸੇਮ ਸਿੰਘ ਦੀ ਪਤਨੀ ਅਰਸ਼ਦੀਪ ਕੌਰ ਉਰਫ਼ ਬੇਅੰਤ ਕੌਰ ਦੇ ਪਿੰਡ ਧੂਲਕੋਟ ਵਾਸੀ ਕੁਲਵਿੰਦਰ ਸਿੰਘ ਉਰਫ਼ ਲੱਕੀ ਪੁੱਤਰ ਗੁਰਬਚਨ ਸਿੰਘ ਨਾਲ ਨਾਜਾਇਜ਼ ਸਬੰਧ ਸਨ।

ਉਸ ਦਾ ਭਰਾ ਆਪਣੀ ਪਤਨੀ ਨੂੰ ਅਕਸਰ ਹੀ ਕੁਲਵਿੰਦਰ ਸਿੰਘ ਨੂੰ ਮਿਲਣ ਤੋਂ ਰੋਕਦਾ ਸੀ ਪਰ ਵਾਰ-ਵਾਰ ਸਮਝਾਉਣ ਦੇ ਬਾਵਜੂਦ ਅਰਸ਼ਦੀਪ ਕੌਰ ਬਾਜ ਨਾ ਆਈ ਤੇ ਆਪਣੇ ਪ੍ਰੇਮੀ ਨਾਲ ਮਿਲ ਕੇ ਤਰਸੇਮ ਸਿੰਘ ਨੂੰ ਰਸਤੇ ਵਿਚੋਂ ਹਟਾਉਣ ਦੀ ਯੋਜਨਾ ਬਣਾਈ। ਉਸਨੇ ਕਤਲ ਦੀ ਰਾਤ ਨੂੰ ਧੂਲਕੋਟ ਵਾਸੀ ਕੁਲਵਿੰਦਰ ਸਿੰਘ ਤੇ ਉਸਦੇ ਸਾਥੀਆਂ ਨੂੰ ਤਰਸੇਮ ਸਿੰਘ ਦੇ ਘਰ ਵੇਖਿਆ ਸੀ।

ਸ਼ਿਕਾਇਤਕਰਤਾ ਅਨੁਸਾਰ ਕੁਲਵਿੰਦਰ ਤੇ ਉਸ ਦੇ ਸਾਥੀਆਂ ਨੇ ਹੀ ਉਸਦੇ ਭਰਾ ਦੀ ਹੱਤਿਆ ਕੀਤੀ ਤੇ ਲਾਸ਼ ਸੇਮ ਨਾਲੇ ਵਿਚ ਸੁੱਟ ਦਿੱਤੀ। ਪੁਲਿਸ ਵੱਲੋਂ ਕੀਤੀ ਪੁੱਛਗਿੱਛ ਦੌਰਾਨ ਮ੍ਰਿਤਕ ਦੀ ਪਤਨੀ ਅਰਸ਼ਦੀਪ ਕੌਰ ਨੇ ਸਵੀਕਾਰ ਕੀਤਾ ਕਿ ਉਸ ਨੇ ਤੇ ਕੁਲਵਿੰਦਰ ਸਿੰਘ ਲੱਕੀ ਨੇ

## ਪੁਲਿਸ ਮਨੁੱਖੀ ਅਧਿਕਾਰ ਕਮਿਸ਼ਨ ਦੇ ਹੁਕਮਾਂ ਤੋਂ ਬੇਪ੍ਰਵਾਹ

**ਚੰਡੀਗੜ੍ਹ:** ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ ਦੇ ਬਾਵਜੂਦ ਲੁਧਿਆਣਾ ਪੁਲਿਸ ਨੇ ਬਲਾਤਕਾਰ ਦੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਨਹੀਂ ਕੀਤਾ। ਇਹ ਘਟਨਾ 17 ਮਹੀਨੇ ਪਹਿਲਾਂ ਵਾਪਰੀ ਸੀ ਤੇ ਬਲਾਤਕਾਰ ਪੀੜਤ ਲੜਕੀ ਨੇ ਬੇਇੱਜ਼ਤੀ ਨਾ ਸਹਾਰਦਿਆਂ ਖ਼ੁਦਕੁਸ਼ੀ ਕਰ ਲਈ ਸੀ। ਹਾਸਲ ਜਾਣਕਾਰੀ ਅਨੁਸਾਰ ਲੜਕੀ ਦੇ ਪਿਤਾ ਨੇ ਸੱਤ ਮਾਰਚ ਨੂੰ ਕਮਿਸ਼ਨ ਕੋਲ ਪਟੀਸ਼ਨ ਦਾਇਰ ਕਰਕੇ ਦੋਸ਼ੀਆਂ ਖ਼ਿਲਾਫ਼ ਪਰਚਾ ਦਰਜ ਕਰਨ ਦੀ ਮੰਗ ਕੀਤੀ ਸੀ।

ਕਮਿਸ਼ਨ ਨੇ ਲੁਧਿਆਣਾ ਪੁਲਿਸ ਤੋਂ ਬਲਾਤਕਾਰ ਦੇ ਦੋਸ਼ਾਂ ਬਾਰੇ ਨੌਂ ਮਹੀਨਿਆਂ ਵਿਚ ਤਿੰਨ ਵਾਰ ਰਿਪੋਰਟ ਮੰਗੀ ਪਰ ਕਿਸੇ ਨੇ ਪ੍ਰਵਾਹ ਨਾ ਕੀਤੀ। ਕਮਿਸ਼ਨ ਨੂੰ ਹਾਰ ਕੇ ਗ੍ਰਹਿ ਵਿਭਾਗ ਰਾਹੀਂ ਸਬੰਧਤ ਪੁਲਿਸ ਨੂੰ ਲਿਖਣਾ ਪਿਆ ਹੈ। ਕਮਿਸ਼ਨ ਵੱਲੋਂ ਛੇ ਸਤੰਬਰ ਨੂੰ ਲੁਧਿਆਣਾ ਦੇ ਪੁਲਿਸ ਮੁਖੀ ਨੂੰ ਜ਼ਿਆਦਤੀਆਂ ਦੇ ਇਕ ਹੋਰ ਕੇਸ ਵਿਚ ਤਲਬ ਕੀਤਾ ਗਿਆ ਹੈ।



ਲੁਧਿਆਣਾ ਦੇ ਨੇਤਾ ਜੀ ਨਗਰ ਦੇ ਵਾਸੀ ਨੇ ਕਮਿਸ਼ਨ ਨੂੰ ਸ਼ਿਕਾਇਤ ਦੇ ਕੇ ਦੱਸਿਆ ਸੀ ਕਿ ਉਸ ਦੀ ਪਤਨੀ ਦੀ ਦਸ ਸਾਲ ਪਹਿਲਾਂ ਮੌਤ ਹੋ ਗਈ ਸੀ। ਉਹ ਇਥੇ ਕਿਰਾਏ ਦੇ ਮਕਾਨ ਵਿਚ ਆਪਣੀਆਂ ਦੋ ਬੇਟੀਆਂ ਨਾਲ ਰਹਿੰਦਾ ਸੀ। ਚਾਰ ਅਪਰੈਲ, 2012 ਨੂੰ ਜਦੋਂ ਉਹ ਆਪਣੀ ਇਕ ਬੇਟੀ ਨੂੰ ਨਾਲ ਲੈ ਕੇ ਕੰਮ 'ਤੇ ਗਿਆ ਹੋਇਆ ਸੀ ਤਾਂ ਮਕਾਨ ਮਾਲਕ ਦੇ ਲੜਕੇ ਨੇ ਉਸ ਦੀ ਦੂਜੀ ਬੇਟੀ ਨੂੰ ਇਕੱਲਿਆਂ ਦੇਖ ਕੇ ਉਸ ਨਾਲ ਜ਼ਬਰਦਸਤੀ ਕੀਤੀ ਜਿਸ 'ਤੇ ਲੜਕੀ ਨੇ ਦੁਖੀ ਹੋ ਕੇ ਪੱਖੇ ਨਾਲ ਲਟਕ ਕੇ ਆਪਣੀ ਜਾਨ ਦੇ ਦਿੱਤੀ। ਪੁਲਿਸ ਨੇ ਵੀ ਉਸ ਨੂੰ ਲੜਕੀ ਨਾਲ ਬਲਾਤਕਾਰ ਹੋਣ ਤੇ ਉਸ ਵਲੋਂ ਬਾਅਦ ਵਿਚ ਖ਼ੁਦਕੁਸ਼ੀ ਕਰਨ ਦੀ ਕਹਾਣੀ ਦੱਸੀ ਗਈ ਸੀ। ਉਸ ਨੇ ਦੱਸਿਆ ਕਿ ਪੁਲਿਸ ਵੱਲੋਂ ਖ਼ਾਲੀ ਪੇਪਰਾਂ ਉਤੇ ਦਸਖ਼ਤ ਕਰਨ ਦਾ ਦਬਾਅ ਵੀ ਪਾਇਆ ਗਿਆ ਪਰ ਉਸ ਨੇ ਨਾਂਹ ਕਰ ਦਿੱਤੀ। ਸ਼ਿਕਾਇਤ ਅਨੁਸਾਰ ਪੁਲਿਸ ਨੇ ਅਗਲੇ ਦਿਨ ਉਸ ਨੂੰ ਦੂਜੀ ਬੇਟੀ ਸਮੇਤ ਥਾਣੇ ਬੁਲਾ ਕੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਨਾਲ ਬਲਾਤਕਾਰ ਹੋਇਆ ਹੈ ਤੇ ਉਸ ਨੇ ਆਪਣਾ ਅੰਤ ਪੱਖੇ ਨਾਲ ਲਟਕ ਕੇ ਕੀਤਾ।

ਉਸ ਦਾ ਕਹਿਣਾ ਹੈ ਕਿ ਉਸ ਨੇ ਪੁਲਿਸ ਨੂੰ ਮਕਾਨ ਮਾਲਕ ਦੇ ਲੜਕੇ ਦੇ ਵਾਰਦਾਤ ਵਿਚ ਸ਼ਾਮਲ ਹੋਣ ਬਾਰੇ ਦੱਸ ਦਿੱਤਾ ਸੀ ਪਰ ਪੁਲਿਸ ਨੇ ਕਾਰਵਾਈ ਕਰਨ ਦੀ ਥਾਂ ਮੁਲਜ਼ਮਾਂ ਦੀ ਹਾਜ਼ਰੀ ਵਿਚ ਹੀ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸ਼ਿਕਾਇਤ ਅਨੁਸਾਰ ਮਾਲਕ ਮਕਾਨ ਪਰਿਵਾਰ ਵੱਲੋਂ ਜ਼ੁਬਾਨ ਖੋਲ੍ਹਣ ਦੀ ਸੂਰਤ ਵਿਚ ਦੂਜੀ ਲੜਕੀ ਦਾ ਹਸ਼ਰ ਵੀ ਮ੍ਰਿਤਕ ਬੱਚੀ ਜਿਹਾ ਕਰਨ ਦੀ ਧਮਕੀ ਦਿੱਤੀ ਜਾ ਰਹੀ ਹੈ। ਕੇਸ ਦੀ ਸੁਣਵਾਈ ਕਮਿਸ਼ਨ ਦੇ ਚੇਅਰਮੈਨ ਜਸਟਿਸ ਜਗਦੀਸ਼ ਚੰਦਰ ਭੱਲਾ ਤੇ ਜਸਟਿਸ ਬਲਦੇਵ ਸਿੰਘ ਵੱਲੋਂ ਕੀਤੀ ਗਈ ਹੈ। ਕਮਿਸ਼ਨ ਵਲੋਂ ਮਾਮਲੇ ਦੀ ਅਗਲੀ ਸੁਣਵਾਈ 22 ਸਤੰਬਰ ਤਕ ਅੱਗੇ ਪਾ ਦਿੱਤੀ ਗਈ ਹੈ।

## ਮਾਹਰ ਕਰਨਗੇ ਸੋਨ ਪੱਤਰਿਆਂ ਦੀ ਮੁਰੰਮਤ

### ਵਿਦਵਾਨਾਂ ਦੇ ਵਿਰੋਧ ਮਗਰੋਂ ਸ਼੍ਰੋਮਣੀ ਕਮੇਟੀ ਨੇ ਕੀਤਾ ਫੈਸਲਾ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਸੱਚਖੰਡ ਵਿਖੇ ਖ਼ਰਾਬ ਹੋ ਰਹੇ ਸੋਨੇ ਦੇ ਰੰਗ ਤੇ ਇਸ ਦੇ ਪੱਤਰੇ ਤੇ ਨਕਾਸ਼ੀ ਦੀ ਮੁਰੰਮਤ ਦੀ ਸੇਵਾ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਮਾਹਰਾਂ ਦੀ ਨਿਗਰਾਨੀ ਹੇਠ ਕਰਵਾਈ ਜਾਵੇਗੀ। ਇਸ ਬਾਰੇ ਮਾਹਰਾਂ ਦੀਆਂ ਸੇਵਾਵਾਂ ਲੈਣ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ। ਮੁਰੰਮਤ ਦੀ ਇਹ ਸੇਵਾ ਪਹਿਲਾਂ ਕਾਰ ਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਰਾਹੀਂ ਕਰਾਉਣ ਦਾ ਐਲਾਨ ਕੀਤਾ ਗਿਆ ਸੀ ਪਰ ਸਿੱਖ ਵਿਦਵਾਨਾਂ ਵੱਲੋਂ ਸੁਝਾਅ ਦਿੱਤਾ ਗਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ, ਪੁਰਾਤਨ ਰੂਹਾਨੀ ਅਸਥਾਨ ਹੈ ਜਿਸ ਨੂੰ ਗੁਰੂ ਸਾਹਿਬ ਵੱਲੋਂ ਖੁਦ ਉਸਾਰਿਆ ਗਿਆ ਸੀ ਤੇ ਇਸ ਦੇ ਸੁੰਦਰੀਕਰਨ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਮਾਹਰ ਕਾਰੀਗਰਾਂ ਵੱਲੋਂ ਕੀਤਾ ਗਿਆ ਸੀ। ਇਸ ਲਈ ਇਹ ਪੁਰਾਤਨ ਕਲਾ ਦੀ ਮੁਰੰਮਤ ਦਾ ਕੰਮ ਮਾਹਰਾਂ ਰਾਹੀਂ ਜਾਂ ਮਾਹਰਾਂ ਦੀ ਨਿਗਰਾਨੀ ਹੇਠ ਹੀ ਹੋਣਾ ਚਾਹੀਦਾ ਹੈ।

ਇਸ ਸੁਝਾਅ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪੁਰਾਤਨ ਇਮਾਰਤਾਂ ਤੇ ਅਜਿਹੀ ਕਲਾ ਦੀ ਸੰਭਾਲ ਦੇ ਮਾਹਰਾਂ ਦੀ ਟੀਮ ਨੂੰ ਸੱਦਿਆ ਗਿਆ ਸੀ। ਇਸ ਟੀਮ ਦੀ ਅਗਵਾਈ ਨੈਸ਼ਨਲ ਮਿਊਜ਼ੀਅਮ ਦੇ ਸਾਬਕਾ ਡਾਇਰੈਕਟਰ ਐਸ.ਪੀ. ਸਿੰਘ ਨੇ ਕੀਤੀ। ਇਸ ਟੀਮ ਵਿਚ ਰਾਜਸਥਾਨ ਤੋਂ ਵੀ ਮਾਹਰ ਸ਼ਾਮਲ ਸਨ ਜੋ ਪੁਰਾਤਨ ਇਮਾਰਤਾਂ ਦੀ ਸਾਂਭ ਸੰਭਾਲ ਦੇ ਮਾਹਰ ਹਨ। ਇਸ ਟੀਮ ਨੇ



ਪਿਛਲੇ ਦਿਨਾਂ ਵਿਚ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ ਦਾ ਦੌਰਾ ਕੀਤਾ ਤੇ ਇਸ ਦੌਰੇ ਦੌਰਾਨ ਖ਼ਰਾਬ ਹੋ ਰਹੇ ਸੋਨੇ ਦੇ ਰੰਗ, ਇਸ ਦੇ ਪੱਤਰੇ, ਕੰਧ ਕਲਾ ਤੇ ਹੋਰ ਆਦਿ ਦਾ ਅਧਿਐਨ ਕੀਤਾ। ਇਸ ਬਾਰੇ ਕਈ ਲੋੜੀਂਦੇ ਪ੍ਰੀਖਣ ਵੀ ਕੀਤੇ ਗਏ। ਟੀਮ ਨੇ ਸਿਫਾਰਸ਼ ਕੀਤੀ ਹੈ ਕਿ ਸੱਚਖੰਡ ਵਿਖੇ ਇਹ ਅਹਿਮ ਕੰਮ ਸਿਰਫ਼ ਮਾਹਰਾਂ ਵੱਲੋਂ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਆਧਾਰ 'ਤੇ ਹੁਣ ਪ੍ਰਬੰਧਕਾਂ ਨੇ ਇਹ ਕੰਮ ਮਾਹਰਾਂ ਤੋਂ ਕਰਾਉਣ ਦਾ ਫੈਸਲਾ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਨੇ ਦੱਸਿਆ ਕਿ ਮਾਹਰਾਂ ਦੀ ਟੀਮ ਨੇ ਰਾਏ ਦਿੱਤੀ ਹੈ ਕਿ ਇਸ ਪੁਰਾਤਨ ਰੂਹਾਨੀ ਇਮਾਰਤ ਤੇ ਇਸ ਵਿਚਲੀ ਸੁੰਦਰਤਾ ਦੀ ਸੰਭਾਲ ਤੇ ਮੁਰੰਮਤ ਦਾ ਕੰਮ ਸਿਰਫ਼ ਮਾਹਰਾਂ ਤੋਂ ਜਾਂ ਮਾਹਰਾਂ ਦੀ ਨਿਗਰਾਨੀ ਹੇਠ ਹੀ ਹੋਣਾ ਚਾਹੀਦਾ ਹੈ। ਇਸੇ ਲਈ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਇਸ ਸਬੰਧੀ ਵੱਖ-ਵੱਖ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਮਾਹਰ ਕੰਪਨੀਆਂ ਨੂੰ ਸੱਦਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕੰਮ ਵਿਚ ਕਾਰ ਸੇਵਾ ਵਾਲੇ ਬਾਬਿਆਂ ਦਾ ਵੀ ਸਹਿਯੋਗ ਲਿਆ ਜਾਵੇਗਾ ਪਰ ਮੁਰੰਮਤ ਦੀ ਸੇਵਾ ਦਾ ਜੋ ਵੀ ਕੰਮ ਹੋਵੇਗਾ, ਉਹ ਮਾਹਰਾਂ ਦੀ ਨਿਗਰਾਨੀ ਹੇਠ ਹੀ ਹੋਵੇਗਾ।

## ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਉਣ ਦੀ ਤਿਆਰੀ

**ਨਵੀਂ ਦਿੱਲੀ:** ਰਾਸ਼ਟਰੀ ਸੋਇਮ ਸੇਵਕ ਸੰਘ ਤੇ ਭਾਜਪਾ ਨਰਿੰਦਰ ਮੋਦੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਪਦ ਲਈ ਉਮੀਦਵਾਰ ਐਲਾਨਣ ਲਈ ਸਹਿਮਤ ਹੋ ਗਈਆਂ ਜਾਪਦੀਆਂ ਹਨ ਤੇ ਅਗਲੇ ਹਫ਼ਤੇ ਇਸ ਸਬੰਧੀ ਐਲਾਨ ਕਰਨ ਲਈ ਭਾਜਪਾ ਦੇ ਪਾਰਲੀਮਾਨੀ ਬੋਰਡ ਦੀ ਮੀਟਿੰਗ ਹੋ ਸਕਦੀ ਹੈ। ਪਾਰਲੀਮਾਨੀ ਬੋਰਡ ਹੀ ਭਾਜਪਾ ਦੇ ਨੀਤੀਗਤ ਫੈਸਲੇ ਲੈਣ ਵਾਲੀ ਸੰਸਥਾ ਹੈ। ਭਾਜਪਾ ਵਿਚਲੇ ਸੀਨੀਅਰ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ ਦੀ ਰਾਏ ਨੂੰ ਲਾਂਭੇ ਰੱਖ ਕੇ ਨਰਿੰਦਰ ਮੋਦੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਉਮੀਦਵਾਰ ਐਲਾਨਣ ਦਾ ਫੈਸਲਾ ਪਾਰਟੀ ਨੇ ਲੈ ਲਿਆ ਹੈ। ਇਨ੍ਹਾਂ ਆਗੂਆਂ ਦੀ ਰਾਏ ਸੀ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇ ਦਿੱਲੀ ਵਿਧਾਨ ਸਭਾ ਚੋਣਾਂ ਤੱਕ ਪਾਰਟੀ ਮੋਦੀ ਸਬੰਧੀ ਐਲਾਨ ਨੂੰ ਅੱਗੇ ਪਾ ਦੇਵੇ।

ਸੰਘ ਪਰਿਵਾਰ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਵਿਚ ਇਹ ਸਹਿਮਤੀ ਬਣੀ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਭਾਜਪਾ ਦੇਸ਼ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਐਲਾਨਣ ਲਈ ਅੱਗੇ ਵਧੇ ਤੇ ਇਹ ਐਲਾਨ 19 ਸਤੰਬਰ ਵਾਲੇ ਦਿਨ ਕੀਤਾ ਜਾ ਸਕਦਾ ਹੈ। ਇਸ ਦੋ ਰੋਜ਼ਾ ਮੀਟਿੰਗ ਵਿਚ ਭਾਜਪਾ ਤੋਂ ਇਲਾਵਾ ਆਰਐਸਐਸ ਦੀਆਂ ਸਹਿਯੋਗੀ 19 ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਹੋਏ।

ਪ੍ਰਧਾਨ ਮੰਤਰੀ ਪਦ ਲਈ ਅੰਤਿਮ ਐਲਾਨ ਕਰਨ ਲਈ ਭਾਜਪਾ ਸੰਸਦੀ ਬੋਰਡ ਦੀ ਮੀਟਿੰਗ 13 ਤੋਂ 19 ਸਤੰਬਰ ਦੇ ਵਿਚਕਾਰ ਕਿਸੇ ਵੀ ਸਮੇਂ ਬੁਲਾ ਸਕਦੀ ਹੈ। ਇਹ ਵੀ ਕੋਸ਼ਿਸ਼ਾਂ ਚੱਲ ਰਹੀਆਂ ਹਨ ਕਿ ਇਹ ਐਲਾਨ ਮੋਦੀ ਦੇ ਜਨਮ ਦਿਨ 17 ਨਵੰਬਰ ਵਾਲੇ ਦਿਨ ਕਰ ਦਿੱਤਾ ਜਾਵੇ। ਆਰਐਸਐਸ ਦੇ ਆਗੂ ਮਨਮੋਹਨ ਵੈਦਿਆ ਨੇ ਇਸ ਮਾਮਲੇ ਉਤੇ ਭਾਜਪਾ ਵਿਚ ਕਿਸੇ ਪ੍ਰਕਾਰ ਦੇ ਮਤਭੇਦਾਂ ਤੋਂ ਇਨਕਾਰ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਅਡਵਾਨੀ ਤੇ ਸੁਸ਼ਮਾ ਸਵਰਾਜ ਦੇ ਤੌਖਲੇ ਦੂਰ ਕਰਨ ਲਈ ਸੰਘ ਦੇ ਜਨਰਲ ਸਕੱਤਰ ਸੁਰੇਸ਼ 'ਭਈਆ ਜੀ' ਬੀਤੇ ਹਫ਼ਤੇ ਦੋਵਾਂ ਆਗੂਆਂ ਨੂੰ ਮਿਲੇ ਹਨ।

# ਹਿੰਦੋਸਤਾਨ ਦਾ ਤਿੰਨ ਰੰਗਾ ਝੰਡਾ ਅਤੇ ਗਦਰ ਲਹਿਰ

**ਗਦਰ ਸ਼ਤਾਬਦੀ**

ਸੂਰਬੀਰ ਗ਼ਦਰੀਆਂ ਨੇ ਵਿਦੇਸ਼ੀ ਬਰਤਾਨਵੀ ਸਰਕਾਰ ਦੀ ਗੁਲਾਮੀ ਦੇ ਜੂਲੇ ਹੇਠੋਂ ਭਾਰਤ ਨੂੰ ਕੱਢਣ ਲਈ ਅਮਰੀਕਾ ਦੀ ਧਰਤੀ 'ਤੇ ਗ਼ਦਰ ਪਾਰਟੀ ਦੀ ਨੀਂਹ ਰੱਖੀ ਜਿਸ ਦਾ ਦਫ਼ਤਰ ਉਨ੍ਹਾਂ ਸੈਨ ਫਰਾਂਸਿਸਕੋ ਵਿਚ ਬਣਾਇਆ। ਇਸ ਦਾ ਨਾਂ ਰੱਖਿਆ ਗਿਆ ਯੁਗਾਂਤਰ ਆਸ਼ਰਮ (ਯੁੱਗ ਪਲਟਾਊ ਕਿਲਾ)। ਜਮਹੂਰੀਅਤ ਪਸੰਦ ਅਮਰੀਕੀਆਂ ਵੱਲੋਂ ਸਮੇਂ-ਸਮੇਂ ਦਿੱਤੀ ਹੱਲਾਸ਼ੇਰੀ ਅਤੇ ਮੱਦਦ ਨੇ ਗ਼ਦਰੀਆਂ ਦੇ ਹੌਸਲੇ ਹੋਰ ਬੁਲੰਦ ਕੀਤੇ। ਇਸੇ ਹੀ ਥਾਂ ਤੋਂ ਉਨ੍ਹਾਂ 'ਗ਼ਦਰ ਦੀ ਗੂੰਜ' ਹਫ਼ਤਾਵਾਰੀ ਅਖ਼ਬਾਰ ਕੱਢਿਆ।



**ਕਿਰਪਾਲ ਸਿੰਘ ਸੰਧੂ**
ਫੋਨ:559-259-4844

ਅਮਰੀਕਾ ਅਤੇ ਪਰਦੇਸਾਂ ਵਿਚ ਵਸੇ ਹਿੰਦੀਆਂ ਨੂੰ ਨਸਲੀ ਵਿਤਕਰੇ ਅਤੇ ਗੁਲਾਮੀ ਦੇ ਤਾਹਨੇ-ਮਿਹਣੇ ਵੱਜਦੇ ਰਹਿੰਦੇ। ਉਨ੍ਹਾਂ ਨੂੰ ਉਨ੍ਹਾਂ ਦੇ ਝੰਡੇ ਬਾਰੇ ਪੁੱਛਿਆ ਜਾਂਦਾ। ਜੇ ਉਹ ਯੂਨੀਅਨ ਜੈਕ ਦੱਸਦੇ ਤਾਂ ਉਨ੍ਹਾਂ ਨੂੰ 'ਡੈਮ ਫੂਲ' ਕਿਹਾ ਜਾਂਦਾ ਅਤੇ ਦੱਸਿਆ ਜਾਂਦਾ ਕਿ ਇਹ ਅੰਗਰੇਜ਼ਾਂ ਦਾ ਝੰਡਾ ਹੈ। ਜਦੋਂ ਅਮਰੀਕੀ ਬੱਚੇ ਉਨ੍ਹਾਂ ਨੂੰ ਅਜਿਹਾ ਆਖਦੇ ਤਾਂ ਉਨ੍ਹਾਂ ਨੂੰ ਹੋਰ ਸ਼ਰਮਿੰਦਗੀ ਝੱਲਣੀ ਪੈਂਦੀ।

ਡੈਮ ਫੂਲ ਡਰਟੀ ਸਾਰਾ ਜੱਗ ਆਖੇ,
ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ।

ਇਨ੍ਹਾਂ ਤਾਹਨੇ-ਮਿਹਣਿਆਂ ਨੇ ਉਨ੍ਹਾਂ ਦੀ ਗ਼ੈਰਤ ਨੂੰ ਝੰਜੋੜਿਆ। ਭਾਰਤੀਆਂ ਨੇ ਆਪਣੇ ਆਪ ਨੂੰ ਹੀ ਫਿਰ ਇਹ ਸਵਾਲ ਕੀਤਾ:

ਕੁਲੀ ਕੁਲੀ ਪੁਕਾਰਦਾ ਜੱਗ ਸਾਰਾ,
ਸਾਡਾ ਝੂਲਦਾ ਕਿਤੇ ਨਿਸ਼ਾਨ ਕਿਉਂ ਨਹੀਂ।

ਬੱਸ ਇਹੀ ਸਨ ਮਿਹਣੇ ਗੁਲਾਮੀ ਦੇ ਜਿਸ ਕਰ ਕੇ ਉਨ੍ਹਾਂ ਗ਼ਦਰ ਪਾਰਟੀ ਬਣਾਈ ਅਤੇ ਆਪਣੇ ਗ਼ਦਰੀ ਝੰਡੇ ਹੇਠ ਬੇਬਹਾ ਕੁਰਬਾਨੀਆਂ ਕੀਤੀਆਂ। ਉਨ੍ਹਾਂ ਹਿੰਦੋਸਤਾਨ ਦੀ ਮੁਕੰਮਲ ਆਜ਼ਾਦੀ ਲਈ ਵਿਦੇਸ਼ਾਂ ਵਿਚ ਕੰਮ ਕਰਦੇ ਕਾਮਿਆਂ ਨੂੰ ਜਗਾਇਆ ਅਤੇ ਮੈਦਾਨੇ-ਜੰਗ ਵਿਚ ਜੂਝਣ ਲਈ ਲਲਕਾਰਿਆ। ਉਨ੍ਹਾਂ ਦੇਸ਼ ਭਗਤੀ ਦੇ ਵਿਚਾਰ ਵਾਲੇ ਹਰ ਬੰਦੇ ਨੂੰ ਆਜ਼ਾਦੀ ਦੀ ਜਾਗ ਲਾਈ ਜਿਸ ਸਦਕਾ ਦੇਸ਼ ਅੰਦਰ ਉਠੀਆਂ ਕੌਮੀ ਮੁਕਤੀ ਲਹਿਰਾਂ ਨੇ ਵੱਡਮੁੱਲਾ ਯੋਗਦਾਨ ਪਾਇਆ। ਗ਼ਦਰੀਆਂ ਦੀ ਹਿਕਮਤੇ-ਅਮਲੀ ਲੀਹਾਂ 'ਤੇ ਚਲਦਿਆਂ ਫੌਜੀਆਂ ਨੇ ਸਜ਼ਾਵਾਂ ਖਿੜੇ ਮੱਥੇ ਸੁਣੀਆਂ, ਸੀਨਿਆਂ 'ਤੇ ਗੋਲੀਆਂ ਝੱਲੀਆਂ ਅਤੇ ਜੇਲ੍ਹਾਂ ਵਿਚ ਅੰਤਾਂ ਦੇ ਦੁੱਖ-ਤਕਲੀਫ਼ਾਂ ਝੱਲੇ। ਇਨ੍ਹਾਂ ਮਹਾਨ ਗ਼ਦਰੀਆਂ ਦੇ ਝੰਡੇ ਦੇ ਤਿੰਨ ਰੰਗ ਸਨ। ਆਓ! ਝੰਡੇ ਦੇ ਇਤਿਹਾਸਕ ਪਿਛੋਕੜ ਬਾਰੇ ਵਿਚਾਰ ਕਰੀਏ:

ਝੰਡੇ ਦਾ ਸਿੱਧਾ ਸਬੰਧ ਆਜ਼ਾਦ ਕੌਮਾਂ ਨਾਲ ਜੁੜਿਆ ਹੋਣ ਕਰ ਕੇ ਆਜ਼ਾਦ ਦੇਸ਼ ਹੀ ਆਪਣਾ ਝੰਡਾ ਝੁਲਾ ਸਕਦਾ ਹੈ। ਹਿੰਦੋਸਤਾਨ ਦੀ ਬਣਤਰ ਮੁਤਾਬਕ ਮੁਢ-ਕਦੀਮ ਤੋਂ ਰਿਆਸਤਾਂ ਦੇ ਮਾਲਕ ਰਾਜਿਆਂ ਦਾ ਆਪਣਾ-ਆਪਣਾ, ਫਿਰ ਮੁਗ਼ਲਾਂ ਦਾ ਅਤੇ ਫਿਰ ਅੰਗਰੇਜ਼ੀ ਰਾਜ ਸਮੇਂ ਯੂਨੀਅਨ ਜੈਕ ਭਾਰਤ 'ਤੇ ਝੁੱਲਦਾ ਰਿਹਾ।

ਗ਼ਦਰੀਆਂ ਦੀ ਸੂਝ-ਬੂਝ, ਸਿਰੜ ਅਤੇ ਆਪਾ ਕੁਰਬਾਨ ਕਰਨ ਦੀ ਦਲੇਰੀ ਸਦਕਾ, ਗ਼ਦਰੀਆਂ ਦੇ ਸੁਪਨਿਆਂ ਨੇ ਇਕ ਦਿਨ ਸਾਕਾਰ ਹੋਣਾ ਹੀ ਸੀ; ਸੋ 15 ਅਗਸਤ 1947 ਦਾ ਉਹ ਮੁਬਾਰਕ ਦਿਨ ਆਇਆ। ਹਿੰਦੋਸਤਾਨ ਦੀ ਆਜ਼ਾਦੀ ਤੋਂ ਬਾਅਦ ਰਾਜਧਾਨੀ ਦਿੱਲੀ ਦੇ ਲਾਲ ਕਿਲੇ 'ਤੇ ਬੜੀ ਸ਼ਾਨ ਨਾਲ ਤੋਪਾਂ ਦੀ ਸਲਾਮੀ ਨਾਲ ਤਿੰਨ ਰੰਗਾ ਝੰਡਾ ਝੁੱਲਿਆ। ਇਤਿਹਾਸ ਦੇ ਖੋਜੀਆਂ ਅਨੁਸਾਰ 1857 ਦੇ ਕੌਮੀ ਆਜ਼ਾਦੀ ਸੰਗਰਾਮ ਸਮੇਂ ਉਰਦੂ ਦੀ ਅਖ਼ਬਾਰ 'ਪਿਆਮ-ਏ-ਆਜ਼ਾਦੀ' ਦੇ ਐਡੀਟਰ ਨਜ਼ੀਮ ਉਲਾ ਖਾਨ ਵੱਲੋਂ ਲਿਖਿਆ ਝੰਡਾ ਗੀਤ ਆਜ਼ਾਦੀ ਦੇ ਪਰਵਾਨਿਆਂ ਅਤੇ ਦੇਸ਼ ਪ੍ਰੇਮੀਆਂ ਵਲੋਂ ਗਾਇਆ ਜਾਂਦਾ ਸੀ। ਇਹ ਝੰਡਾ ਗੀਤ ਲਿਖਣ ਕਰ ਕੇ ਹੀ ਐਡੀਟਰ ਨੂੰ ਸਜ਼ਾ ਹੋਈ ਸੀ। ਇਹ ਬ੍ਰਿਟਸ਼ ਮਿਊਜ਼ੀਅਮ ਵਿਚ ਅਖ਼ਬਾਰ ਦੇ ਪੰਨੇ 'ਤੇ ਅਜੇ ਵੀ ਲਿਖਿਆ ਹੋਇਆ ਹੈ। ਇਸ ਗੀਤ ਦੇ ਕੁਝ ਬੋਲ ਹਨ:

ਹਿੰਦੋਸਤਾਨ ਹਮਾਰਾ, ਹਿੰਦੋਸਤਾਨ ਹਮਾਰਾ।
ਹਮ ਹੈ ਇਸ ਕੇ ਮਾਲਕ, ਹਿੰਦੋਸਤਾਨ ਹਮਾਰਾ।
ਪਾਕ ਵਤਨ ਹੈ ਕੌਮ ਕਾ, ਜੰਨਤ ਸੇ ਭੀ ਪਿਆਰਾ।
ਯੇਹ ਹੈ ਹਮਾਰੀ ਮਲਕੀਅਤ,
ਹਿੰਦੋਸਤਾਨ ਹਮਾਰਾ।
ਇਸ ਕੀ ਰੂਹਾਨੀਅਤ ਸੇ, ਰੌਸ਼ਨ ਹੈ ਜੱਗ ਸਾਰਾ।
ਕਿਤਨਾ ਕਦੀਮ, ਕਿਤਨਾ ਨਈਮ,
ਸਭ ਦੁਨੀਆਂ ਸੇ ਨਿਆਰਾ।
ਕਰਤੀ ਹੈ ਜ਼ਰਖੇਜ਼ ਜਿਸੇ ਗੰਗੋ ਯਮਨਾ ਕੀ ਧਾਰਾ।



ਊਪਰ ਬਰਫ਼ੀਲੇ ਪਹਿਰੇਦਾਰ,
ਨੀਚੇ ਸਾਹਿਲ ਪਰ ਬਜਤਾ ਸਾਗਰ ਕਾ ਨਗਾਰਾ।
ਇਸ ਕੀ ਖਾਨੇਂ ਉਗਲ ਰਹੀ ਹੈ,
ਸੋਨਾ, ਹੀਰਾ, ਪਾਰਾ।
ਇਸ ਕੀ ਸ਼ਾਨ-ਓ-ਸ਼ੌਕਤ ਕਾ,
ਦੁਨੀਆਂ ਮੇਂ ਜੈਕਾਰਾ।

7 ਅਗਸਤ 1906 ਨੂੰ ਕਲਕੱਤੇ ਦੇ ਪਾਰਸੀ ਸਮਾਗਮ ਸਮੇਂ ਸੁਰਿੰਦਰ ਨਾਥ ਬੈਨਰਜੀ ਨੇ ਤਿੰਨ ਵੱਖ-ਵੱਖ ਰੰਗਾਂ ਦੀਆਂ ਪੱਟੀਆਂ ਵਾਲਾ ਝੰਡਾ ਲਹਿਰਾਇਆ ਸੀ। ਇਕ ਸਾਲ ਬਾਅਦ 18 ਅਗਸਤ 1907 ਨੂੰ ਭਾਰਤ ਦੀ ਮੁਕੰਮਲ ਆਜ਼ਾਦੀ, ਸੰਸਾਰ ਭਰ ਦੀ ਸ਼ਕਤੀਸ਼ਾਲੀ ਮਜ਼ਦੂਰ ਲਹਿਰ ਵਜੋਂ ਹੋ ਰਹੀ ਜਰਮਨੀ ਦੇ ਸ਼ਹਿਰ ਸਟੱਟਗਾਰਟ ਵਿਚ ਇੰਟਰਨੈਸ਼ਨਲ ਸੋਸ਼ਲਿਸਟ ਕਾਨਫਰੰਸ ਮੌਕੇ ਇਨਕਲਾਬੀ ਯੋਧਾ ਤੀਖਾ ਜੀ ਰੁਸਤਮ ਕਾਮਾ ਨੇ ਆਪਣੇ ਸਾਥੀਆਂ ਕ੍ਰਿਸ਼ਨ ਵਰਮਾ ਅਤੇ ਐਸ.ਐਸ.ਐਸ. ਰਾਣਾ ਨਾਲ ਮਿਲ ਕੇ ਹਜ਼ਾਰਾਂ ਡੈਲੀਗੇਟਾਂ ਦੇ ਭਰੇ ਇਕੱਠ ਵਿਚ ਝੰਡਾ ਲਹਿਰਾਇਆ। ਗਰਜਵੀਂ ਆਵਾਜ਼ ਵਿਚ ਉਨ੍ਹਾਂ ਆਖਿਆ ਸੀ-ਸਤਿਕਾਰਯੋਗ ਸਾਥੀਓ! ਭਾਰਤ ਦੀ ਆਜ਼ਾਦੀ ਇਹ ਤਿੰਨ ਰੰਗਾ ਝੰਡਾ ਅੱਜ ਤੁਸੀਂ ਵੇਖ ਰਹੇ ਹੋ। ਆਓ! ਅੱਜ ਭਾਰਤ ਦੇ ਲਾਲ, ਪੀਲੇ ਅਤੇ ਹਰੇ ਰੰਗ ਦੇ ਸੁਤੰਤਰਤਾ ਵਾਲੇ ਤਿੰਨ ਰੰਗੇ ਝੰਡੇ ਨੂੰ ਖੜ੍ਹੇ ਹੋ ਕੇ ਸਲਾਮ ਪੇਸ਼ ਕਰੀਏ ਅਤੇ ਲੋੜ ਪੈਣ 'ਤੇ ਹੋਰ ਸ਼ਹੀਦੀਆਂ ਦੇਣ ਦਾ ਪ੍ਰਣ ਵੀ ਕਰੀਏ। ਇਹ ਸਾਰੇ ਹਿੰਦੋਸਤਾਨੀ ਹਿੰਦੂ, ਸਿੱਖ, ਮੁਸਲਿਮ, ਇਸਾਈ, ਬੋਧੀ, ਜੈਨੀ ਤੇ ਪਾਰਸੀ ਧਰਮਾਂ ਦੀ ਨੁਮਾਇੰਦਗੀ ਜ਼ਾਹਿਰ ਕਰਦਾ ਹੈ।

ਝੰਡਾ, ਗ਼ਦਰੀਆਂ ਦੀ ਨੀਤੀ ਦਾ ਅਹਿਮ ਹਿੱਸਾ ਸੀ। ਇਹ ਗ਼ਦਰ ਪਾਰਟੀ ਦੀ ਧਰਮ ਨਿਰਪੱਖ ਵਿਚਾਰਧਾਰਾ ਦੇ ਕਿਰਦਾਰ ਦਾ ਨਿਸ਼ਾਨ ਸੀ। ਲੁੱਟ ਰਹਿਤ, ਖੁਸ਼ਹਾਲ ਸਮਾਜ ਦੀ ਸਿਰਜਣਾ ਗ਼ਦਰ ਪਾਰਟੀ ਦਾ ਮੁੱਖ ਉਦੇਸ਼ ਸੀ। ਯਾਦ ਰਹੇ ਕਿ ਮੈਡਮ ਕਾਮਾ ਵਲੋਂ ਡਿਜ਼ਾਇਨ ਕੀਤਾ ਝੰਡਾ ਅਪਨਾ ਕੇ ਗ਼ਦਰੀਆਂ ਨੇ 3 ਰੰਗੇ ਝੰਡੇ (ਲਾਲ, ਕੇਸਰੀ ਅਤੇ ਹਰਾ) ਉਪਰ ਆਪਸ 'ਚ ਕੱਟਦੀਆਂ ਦੋ ਤਲਵਾਰਾਂ ਰੱਖੀਆਂ। ਉਨ੍ਹਾਂ ਦਾ ਖਿਆਲ ਤਾਕਤ ਦੇ ਜ਼ੋਰ ਮੁਲਕ ਆਜ਼ਾਦ ਕਰਾ ਕੇ ਇਹ ਤਿੰਨ ਰੰਗਾ ਝੰਡਾ ਦਿੱਲੀ ਦੇ ਲਾਲ ਕਿਲੇ 'ਤੇ ਝੁਲਾਉਣਾ ਸੀ; ਜਿਵੇਂ 'ਗ਼ਦਰ ਦੀ ਗੂੰਜ' ਤੋਂ ਸਾਫ਼ ਨਜ਼ਰ ਆਉਂਦਾ ਹੈ:

ਮੰਗੀ ਆਜ਼ਾਦੀ ਨਹੀਂ ਹੱਥ ਆਉਂਦੀ,
ਤੇਗ ਵਿਚ ਮੈਦਾਨ ਚਮਕਾਈ ਏ ਰਲ ਕੇ,
ਕੇਵਲ ਗ਼ਦਰ ਕਰਸੀ, ਹਮਦਮ ਦੂਰ ਦੁਖੜੇ,
ਝੰਡਾ ਗ਼ਦਰ ਸਭ, ਝੁਲਾਈਏ ਰਲ ਕੇ।

ਗ਼ਦਰੀ ਸਮਝਦੇ ਸਨ ਕਿ ਵਿਦੇਸ਼ੀ ਲੁਟੇਰਾ ਰਾਜ ਸਾਨੂੰ ਜਾਤਾਂ, ਧਰਮਾਂ ਵਿਚ ਵੰਡ ਕੇ ਆਪਣੇ ਪਾਲਤੂ ਚਹੇਤਿਆਂ ਦੁਆਰਾ ਬੁਣੇ ਮੱਕੜੀ ਜਾਲ ਰਾਹੀਂ ਲੁੱਟ ਰਿਹਾ ਹੈ। ਇਸੇ ਲਈ ਗ਼ਦਰ ਪਾਰਟੀ ਵਿਚ ਧਰਮ ਬਾਰੇ ਆਪਸ ਵਿਚ ਬਹਿਸ ਕਰਨੀ ਠੀਕ ਨਹੀਂ ਸੀ। ਹਰ ਇਕ ਨੂੰ ਆਪੋ-ਆਪਣਾ ਧਰਮ ਮੁਬਾਰਕ ਸੀ। 'ਗ਼ਦਰ ਦੀ ਗੂੰਜ' ਵਿਚ ਲਿਖਿਆ ਸੀ:

ਰਹਿਣ ਵਾਲੇ ਅਸੀਂ ਸਾਰੇ, ਇਸ ਹੀਰੇ ਦੇਸ਼ ਦੇ।
ਡੁੱਬ ਚੱਲੇ ਅਸੀਂ ਸਾਰੇ, ਮਜ਼ਹਬੀ ਕਲੇਸ਼ ਦੇ।
ਛੱਡ ਦੇਵੋ ਸਵਾਲ ਹਿੰਦੂ ਮੁਸਲਮਾਨ ਦਾ,
ਵੇਲਾ ਆ ਗਿਆ ਵੀਰੋ, ਹਿੰਦ ਨੂੰ ਬਚਾਉਣ ਦਾ।

ਗ਼ਦਰੀਆਂ ਨੂੰ ਤਿੰਨ ਰੰਗੇ ਝੰਡੇ ਦੀ ਬੜੀ ਸ਼ਿੱਦਤ ਨਾਲ ਉਸ ਵੇਲੇ ਲੋੜ ਪਈ ਜਦੋਂ ਗ਼ਦਰ ਕਰਨ ਲਈ 21 ਫਰਵਰੀ 1915 ਦਾ ਦਿਨ ਮੁਕੱਰਰ ਕੀਤਾ ਗਿਆ। ਫ਼ੌਜੀ ਭਰਾਵਾਂ ਦੀ ਸਹਾਇਤਾ ਨਾਲ ਛਾਉਣੀਆਂ ਉਤੇ ਕਬਜ਼ੇ ਕਰ ਕੇ, ਗ਼ਦਰ ਝੰਡੇ ਇਕੋ ਸਮੇਂ ਹਰ ਛਾਉਣੀ 'ਤੇ ਲਹਿਰਾਉਣੇ ਸਨ। ਇਥੋਂ ਤਕ ਕਿ ਪੰਜਾਬ ਦੇ ਗਵਰਨਰ ਸਰ ਮਾਈਕਲ ਓਡਵਾਇਰ ਦੇ ਦਫ਼ਤਰ 'ਤੇ ਝੰਡਾ ਲਹਿਰਾਉਣ ਦਾ ਬੰਦੋਬਸਤ ਹੋ ਚੁੱਕਾ ਸੀ। ਰਾਸਮ ਬਿਹਾਰੀ ਬੋਸ ਦੀ ਸਲਾਹ 'ਤੇ ਤੁਰੰਤ ਕਰਤਾਰ ਸਿੰਘ ਸਰਾਭਾ ਨੇ ਸਾਈਕਲ 'ਤੇ ਜਾ ਕੇ ਲਾਹੌਰ ਸ਼ਹਿਰ ਦੇ ਬਾਜ਼ਾਰ ਵਿਚੋਂ ਵੱਖ-ਵੱਖ ਰੰਗ ਵਾਲਾ ਲੋੜੀਂਦਾ ਕੱਪੜਾ ਖ਼ਰੀਦਿਆ। ਝੰਡੇ ਤਿਆਰ ਕਰਵਾ, ਲੋੜੀਂਦੀਆਂ ਛਾਉਣੀਆਂ ਤਕ ਪਹੁੰਚਾਏ ਗਏ। ਪ੍ਰੋਗਰਾਮ ਅਨੁਸਾਰ ਪਰਮਾਨੰਦ ਨੇ ਝਾਂਸੀ ਤੇ ਪਿਸ਼ਾਵਰ ਛਾਉਣੀ, ਡਾ. ਮਥਰਾ ਸਿੰਘ ਨੇ ਜਿਹਲਮ, ਕਰਤਾਰ ਸਿੰਘ ਸਰਾਭਾ ਨੇ ਫਿਰੋਜ਼ਪੁਰ ਅਤੇ ਸੁੱਚਾ ਸਿੰਘ (ਜੋ ਬਾਅਦ ਵਿਚ ਵਾਅਦਾ ਮੁਆਫ਼ ਗਵਾਹ ਬਣਿਆ) ਨੇ ਅੰਬਾਲਾ ਛਾਉਣੀ, ਈਸ਼ਰ ਸਿੰਘ ਨੇ ਮੇਰਠ ਛਾਉਣੀ ਵਿਖੇ ਝੰਡੇ ਲਹਿਰਾਉਣੇ ਸਨ। ਅਫ਼ਸੋਸ! ਗੱਦਾਰ ਕ੍ਰਿਪਾਲ ਸਿੰਘ ਰਾਹੀਂ ਸਰਕਾਰ ਨੂੰ ਸੂਹ ਮਿਲ ਗਈ ਅਤੇ ਸਾਰੀ ਸਕੀਮ ਅਸਫਲ ਹੋ ਗਈ।

ਗ਼ਦਰ ਪਾਰਟੀ ਦਾ ਤਿੰਨ ਰੰਗਾ ਝੰਡਾ ਇਨਕਲਾਬੀਆਂ ਰਾਹੀਂ ਵੱਖ-ਵੱਖ ਸਮਿਆਂ ਤੋਂ ਹੁੰਦਾ ਹੋਇਆ ਅੱਜ ਇਕ ਸਦੀ ਪਾਰ ਕਰ ਰਿਹਾ ਹੈ ਜਿਸ ਦੀ ਸਲਾਮਤੀ ਲਈ ਜੁਝਾਰੂ ਦੇਸ਼ ਭਗਤਾਂ, ਇਨਕਲਾਬੀ ਵਿਚਾਰਾਂ ਵਾਲਿਆਂ ਨੇ ਆਪਣੀਆਂ ਜਵਾਨੀਆਂ ਜੇਲ੍ਹਾਂ ਵਿਚ ਗਾਲੀਆਂ। ਜੇਲ੍ਹਾਂ ਦੇ ਅਕਹਿ ਅਤੇ ਅਸਹਿ ਅਤਿਆਚਾਰ ਸਹਾਰੇ, ਉਮਰ ਕੈਦਾਂ ਕੱਟੀਆਂ, ਫਾਂਸੀ ਵਾਲੇ ਰੱਸੇ ਚੁੰਮ ਗਲ ਨਾਲ ਲਾਏ ਅਤੇ ਜੋ ਬਚੇ ਰਹੇ, ਉਹ ਅੰਤ ਤਕ ਜੂਝਦੇ ਰਹੇ। ਗ਼ਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਅਨੁਸਾਰ, ਇਨਕਲਾਬੀ ਮਰ ਤਾਂ ਜਾਂਦਾ ਹੈ ਪਰ ਖ਼ਿਆਲਾਤ ਕਦੇ ਬੁੱਝੇ ਨਹੀਂ ਹੋਣ ਦਿੰਦਾ।

**SUPER TRAVEL**
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746
Fax:847-705-9388, e-mail:punjabtimes1@sbcglobal.net

**Prince's Barber Shop**
37477 Fremont Blvd, suite C, Fremont, CA 94536
Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

## ਇੰਡੀਆਨਾ 'ਚ ਲੁਟੇਰਿਆਂ ਹੱਥੋਂ ਦੋ ਪੰਜਾਬੀ ਹਲਾਕ

**ਐਲਕ ਹਾਰਟ, ਇੰਡੀਆਨਾ (ਬਿਊਰੋ):** ਇਥੇ ਸਾਲੇਹ ਮਾਰਕਿਟ ਵਿਚ ਲੰਘੀ 5 ਸਤੰਬਰ ਨੂੰ ਸਵੇਰ ਸਮੇਂ ਜਗਤਾਰ ਭੱਟੀ (55) ਅਤੇ ਪਵਨਪ੍ਰੀਤ ਸਿੰਘ (20) ਨੂੰ ਕੁਝ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਇਤਲਾਹ ਮਿਲਣ 'ਤੇ ਜਦੋਂ ਪੁਲਿਸ ਪਹੁੰਚੀ, ਦੋਹਾਂ ਦੀ ਮੌਤ ਹੋ ਚੁਕੀ ਸੀ। ਹਮਲੇ ਦਾ ਮਨੋਰਥ ਲੁੱਟ-ਖੋਹ ਸਮਝਿਆ ਜਾਂਦਾ ਹੈ। ਪੁਲਿਸ ਨੇ ਇਸ ਸਬੰਧੀ ਕਾਲੇ ਮੂਲ ਦੇ ਇਕ 28 ਸਾਲਾ ਵਿਅਕਤੀ ਕੈਵਿਨ ਮੂਰ ਨੂੰ ਹਿਰਾਸਤ ਵਿਚ ਲਿਆ ਹੈ ਜੋ ਅਕਸਰ ਇਸ ਮਾਰਕਿਟ ਵਿਚ ਆਉਂਦਾ-ਜਾਂਦਾ ਰਹਿੰਦਾ ਸੀ। ਵਾਰਦਾਤ ਸਮੇਂ ਪਵਨਪ੍ਰੀਤ ਸਿੰਘ ਤੇ ਸਟੋਰ ਮਾਲਕ ਜਗਤਾਰ ਸਿੰਘ ਸਟੋਰ ਖੋਲ੍ਹਣ ਲੱਗੇ ਸਨ ਕਿ ਦੋ ਹਥਿਆਰਬੰਦ ਲੁਟੇਰਿਆਂ ਨੇ ਸਟੋਰ 'ਤੇ ਧਾਵਾ ਬੋਲਦਿਆਂ ਗੋਲੀਆਂ ਚਲਾ ਦਿੱਤੀਆਂ। ਪੁਲਿਸ ਦੂਜੇ ਹਮਲਾਵਰ ਦੀ ਭਾਲ ਕਰ ਰਹੀ ਹੈ।

ਸਟੋਰ ਦੇ ਇਕ ਹੋਰ ਮੁਲਾਜ਼ਮ ਨੇ ਦੱਸਿਆ ਕਿ ਜਿਸ ਵਕਤ ਹਮਲਾ ਹੋਇਆ ਉਹ ਕਿਚਨ ਵਿਚ ਸੀ ਅਤੇ ਜਦੋਂ ਤੱਕ ਉਹ ਬਾਹਰ ਆਇਆ, ਦੋਨੋਂ ਖ਼ੂਨ ਵਿਚ ਲਥਪਥ ਪਏ ਸਨ। ਐਲਕ ਹਰਟ ਕਸਬੇ ਦੀ ਅਬਾਦੀ ਕਰੀਬ 50 ਹਜ਼ਾਰ ਦੱਸੀ ਜਾਂਦੀ ਹੈ।

ਪਵਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਮਿਆਣੀ ਇਲਾਕੇ ਦੇ ਪਿੰਡ ਮੂਨਣ ਦਾ ਸੀ ਅਤੇ ਸਟੋਰ ਦਾ ਮਾਲਕ ਜਗਤਾਰ ਸਿੰਘ ਜਲੰਧਰ ਦਾ ਸੀ। ਜਗਤਾਰ ਸਿੰਘ ਦੇ ਗਰੋਸਰੀ ਸਟੋਰ 'ਤੇ ਪਹਿਲਾਂ ਵੀ ਦੋ ਵਾਰ ਹਮਲੇ ਹੋ ਚੁੱਕੇ ਹਨ।

ਪਵਨਪ੍ਰੀਤ ਸਿੰਘ ਦਾ ਮਾਮਿਆਂ ਨੂੰ ਇਸ ਦਰਦਨਾਕ ਘਟਨਾ ਦੀ ਸੂਚਨਾ ਅਮਰੀਕਾ ਨਾਲ ਰਹਿੰਦੇ ਨੌਜਵਾਨ ਸੁੱਖਾ ਨਿਵਾਸੀ ਤਲਵੰਡੀ ਡੱਡੀਆਂ ਨੇ ਦਿੱਤੀ। ਮ੍ਰਿਤਕ ਨੌਜਵਾਨ 10ਵੀਂ ਜਮਾਤ ਦੀ ਪੜ੍ਹਾਈ ਕਰ ਕੇ 2009 ਵਿਚ ਅਮਰੀਕਾ ਗਿਆ ਸੀ। ਉਸ ਦਾ ਪਿਤਾ ਬਲਵਿੰਦਰ ਸਿੰਘ ਇਟਲੀ ਰਹਿੰਦਾ ਹੈ। ਉਸ ਦੇ ਘਰ ਦਾਦਾ ਗੁਰਮੁਖ ਸਿੰਘ, ਮਾਤਾ ਮਨਜੀਤ ਕੌਰ ਤੇ ਦੋ ਭੈਣਾਂ ਰਮਨਦੀਪ ਕੌਰ, ਅਮਨਦੀਪ ਕੌਰ ਹਨ।

ਜਗਤਾਰ ਸਿੰਘ ਪੁੱਤਰ ਪ੍ਰੀਤਮ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਪਿਛਲੇ 14 ਸਾਲ ਤੋਂ ਇੰਡਿਆਨਾ ਰਹਿੰਦਾ ਸੀ। ਉਸ ਦੇ ਨਾਲ ਉਸ ਦਾ ਵੱਡਾ ਲੜਕਾ ਤੇ ਧੀ ਅਮਰਜੀਤ ਕੌਰ (19) ਵੀ ਰਹਿੰਦੇ ਸਨ। ਉਸ ਦੇ ਉਥੇ ਦੋ ਪੈਟਰੋਲ ਪੰਪ ਤੇ ਉਨ੍ਹਾਂ ਦੇ ਨਾਲ ਗਰੋਸਰੀ ਸਟੋਰ ਹਨ। ਇਕ ਪੈਟਰੋਲ ਪੰਪ 'ਤੇ ਉਹ ਆਪ ਤੇ ਉਸ ਦਾ ਕਰਿੰਦਾ ਪਵਨ ਸਿੰਘ ਹੁੰਦਾ ਸੀ। ਦੂਸਰਾ ਉਸ ਦਾ ਵੱਡਾ ਲੜਕਾ ਚਲਾ ਰਿਹਾ ਹੈ। ਉਸ ਦਾ ਛੋਟਾ ਲੜਕਾ ਦਲਵਿੰਦਰ ਸਿੰਘ (24) ਤੇ ਪਤਨੀ ਜਸਵਿੰਦਰ ਕੌਰ ਜਲੰਧਰ ਰਹਿੰਦੇ ਹਨ।

## ਪਰਵਾਸੀ ਭਾਰਤੀ ਅਜਿਤਾ ਰਾਜੀ ਦਾ ਮਾਅਰਕਾ

**ਸੈਨ ਫਰਾਂਸਿਸਕੋ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਚੋਣ ਪ੍ਰਚਾਰ ਲਈ ਕੰਮ ਕਰਨ ਵਾਲੀ ਸੀਨੀਅਰ ਭਾਰਤੀ ਅਮਰੀਕੀ ਨੂੰ ਅਹਿਮ ਪ੍ਰਸ਼ਾਸਨਿਕ ਜ਼ਿੰਮੇਦਾਰੀ ਸੌਂਪੀ ਹੈ।

ਸੋਸ਼ਲ ਵਰਕਰ ਅਜਿਤਾ ਰਾਜੀ ਨੇ ਸਾਲ 2011-12 ਵਿਚ ਓਬਾਮਾ ਦੇ ਲਈ ਚੋਣ ਪ੍ਰਚਾਰ ਵਿਚ 30 ਲੱਖ ਅਮਰੀਕੀ ਡਾਲਰ ਦੀ ਰਾਸ਼ੀ ਜੁਟਾਈ ਹੈ। ਰਾਜੀ ਨੂੰ ਵਾਈਟ ਹਾਊਸ ਫੈਲੋਸ਼ਿਪ ਨਾਲ ਜੁੜੇ ਰਾਸ਼ਟਰਪਤੀ ਦੇ ਆਯੋਗ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

**ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ**
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
**ਫੋਨ: (559) 317-2149**

**Paramjit S. Khaira**
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577

ਪੰਜਾਬ ਟਾਈਮਜ਼

*ਸਨਿਚਰਵਾਰ, 14 ਸਤੰਬਰ, 2013*

## ਸੱਤਾ ਦਾ ਸੰਗੀਤ

ਫਲਸਤੀਨੀਆਂ ਉਤੇ ਵਾਰ-ਵਾਰ ਬਾਜ ਬਣ-ਬਣ ਝਪਟ ਰਹੇ ਇਸਰਾਈਲ ਨਾਲ ਸਬੰਧਾਂ ਕਰ ਕੇ ਚਰਚਿਤ ਰਹੇ ਸੰਗੀਤਕਾਰ ਜ਼ੁਬਿਨ ਮਹਿਤਾ ਨੇ ਕਸ਼ਮੀਰ ਵਿਚ ਜਾ ਕੇ ਜਿਹੜੇ ਸੁਰ ਅਲਾਪੇ, ਉਹ ਵਿਵਾਦਾਂ ਵਿਚ ਘਿਰ ਗਏ ਹਨ। ਉਨ੍ਹਾਂ ਦੇ ਇਸ ਪ੍ਰੋਗਰਾਮ ਦਾ ਨਾਂ 'ਅਹਿਸਾਸ-ਏ-ਕਸ਼ਮੀਰ' ਰੱਖਿਆ ਗਿਆ ਸੀ ਪਰ ਇਹ ਪ੍ਰੋਗਰਾਮ 'ਅਹਿਸਾਸ-ਏ-ਅਮੀਰ' ਹੋ ਨਿਬੜਿਆ। ਮੁਕਾਮੀ ਲੋਕ ਪਹਿਲਾਂ ਹੀ ਇਸ ਪ੍ਰੋਗਰਾਮ ਦੀ ਮੁਖਾਲਫਤ ਕਰ ਰਹੇ ਸਨ। ਉਨ੍ਹਾਂ ਦੀ ਇਕ ਹੀ ਦਲੀਲ ਸੀ ਕਿ ਕਸ਼ਮੀਰ ਅਤੇ ਕਸ਼ਮੀਰੀ ਆਵਾਮ ਬੰਦੂਕ ਅਤੇ ਬਾਰੂਦ ਨਾਲ ਲਹੂ-ਲੁਹਾਣ ਹੋਇਆ ਪਿਆ ਹੈ, ਅਜਿਹੇ ਹਾਲਾਤ ਵਿਚ ਅਜਿਹੇ ਪ੍ਰੋਗਰਾਮ ਸੋਭਦੇ ਨਹੀਂ ਪਰ ਹੁਕਮਰਾਨਾਂ ਦੀ ਜ਼ਿਦ ਸੀ ਅਤੇ ਉਨ੍ਹਾਂ ਨੇ ਇਹ ਪ੍ਰੋਗਰਾਮ ਹਰ ਹੀਲੇ ਸਿਰੇ ਚੜ੍ਹ ਕੇ ਇਹ ਜ਼ਿਦ ਪੁਗਾਈ ਵੀ। ਦਰਅਸਲ ਹੁਕਮਰਾਨ ਇਹ ਸਾਬਤ ਕਰਨ ਲੱਗੇ ਹੋਏ ਹਨ ਕਿ ਕਸ਼ਮੀਰ ਵਿਚ ਹੁਣ ਸਭ ਅੱਛਾ ਹੈ, ਹਾਲਾਤ ਪੁਰ-ਅਮਨ ਹਨ। ਇਹੀ ਕੰਮ ਹੁਕਮਰਾਨਾਂ ਨੇ ਪੰਜਾਬ ਵਿਚ 1990ਵਿਆਂ ਦੇ ਅਰੰਭ ਵਿਚ ਕੀਤਾ ਸੀ। ਉਦੋਂ ਬੇਅੰਤ ਸਿੰਘ ਸਰਕਾਰ ਨੇ ਨੌਜਵਾਨਾਂ ਨੂੰ ਮੁਕਾਬਲਿਆਂ ਵਿਚ ਮਾਰ-ਮਾਰ ਕੇ ਮਗਰੋਂ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਂ ਹੇਠ ਗੀਤ-ਸੰਗੀਤ ਦਾ ਹੜ੍ਹ ਲਿਆ ਦਿੱਤਾ ਸੀ। ਉਦੋਂ ਵੀ ਇਹੀ ਦਲੀਲ ਦੇਣ ਦਾ ਯਤਨ ਕੀਤਾ ਗਿਆ ਸੀ ਕਿ ਦੇਖੋ! ਹੁਣ ਸਭ ਕੁਝ ਠੀਕ-ਠਾਕ ਹੈ। ਸੱਤਾ ਦਾ ਇਹ ਸੰਗੀਤ, ਹੁਕਮਰਾਨ ਵੱਖ-ਵੱਖ ਥਾਂਈਂ ਲੋੜ ਮੁਤਾਬਕ ਇਸੇ ਤਰ੍ਹਾਂ ਅਲਾਪਦੇ ਹਨ ਅਤੇ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਂਦੇ ਹਨ। 'ਅਹਿਸਾਸ-ਏ-ਕਸ਼ਮੀਰ' ਇਕ ਵਾਰ ਫਿਰ ਇਸੇ ਤਰ੍ਹਾਂ ਦਾ ਅਹਿਸਾਸ ਕਰਵਾ ਗਿਆ। ਇਹ ਪ੍ਰੋਗਰਾਮ ਰੱਖਿਆ ਤਾਂ ਕਸ਼ਮੀਰੀ ਆਵਾਮ ਲਈ ਸੀ ਪਰ ਇਸ ਸਮਾਗਮ ਵਿਚ ਸਿਰਫ ਅਮੀਰ ਤਬਕਾ ਹੀ ਸ਼ਿਰਕਤ ਕਰ ਸਕਿਆ। ਹੋਰ ਤਾਂ ਹੋਰ, ਬਾਅਦ ਵਿਚ ਕਲਾਕਾਰਾਂ ਨੂੰ ਜਿਹੜਾ ਰਾਤਰੀ ਭੋਜ ਦਿੱਤਾ ਗਿਆ, ਉਸ ਵਿਚ ਵੀ ਵਿਤਕਰਾ ਕੀਤਾ ਗਿਆ। ਰਾਤਰੀ ਭੋਜ ਦਾ ਘੇਰਾ ਹੋਰ ਵੀ ਸੀਮਤ ਕਰ ਦਿੱਤਾ ਗਿਆ ਅਤੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਕੁਝ ਕਲਾਕਾਰਾਂ ਨੂੰ ਵੀ ਇਸ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। ਇਸ ਮਾਮਲੇ ਦਾ ਸਭ ਤੋਂ ਦਿਲਚਸਪ ਪਹਿਲੂ ਇਹ ਸੀ ਕਿ ਜ਼ੁਬਿਨ ਮਹਿਤਾ ਨੇ ਇਨ੍ਹਾਂ ਸਾਰੇ ਮਾਮਲਿਆਂ ਤੋਂ ਅਣਜਾਣਤਾ ਪ੍ਰਗਟ ਕੀਤੀ। ਪੱਤਰਕਾਰਾਂ ਨੇ ਜਦੋਂ ਰਤਾ ਕੁ ਕੁਰੇਦਿਆ ਤਾਂ ਉਨ੍ਹਾਂ ਨੂੰ ਇਹ ਕਹਿਣਾ ਪੈ ਗਿਆ ਕਿ ਇਸਰਾਈਲ ਦੀ ਇਕ ਬਦਨਾਮ ਸੰਗੀਤ ਸੰਸਥਾ ਨਾਲ ਉਨ੍ਹਾਂ ਦਾ ਸਬੰਧ ਤਾਂ ਜ਼ਰੂਰ ਹੈ ਪਰ ਉਹ ਫਲਸਤੀਨ ਦੇ ਵਿਰੋਧ ਵਿਚ ਕਦੀ ਨਹੀਂ ਭੁਗਤੇ ਅਤੇ ਹੁਣ ਵੀ ਆਜ਼ਾਦ ਫਲਸਤੀਨ ਦੇ ਹੱਕ ਵਿਚ ਹਨ। ਕਸ਼ਮੀਰ ਵਿਚ ਉਚੇਚਾ ਪ੍ਰੋਗਰਾਮ ਕਰਨ ਬਾਰੇ ਉਹ ਸਪਸ਼ਟ ਉਤਰ ਨਾ ਦੇ ਸਕੇ। ਇਸ ਪ੍ਰੋਗਰਾਮ ਲਈ ਜਰਮਨੀ ਵੱਲੋਂ ਕੀਤੇ ਗਏ ਭਾਰੀ ਤਰੱਦਦ ਬਾਰੇ ਵੀ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਸਭ ਨੂੰ ਯਾਦ ਹੋਵੇਗਾ ਕਿ ਯਹੂਦੀਆਂ ਦਾ ਘਾਣ ਕਰਨ ਵਾਲ ਤਾਨਾਸ਼ਾਹ ਹਿਟਲਰ, ਜਰਮਨੀ ਦਾ ਹੀ ਸ਼ਾਸਕ ਸੀ। ਇਨ੍ਹਾਂ ਸਭ ਤੱਥਾਂ ਨੂੰ ਜੋੜ ਕੇ ਸੱਤਾ ਦੇ ਉਸ ਸੰਗੀਤ ਦੀ ਸਮਝ ਪੈਣ ਲਗਦੀ ਹੈ ਜੋ ਹੁਕਮਰਾਨ ਹਾਲਾਤ ਦੇ ਪਿੰਜੇ ਲੋਕਾਂ ਨੂੰ ਸੁਣਾ ਕੇ ਉਨ੍ਹਾਂ ਦੇ ਜ਼ਖਮਾਂ ਉਤੇ ਲੂਣ ਛਿੜਕਦੇ ਹਨ।

'ਅਹਿਸਾਸ-ਏ-ਕਸ਼ਮੀਰ' ਦੇ ਬਰਾਬਰ ਕਸ਼ਮੀਰੀ ਆਵਾਮ ਨੇ 'ਹਕੀਕਤ-ਏ-ਕਸ਼ਮੀਰ' ਦੇ ਨਾਂ ਹੇਠ ਉਸੇ ਦਿਨ ਆਪਣਾ ਵੱਖਰਾ ਸੰਗੀਤ ਪ੍ਰੋਗਰਾਮ ਉਲੀਕਿਆ ਤਾਂ ਕਿ ਦੁਨੀਆਂ ਭਰ ਦੇ ਲੋਕਾਂ ਅੱਗੇ ਕਸ਼ਮੀਰ ਦੀ ਹਕੀਕਤ ਬਿਆਨ ਕੀਤੀ ਜਾ ਸਕੇ। ਇਸ ਪ੍ਰੋਗਰਾਮ ਨੂੰ ਰੋਕਣ ਅਤੇ ਲੋਕਾਂ ਨੂੰ ਡਰਾਉਣ ਲਈ ਸਰਕਾਰ ਨੇ ਹਰ ਹਰਬਾ ਵਰਤਿਆ। ਲੋਕਾਂ ਨੂੰ ਇਸ ਪ੍ਰੋਗਰਾਮ ਵਾਲੀ ਥਾਂ ਤੱਕ ਪੁੱਜਣ ਲਈ ਅਨੇਕਾਂ ਨਾਕੇ ਪਾਰ ਕਰਨੇ ਪਏ ਪਰ ਲੋਕਾਂ ਨੇ ਇਹ ਸਭ ਅੜਿੱਕੇ ਪਾਰ ਕੀਤੇ। ਕਸ਼ਮੀਰੀ ਲੋਕਾਂ ਨੇ ਹੁਣ ਵੀ ਐਨ ਉਸੇ ਤਰ੍ਹਾਂ ਕੀਤਾ ਜਿਵੇਂ ਉਹ ਕਰਫਿਊ ਤੱਕ ਦੀ ਪ੍ਰਵਾਹ ਕੀਤੇ ਬਗੈਰ ਜ਼ਿਆਦਤੀਆਂ ਖਿਲਾਫ ਰੋਸ ਪ੍ਰਗਟ ਕਰਨ ਲਈ ਅਕਸਰ ਸੜਕਾਂ ਉਤੇ ਉਤਰ ਆਉਂਦੇ ਹਨ। ਅਸਲ ਵਿਚ ਕਸ਼ਮੀਰੀਆਂ ਦੇ ਇਸੇ ਹੱਲੇ ਤੋਂ ਸਰਕਾਰ ਸਦਾ ਭੈਅ ਖਾਂਦੀ ਹੈ। ਇਸੇ ਕਰ ਕੇ ਉਥੇ ਲਗਾਤਾਰ ਬਾਰੂਦ ਦੀ ਵਾਛੜ ਕੀਤੀ ਜਾ ਰਹੀ ਹੈ। ਕੌਮਾਂਤਰੀ ਪੱਧਰ 'ਤੇ ਇਸ ਤਰ੍ਹਾਂ ਦਾ ਅਹਿਸਾਸ ਅੱਜਕੱਲ੍ਹ ਅਮਰੀਕੀ ਸਦਰ ਬਰਾਕ ਓਬਾਮਾ ਕਰਵਾ ਰਹੇ ਹਨ। ਤਤਕਾਲੀ ਸਦਰ ਜਾਰਜ ਬੁਸ਼ ਵੱਲੋਂ ਇਰਾਕ ਉਤੇ ਚੜ੍ਹਾਈ ਦਾ ਵਿਰੋਧ ਕਰਨ ਵਾਲੇ ਬਰਾਕ ਓਬਾਮਾ ਹੁਣ ਸੀਰੀਆ ਉਤੇ ਹਮਲੇ ਲਈ ਪਰ ਤੋਲ ਰਹੇ ਹਨ ਅਤੇ ਸੰਸਾਰ ਪੱਧਰੀ ਤੇ ਅਮਰੀਕੀ ਕਾਂਗਰਸ ਦੇ ਵਿਰੋਧ ਦੇ ਬਾਵਜੂਦ ਹਮਲੇ ਲਈ ਬਜ਼ਿਦ ਹਨ। ਅਮਰੀਕੀ ਕਾਂਗਰਸ ਨੇ ਭਾਵੇਂ ਉਨ੍ਹਾਂ ਨੂੰ ਸਪਸ਼ਟ ਪੁੱਛਿਆ ਹੈ ਕਿ ਉਹ ਦੱਸਣ ਤਾਂ ਸਹੀ ਕਿ ਸੀਰੀਆ ਨਾਲ ਅਮਰੀਕਾ ਦੇ ਕਿਹੜੇ ਹਿਤਾਂ 'ਤੇ ਮਾਰ ਪੈ ਰਹੀ ਹੈ। ਉਹ ਇਕ ਹੀ ਰਾਗ ਅਲਾਪ ਰਹੇ ਹਨ ਕਿ ਸੀਰੀਆ ਦੇ ਰਸਾਇਣੀ ਹਥਿਆਰ ਅਮਰੀਕਾ ਲਈ ਖਤਰਾ ਹਨ। ਬੁਸ਼ ਨੇ ਵੀ ਇਰਾਕ ਉਤੇ ਹਮਲੇ ਵੇਲੇ ਤਬਾਹੀ ਵਾਲੇ ਹਥਿਆਰਾਂ ਦਾ ਬਹਾਨਾ ਬਣਾਇਆ ਸੀ ਪਰ ਉਥੋਂ ਅੱਜ ਤੱਕ ਅਜਿਹੇ ਕੋਈ ਹਥਿਆਰ ਨਹੀਂ ਮਿਲੇ। ਜ਼ਾਹਿਰ ਹੈ ਕਿ ਸੱਤਾ ਦਾ ਸੰਗੀਤ ਸਦਾ ਇੰਨਾ ਹੀ ਕੰਨ ਪਾੜਵਾਂ ਅਤੇ ਮੂੰਹ-ਜ਼ੋਰ ਹੁੰਦਾ ਹੈ, ਕਿਸੇ ਦੀ ਅਪੀਲ-ਦਲੀਲ ਦੀ ਕੋਈ ਗੁੰਜਾਇਸ਼ ਨਹੀਂ ਛੱਡੀ ਜਾਂਦੀ। ਇਤਿਹਾਸ ਗਵਾਹ ਹੈ ਕਿ ਸੱਤਾ ਦਾ ਇਹ ਸੰਗੀਤ ਆਮ ਲੋਕਾਂ ਉਤੇ ਕਿੰਜ ਪਹਾੜ ਬਣ ਕੇ ਟੁੱਟਦਾ ਹੈ। ਇਰਾਨ ਦੇ ਲੋਕ ਆਪਣੀ ਹੋਣੀ ਅੱਜ ਵੀ ਭੁਗਤ ਰਹੇ ਹਨ। ਪੰਜਾਬ 'ਚ ਸਭਿਆਚਾਰਕ ਪ੍ਰੋਗਰਾਮਾਂ ਨਾਲ ਸ਼ੁਰੂ ਹੋਇਆ ਅਲਾਪ ਸੂਬੇ ਦੇ ਲੋਕਾਂ ਨੂੰ ਸਭਿਆਚਾਰਕ ਤਬਾਹੀ ਤਕ ਲੈ ਗਿਆ। ਗੀਤ-ਸੰਗੀਤ ਦੇ ਪ੍ਰਦੂਸ਼ਣ ਨੇ ਜਿੰਨੀ ਵੱਡੀ ਸੱਟ ਪੰਜਾਬ ਉਤੇ ਮਾਰੀ ਹੈ, ਉਸ ਦੀਆਂ ਚੀਸਾਂ ਕਚੀਚੀ ਵੱਟਣ ਦੇ ਬਾਵਜੂਦ ਝੱਲੀਆਂ ਨਹੀਂ ਜਾ ਰਹੀਆਂ। ਉਸ ਤੋਂ ਵੀ ਵੱਡੀ ਗੱਲ, ਇਸ ਦਾ ਇਲਾਜ ਵੀ ਕੋਈ ਨਜ਼ਰ ਨਹੀਂ ਆ ਰਿਹਾ। ਇਹੀ ਹੋਣੀ ਕਸ਼ਮੀਰੀ ਆਵਾਮ ਦੇ ਹਿੱਸੇ ਪਾ ਦਿੱਤੀ ਗਈ ਹੈ। ਉਨ੍ਹਾਂ ਦੇ ਮਸਲਿਆਂ ਦੇ ਹੱਲ ਕੱਢਣੇ ਤਾਂ ਇਕ ਪਾਸੇ ਰਹੇ, ਉਨ੍ਹਾਂ ਬਾਰੇ ਗੱਲ ਵੀ ਨਹੀਂ ਕੀਤੀ ਜਾ ਰਹੀ। ਹੁਣ ਅਮੀਰਾਂ ਦੇ ਸੰਗੀਤ ਦੇ ਜ਼ੋਰ ਹਕੀਕਤ 'ਤੇ ਪਰਦਾ ਪਾਇਆ ਜਾ ਰਿਹਾ ਹੈ। ਇਸ ਪਰਦੇ ਤੋਂ ਪਰਦਾ ਕਦੋਂ ਚੁੱਕਿਆ ਜਾਣਾ ਹੈ, ਇਹ ਅਜੇ ਭਵਿਖ ਦੀਆਂ ਤਹਿਆਂ 'ਚ ਪਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਡੇਰੇਦਾਰਾਂ ਦੇ ਵਾਰੇ ਨਿਆਰੇ!*

ਜਿਹੜੇ ਪੂਜਦੇ ਸਾਧਾਂ ਦੇ ਵੱਗ ਤਾਈਂ, ਬੱਸ, ਕਿਸਮਤਾਂ ਸਮਝ ਲਉ ਫੁੱਟੀਆਂ ਨੇ।
ਤਿਆਗੀ ਹੋਣ ਦਾ ਢੌਂਗ ਜੋ ਕਰੇ ਬਾਬਾ, ਸੰਗਤਾਂ ਉਸੇ ਮਨਖੱਟੂ ਨੇ ਲੁੱਟੀਆਂ ਨੇ।
ਮੱਤ ਮਾਰ ਕੇ ਭੋਲੀਆਂ ਬੀਬੀਆਂ ਦੀ, ਵਸਦੇ ਰਸਦਿਆਂ ਘਰਾਂ 'ਚੋਂ ਪੁੱਟੀਆਂ ਨੇ।
ਲੋਕੀਂ ਸੋਚਦੇ ਭੋਰੇ ਵਿਚ ਨਾਮ ਜਪਦੈ, ਅੰਦਰ ਚੇਲੀਆਂ ਬਾਹਾਂ ਵਿਚ ਘੁੱਟੀਆਂ ਨੇ।
ਸਿਆਸਤਦਾਨਾ ਤੇ ਸਾਧਾਂ ਦੀ ਦੋਸਤੀ ਨੇ, ਸ਼ਰਮਾਂ ਵਾਲੀਆਂ ਲੋਈਆਂ ਲਾਹ ਸੁੱਟੀਆਂ ਨੇ।
ਐਸ਼ਾਂ ਕਰੋ ਬਈ ਸਾਧੋ ਬੇਖੌਫ ਹੋ ਕੇ, ਡੇਰੇਦਾਰਾਂ ਨੂੰ ਖੁਲ੍ਹੀਆਂ ਛੁੱਟੀਆਂ ਨੇ!!

# ਪਾਪ ਕੀ 'ਜਮਹੂਰੀ' ਜੰਞ ਅਤੇ 'ਘਰ ਦੇ ਭੇਤੀ'

ਬੂਟਾ ਸਿੰਘ
ਫੋਨ: 91-94634-74342

'ਪਾਪ ਕੀ ਜੰਞ' ਅਤੇ 'ਘਰ ਦੇ ਭੇਤੀ' ਦਾ ਯੁੱਗਾਂ ਪੁਰਾਣਾ ਡੂੰਘਾ ਰਿਸ਼ਤਾ ਹੈ। ਰਾਮਾਇਣ ਦਾ ਮਿਥਿਹਾਸ ਕਹਿੰਦਾ ਹੈ ਕਿ ਜੇ 'ਘਰ ਦਾ ਭੇਤੀ' ਭੇਤ ਦੇਣ ਦਾ ਕਿਰਦਾਰ ਨਾ ਨਿਭਾਉਂਦਾ ਤਾਂ 'ਭਗਵਾਨ' ਰਾਮ ਦੀ ਲੰਕਾ ਵਾਲੀ ਫ਼ਤਿਹ ਸ਼ਾਇਦ ਹੀ ਸੰਭਵ ਹੁੰਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਕਾਬਲੋਂ ਧਾਈਂ 'ਪਾਪ ਕੀ ਜੰਞ' ਦੀ ਗੱਲ ਕੀਤੀ ਸੀ, ਉਦੋਂ ਮੱਧਯੁਗ ਦਾ ਜ਼ਮਾਨਾ ਸੀ। ਰਾਜਿਆਂ, ਸੁਲਤਾਨਾਂ ਦਾ ਯੁੱਗ। ਫਿਰ ਭਲਾ 20ਵੀਂ-21ਵੀਂ ਸਦੀ ਦੇ 'ਜਮਹੂਰੀਅਤ ਦੇ ਯੁਗ' ਵਿਚ 'ਭੇਤੀਆਂ' ਦਾ ਕੀ ਕੰਮ? ਜੇ ਯੁੱਗ ਬਦਲ ਗਿਆ, ਫਿਰ ਕੀ ਹੋਇਆ! ਪਾਪ ਕੀ ਜੰਞ ਨੇ ਵੀ ਧਾਈ ਦੇ ਰੂਪ ਬਦਲ ਲਏ। ਇਸ ਨੇ ਜਮਹੂਰੀ ਮਖੌਟੇ ਪਾ ਲਏ ਤੇ 'ਚੁਣੇ ਹੋਇਆਂ' ਦਾ ਭੇਖ ਵਟਾ ਲਿਆ। ਅਜਿਹੇ ਹਾਲਾਤ ਵਿਚ ਜਦੋਂ 'ਘਰ ਦੇ ਭੇਤੀ' ਹੁਕਮਰਾਨਾਂ ਦੇ ਪਾਜ ਨੰਗੇ ਕਰਦੇ ਹਨ ਤਾਂ ਆਧੁਨਿਕ ਯੁੱਗ ਦੀ ਵੋਟਰ ਰੂਪੀ ਰਿਆਇਆ ਦੇ ਭਲੇ ਦਾ ਕੰਮ ਹੀ ਕਰ ਰਹੇ ਹੁੰਦੇ ਹਨ! ਨਹੀਂ ਤਾਂ ਭੇਖਧਾਰੀ ਹੁਕਮਰਾਨ ਵੋਟਰਾਂ ਨੂੰ ਕੀ ਸਮਝਦੇ ਹਨ!

ਪਾਪ ਕੀ ਜੰਞ ਵਾਲੇ ਹੁਕਮਰਾਨ ਕਿਸੇ ਵੀ ਮੁਲਕ, ਕਿਸੇ ਵੀ ਮਜ਼ਹਬ, ਕਿਸੇ ਵੀ ਨਸਲ ਦੇ ਹੋਣ; ਇਨਸਾਨੀਅਤ ਵਿਰੋਧੀ ਘਿਣਾਉਣੀਆਂ ਮੁਜਰਮਾਨਾ ਕਾਰਵਾਈਆਂ ਤੋਂ ਕਦੇ ਬਾਜ ਨਹੀਂ ਆਉਂਦੇ। ਜਦੋਂ ਪੀੜਤ ਅਵਾਮ ਜਾਂ ਬਾ-ਜ਼ਮੀਰ ਪੱਤਰਕਾਰ ਜਾਂ ਅਵਾਮ ਦੀ ਬਾਂਹ ਫੜਨ ਵਾਲੀਆਂ ਜਥੇਬੰਦੀਆਂ ਇਨ੍ਹਾਂ ਲਾ-ਕਾਨੂੰਨੀਆਂ ਬਾਰੇ ਆਵਾਜ਼ ਉਠਾਉਂਦੇ ਹਨ ਤਾਂ ਸਥਾਪਤੀ ਪੱਖੀ ਤਾਕਤਾਂ ਨੇ ਤਾਂ ਉਨ੍ਹਾਂ ਦਾ ਆਪਣੇ ਸੌੜੇ ਸਵਾਰਥਾਂ ਵਿਚੋਂ ਵਿਰੋਧ ਕਰਨਾ ਹੀ ਹੋਇਆ, ਸਥਾਪਤੀ ਪ੍ਰਤੀ ਅੰਨ੍ਹੀ ਸ਼ਰਧਾ ਵਿਚੋਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖਣ ਵਾਲੇ ਜ਼ਿਆਦਾਤਰ ਨਾਗਰਿਕਾਂ ਨੂੰ ਵੀ ਇਨ੍ਹਾਂ ਤੱਥਾਂ ਬਾਰੇ ਯਕੀਨ ਨਹੀਂ ਆਉਂਦਾ। ਉਹ ਇਨ੍ਹਾਂ ਨੂੰ ਵਿਰੋਧੀ ਧਿਰ ਦੇ ਐਵੇਂ ਬਾਤ ਦਾ ਬਤੰਗੜ ਬਣਾਉਣ ਵਾਲੇ ਇਲਜ਼ਾਮ ਸਮਝ ਕੇ ਮਨ ਨੂੰ ਠੁੰਮਣਾ ਦੇ ਲੈਂਦੇ ਹਨ ਪਰ ਜਦੋਂ ਕੋਈ 'ਘਰ ਦਾ ਭੇਤੀ' ਕਿਸੇ ਨਿੱਜੀ ਔਖ ਵਿਚੋਂ ਜਾਂ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਪਰਦਾਫਾਸ਼ ਕਰਨ ਦੇ ਰਾਹ ਤੁਰ ਪੈਂਦਾ ਹੈ, ਉਹ ਸਮਝੋ ਪੀੜਤ ਅਵਾਮ ਲਈ ਮਸੀਹਾ ਬਣ ਕੇ ਬਹੁੜਦਾ ਹੈ।

ਅਮਰੀਕੀ ਸਲਤਨਤ ਦੀ ਮਿਸਾਲ ਹੀ ਲੈ ਲਓ ਜੋ ਇਰਾਕ ਅਤੇ ਲਿਬੀਆ ਤੋਂ ਬਾਅਦ ਹੁਣ ਈਰਾਨ ਤੇ ਸੀਰੀਆ ਵਿਚ ਵਹਿਸ਼ਤ ਦਾ ਨੰਗਾ ਨਾਚ ਨੱਚਣ ਲਈ ਬਹਾਨੇ ਭਾਲ ਰਿਹਾ ਹੈ। ਲੇਲੇ ਨੂੰ ਨਿਗਲਣ ਲਈ ਡਾਢੇ ਬਘਿਆੜ ਵਾਲੇ ਬਹਾਨੇ। 'ਬੰਬਾਮਾ' ਪ੍ਰਸ਼ਾਸਨ ਕੌਮਾਂਤਰੀ ਭਾਈਚਾਰੇ ਦੇ ਵਿਰੋਧ ਜਾਂ ਯੂ.ਐੱਨ.ਓ. ਦੇ ਕਾਇਦੇ-ਕਾਨੂੰਨਾਂ ਕਿਸੇ ਦੀ ਪ੍ਰਵਾਹ ਨਹੀਂ ਕਰ ਰਿਹਾ। ਇਸ ਦੇ ਜੁਰਮਾਂ ਅਤੇ ਜ਼ੁਲਮਾਂ ਦੀ ਤਫ਼ਸੀਲ ਕਿਸੇ ਤੋਂ ਛੁਪੀ ਹੋਈ ਨਹੀਂ। ਦੂਜੀ ਆਲਮੀ ਜੰਗ ਦੇ ਸਮੇਂ ਤੋਂ ਲੈ ਕੇ ਸ਼ਾਇਦ ਹੀ ਕੋਈ ਤਿਮਾਹੀ ਛਿਮਾਹੀ ਐਸੀ ਲੰਘੀ ਹੋਵੇਗੀ ਜਦੋਂ ਇਸ ਨੇ ਆਪਣੇ ਧੌਂਸਬਾਜ਼, ਗੁੰਡਾ ਤੇ ਧਾੜਵੀ ਹਮਲਿਆਂ ਰਾਹੀਂ ਦੁਨੀਆਂ ਦੇ ਕਿਸੇ ਨਾ ਕਿਸੇ ਮੁਲਕ ਨੂੰ ਕਤਲੋਗ਼ਾਰਤ ਤੇ ਤਬਾਹੀ ਦਾ ਸ਼ਿਕਾਰ ਨਾ ਬਣਾਇਆ ਹੋਵੇ। ਦੁਨੀਆਂ ਲੱਖ ਇਲਜ਼ਾਮ ਲਾਈ ਜਾਵੇ ਪਰ ਇਸ ਨੇ ਆਪਣੀ ਮੀਡੀਆ ਕਲਾਕਾਰੀ ਨਾਲ ਦੁਨੀਆਂ ਦੇ ਜ਼ਿਆਦਾਤਰ ਲੋਕਾਂ, ਖ਼ਾਸ ਕਰ ਕੇ ਆਪਣੇ ਹੀ ਮੁਲਕ ਦੇ ਨਾਗਰਿਕਾਂ ਨੂੰ ਕਾਮਯਾਬੀ ਨਾਲ ਗੁੰਮਰਾਹ ਕਰ ਕੇ ਉਨ੍ਹਾਂ ਦੀ ਰਾਇ ਆਪਣੇ ਪੱਖ 'ਚ ਬਣਾ ਰੱਖੀ ਹੈ ਜਿਸ ਨੂੰ ਅਮਰੀਕੀ ਬੁੱਧੀਜੀਵੀ ਨੌਮ ਚੌਮਸਕੀ 'ਬਨਾਉਟੀ ਸਹਿਮਤੀ' ਕਹਿੰਦਾ ਹੈ ਪਰ ਜਦੋਂ ਜੌਹਨ ਪਰਕਿਨਜ਼ ਜੋ ਜਮਹੂਰੀਅਤ ਦੇ ਭੇਖ ਵਾਲੀ ਦੁਨੀਆਂ ਦੀ ਇਸ ਸਭ ਤੋਂ ਵੱਧ ਧੌਂਸਬਾਜ਼ ਦਾ ਆਹਲਾ ਅਧਿਕਾਰੀ ਰਹਿ ਚੁੱਕਾ ਹੈ, ਨੇ 'ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ' ਨਾਂ ਦੀ ਕਿਤਾਬ ਲਿਖ ਕੇ ਦੁਨੀਆਂ ਨੂੰ ਸੱਚ ਦੇ ਰੂ-ਬ-ਰੂ ਕਰਾਇਆ ਕਿ ਅਸੀਂ ਆਪਣੇ ਤੋਂ ਨਾਬਰ ਅਤੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਮੁਲਕਾਂ ਦੀਆਂ ਗੋਡਣੀਆਂ ਲਵਾਉਣ ਅਤੇ ਉਨ੍ਹਾਂ ਨੂੰ ਆਪਣੇ ਮਕੜ ਜਾਲ ਵਿਚ ਫਸਾਉਣ ਲਈ ਇਨ੍ਹਾਂ ਸਟੇਟਾਂ ਦੇ ਚੁਣੇ ਹੋਏ ਮੁਖੀਆਂ ਨੂੰ ਕਤਲ ਕਰਾਉਣ ਤੋਂ ਲੈ ਕੇ ਇਨ੍ਹਾਂ ਨੂੰ ਭਰਮਾਉਣ ਅਤੇ ਖ਼ਰੀਦਣ ਲਈ ਔਰਤਾਂ ਦੀ ਸਪਲਾਈ ਸਮੇਤ ਕਿਹੜੇ ਕਿਹੜੇ ਨੀਚ ਢੰਗ ਅਪਣਾਉਂਦੇ ਰਹੇ ਹਾਂ ਅਤੇ ਅੱਜ ਵੀ ਪੂਰੀ ਬੇਹਯਾਈ ਨਾਲ ਅਜਿਹਾ ਕਰ ਰਹੇ ਹਾਂ, ਤਾਂ ਅਮਰੀਕੀ ਸਟੇਟ ਮੁਖੀਆਂ ਕੋਲ ਉਸ ਦੇ ਦਾਅਵਿਆਂ ਬਾਰੇ ਦੜ ਵੱਟ ਲੈਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ। ਪਿੱਛੇ ਜਿਹੇ ਜਦੋਂ ਇਸੇ ਸਲਤਨਤ ਦੇ ਮੁੱਖ ਖੁਫ਼ੀਆ ਵਿੰਗ - ਨੈਸ਼ਨਲ ਸਕਿਊਰਿਟੀ ਏਜੰਸੀ - ਲਈ ਕੁਲ ਦੁਨੀਆਂ ਦੇ ਇੰਟਰਨੈੱਟ ਤੇ ਹੋਰ ਸੰਚਾਰ ਤਾਣੇ-ਬਾਣੇ ਦੀ ਜਾਸੂਸੀ ਕਰਨ ਵਾਲੇ ਟੈਕਨੋ ਮਾਹਿਰ ਐਡਵਰਡ ਸਨੋਡੈਨ ਨੇ ਇਸ ਏਜੰਸੀ ਵਲੋਂ ਕੁਲ ਆਲਮ ਦੇ ਮੁਲਕਾਂ ਅਤੇ ਉਨ੍ਹਾਂ ਦੇ ਨਾਗਰਿਕਾਂ ਦੀ ਨਿੱਜਤਾ 'ਚ ਸੰਨ੍ਹ ਲਾਉਣ ਦਾ ਸਭ ਤੋਂ ਅਹਿਮ ਖੁਲਾਸਾ ਕੀਤਾ ਤਾਂ ਅਮਰੀਕੀ ਹੁਕਮਰਾਨਾਂ ਕੋਲ ਉਸ ਉੱਪਰ ਦੇਸ਼ਧ੍ਰੋਹੀ ਹੋਣ ਦੀ ਚਿੱਕੜਉਛਾਲੀ ਕਰਨ ਤੋਂ ਸਿਵਾਏ ਕੋਈ ਜਵਾਬ ਨਹੀਂ ਸੀ ਪਰ ਦੁਨੀਆਂ ਲਈ ਇਹ ਖ਼ੁਲਾਸਾ ਅੱਖਾਂ ਖੋਲ੍ਹਣ ਵਾਲਾ ਸੀ। ਭਾਰਤ ਦੇ ਜ਼ਮੀਰਫਰੋਸ਼ ਹੁਕਮਰਾਨਾਂ ਨੂੰ ਛੱਡ ਕੇ ਸ਼ਾਇਦ ਹੀ ਕਿਸੇ ਹੋਰ ਹਕੂਮਤ ਨੇ ਇਸ ਨੂੰ ਮਾਮੂਲੀ ਗੱਲ ਕਹਿ ਕੇ ਟਾਲ ਦੇਣ ਦੀ ਬੇਹਯਾਈ ਕੀਤੀ ਹੋਵੇ।

ਭਾਰਤ ਵਿਚ ਪੀੜਤ ਅਵਾਮ ਅਤੇ ਇਨਸਾਫ਼ਪਸੰਦ ਜਥੇਬੰਦੀਆਂ ਲਗਾਤਾਰ ਆਵਾਜ਼ ਉਠਾ ਰਹੀਆਂ ਹਨ ਕਿ ਭਾਰਤੀ 'ਜਮਹੂਰੀਅਤ' ਦੱਬੇ-ਕੁਚਲੇ ਲੋਕਾਂ, ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਆਦਿ ਦੀ ਹੱਕ-ਜਤਾਈ ਨੂੰ ਕੁਚਲਣ ਲਈ ਬੇਗੁਨਾਹਾਂ ਨੂੰ ਥੋਕ ਪੱਧਰ 'ਤੇ ਫਰਜ਼ੀ ਮੁਕਾਬਲਿਆਂ ਰਾਹੀਂ ਬੇਰਹਿਮੀ ਨਾਲ ਕਤਲ ਕਰਵਾਉਂਦੀ ਹੈ। ਪੰਜਾਬ ਵਿਚ ਪਹਿਲਾਂ ਨਕਸਲੀ ਲਹਿਰ ਵੇਲੇ ਅਤੇ ਫਿਰ ਖ਼ਾਲਿਸਤਾਨ ਲਹਿਰ ਦੇ ਜ਼ੋਰ ਵਾਲੇ ਦਹਾਕੇ ਵਿਚ ਪੁਲਿਸ ਨੇ ਹੁਕਮਰਾਨਾਂ ਦੀ ਹਦਾਇਤ 'ਤੇ ਦਹਿ ਹਜ਼ਾਰਾਂ ਨੌਜਵਾਨਾਂ ਨੂੰ ਫੜ ਫੜ ਕੇ ਤਸੀਹੇ ਦੇ ਕੇ ਜਾਂ ਗੋਲੀਆਂ ਮਾਰ ਕੇ ਕਤਲ ਕੀਤਾ। ਜਦੋਂ ਮਨੁੱਖੀ ਅਧਿਕਾਰ ਜਥੇਬੰਦੀਆਂ ਸਵਾਲ ਉਠਾਉਂਦੀਆਂ ਹਨ ਤਾਂ ਅੱਗਿਉਂ ਸਾਡੇ ਮੁਲਕ ਦੀ ਪਾਪ ਕੀ ਜੰਞ ਦੇ ਰਾਜਸੀ ਮੁਹਰੈਲ ਇਹ ਜਵਾਬ ਦਿੰਦੇ ਰਹੇ ਹਨ ਕਿ ਸਰਕਾਰ ਮੁਲਕ ਦੀ ਏਕਤਾ-ਅਖੰਡਤਾ ਦੀ ਰਾਖੀ ਲਈ ਐਨੀ ਵੱਡੀ ਕੌਮੀ ਲੜਾਈ ਲੜ ਰਹੀ ਹੈ, ਮੁਕਾਬਲਿਆਂ 'ਚ ਦਹਿਸ਼ਤਗਰਦ ਹੀ ਮਰ ਰਹੇ ਹਨ। ਕੋਈ ਬੇਗੁਨਾਹ ਨਹੀਂ ਮਰਿਆ ਅਤੇ ਕੋਈ ਫਰਜ਼ੀ ਮੁਕਾਬਲਾ ਨਹੀਂ ਬਣਾਇਆ। ਜੇ ਜਸਵੰਤ ਸਿੰਘ ਖਾਲੜਾ ਨੇ ਸੱਚ ਸਾਹਮਣੇ ਲਿਆਉਣ ਦਾ ਯਤਨ ਕੀਤਾ ਤਾਂ ਉਸ ਨੂੰ ਵੀ ਮਾਰ ਕੇ ਖਪਾ ਦਿੱਤਾ। ਹੁਣ ਜਦੋਂ ਪੰਜਾਬ ਪੁਲਿਸ ਦੇ ਏ.ਐੱਸ.ਆਈ. ਸੁਰਜੀਤ ਸਿੰਘ ਨੇ 86 ਫਰਜ਼ੀ ਪੁਲਿਸ ਮੁਕਾਬਲਿਆਂ ਬਾਰੇ ਖੁਲਾਸਾ ਕੀਤਾ ਕਿ ਉਹ ਨਾ ਸਿਰਫ਼ ਇਨ੍ਹਾਂ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਰਿਹਾ ਹੈ ਸਗੋਂ ਉੱਪਰਲੇ ਪੁਲਿਸ ਅਧਿਕਾਰੀਆਂ ਦੇ ਇਸ਼ਾਰੇ 'ਤੇ ਹੱਥੀਂ ਫਰਜ਼ੀ ਮੁਕਾਬਲੇ ਬਣਾ ਕੇ ਬੇਗੁਨਾਹਾਂ ਨੂੰ ਮੌਤ ਦੇ ਹਵਾਲੇ ਕਰਦਾ ਰਿਹਾ ਹੈ, ਤਾਂ ਇਸ ਨਾਲ ਉਨ੍ਹਾਂ ਬੇਸ਼ੁਮਾਰ ਲੋਕਾਂ ਨੂੰ ਕੁਝ ਰਾਹਤ ਜ਼ਰੂਰ ਮਹਿਸੂਸ ਹੋਈ ਹੋਵੇਗੀ ਕਿ ਚਲੋ, ਕੋਈ ਤਾਂ ਕਿਸੇ ਬਹਾਨੇ ਸੱਚ ਉਗਲਣ ਲਈ ਸਾਹਮਣੇ ਆਇਆ; ਖ਼ਾਸ ਕਰ ਕੇ ਉਨ੍ਹਾਂ ਪਰਿਵਾਰਾਂ ਨੂੰ ਜਿਨ੍ਹਾਂ ਦੇ ਗੱਭਰੂ ਪੁੱਤ ਸਿਆਸੀ ਹਦਾਇਤਾਂ 'ਤੇ ਕੰਮ ਕਰੇ ਜ਼ਾਲਮ ਪੁਲਿਸ ਅਧਿਕਾਰੀਆਂ ਨੇ ਸ਼ਰੇਆਮ ਘਰਾਂ ਵਿਚੋਂ ਫੜ ਫੜ ਕੇ ਕਤਲ ਕਰ ਕੇ ਖਪਾ ਦਿੱਤੇ ਅਤੇ ਜੋ ਦੋ ਦਹਾਕਿਆਂ ਤੋਂ ਇਸ ਅੰਨ੍ਹੇ ਬੋਲੇ ਨਿਜ਼ਾਮ ਵਿਚ ਅਦਲ ਦੇ ਤੰਤਰ ਦੇ ਬੂਹਿਆਂ 'ਤੇ ਅਰਜ਼ਾਂ ਤੇ ਅਰਜ਼ੀਆਂ ਦੀ ਦਸਤਕ ਦਿੰਦਿਆਂ ਹਾਰ-ਹੰਭ ਚੁੱਕੇ ਸਨ।

ਹੁਣੇ ਹੁਣੇ ਇਕ 'ਘਰ ਦਾ ਭੇਤੀ' ਭਗਵਾਂ ਬ੍ਰਿਗੇਡ ਲਈ ਸਿਰਦਰਦੀ ਬਣ ਗਿਆ ਹੈ। ਗੁਜਰਾਤ ਵਿਚ ਘੱਟ ਗਿਣਤੀ ਮੁਸਲਿਮ ਭਾਈਚਾਰੇ ਦੇ ਖ਼ੂਨ ਦੇ ਤਿਹਾਏ ਪਾਪ ਦੇ 'ਵਣਜਾਰੇ' ਨੇ ਆਖ਼ਿਰ ਮੂੰਹ ਖੋਲ੍ਹਿਆ ਹੈ। ਜੇਲ੍ਹ ਵਿਚ ਬੰਦ ਆਹਲਾ ਪੁਲਿਸ ਅਧਿਕਾਰੀ ਡੀ.ਜੀ. ਵਣਜਾਰਾ ਨੇ ਦਸ ਸਫ਼ਿਆਂ ਦਾ ਲੰਮਾ ਖ਼ਤ ਜਾਰੀ ਕਰ ਕੇ ਜਿਥੇ ਨਰਿੰਦਰ ਮੋਦੀ ਦੀ ਮੁਲਕ ਦੇ ਅਗਲੇ ਪ੍ਰਧਾਨ ਮੰਤਰੀ ਦੀ ਦਾਅਵੇਦਾਰੀ ਦੇ ਰਾਹ ਵਿਚ ਹੋਰ ਕੰਡੇ ਬੀਜ ਦਿੱਤੇ ਹਨ, ਉਥੇ ਉਸ ਦੇ ਫਾਸ਼ੀਵਾਦੀ ਕਿਰਦਾਰ ਦੀ ਤਸਦੀਕ ਵੀ ਕਰ ਦਿੱਤੀ ਹੈ। ਮੋਦੀ ਦੀ ਸਿਆਸੀ ਪੁਸ਼ਤ-ਪਨਾਹੀ ਹੇਠ ਮਨਮਾਨੀਆਂ ਕਰਨ ਵਾਲੇ ਇਸ ਡੀ.ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀ ਨੂੰ ਰੰਜ ਹੈ ਕਿ ਮੋਦੀ ਹਕੂਮਤ ਉਸ ਦੀ ਅਫ਼ਸਰ ਮੰਡਲੀ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਥੋਕ ਰੂਪ 'ਚ ਵਰਤਦੀ ਰਹੀ ਤੇ ਉਹ ਵੀ ਉਸ ਨੂੰ 'ਰੱਬ' ਸਮਝ ਕੇ ਉਸ ਦਾ ਹੁਕਮ ਵਜਾਉਂਦੇ ਰਹੇ। ਹੁਣ ਜਦੋਂ ਦੇ ਉਹ ਜੇਲ੍ਹ ਵਿਚ ਬੰਦ ਹਨ, ਉਨ੍ਹਾਂ ਦੀ ਕੋਈ ਸਾਰ ਨਹੀਂ ਲਈ ਜਾ ਰਹੀ। ਵਣਜਾਰਾ ਅਨੁਸਾਰ ਇਹ 'ਗ਼ਦਾਰੀ ਦੀ ਸਭ ਤੋਂ ਬੇਰਹਿਮ ਅਤੇ ਸਭ ਤੋਂ ਸ਼ਰਮਨਾਕ ਕਾਰਵਾਈ ਹੈ।' ਉਸ ਨੇ ਸਾਫ਼ ਲਿਖਿਆ ਹੈ, "ਗੁਜਰਾਤ ਸੀ.ਆਈ.ਡੀ./ਸੀ.ਬੀ.ਆਈ. ਨੇ ਸਾਨੂੰ ਅਖੌਤੀ ਫਰਜ਼ੀ ਮੁਕਾਬਲੇ ਬਣਾਉਣ ਦਾ ਜ਼ਿੰਮੇਵਾਰ ਠਹਿਰਾ ਕੇ ਮੈਨੂੰ ਅਤੇ ਮੇਰੇ ਅਫ਼ਸਰਾਂ ਨੂੰ ਵੱਖੋ-ਵੱਖਰੇ ਮੁਕਾਬਲਿਆਂ ਦੇ ਮਾਮਲਿਆਂ 'ਚ ਗ੍ਰਿਫ਼ਤਾਰ ਕਰ ਲਿਆ ਸੀ। ਜੇ ਉਹ (ਦੋਸ਼) ਸੱਚ ਹਨ, ਤਾਂ ਉਨ੍ਹਾਂ ਚਾਰੇ ਮੁਕਾਬਲਿਆਂ ਦੀ ਤਫ਼ਤੀਸ਼ ਕਰਨ ਵਾਲੇ ਸੀ.ਬੀ.ਆਈ. ਅਧਿਕਾਰੀਆਂ ਨੂੰ ਨੀਤੀ ਘਾੜਿਆਂ (ਭਾਵ ਮੋਦੀ ਵਜ਼ਾਰਤ) ਨੂੰ ਵੀ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਤਾਂ 'ਫੀਲਡ ਅਧਿਕਾਰੀ ਹੋਣ ਦੇ ਨਾਤੇ ਇਸ ਹਕੂਮਤ ਦੀ ਸੁਚੇਤ ਨੀਤੀ ਦੀ ਤਾਮੀਲ ਕਰਨ ਵਾਲੇ ਹੀ ਹਾਂ ਜੋ ਸਾਨੂੰ ਇਨ੍ਹਾਂ ਕਾਰਵਾਈਆਂ ਲਈ ਬਹੁਤ ਨੇੜਿਉਂ ਪ੍ਰੇਰਨਾ ਤੇ ਅਗਵਾਈ ਦਿੰਦੇ ਰਹੇ ਹਨ ਅਤੇ ਸਾਡੇ ਵਲੋਂ ਕੀਤੇ ਜਾਂਦੇ ਕੰਮਾਂ ਦੀ ਨਿਗਰਾਨੀ ਕਰਦੇ ਸਨ।... ਮੇਰਾ ਇਹ ਪੱਕਾ ਵਿਚਾਰ ਹੈ ਕਿ ਇਸ ਹਕੂਮਤ ਦੀ ਥਾਂ ਗਾਂਧੀਨਗਰ ਵਿਚ ਹੋਣ ਦੀ ਬਜਾਏ ਜਾਂ ਤਾਂ ਨਵੀਂ ਮੁੰਬਈ ਦੀ ਤਲੋਜਾ ਕੇਂਦਰੀ ਜੇਲ੍ਹ ਵਿਚ ਹੋਣੀ ਚਾਹੀਦੀ ਹੈ ਜਾਂ ਅਹਿਮਦਾਬਾਦ ਦੀ ਸਾਬਰਮਤੀ ਕੇਂਦਰੀ ਜੇਲ੍ਹ ਵਿਚ।'

ਵਣਜਾਰਾ ਅਜੇ ਅੱਧਾ ਅਧੂਰਾ ਸੱਚ ਹੀ ਬੋਲ ਰਿਹਾ ਹੈ, ਕਿਉਂਕਿ ਮਾਮਲਾ ਮਹਿਜ਼ ਉਨ੍ਹਾਂ ਚਾਰ ਪੁਲਿਸ ਮੁਕਾਬਲਿਆਂ ਦਾ ਨਹੀਂ ਹੈ ਜਿਨ੍ਹਾਂ ਵਿਚ ਉਸ ਨੂੰ ਤੇ ਉਸ ਦੇ ਨਾਲ ਦੇ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਮਾਮਲਾ ਦਰ ਹਕੀਕਤ ਬੇਗੁਨਾਹ ਮੁਸਲਮਾਨਾਂ ਦੀ ਉਸ ਪੂਰੀ ਕਤਲੋਗ਼ਾਰਤ ਦਾ ਹੈ ਜਿਸ ਨੂੰ ਅੰਜਾਮ ਦੇਣ ਲਈ ਵਣਜਾਰੇ ਸਮੇਤ ਗੁਜਰਾਤ ਦਾ ਲਗਭਗ ਪੂਰਾ ਪੁਲਿਸ-ਪ੍ਰਸ਼ਾਸਨ ਮੋਦੀ ਦੇ ਫਾਸ਼ੀਵਾਦੀ ਏਜੰਡੇ ਲਈ ਕੰਮ ਕਰ ਰਿਹਾ ਸੀ। ਜਦੋਂ 2002 'ਚ ਪੁਲਿਸ ਦੀ ਮਦਦ ਨਾਲ ਹਿੰਦੂਤਵੀ ਫਾਸ਼ੀਵਾਦੀ ਗੁੰਡਿਆਂ ਵਲੋਂ ਨਾ ਸਿਰਫ਼ ਮੁਸਲਿਮ ਅਵਾਮ ਨੂੰ ਬੇਰਹਿਮੀ ਨਾਲ ਗਾਜਰਾਂ-ਮੂਲੀਆਂ ਵਾਂਗ ਵੱਢ-ਵੱਢ ਕੇ ਘਰ ਘਰ ਸੱਥਰ ਵਿਛਾ ਦਿੱਤੇ ਗਏ ਅਤੇ ਔਰਤਾਂ ਨਾਲ ਵਿਆਪਕ ਪੱਧਰ 'ਤੇ ਸਮੂਹਕ ਜਬਰ ਜਨਾਹ ਹੀ ਕੀਤੇ ਗਏ ਸਗੋਂ ਮੁਸਲਮਾਨ ਨੌਜਵਾਨਾਂ ਨੂੰ ਥਾਂ ਥਾਂ ਤੋਂ ਗ੍ਰਿਫ਼ਤਾਰ ਕਰਕੇ ਮੁਕਾਬਲਿਆਂ 'ਚ ਇਹ ਕਹਿ ਕੇ ਮਾਰਨ ਦਾ ਸਿਲਸਿਲਾ ਲੰਮਾ ਸਮਾਂ ਚਲਦਾ ਰਿਹਾ ਕਿ ਉਹ ਮੋਦੀ ਨੂੰ ਕਤਲ ਕਰਨ ਜਾਂ ਫਲਾਣੇ ਮੰਦਰ 'ਤੇ ਹਮਲਾ ਕਰਨ ਜਾ ਰਹੇ ਆਈ.ਐੱਸ.ਆਈ. ਦੇ ਭੇਜੇ ਦਹਿਸ਼ਤਗਰਦ ਸਨ। ਹੁਣ ਤਾਂ ਕਿਸੇ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਭਗਵਾਂ ਬ੍ਰਿਗੇਡ ਅਤੇ ਕਾਰਪੋਰੇਟ ਸਰਮਾਏਦਾਰੀ ਦਾ ਚਹੇਤਾ ਮੋਦੀ ਚੋਣਾਂ ਦੇ ਜਮਹੂਰੀ ਅਮਲ ਰਾਹੀਂ ਨਹੀਂ ਸਗੋਂ ਬੇਗੁਨਾਹ ਮੁਸਲਮਾਨਾਂ ਦੀਆਂ ਲੋਥਾਂ ਦੀ ਪੌੜੀ ਬਣਾ ਕੇ ਤਖ਼ਤ ਨਸ਼ੀਨ ਹੁੰਦਾ ਰਿਹਾ ਹੈ।

ਬਕੌਲ ਆਈ.ਪੀ.ਐੱਸ. ਅਧਿਕਾਰੀ ਅਭਿਨਵ ਕੁਮਾਰ ਜੋ ਇਸ ਸਮੇਂ ਨੌਕਰੀ 'ਚ ਹੈ, "1980ਵਿਆਂ ਵਿਚ ਮੁਕਾਬਲਿਆਂ ਦੇ ਇਸ ਸੱਭਿਆਚਾਰ ਨੂੰ ਮੌਜੂਦਾ ਰੂਪ 'ਚ ਪੁਲਿਸ ਲੀਡਰਸ਼ਿਪ ਨੇ ਨਕਾਰਾ ਹੋ ਚੁੱਕੀ ਕ੍ਰਿਮੀਨਲ ਨਿਆਂ ਪ੍ਰਣਾਲੀ ਦੇ ਪਿਛੋਕੜ 'ਚ ਖ਼ਾਸ ਤਰ੍ਹਾਂ ਦੇ ਜੁਗਾੜ ਮਾਰਕਾ ਹੱਲ ਵਜੋਂ ਪੇਸ਼ ਕੀਤਾ ਸੀ" ਜਿਸ ਨੂੰ "ਸਿਆਸੀ ਲੀਡਰਸ਼ਿਪ, ਮੀਡੀਆ ਅਤੇ ਮੱਧ ਵਰਗ ਨੇ ਸ਼ੁਕਰਾਨੇ ਭਰੇ ਉਤਸ਼ਾਹ ਨਾਲ ਗਲੇ ਲਗਾਇਆ।" ਇਸ ਸੱਚ ਦੇ ਮੱਦੇਨਜ਼ਰ ਫਿਰ ਸਿਰਫ਼ ਵਣਜਾਰਾ ਤੇ ਉਸ ਦੇ ਸੰਗੀ ਪੁਲਿਸ ਅਧਿਕਾਰੀ ਹੀ ਜੇਲ੍ਹ ਵਿਚ ਕਿਉਂ? 'ਸਿਆਸੀ ਲੀਡਰਸ਼ਿਪ' ਸੀਖਾਂ ਪਿੱਛੇ ਕਿਉਂ ਨਹੀਂ? ਵਣਜਾਰੇ ਦਾ ਗਿਲਾ ਨਾਜਾਇਜ਼ ਨਹੀਂ ਹੈ। ਸਾਡੇ ਅਵਾਮ ਨੂੰ ਉਸ ਵਲੋਂ ਗੁੱਸੇ 'ਚ ਆ ਕੇ ਕੀਤੇ ਪਰਦਾਫਾਸ਼ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਕਿੰਨਾ ਚੰਗਾ ਹੋਵੇ, ਜੇ ਹੋਰ ਥਾਈਂ ਵੀ ਐਸੇ ਹੋਰ 'ਘਰ ਦੇ ਭੇਤੀ' ਪਾਪ ਕੀ ਜੰਞ ਦਾ ਅਸਲ ਚਿਹਰਾ ਸਾਹਮਣੇ ਲਿਆਉਣ ਲਈ ਅੱਗੇ ਆਉਣ।

ਸਵਾਲ-ਸੰਵਾਦ

# ਸੀਰੀਆ ਵਿਚ ਅਲ-ਕਾਇਦਾ ਦੇ ਰਸਾਲੇ ਅਤੇ ਅਮਰੀਕੀ ਬੰਬਾਜ਼

ਅਮਰੀਕਾ ਇਸ ਵੇਲੇ ਸੀਰੀਆ ਉੱਤੇ ਹਮਲੇ ਲਈ ਵਿਉਂਤਬੰਦੀ ਕਰ ਰਿਹਾ ਹੈ। ਇੰਗਲੈਂਡ ਵਿਚ ਇਹ ਤਜਵੀਜ਼ ਹੁਕਮਰਾਨ ਪਾਰਟੀ ਦੇ ਆਗੂਆਂ ਦੀ ਰਾਏ ਦੇ ਉਲਟ ਨਾਮਨਜ਼ੂਰ ਹੋ ਗਈ ਹੈ। ਜਰਮਨ ਨੇ ਲੜਾਈ ਵਿਚ ਸ਼ਮੂਲੀਅਤ ਤੋਂ ਇਨਕਾਰ ਕਰ ਦਿੱਤਾ ਹੈ। ਫਰਾਂਸ ਹਮਲੇ ਲਈ ਤਿਆਰ ਹੈ। ਅਮਰੀਕਾ ਵਿਚ ਹਵਾਈ ਹਮਲਾ ਕਰਨ ਦੀ ਤਜਵੀਜ਼ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ। ਪੂਰੀ ਦੁਨੀਆਂ ਦੇ ਅਮਨਪਸੰਦ ਲੋਕ ਇਸ ਤਜਵੀਜ਼ ਦਾ ਵਿਰੋਧ ਕਰ ਰਹੇ ਹਨ। ਕੁਝ ਅਮਰੀਕੀ ਜਥੇਬੰਦੀਆਂ ਸੀਰੀਆ ਵਿਚ ਆਪਣੇ ਕਾਰਕੁਨ ਭੇਜਣ ਦੀ ਤਜਵੀਜ਼ ਬਣਾ ਰਹੀਆਂ ਹਨ ਤਾਂ ਜੋ ਇਨ੍ਹਾਂ ਰਾਹੀਂ ਅਮਰੀਕਾ ਉੱਤੇ ਹਮਲਾ ਨਾ ਕਰਨ ਲਈ ਦਬਾਅ ਪਾਇਆ ਜਾਵੇ। ਅਮਰੀਕਾ ਆਖ਼ਰ ਸੀਰੀਆ ਉੱਤੇ ਹਮਲਾ ਕਰਨ ਲਈ ਇੰਨਾ ਕਾਹਲਾ ਕਿਉਂ ਹੈ? ਫੌਰੀ ਦਲੀਲ ਤਾਂ ਇਹੋ ਦਿੱਤੀ ਜਾ ਰਹੀ ਹੈ ਕਿ ਸੀਰੀਆ ਦੀ ਸਰਕਾਰ ਨੇ ਬਾਗ਼ੀਆਂ ਖ਼ਿਲਾਫ਼ ਰਸਾਇਣਕ ਹਥਿਆਰਾਂ ਦੀ ਵਰਤੋਂ



**ਦਲਜੀਤ ਅਮੀ**
**ਫੋਨ: 91-97811-21873**

ਕੀਤੀ ਹੈ। ਇਨ੍ਹਾਂ ਰਸਾਇਣਕ ਹਥਿਆਰਾਂ ਦੀ ਵਰਤੋਂ ਨੂੰ ਰੋਕਣ ਲਈ ਸੀਰੀਆ ਦੇ ਮਿੱਥੇ ਟਿਕਾਣਿਆਂ ਉੱਤੇ ਹਮਲੇ ਕਰਨ ਦੀ ਲੋੜ ਅਮਰੀਕਾ ਨੂੰ ਆ ਪਈ ਹੈ। ਇਸ ਦਲੀਲ ਅੰਦਰ ਥੋਥ ਜਾਪਦੀ ਹੈ। ਰਸਾਇਣਕ ਹਥਿਆਰਾਂ ਦੀ ਵਰਤੋਂ ਰੋਕਣ ਲਈ ਹੋਰ ਭਿਆਨਕ ਹਥਿਆਰਾਂ ਦੀ ਵਰਤੋਂ ਕਰਨ ਨਾਲ ਨਤੀਜਾ ਕੀ ਨਿਕਲੇਗਾ? ਹਥਿਆਰਾਂ ਦੀ ਵਰਤੋਂ ਤਾਂ ਬੰਦੇ ਮਾਰਦੀ ਹੈ। ਉਹ ਰਸਾਇਣਕ ਹਥਿਆਰ ਨਾਲ ਵੀ ਮਰਦੇ ਹਨ ਅਤੇ ਬਾਰੂਦੀ ਬੰਬਾਂ ਨਾਲ ਵੀ। ਸੀਰੀਆ ਦਾ ਬੰਦੇ ਮਾਰਨਾ ਨਾਜਾਇਜ਼ ਅਤੇ ਅਮਰੀਕਾ ਦਾ ਬੰਦੇ ਮਾਰਨਾ ਜਾਇਜ਼ ਕਿਵੇਂ ਹੋਇਆ? ਇਹ ਸਵਾਲ ਵੱਖਰਾ ਹੈ ਕਿ ਰਸਾਇਣਕ ਹਥਿਆਰਾਂ ਦੀ ਵਰਤੋਂ ਸੀਰੀਆ ਸਰਕਾਰ ਨੇ ਕੀਤੀ ਹੈ ਜਾਂ ਬਾਗ਼ੀਆਂ ਨੇ। ਸੰਯੁਕਤ ਰਾਸ਼ਟਰ ਦੀ ਮੁੱਢਲੀ ਜਾਂਚ ਵਿਚ ਇਨ੍ਹਾਂ ਹਥਿਆਰਾਂ ਦੀ ਵਰਤੋਂ ਦਾ ਇਸ਼ਾਰਾ ਬਾਗ਼ੀਆਂ ਵੱਲ ਹੋਇਆ ਸੀ। ਇੰਗਲੈਂਡ ਕਬੂਲ ਵੀ ਕਰ ਚੁੱਕਿਆ ਹੈ ਕਿ ਇਨ੍ਹਾਂ ਹਥਿਆਰਾਂ ਨੂੰ ਬਣਾਉਣ ਲਈ ਲੋੜੀਂਦਾ ਰਸਾਇਣ ਉੱਥੋਂ ਬਰਾਮਦ ਕੀਤਾ ਗਿਆ ਹੈ।

ਸੀਰੀਆ ਦੇ ਮੌਜੂਦਾ ਮਸਲੇ ਬਾਬਤ ਗੱਲਬਾਤ ਕਰਨ ਲਈ ਕੁਝ ਤੱਥ ਜਾਣ ਲੈਣੇ ਜ਼ਰੂਰੀ ਹਨ। ਸੀਰੀਆ ਪੱਛਮੀ ਏਸ਼ੀਆ ਦਾ ਮੁਲਕ ਹੈ ਜਿਸ ਦੇ ਉੱਤਰ ਵਿਚ ਤੁਰਕੀ, ਪੂਰਬ ਵਿਚ ਇਰਾਕ, ਦੱਖਣ ਵਿਚ ਜੌਰਡਨ, ਦੱਖਣ-ਪੱਛਮ ਵਿਚ ਇਸਰਾਈਲ ਅਤੇ ਪੱਛਮ ਵਿਚ ਲਿਬਨਾਨ ਤੇ ਭੂ-ਮੱਧ ਸਾਗਰ ਹੈ। ਸੀਰੀਆ ਪਹਿਲੀ ਆਲਮੀ ਜੰਗ ਦੀ ਭੰਨ-ਤੋੜ ਦੇ ਨਤੀਜੇ ਵਜੋਂ ਫਰਾਂਸੀਸੀਆਂ ਦੀ ਵਿਉਂਤਬੰਦੀ ਨਾਲ ਹੋਂਦ ਵਿਚ ਆਇਆ। ਇਸ ਮੁਲਕ ਵਿਚ ਆਬਾਦੀ ਅਤੇ ਧਰਾਤਲ ਦੀ ਵੰਨ-ਸਵੰਨਤਾ ਹੈ। ਆਬਾਦੀ ਵਿਚ ਕੁਰਦ, ਤੁਰਕ, ਅਰਮੀਨੀਆਈ, ਅਸੀਰੀਆਈ, ਈਸਾਈ, ਡਰੂਜ਼, ਅਲਾਵਾਈਟ ਸ਼ੀਆ ਅਤੇ ਅਰਬੀ ਸੁੰਨੀ ਹਨ। ਧਰਾਤਲ ਵਿਚ ਉਪਜਾਊ ਪੱਧਰ ਜ਼ਮੀਨ ਦੇ ਨਾਲ-ਨਾਲ ਉੱਚੇ ਪਹਾੜ ਅਤੇ ਰੇਗਿਸਤਾਨ ਹੈ। ਸੀਰੀਆ ਅਪਰੈਲ 1946 ਵਿਚ ਫਰਾਂਸੀਸੀ ਬਸਤਾਨ ਤੋਂ ਆਜ਼ਾਦ ਹੋਇਆ। ਇਸ ਤੋਂ ਬਾਅਦ ਸੀਰੀਆ ਦਾ ਇਤਿਹਾਸ ਫ਼ੌਜੀ ਰਾਜ ਪਲਟਿਆਂ ਦੀ ਤਵਾਰੀਖ਼ ਹੈ। ਸੰਨ 1970 ਤੋਂ ਬਾਅਦ ਅਸਦ ਖ਼ਾਨਦਾਨ ਦਾ ਰਾਜ ਹੈ। ਇਸ ਦੌਰਾਨ 2000 ਤੱਕ ਹਾਫ਼ਿਜ਼ ਅਲ-ਅਸਦ ਦਾ ਰਾਜ ਰਿਹਾ ਅਤੇ ਉਸ ਤੋਂ ਬਾਅਦ ਹੁਣ ਤੱਕ ਉਸ ਦੇ ਮੁੰਡੇ ਬਸ਼ਰ ਅਲ-ਅਸਦ ਦਾ ਰਾਜ ਹੈ। ਸਿਆਸੀ ਪਾਰਟੀ ਵਜੋਂ ਇਹ ਬਾਥਿਸਟ ਪਾਰਟੀ ਦਾ ਰਾਜ ਹੈ। ਬਾਥ ਪਾਰਟੀ ਦਾ ਅਰਬੀ ਵਿਚ ਪੂਰਾ ਨਾਮ ਹਿਜ਼ਬ ਅਲ-ਬਾਥ ਅਲ-ਅਰਾਬੀ ਅਲ-ਇਸ਼ਤਰਾਕੀ ਹੈ ਜਿਸ ਦਾ ਅੰਗਰੇਜ਼ੀ ਨਾਮ ਅਰਬ ਸੋਸ਼ਲਿਸਟ ਪਾਰਟੀ ਹੈ। ਦੂਜੀ ਆਲਮੀ ਜੰਗ ਤੋਂ ਬਾਅਦ ਇਹ ਅਰਬੀ ਏਕੇ, ਆਜ਼ਾਦੀ ਅਤੇ ਸਮਾਜਵਾਦ ਦੇ ਟੀਚੇ ਤਹਿਤ ਸੋਵੀਅਤ ਯੂਨੀਅਨ ਦੀ ਹਮਾਇਤ ਨਾਲ ਬਣੀ ਪਾਰਟੀ ਸੀ ਜਿਸ ਦਾ ਅਸਰ ਇਰਾਕ, ਮਿਸਰ ਅਤੇ ਸੀਰੀਆ ਵਿਚ ਸਭ ਤੋਂ ਜ਼ਿਆਦਾ ਸੀ। ਇਸ ਪਾਰਟੀ ਦੇ ਅਸਰ ਕਾਰਨ ਸੀਰੀਆ ਅਤੇ ਮਿਸਰ ਨੇ 1954 ਵਿਚ ਯੂਨਾਈਟਿਡ ਅਰਬ ਰਿਪਬਲਿਕ ਵਜੋਂ ਏਕਾ ਕਰ ਲਿਆ ਸੀ ਪਰ 1961 ਵਿਚ ਦੁਬਾਰਾ ਇਹ ਵੱਖਰੇ ਮੁਲਕ ਬਣ ਗਏ। ਇਹ ਸਾਰੇ ਤੱਤ ਮਿਲ ਕੇ ਸੀਰੀਆ ਨੂੰ ਉਸ ਖਿੱਤੇ ਦੀ ਸਿਆਸਤ ਦਾ ਅਹਿਮ ਅਖਾੜਾ ਬਣਾਉਂਦੇ ਹਨ ਜਿਸ ਵਿਚ ਕਈ ਧਿਰਾਂ ਦੀ ਦਿਲਚਸਪੀ ਹੈ।

ਕਦੇ ਇਰਾਕ ਦਾ ਕਰੀਬੀ ਰਿਹਾ ਸੀਰੀਆ ਇਸ ਵੇਲੇ ਇਰਾਨ ਅਤੇ ਰੂਸ ਦਾ ਕਰੀਬੀ ਹੈ। ਕਦੇ ਅਰਬੀ ਏਕੇ ਦਾ ਝੰਡਾ-ਬਰਦਾਰ ਸਮਝੇ ਜਾਂਦੇ ਸੀਰੀਆ ਨੂੰ ਇਸ ਵੇਲੇ ਅਰਬ ਲੀਗ ਨੇ ਛੇਕਿਆ ਹੋਇਆ ਹੈ। ਉੱਤਰੀ ਅਮਰੀਕੀ ਅਤੇ ਏਸ਼ੀਆ ਦੇ ਉਸ ਅਰਬੀ ਖਿੱਤੇ ਦੀਆਂ ਬਗ਼ਾਵਤਾਂ ਦਾ ਅਸਰ ਸੀਰੀਆ ਉੱਤੇ ਵੀ ਪਿਆ ਹੈ ਅਤੇ ਮਾਰਚ 2011 ਤੋਂ ਖ਼ਾਨਾਜੰਗੀ ਚੱਲ ਰਹੀ ਹੈ। ਮਾਰਚ 2012 ਵਿਚ ਬਾਗ਼ੀ ਧੜਿਆਂ ਨੇ ਮਿਲ ਕੇ ਬਦਲਵੀਂ ਸਰਕਾਰ (ਸੀਰੀਅਨ ਨੈਸ਼ਨਲ ਕੁਲੀਸ਼ਨ) ਦਾ ਐਲਾਨ ਕੀਤਾ ਹੋਇਆ ਹੈ ਜਿਸ ਨੂੰ ਅਮਰੀਕਾ, ਇੰਗਲੈਂਡ ਅਤੇ ਫਰਾਂਸ ਨੇ ਆਵਾਮ ਦੀ ਨੁਮਾਇੰਦਾ ਸਰਕਾਰ ਵਜੋਂ ਮਾਨਤਾ ਦਿੱਤੀ ਹੋਈ ਹੈ। ਅਰਬ ਲੀਗ ਇਸ ਵੇਲੇ ਸੀਰੀਆ ਦੀ ਬਸ਼ਰ ਅਲ-ਅਸਦ ਸਰਕਾਰ ਦੀ ਥਾਂ ਸੀਰੀਅਨ ਨੈਸ਼ਨਲ ਕੁਲੀਸ਼ਨ ਨੂੰ ਸੱਦਾ ਦੇ ਚੁੱਕੀ ਹੈ। ਇਸ ਖ਼ਿੱਤੇ ਵਿਚ ਅਮਰੀਕੀ-ਇਸਰਾਈਲੀ ਸਾਮਰਾਜ ਦੇ ਹਿੱਤ ਸਾਂਝੇ ਹਨ। ਦਿਲਚਸਪ ਤੱਥ ਇਹ ਹੈ ਕਿ ਇਸਰਾਈਲ ਨਾਲ ਰਵਾਇਤੀ ਦੁਸ਼ਮਣੀ ਭੁਲਾ ਕੇ ਅਰਬ ਲੀਗ ਇਸ ਵੇਲੇ ਸੀਰੀਆ ਦੇ ਖ਼ਿਲਾਫ਼ ਹੈ। ਦੂਜੇ ਪਾਸੇ ਸੀਰੀਆ ਦੇ ਬਾਗ਼ੀਆਂ ਵਿਚ ਅਲ-ਕਾਇਦਾ (ਨੁਸਰਾ-ਫਰੰਟ) ਸ਼ਾਮਿਲ ਹੈ ਜਿਸ ਦੀ ਹਮਾਇਤ ਅਮਰੀਕਾ ਕਰ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਉਸ ਖ਼ਿੱਤੇ ਵਿਚ ਇਰਾਨ ਅਤੇ ਸੀਰੀਆ ਹੀ ਅਮਰੀਕੀ ਗ਼ਲਬੇ ਉੱਤੇ ਸਵਾਲ ਕਰਦੇ ਹਨ। ਇਸ ਤੰਦ ਦੀ ਤਫ਼ਸੀਲ 'ਇੰਡੀਪੈਂਡੈਂਟ' ਅਖ਼ਬਾਰ ਦਾ ਪੱਤਰਕਾਰ ਰੌਬਰਟ ਫਿਸਕ ਲਿਖਦਾ ਹੈ, "ਜੇ ਹੋਇਆ ਤਾਂ ਇਹ ਆਧੁਨਿਕ ਮਨੁੱਖੀ ਇਤਿਹਾਸ ਦਾ ਸਭ ਤੋਂ ਮੂਰਖ਼ਾਨਾ ਪੱਛਮੀ ਹਮਲਾ ਹੋਵੇਗਾ ... ਮਨੁੱਖੀ ਇਤਿਹਾਸ ਦੇ ਸਭ ਤੋਂ ਪੁਰਾਣੇ ਸੀਰੀਆਈ ਸ਼ਹਿਰਾਂ ਉੱਤੇ ਸੁੱਟੀਆਂ ਜਾਣ ਵਾਲੀਆਂ ਕਰੂਜ਼ ਮਿਜ਼ਾਇਲਾਂ ਦਾ ਸੀਰੀਆ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਇਰਾਨ ਦਾ ਨੁਕਸਾਨ ਕਰਨ ਲਈ ਸੁੱਟੀਆਂ ਜਾਣਗੀਆਂ। ਇਹ ਇਸਲਾਮਕ ਰਿਪਬਲਿਕ ਖ਼ਿਲਾਫ਼ ਹਮਲਾ ਹੋਵੇਗਾ ਜੋ ਹੁਣ ਖਰਦਿਮਾਗ਼ ਮੁਹੰਮਦ ਅਹਿਮਦੀਨਿਜਾਦ ਦੇ ਮੁਕਾਬਲੇ ਨਵੇਂ ਅਤੇ ਊਰਜਾਵਾਨ ਰਾਸ਼ਟਰਪਤੀ ਦੀ ਅਗਵਾਈ ਵਿਚ ਪਹਿਲਾਂ ਤੋਂ ਵਧੇਰੇ ਸਥਿਰ ਹੈ। ਇਰਾਨ ਦਰਅਸਲ ਇਸਰਾਈਲ ਦਾ ਦੁਸ਼ਮਣ ਹੈ। ਇਸ ਤੋਂ ਬਾਅਦ ਉਹ ਸਹਿਜ ਸੁਭਾਅ ਅਮਰੀਕਾ ਦਾ ਦੁਸ਼ਮਣ ਬਣ ਜਾਂਦਾ ਹੈ। ਇਸ ਕਰ ਕੇ ਇਰਾਨ ਦੇ ਇਕਲੌਤੇ ਅਰਬੀ ਸਾਥੀ ਉੱਤੇ ਮਿਜ਼ਾਇਲਾਂ ਸੁੱਟੀਆਂ ਜਾਣ।" ਅਹਿਮਦੀਨਿਜਾਦ ਦੇ ਨਾਮ ਨਾਲ ਲੱਗਿਆ ਵਿਸ਼ੇਸ਼ਣ ਰੌਬਰਟ ਫਿਸਕ ਦੀ ਗੋਰਿਆਂ ਦੀ ਦੂਜਿਆਂ ਬਾਰੇ ਸਮਝ ਉਭਾਰਦਾ ਹੈ ਪਰ ਉਸ ਦੀ ਦਲੀਲ ਵਿਚੋਂ ਮੌਜੂਦਾ ਹਾਲਾਤ ਨੂੰ ਸਮਝਣਾ ਸੁਖਾਲਾ ਹੈ। ਇਹੋ ਮਾਹੌਲ ਮੁਹੰਮਦ ਅਹਿਮਦੀਨਿਜਾਦ ਵੇਲੇ ਇਰਾਨ ਖ਼ਿਲਾਫ਼ ਉਸਾਰਿਆ ਗਿਆ ਸੀ ਪਰ ਉਸ ਤੋਂ ਬਾਅਦ ਦਲੀਲ ਕਮਜ਼ੋਰ ਪੈ ਗਈ। ਦਲੀਲ ਕਮਜ਼ੋਰ ਪੈਣ ਨਾਲ ਅਮਰੀਕੀ-ਇਸਰਾਈਲ ਨੂੰ ਆਪਣੇ ਟੀਚੇ ਤਾਂ ਨਹੀਂ ਭੁੱਲੇ।

ਅਮਰੀਕੀ ਇਤਿਹਾਸ ਆਦਮਖ਼ੋਰ ਮੁਹਿੰਮਾਂ ਨਾਲ ਭਰਿਆ ਪਿਆ ਹੈ। ਹੀਰੋਸ਼ੀਮਾ-ਨਾਗਾਸਾਕੀ ਉੱਤੇ ਪਰਮਾਣੂ ਹਮਲੇ ਅਤੇ ਵੀਅਤਨਾਮ ਦੀ ਜੰਗ ਵਿਚ ਰਸਾਇਣਕ ਬੰਬਾਂ ਦੀ ਵਰਤੋਂ ਕਿਸੇ ਤੋਂ ਲੁਕੀ ਨਹੀਂ। ਇਸੇ ਅਮਰੀਕਾ ਦੇ ਗੈਸ ਬੰਬ ਸੱਦਾਮ ਹੁਸੈਨ ਨੇ 1988 ਵਿਚ ਕੁਰਦ ਬਾਗ਼ੀਆਂ ਖ਼ਿਲਾਫ਼ ਵਰਤੇ ਸਨ। ਇਨ੍ਹਾਂ ਹੀ ਹਥਿਆਰਾਂ ਦੇ ਨਾਮ ਉੱਤੇ 2003 ਵਿਚ ਹਮਲਾ ਕੀਤਾ ਗਿਆ ਜੋ ਉਸ ਵੇਲੇ ਇਰਾਕ ਕੋਲ ਨਹੀਂ ਸਨ। ਰੌਬਰਟ ਫਿਸਕ ਮੁਤਾਬਕ ਉਸ ਵੇਲੇ ਰਸਾਇਣਕ ਹਥਿਆਰਾਂ ਦੀ ਵਰਤੋਂ ਦਾ ਇਲਜ਼ਾਮ ਸੀ.ਆਈ.ਏ. ਨੇ ਇਰਾਨ ਉੱਤੇ ਲਗਾਇਆ ਸੀ। ਇਸ ਤੋਂ ਪਹਿਲਾਂ ਇਸਰਾਈਲ ਨੇ ਲਿਬਨਾਨ ਵਿਚ 17,000 ਸ਼ਹਿਰੀਆਂ ਨੂੰ ਮਾਰਿਆ। ਹਾਫ਼ਿਜ਼ ਅਲ-ਅਸਦ (ਬਸ਼ਰ ਅਲ-ਅਸਦ ਦਾ ਬਾਪ) ਨੇ ਮੁਸਲਿਮ ਬ੍ਰਦਰਹੁੱਡ (ਅਲ-ਅਖ਼ਬਾਨ) ਦੇ ਹਜ਼ਾਰਾਂ ਕਾਰਕੁਨਾਂ ਨੂੰ ਹਾਮਾ ਇਲਾਕੇ ਵਿਚ ਮਾਰਿਆ। ਇਰਾਨ-ਇਰਾਕ ਜੰਗ (1980-88) ਦੌਰਾਨ ਸੱਦਾਮ ਹੁਸੈਨ ਨੇ ਗੈਸ ਬੰਬਾਂ ਦੀ ਵਰਤੋਂ ਕੀਤੀ ਪਰ ਉਸ ਵੇਲੇ ਉਹ ਅਮਰੀਕਾ ਪੱਖੀ ਸੀ। ਰੌਬਰਟ ਫਿਸਕ ਕਬੂਲ ਕਰਦਾ ਹੈ ਕਿ ਸਬੂਤ ਪੇਸ਼ ਕੀਤੇ ਜਾਣ ਦੇ ਬਾਵਜੂਦ ਪੱਛਮੀ ਪੱਤਰਕਾਰਾਂ ਨੇ ਇਨ੍ਹਾਂ ਹਮਲਿਆਂ ਨੂੰ 'ਅਖਾਉਤੀ' ਲਿਖਿਆ ਸੀ। ਜਦੋਂ ਕੁਵੈਤ ਉੱਤੇ ਹਮਲੇ ਤੋਂ ਬਾਅਦ ਅਮਰੀਕਾ ਨੇ ਨਾਟੋ ਦੇ ਝੰਡੇ ਥੱਲੇ ਇਰਾਕ ਉੱਤੇ ਹਮਲਾ ਕੀਤਾ ਤਾਂ ਇਸੇ ਸੀਰੀਆ ਵਿਚੋਂ ਕਰੂਜ਼ ਮਿਜ਼ਾਇਲਾਂ ਦਾਗ਼ੀਆਂ ਗਈਆਂ ਸਨ। ਲਿਬਨਾਨ ਜੰਗ ਵਿਚ ਅਮਰੀਕਾ, ਇਸਰਾਈਲ ਅਤੇ ਸੀਰੀਆ ਦਾ ਟਾਕਰਾ ਸਭ ਧਿਰਾਂ ਲਈ ਨਾਖ਼ੁਸ਼ਗਵਾਰ ਰਿਹਾ ਸੀ।

ਇਸ ਵੇਲੇ ਅਮਰੀਕੀ ਦਲੀਲ ਸੀਰੀਆ ਦੀ ਬਸ਼ਰ ਅਲ-ਅਸਦ ਸਰਕਾਰ ਵੱਲੋਂ ਵਰਤੇ ਗਏ ਰਸਇਣਕ ਹਥਿਆਰਾਂ ਤੋਂ ਮੁੜ ਵਰਤੋਂ ਰੋਕਣ ਦੇ ਮਕਸਦ ਨਾਲ ਜੋੜੀ ਜਾ ਰਹੀ ਹੈ। ਦੋ ਤੱਥਾਂ ਦੀ ਇਸ ਮਾਮਲੇ ਵਿਚ ਬਹੁਤ ਅਹਿਮੀਅਤ ਹੈ। ਇਸ ਵੇਲੇ ਲਿਬਨਾਨ ਵਿਚ ਸਰਗਰਮ ਹਿਜ਼ਬੁੱਲਾ ਨੂੰ ਇਰਾਨ ਦੀ ਹਮਾਇਤ ਹੈ ਅਤੇ ਹਿਜ਼ਬੁੱਲਾ ਸੀਰੀਆ ਵਿਚ ਬਾਗ਼ੀਆਂ ਖ਼ਿਲਾਫ਼ ਲੜ ਰਿਹਾ ਹੈ। ਹਿਜ਼ਬੁੱਲਾ ਦੇ ਤਿੰਨ ਲੜਾਕੇ ਰਸਾਇਣਕ ਹਮਲੇ ਦਾ ਸ਼ਿਕਾਰ ਹੋਏ ਹਨ ਅਤੇ ਇਸ ਵੇਲੇ ਲਿਬਨਾਨ ਦੇ ਸ਼ਹਿਰ ਬੈਰੂਤ ਵਿਚ ਜ਼ੇਰੇ-ਇਲਾਜ ਹਨ। ਇਨ੍ਹਾਂ ਦੀ ਖ਼ਬਰ ਉੱਤਰੀ ਅਮਰੀਕੀ ਅਤੇ ਯੂਰਪੀ ਮੀਡੀਆ ਦਾ ਹਿੱਸਾ ਨਹੀਂ ਬਣੀ। ਇਹ ਮੀਡੀਆ ਦੀ ਪੁਰਾਣੀ ਸਾਮਰਾਜ ਪੱਖੀ ਰਵਾਇਤ ਦਾ ਸਮਕਾਲੀ ਰੂਪ ਤਾਂ




ਨਹੀਂ ਜਿਸ ਦਾ ਪਛਤਾਵਾਂ ਰੌਬਰਟ ਫਿਸਕ ਕਰ ਰਿਹਾ ਹੈ? ਸੰਯੁਕਤ ਰਾਸ਼ਟਰ ਨੇ ਸੀਰੀਆ ਲਈ ਕੌਮਾਂਤਰੀ ਜਾਂਚ ਕਮਿਸ਼ਨ ਬਣਾਇਆ ਹੋਇਆ ਹੈ। ਇਸ ਦੀ ਟੀਮ ਨੇ ਮਈ (2013) ਵਿਚ ਸਾਫ਼ ਕੀਤਾ ਸੀ ਕਿ ਮੁੱਢਲੀ ਜਾਂਚ ਤੋਂ ਬਾਅਦ ਰਸਾਇਣਕ ਹਥਿਆਰਾਂ ਦੀ ਵਰਤੋਂ ਦਾ ਸ਼ੱਕ ਬਾਗ਼ੀਆਂ ਉੱਤੇ ਜਾਂਦਾ ਹੈ। ਇਸ ਕਮਿਸ਼ਨ ਦੀ ਮੈਂਬਰ ਕਾਰਲਾ ਡੈਲ ਪੌਂਟੀ ਨੇ ਸਵਿੱਸ ਟੈਲੀਵਿਜ਼ਨ ਨਾਲ ਮੁਲਾਕਾਤ ਵਿਚ ਕਿਹਾ ਸੀ ਕਿ ਬਾਗ਼ੀਆਂ ਉੱਤੇ ਰਸਾਇਣਕ ਹਥਿਆਰਾਂ ਦੀ ਵਰਤੋਂ ਦੇ ਸ਼ੱਕ ਦੀ ਠੋਸ ਬੁਨਿਆਦ ਬਣਦੀ ਹੈ ਪਰ ਇਸ ਨੂੰ ਹਾਲੇ ਸਬੂਤ ਵਿਚ ਤਬਦੀਲ ਕਰਨ ਲਈ ਹੋਰ ਜਾਂਚ ਕਰਨ ਦੀ ਲੋੜ ਹੈ।

ਅਮਰੀਕਾ ਨੇ ਹੁਣ ਤੱਕ ਅਤਿਵਾਦ ਖ਼ਿਲਾਫ਼ ਜੰਗ ਦੀਆਂ ਸਾਰੀਆਂ ਮੁਹਿੰਮਾਂ ਲਈ ਸੁਰੱਖਿਆ ਅਤੇ ਜਮਹੂਰੀਅਤ ਦੀ ਰਾਖੀ ਨੂੰ ਮੋਹਰਾ ਬਣਾਇਆ ਹੈ। ਇਨ੍ਹਾਂ ਮੁਹਿੰਮਾਂ ਵਿਚ ਉਸ ਨੇ ਅਲ-ਕਾਇਦਾ ਦੇ ਆਗੂਆਂ ਦੀ ਭਾਲ ਵਿਚ ਸਭ ਤੋਂ ਵੱਡੀਆਂ ਖ਼ੁਫ਼ੀਆ ਕਾਰਵਾਈਆਂ ਕੀਤੀਆਂ ਹਨ। ਦੂਜੇ ਮੁਲਕਾਂ ਦੀਆਂ ਸਰਹੱਦਾਂ ਅਤੇ ਸਫ਼ਾਰਤੀ ਸਲੀਕੇ ਦੀ ਪ੍ਰਵਾਹ ਕੀਤੇ ਬਿਨਾਂ ਡਰੋਨ ਹਮਲੇ ਕੀਤੇ ਹਨ, ਮਿਜ਼ਾਇਲ ਹਮਲੇ ਕੀਤੇ ਹਨ ਅਤੇ ਫ਼ੌਜੀਆਂ ਨੇ ਰਾਤ-ਬਰਾਤੇ ਸੈਂਕੜੇ ਮੀਲ ਅੰਦਰ ਜਾ ਕੇ ਹਥਿਆਰਬੰਦ ਕਾਰਵਾਈਆਂ ਕੀਤੀਆਂ ਹਨ। ਅਲ-ਕਾਇਦਾ ਦੀ ਭਾਲ ਵਿਚ ਅਫ਼ਗ਼ਾਨਿਸਤਾਨ, ਇਰਾਕ ਅਤੇ ਪਾਕਿਸਤਾਨ ਦੇ ਸਰਹੱਦੀ ਇਲਾਕਿਆਂ ਵਿਚ ਬਰੂਦ ਦਾ ਮੀਂਹ ਵਰਸਾਉਣ ਵਾਲਾ ਅਮਰੀਕਾ ਹੁਣ ਅਲ-ਕਾਇਦਾ (ਨੁਸਰਾ-ਫਰੰਟ) ਨਾਲ ਮਿਲ ਕੇ ਸੀਰੀਆ ਉੱਤੇ ਹਮਲਾ ਕਰ ਰਿਹਾ ਹੈ। ਅਮਰੀਕਾ ਦਾ ਦਾਅਵਾ ਹੈ ਕਿ ਸੀਰੀਆ ਦੀ ਧਰਤੀ ਉੱਤੇ ਅਮਰੀਕੀ ਫ਼ੌਜੀ ਪੈਰ ਨਹੀਂ ਧਰਨਗੇ। ਮਤਲਬ ਸਾਫ਼ ਹੈ ਕਿ ਨੁਸਰਾ-ਫਰੰਟ ਦੀ ਨਿਸ਼ਾਨਦੇਹੀ ਉੱਤੇ ਅਮਰੀਕਾ ਬੰਬਾਰੀ ਕਰੇਗਾ। ਅਲ-ਅਖ਼ਬਾਨ ਹੁਣ ਅਮਰੀਕਾ ਨੂੰ ਦੱਸੇਗਾ ਕਿ ਸੀਰੀਆ ਵਿਚ ਕਿੱਥੇ ਬੰਬ ਸੁੱਟਣੇ ਹਨ। ਮਿਸਰ ਵਿਚ ਚੋਣਾਂ ਜਿੱਤ ਕੇ ਸਰਕਾਰ ਬਣਵਾਉਣ ਵਾਲੇ ਅਲ-ਅਖ਼ਬਾਨ ਨੂੰ ਫ਼ੌਜੀ ਇਮਦਾਦ ਨਾਲ ਹਟਾ ਦਿੱਤੇ ਜਾਣਾ ਅਮਰੀਕਾ ਨੂੰ ਪ੍ਰੇਸ਼ਾਨ ਨਹੀਂ ਕਰਦਾ ਕਿਉਂਕਿ ਉਸ ਨੂੰ ਦੂਜੀ ਧਿਰ ਦੀ ਸਰਕਾਰ ਚਾਹੀਦੀ ਹੈ। ਮਿਸਰ ਵਿਚ ਅਲ-ਅਖ਼ਬਾਨ ਨੂੰ ਇਸਲਾਮੀ ਕੱਟੜਪੰਥੀ ਕਰਾਰ ਦੇਣ ਵਾਲਾ ਅਮਰੀਕਾ ਉਨ੍ਹਾਂ ਨਾਲ ਮਿਲ ਕੇ ਸੀਰੀਆ ਉੱਤੇ ਚੜ੍ਹਾਈ ਕਰ ਰਿਹਾ ਹੈ। ਇਹ ਗੱਠਜੋੜ ਓਬਾਮਾ, ਕੈਮਰੂਨ, ਫਰੈਂਕੋਅਸ ਅਲਾਂਦੇ, ਨੁਸਰਾ-ਫਰੰਟ ਅਤੇ ਦੁਨੀਆਂ ਦੇ ਹੋਰ ਛੋਟੇ-ਵੱਡੇ ਸਰਕਾਰੀ ਜਾਂ ਗ਼ੈਰ-ਸਰਕਾਰੀ ਜੰਗਬਾਜ਼ਾਂ ਦੀ ਬਹੁਤ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

ਅਮਰੀਕੀ ਜਾਣਕਾਰੀ ਜਾਂ ਦਲੀਲ ਖ਼ੁਫ਼ੀਆ ਮਹਿਕਮੇ ਦੇ ਮੁਲਾਜ਼ਮਾਂ ਉੱਤੇ ਟਿਕੀ ਹੋਈ ਹੈ। ਇਹੋ 'ਭਰੋਸੇਯੋਗ' ਸੂਤਰਾਂ ਦੇ ਹਵਾਲੇ ਨਾਲ ਇਰਾਕ ਦੇ ਭਿਆਨਕ ਤਬਾਹੀ ਕਰਨ ਵਾਲੇ ਹਥਿਆਰਾਂ ਦੇ ਜ਼ਖ਼ੀਰਿਆਂ ਦੀ ਜਾਣਕਾਰੀ ਦਿੰਦੇ ਸਨ। ਉਹ ਹਥਿਆਰਾਂ ਦੇ ਜ਼ਖੀਰੇ ਕਦੇ ਨਹੀਂ ਮਿਲੇ ਪਰ ਉਸ ਦਲੀਲ ਦੇ ਹਵਾਲੇ ਨਾਲ ਇਰਾਕ ਵਿਚ ਅਮਰੀਕੀਆਂ ਦੀ ਅਗਵਾਈ ਵਿਚ ਨਾਟੋ ਫ਼ੌਜਾਂ ਨੇ ਭਿਆਨਕ ਤਬਾਹੀ ਮਚਾ ਦਿੱਤੀ ਹੈ। ਹਮਲੇ ਦੇ ਕਾਰਨਾਂ ਬਾਰੇ ਰੌਬਰਟ ਫਿਸਕ ਲਿਖਦਾ ਹੈ, "ਮੈਨੂੰ ਲੱਗਦਾ ਹੈ ਕਿ ਮੈਂ ਇਸ ਦਾ ਕਾਰਨ ਜਾਣਦਾ ਹਾਂ। ਮੈਨੂੰ ਜਾਪਦਾ ਹੈ ਕਿ ਬਸ਼ਰ ਅਲ-ਅਸਦ ਦੀ ਬੇਕਿਰਕ ਫ਼ੌਜ ਬਾਗ਼ੀਆਂ ਉੱਤੇ ਜਿੱਤ ਹਾਸਲ ਕਰ ਰਹੀ ਹੈ ਜਿਨ੍ਹਾਂ ਨੂੰ ਅਸੀਂ ਚੋਰੀ-ਛਿਪੇ ਹਥਿਆਰ ਦਿੰਦੇ ਹਾਂ। ਇਰਾਨ ਦੀ ਸਰਪ੍ਰਸਤੀ ਵਾਲੇ ਲਿਬਨਾਨੀ ਹਿਜ਼ਬੁੱਲਾ ਦੀ ਮਦਦ ਨਾਲ ਦਮਸ਼ਕ ਦੇ ਨਿਜ਼ਾਮ ਨੇ ਕਿਉਸੇਅਰ ਵਿਚ ਬਾਗ਼ੀਆਂ ਦਾ ਲੱਕ ਤੋੜ ਦਿੱਤਾ ਹੈ ਅਤੇ ਇਹੋ ਕੁਝ ਹੋਮਸ ਦੇ ਉੱਤਰ ਵੱਲ ਹੋਣ ਵਾਲਾ ਹੈ। ਇਰਾਨ ਇਸ ਵੇਲੇ ਸੀਰੀਆ ਸਰਕਾਰ ਨੂੰ ਬਚਾਉਣ ਲਈ ਹਰ ਪੱਧਰ ਉੱਤੇ ਲੱਗਿਆ ਹੋਇਆ ਹੈ। ਹੁਣ ਅਮਰੀਕਾ ਰਸਾਇਣਕ ਹਥਿਆਰਾਂ ਦੀ ਵਰਤੋਂ ਕਾਰਨ ਇੱਕ ਮੁਲਕ ਉੱਤੇ ਹਮਲਾ ਕਰ ਰਿਹਾ ਹੈ। ਅਫ਼ਗ਼ਾਨਿਸਤਾਨ ਅਤੇ ਇਰਾਕ ਵਿਚ ਸੁੱਟੇ ਬੰਬਾਂ ਦਾ ਰਸਾਇਣਕ ਖ਼ਾਸਾ ਨਵੇਂ ਜੰਮੇ ਬੱਚਿਆਂ ਉੱਤੇ ਅਸਰਅੰਦਾਜ਼ ਹੋ ਰਿਹਾ ਹੈ। ਬਹੁ ਗਿਣਤੀ ਵਿਚ ਅਜਿਹੇ ਬੱਚੇ ਪੈਦਾ ਹੋ ਰਹੇ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਹੀਰੋਸ਼ੀਮਾ-ਨਾਗਾਸ਼ਾਕੀ ਦੇ ਹਾਦਸਿਆਂ ਦੇ ਹਵਾਲੇ ਨਾਲ ਪੜ੍ਹਦੇ-ਸੁਣਦੇ-ਦੇਖਦੇ ਆਏ ਹਨ। ਕਿਸੇ ਦੇ ਇੱਕ ਹੱਥ, ਕਿਸੇ ਦੇ ਪੰਜ ਹੱਥ, ਕਿਸੇ ਦੇ ਛੋਟੀਆਂ-ਵੱਡੀਆਂ ਲੱਤਾਂ-ਬਾਹਾਂ, ਕਿਸੇ ਦੇ ਸਰੀਰ ਦਾ ਕੋਈ ਨਾ ਕੋਈ ਅੰਗ ਬੇਢੱਬਾ ਜਾਂ ਬੇਕਾਰ ਹੈ। ਇਨ੍ਹਾਂ ਪੱਖਾਂ ਤੋਂ ਤਾਂ ਅਫ਼ਗ਼ਾਨਿਸਤਾਨ ਅਤੇ ਇਰਾਕ ਦਾ ਅਧਿਐਨ ਹੀ ਨਹੀਂ ਕੀਤਾ ਜਾ ਰਿਹਾ। ਬਸ਼ਰ ਦੀ ਜਿੱਤ ਦਾ ਮਤਲਬ ਇਰਾਨ ਦੀ ਜਿੱਤ ਹੈ। ਤੇ ਇਰਾਨ ਦੀ ਜਿੱਤ ਪੱਛਮ ਬਰਦਾਸ਼ਤ ਨਹੀਂ ਕਰ ਸਕਦਾ।"

ਪਿਛਲੇ ਸਾਲਾਂ ਦੌਰਾਨ ਬਗ਼ਾਵਤਾਂ ਦਾ ਅਖਾੜਾ ਬਣਨ ਵਾਲੇ ਜ਼ਿਆਦਾਤਰ ਮੁਲਕਾਂ ਵਿਚ ਕਦੇ ਫਰਾਂਸ ਦਾ ਸਾਮਰਾਜ ਰਿਹਾ ਹੈ। ਫਰਾਂਸ ਲਈ ਇਹ ਖੁੱਸ ਚੁੱਕੇ ਸਾਮਰਾਜ ਵਿਚ ਦਖ਼ਲਅੰਦਾਜ਼ੀ ਵਧਾਉਣ ਦੀ ਲੜਾਈ ਹੈ। ਅਲਜੀਰੀਆ ਦਾ ਲੇਖਕ ਫਰਾਂਜ਼ ਫਾਨੋ ਆਪਣੀ ਕਿਤਾਬ 'ਰੈਚਡ ਆਫ਼ ਦਿ ਅਰਥ' ਵਿਚ ਫਰਾਂਸੀਸੀਆਂ ਦੇ ਜ਼ੁਲਮਾਂ ਦੀ ਤਫ਼ਸੀਲ ਲਿਖਦਾ ਹੈ। ਇਸ ਕਿਤਾਬ ਦੀ ਭੂਮਿਕਾ ਫਰਾਂਸੀਸੀ ਮੂਲ ਦੇ ਨਾਬਰ ਲੇਖਕ ਜੀਨ ਪਾਲ ਸਾਰਤਰ ਨੇ ਲਿਖੀ ਹੈ। ਉਹ ਆਪਣੇ ਮੁਲਕ ਵਾਸੀਆਂ ਨੂੰ ਕਿਤਾਬ ਪੜ੍ਹਣ ਦੀ ਸਿਫ਼ਾਰਿਸ਼ ਕਰਦਾ ਹੈ ਕਿ ਜੇ ਉਹ ਚਾਹੁੰਦੇ ਹਨ ਕਿ ਫਰਾਂਸ ਕਿਸੇ ਮਨੋਰੋਗ ਦਾ ਨਾਮ ਹੋਣ ਦੀ ਥਾਂ ਕਿਸੇ ਮੁਲਕ ਦਾ ਨਾਮ ਹੋਵੇ ਤਾਂ ਇਹ ਕਿਤਾਬ ਪੜ੍ਹਨ ਅਤੇ ਸਮਝਣ ਕਿ ਫਰਾਂਸੀਸੀ ਨਫ਼ਰਤ ਦੇ ਲਾਇਕ ਕਿਉਂ ਹਨ। ਫਰਾਂਸ ਨੇ ਲੀਬੀਆ ਉੱਤੇ ਬੰਬਾਰੀ ਵਾਲੀ ਮੁਹਿੰਮ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਸੀ ਅਤੇ ਹੁਣ ਸੀਰੀਆ ਉੱਤੇ ਹਮਲੇ ਲਈ ਕੱਛਾਂ ਵਜਾ ਰਿਹਾ ਹੈ। ਇਹ ਫਰਾਂਜ਼ ਫਾਨੋ ਦਾ ਪਛਾਣਿਆ ਹੋਇਆ ਮਨੋਰੋਗ ਹੈ ਜਿਸ ਤੋਂ ਸਾਰਤਰ ਫਰਾਂਸ ਨੂੰ ਬਚਾਉਣਾ ਚਾਹੁੰਦਾ ਸੀ।

ਸੀਰੀਆ ਉੱਤੇ ਹਮਲੇ ਲਈ ਲੋਕ-ਰਾਏ ਬਣਾਉਣ ਲਈ ਯੂ-ਟਿਊਬ ਦਾ ਵੀਡੀਓ ਵਰਤਿਆ ਜਾ ਰਿਹਾ ਹੈ। ਫੇਸ-ਬੁੱਕ ਅਤੇ ਯੂ-ਟਿਊਬ ਦਾ ਇਹ ਜਲਵਾ ਕਈ ਥਾਂਈਂ ਦੇਖਿਆ ਜਾ ਰਿਹਾ ਹੈ। ਜੋ ਅਫ਼ਵਾਹਾਂ ਦੇ ਹਵਾਲੇ ਨਾਲ ਬਰਮਾ ਵਿਚ ਹੋਇਆ ਸੀ ਅਤੇ ਇਸ ਵੇਲੇ ਮੁੱਜਫਰਾਬਾਦ ਵਿਚ ਹੋ ਰਿਹਾ ਹੈ, ਉਹੋ ਕੌਮਾਂਤਰੀ ਪੱਧਰ ਉੱਤੇ ਕੀਤਾ ਜਾ ਰਿਹਾ ਹੈ। ਇਸ ਮਾਮਲੇ ਦੀ ਤਫ਼ਸੀਲ ਜਾਣਨ ਤੋਂ ਬਾਅਦ ਕਿਸੇ ਗੱਲ ਦੀ ਕੋਈ ਦਲੀਲ ਬਣਦੀ ਸਮਝ ਨਹੀਂ ਆਉਂਦੀ। ਜਾਪਦਾ ਇੰਝ ਹੈ ਕਿ ਇਹ ਸਭ ਕੁਝ ਪਾਗ਼ਲਪਣ ਹੈ। ਇਸ ਪਾਗ਼ਲਪਣ ਵਿਚ ਤਰਤੀਬ ਹੈ ਜੋ ਸਾਮਰਾਜੀ ਜੰਗਬਾਜ਼ਾਂ ਦੇ ਪੱਖ ਵਿਚ ਭੁਗਤਦੀ ਹੈ। ਇਸ ਪਾਗ਼ਲਪਣ ਦੀ ਤਰਤੀਬ ਇਹੋ ਹੈ ਕਿ ਮਸਲਾ ਦਲੀਲ ਨਾਲ ਨਹੀਂ ਸਗੋਂ ਆਪਣੀ ਹੈਂਕੜ ਨਾਲ ਸੁਲਝਾਉਣਾ ਹੈ। ਹਥਿਆਰਾਂ ਦੀ ਤਾਕਤ ਨਾਲ ਦੁਨੀਆਂ ਉੱਤੇ ਅਮਰੀਕੀ ਜਮਹੂਰੀਅਤ ਦਾ ਝੰਡਾ ਝੁਲਾਉਣਾ ਹੈ। ਜੇ ਹਮਲਾ ਹੁੰਦਾ ਹੈ ਤਾਂ ਉਸ ਦਾ ਨਤੀਜਾ ਕੁਝ ਵੀ ਹੋਵੇ ਪਰ ਫਰਾਂਸੀਸੀਆਂ ਅਤੇ ਅਮਰੀਕੀਆਂ ਦੀ ਹਥਿਆਰ ਦੀ ਮੰਗ ਇਸ ਖ਼ਿੱਤੇ ਵਿਚ ਵਧ ਜਾਵੇਗੀ ਕਿ ਅਫ਼ਗ਼ਾਨਿਸਤਾਨ ਤੋਂ ਸੀਰੀਆ ਤੱਕ ਦਾ ਖ਼ਿੱਤਾ ਭਿਆਨਕ ਖ਼ਾਨਾਜੰਗੀ ਦਾ ਸ਼ਿਕਾਰ ਹੋ ਸਕਦਾ ਹੈ। ਕੁਝ ਸਤਰਾਂ ਰੌਬਰਟ ਫਿਸਕ ਦੀਆਂ ਬਹੁਤ ਅਹਿਮ ਹਨ, "ਜੇ ਅਸੀਂ ਵਾਸ਼ਿੰਗਟਨ, ਲੰਡਨ, ਪੈਰਿਸ ਅਤੇ ਹੋਰ 'ਸਭਿਅਕ' ਮੁਲਕਾਂ ਦੀ ਮੂਰਖ਼ਤਾ ਉੱਤੇ ਯਕੀਨ ਕਰੀਏ ਤਾਂ ਲਹੂ-ਪੀਣੀ ਤਲਵਾਰ ਦਮਸ਼ਕ ਉੱਤੇ ਚੱਲਣ ਵਾਲੀ ਹੈ। ਇਸ ਤਬਾਹੀ ਨੂੰ ਹੱਲਾਸ਼ੇਰੀ ਦਿੰਦਾ ਬਾਕੀ ਅਰਬ ਆਲਮ ਇਸ ਖ਼ਿੱਤੇ ਦੇ ਇਤਿਹਾਸ ਦਾ ਸ਼ਾਇਦ ਸਭ ਤੋਂ ਦੁਖਦਾਈ ਤਜਰਬਾ ਹੋਵੇਗਾ। ਸ਼ਾਇਦ ਸਭ ਤੋਂ ਸ਼ਰਮਸ਼ਾਰ ਕਰਨ ਵਾਲਾ। ਇਹ ਤੱਥ ਵੀ ਧਿਆਨ ਦੇਣ ਵਾਲਾ ਹੈ ਕਿ ਅਸੀਂ ਸ਼ੀਆ ਮੁਸਲਮਾਨਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਉੱਤੇ ਹਮਲਾ ਕਰਾਂਗੇ ਤਾਂ ਸੁੰਨੀ ਮੁਸਲਮਾਨ ਬਾਘੀਆਂ ਪਾ ਰਹੇ ਹੋਣਗੇ। ਖ਼ਾਨਾਜੰਗੀ ਇਸੇ ਤਰ੍ਹਾਂ ਹੁੰਦੀ ਹੈ।" ਦੁਨੀਆਂ ਨੂੰ ਇਸ ਤਰ੍ਹਾਂ ਦੀ ਖ਼ਾਨਾਜੰਗੀ ਵਿਚ ਉਲਝਾਉਣਾ ਸਾਮਰਾਜੀਆਂ ਦਾ ਖ਼ਾਸਾ ਹੈ। ਅਸੀਂ ਇਸ ਨੂੰ 'ਪਾੜੋ ਤੇ ਰਾਜ ਕਰੋ' ਕਹਿੰਦੇ ਆਏ ਹਾਂ। ਸਾਮਰਾਜੀਆਂ ਨੇ ਆਪੇ ਸਿਰਜੇ ਪਾਗ਼ਲਪਣ ਵਿਚੋਂ ਆਪਣੀ ਤਰਤੀਬ ਲੱਭ ਲਈ ਹੈ। ਅਮਨਪਸੰਦ ਅਤੇ ਇਨਸਾਫ਼ਪਸੰਦ ਧਿਰਾਂ ਇਸ ਵੇਲੇ ਕਿਤੇ ਵੀ ਦਰਸ਼ਕ ਨਹੀਂ ਹੋ ਸਕਦੀਆਂ। ਇਸ ਵੇਲੇ ਸੀਰੀਆ ਕਿਸੇ ਮੁਲਕ ਦਾ ਨਾਮ ਨਹੀਂ ਹੈ। ਇਹ ਸਾਮਰਾਜ ਖ਼ਿਲਾਫ਼ ਨਾਬਰੀ ਦਾ ਬਿੰਬ ਹੈ ਜਿਸ ਦੇ ਗੁਣ-ਔਗੁਣ ਬਸ਼ਰ ਅਲ-ਅਸਦ ਜਾਂ ਉਸ ਦੀ ਸਰਕਾਰ ਵਿਚੋਂ ਨਹੀਂ ਲੱਭੇ ਜਾਣੇ ਚਾਹੀਦੇ। ਸੀਰੀਆ ਇਸ ਵੇਲੇ ਅਮਰੀਕੀ ਗ਼ਲਬੇ ਉੱਤੇ ਸਵਾਲ ਕਰ ਕੇ ਮਨੁੱਖ ਦੀ ਬੰਦਖਲਾਸੀ ਦੇ ਮਸਲੇ ਪੇਸ਼ ਕਰਨ ਦਾ ਮੌਕਾ ਹੈ ਜੋ ਖੁੰਝਾਇਆ ਨਹੀਂ ਜਾਣਾ ਚਾਹੀਦਾ।

*ਇਹ ਤੱਥ ਵੀ ਧਿਆਨ ਦੇਣ ਵਾਲਾ ਹੈ ਕਿ ਅਸੀਂ ਸ਼ੀਆ ਮੁਸਲਮਾਨਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਉੱਤੇ ਹਮਲਾ ਕਰਾਂਗੇ ਤਾਂ ਸੁੰਨੀ ਮੁਸਲਮਾਨ ਬਾਘੀਆਂ ਪਾ ਰਹੇ ਹੋਣਗੇ। ਖ਼ਾਨਾਜੰਗੀ ਇਸੇ ਤਰ੍ਹਾਂ ਹੁੰਦੀ ਹੈ। ਦੁਨੀਆਂ ਨੂੰ ਇਸ ਤਰ੍ਹਾਂ ਦੀ ਖ਼ਾਨਾਜੰਗੀ ਵਿਚ ਉਲਝਾਉਣਾ ਸਾਮਰਾਜੀਆਂ ਦਾ ਖ਼ਾਸਾ ਹੈ। ਅਸੀਂ ਇਸ ਨੂੰ 'ਪਾੜੋ ਤੇ ਰਾਜ ਕਰੋ' ਕਹਿੰਦੇ ਆਏ ਹਾਂ। ਸਾਮਰਾਜੀਆਂ ਨੇ ਆਪੇ ਸਿਰਜੇ ਪਾਗਲਪਣ ਵਿਚੋਂ ਆਪਣੀ ਤਰਤੀਬ ਲੱਭ ਲਈ ਹੈ।*

# ਲੋਕ-ਕਵਿਤਰੀਆਂ ਦਾ ਮਿਰਜ਼ਾ-ਸਾਹਿਬਾਂ



ਡਾ. ਕਰਮਜੀਤ ਸਿੰਘ (ਕੁਰੂਕਸ਼ੇਤਰ)

ਹਰਿਆਣਾ (ਹੁਸ਼ਿਆਰਪੁਰ ਤੋਂ ਪੰਦਰਾਂ ਕਿਲੋਮੀਟਰ ਦਸੂਹੇ ਵੱਲ ਵਸਿਆ) ਭਾਵੇਂ ਕਸਬਾ ਹੈ, ਪਰ ਫੀਲਡ ਵਰਕ ਵਿਚ ਇਸ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ। ਉਥੇ ਸਾਡੇ ਬਾਬੇ ਦੇ ਭਰਾ ਦੀ ਕੁੜੀ, ਯਾਨਿ ਮੇਰੀ ਭੂਆ ਬਚਨੀ ਰਹਿੰਦੀ ਹੈ। ਉਸ ਨੇ ਬਹੁਤ ਸਾਰੇ ਢੋਲਕ ਗੀਤ ਮੈਨੂੰ ਸੁਣਾਏ। ਜਦੋਂ ਮੈਂ ਖੇਤਰੀ ਕਾਰਜ ਜਨੂੰਨ ਦੀ ਹੱਦ ਤੱਕ ਕਰ ਰਿਹਾ ਸਾਂ, ਉਸ ਨੂੰ ਪਤਾ ਸੀ ਕਿ ਮੈਂ ਕੀ ਚਾਹੁੰਦਾ ਹਾਂ? ਇਕ ਫੇਰੀ 'ਤੇ ਉਸ ਨੇ ਮੈਨੂੰ ਕਿਹਾ, "ਕਰਮਜੀਤ, ਇਥੇ ਸਾਡੇ ਨਾ ਇਕ ਸ਼ਕੁੰਤਲਾ ਆ, ਉਸ ਨੂੰ ਮਿਰਜ਼ਾ ਆਉਂਦਾ। ਹੁਣ ਤਾਂ ਉਨ੍ਹਾਂ ਦੇ ਘਰ ਕੋਈ ਮਰਗ ਹੋ ਗਈ ਐ, ਕਿਤੇ ਫਿਰ ਆਵੇਂਗਾ ਤਾਂ ਮੈਂ ਉਸ ਨੂੰ ਕਹੂੰਗੀ।" ਮੇਰੇ ਲਈ ਇਹ ਸਚਮੁੱਚ ਬਹੁਤ ਵੱਡੀ ਖ਼ਬਰ ਸੀ, ਕਿਉਂਕਿ ਹੁਣ ਤੱਕ ਪ੍ਰਚਲਿਤ ਮਿਰਜ਼ਾ ਸਿਰਫ਼ ਮਰਦ ਹੀ ਗਾਉਂਦੇ ਹਨ। ਔਰਤਾਂ ਵੱਲੋਂ ਵੀ ਕੋਈ ਅਜਿਹੀ ਸਿਰਜਣਾ ਹੋ ਸਕਦੀ ਹੈ, ਇਹ ਮੈਂ ਤਾਂ ਕੀ, ਕਿਸੇ ਨੇ ਵੀ ਨਹੀਂ ਸੀ ਸੋਚਿਆ। ਮੈਂ ਦੋ-ਤਿੰਨ ਵਾਰ ਗੇੜੇ ਮਾਰੇ, ਪਰ ਕੋਈ ਨਾ ਕੋਈ ਕਾਰਨ ਬਣਦਾ ਰਿਹਾ ਤੇ ਸ਼ਕੁੰਤਲਾ ਮਿਰਜ਼ਾ ਨਾ ਗਾ ਸਕੀ।

ਅਗਲੀ ਵਾਰ ਜਦੋਂ ਮੈਂ ਗਿਆ ਤਾਂ ਭੂਆ ਬਚਨੀ ਨੇ ਸ਼ਕੁੰਤਲਾ ਤਕ ਪਹੁੰਚ ਕੀਤੀ। ਉਸ ਨੂੰ ਸਾਹ ਦੀ ਸਮੱਸਿਆ ਸੀ। ਫਿਰ ਵੀ ਭੂਆ ਬਚਨੀ ਉਸ ਨੂੰ ਤੇ ਇਕ ਹੋਰ ਔਰਤ ਭੁਪਿੰਦਰ ਨੂੰ ਸੱਦ ਲਿਆਈ। ਉਸ ਨੂੰ ਪਹਿਲਾਂ ਹੀ ਬਚਨੀ ਨੇ ਦੱਸ ਦਿੱਤਾ ਹੋਇਆ ਸੀ। ਇਸ ਲਈ ਮੈਨੂੰ ਬਹੁਤੀ ਮਿਹਨਤ ਨਾ ਕਰਨੀ ਪਈ। ਫਿਰ ਵੀ ਮੈਂ ਸ਼ਕੁੰਤਲਾ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਲਈ ਭੂਆ ਬਚਨੀ ਦੇ ਗਾਏ ਗੀਤਾਂ ਦੀ ਕੈਸਟ ਲਾ ਦਿੱਤੀ। ਉਹ ਗੀਤ ਸੁਣਦੀ ਹੱਸਦੀ ਰਹੀ। ਭੂਆ ਬਚਨੀ ਨੂੰ ਤਾਂ ਖਿੜ-ਖਿੜ ਕੇ ਹੱਸਣ ਦੀ ਆਦਤ ਸੀ, ਹੁਣ ਵੀ ਹੈ; ਉਹ ਹਰ ਗੀਤ 'ਤੇ ਟਿੱਪਣੀਆਂ ਕਰਦੀ ਤੇ ਆਪੇ ਠਹਾਕੇ ਮਾਰ-ਮਾਰ ਹੱਸਦੀ। ਕੁਝ ਚਿਰ ਪਿਛੋਂ ਉਸ ਨੇ ਆਪਣੇ-ਆਪ ਨੂੰ ਸਹੇਜਣਾ ਸ਼ੁਰੂ ਕੀਤਾ। ਮੈਂ ਵੀ ਇਕਾਗਰ ਮਨ ਨਾਲ ਸੁਣਨ ਲਈ ਤਿਆਰ ਹੋ ਗਿਆ। ਉਸ ਨੇ ਧੀਮੇ ਜਿਹੇ ਬੋਲ ਚੁੱਕਿਆ,

ਚੰਗੀ ਭਲੀ ਗਈ ਸੀ, ਧੀਏ ਕੱਤਣੇ ਨੂੰ,
ਤੂੰ ਤਾਂ ਆਈ ਮਿਰਜ਼ੇ ਨਾਲ ਲੱਗ ਕੇ।
ਕਿਨ ਤੈਨੂੰ ਮਾਰਿਆ ਕੁੱਟਿਆ ਧੀਏ,
ਕਿਨ ਤੈਨੂੰ ਕੱਢੀਆਂ ਗਾਲੀਆਂ।

ਇਨ੍ਹਾਂ ਪੰਗਤੀਆਂ ਵਿਚੋਂ ਪਹਿਲੀ ਦਾ ਦੁਹਰਾਅ ਹੁੰਦਾ ਸੀ ਤੇ ਅਖੀਰ 'ਤੇ ਲੰਬੀ ਟੁੱਟਦੀ ਸੀ। ਇਸ ਲਈ ਸ਼ਕੁੰਤਲਾ ਨੂੰ ਸਾਹ ਚੜ੍ਹ ਗਿਆ। ਉਹ ਰੁਕ ਗਈ। ਦੁਬਾਰਾ ਸ਼ੁਰੂ ਕਰਨ ਨੂੰ ਦੇਰ ਲੱਗੀ। ਤੈਅ ਇਹ ਹੋਇਆ ਕਿ ਕੁਝ ਪੰਗਤੀਆਂ ਬਾਅਦ ਦਮ ਲੈ ਲਿਆ ਜਾਏਗਾ। ਗੀਤ ਦੀ ਸ਼ੁਰੂਆਤ ਹੀ ਨਾਟਕੀ ਸੀ। ਸਾਹਿਬਾ ਤ੍ਰਿੰਞਣ ਵਿਚ ਗਈ ਸੀ, ਪਰ ਆਈ ਤਾਂ ਮਿਰਜ਼ੇ ਨਾਲ ਮਿਲ ਕੇ ਆਉਣ ਦੀ ਖਬਰ ਪਹੁੰਚ ਚੁੱਕੀ ਸੀ। ਇਸੇ ਤੋਂ ਮਾਂ ਖਫਾ ਹੈ। ਮਾਂ-ਧੀ ਦੇ ਸੰਵਾਦ ਤਿੱਖੇ ਸਨ। ਲੋਕ ਗੀਤ ਕਥਾਵਾਂ ਦੇ ਬਿਰਤਾਂਤ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਬਿਰਤਾਂਤ ਨਾਂ-ਮਾਤਰ ਹੀ ਹੁੰਦਾ ਹੈ, ਬੱਸ ਹਾਲਾਤ ਹੁੰਦੇ ਹਨ ਤੇ ਵਾਰਤਾਲਾਪ। ਇਨ੍ਹਾਂ ਤੋਂ ਹੀ ਕਹਾਣੀ ਦਾ ਸੂਤਰ ਫੜਨਾ ਪੈਂਦਾ ਹੈ। ਗੀਤ ਦੁਬਾਰਾ ਸ਼ੁਰੂ ਹੋਇਆ। ਹੁਣ ਬਚਨੀ ਤੇ ਭੁਪਿੰਦਰ ਵੀ ਥੋੜ੍ਹਾ ਸਾਥ ਦੇਣ ਲੱਗੀਆਂ,

ਨਾ ਮੈਨੂੰ ਮਾਰਿਆ ਕੁੱਟਿਆ ਮਾਏ,
ਮੈਨੂੰ ਭੂਆ ਨੇ ਭੇਜਿਆ ਸੀ ਤੇਲ ਨੂੰ,
ਉਥੇ ਮਿਰਜ਼ਾ ਬੈਠਾ ਉਤੇ ਹੱਟ 'ਤੇ,
ਓਅ ਤਾਂ ਚੱਕ ਨਾ ਜਾਣਦਾ ਤੱਕੜੀ,
ਮਗਰ ਪਾਉਣ ਨਾ ਜਾਣਦਾ ਵੱਟੜੇ,
ਓਅ ਤਾਂ ਹੋਰਨਾਂ ਨੂੰ ਦਿੰਦਾ ਸੀ ਤੋਲ ਕੇ,
ਓਅ ਤਾਂ ਮੈਨੂੰ ਦਿੰਦਾ ਕੁੱਪਾ ਰੋੜ੍ਹ ਕੇ...।

ਇੰਨੀਆਂ ਪੰਗਤੀਆਂ ਨੂੰ ਇਕੋ ਸਾਹ ਗਾਉਣਾ ਔਖਾ ਸੀ, ਪਰ ਸ਼ਕੁੰਤਲਾ ਹੁਣ ਕੁਝ ਰਵਾਂ ਹੋ ਗਈ ਸੀ। ਮੇਰੇ ਲਈ ਤਾਂ ਇਹ ਪਲ ਰੁਮਾਂਟਿਕ ਸਨ। ਮੈਂ ਉਹ ਕੁਝ ਸੁਣ ਰਿਹਾ ਸਾਂ ਜਿਸ ਦਾ ਕਿਤੇ ਜ਼ਿਕਰ ਤੱਕ ਨਹੀਂ ਹੋਇਆ। ਪੀਲੂ ਦੇ ਮਿਰਜ਼ੇ ਵਿਚ ਤਾਂ ਸਾਹਿਬਾਂ ਦੀ ਸੁੰਦਰਤਾ ਬਿਆਨ ਕਰਨ ਲਈ ਬਾਣੀਏ ਦੀ ਹੱਟ ਨੂੰ ਵਿਧੀ ਦੇ ਤੌਰ 'ਤੇ ਵਰਤਿਆ ਗਿਆ ਹੈ, ਜਿਥੇ ਸਾਹਿਬਾਂ ਦੀ ਸੁੰਦਰਤਾ 'ਤੇ ਮੋਹਿਤ ਹੋਇਆ ਬਾਣੀਆ ਤੇਲ ਦੇ ਭੁਲੇਖੇ ਸ਼ਹਿਦ ਹੀ ਉਲਟ ਦਿੰਦਾ ਹੈ। ਇਥੇ ਤਾਂ ਮਿਰਜ਼ੇ ਨੂੰ ਹੱਟਵਾਣੀਆ ਬਣਾ ਦਿੱਤਾ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਸ਼ਕੁੰਤਲਾ ਖੱਤਰੀਆਂ ਵਿਚੋਂ ਹੈ। ਇਸ ਲਈ ਮੈਨੂੰ ਗੀਤ ਵਿਚ ਅਜਿਹਾ ਹੋਣ 'ਤੇ ਕੋਈ ਹੈਰਾਨੀ ਨਹੀਂ ਹੋਈ। ਇਹ ਗੀਤ ਕਿਉਂਕਿ ਪਹਿਲੀ ਵਾਰ ਸੁਣ ਰਿਹਾ ਸੀ, ਇਸ ਲਈ ਇਸ ਦਾ ਹਰ ਵੇਰਵਾ ਮੇਰੇ ਲਈ ਅਸਚਰਜ ਭਰਿਆ ਸੀ। ਗੀਤ ਹੁਣ ਅਗਲੀਆਂ ਪਰਤਾਂ ਫਰੋਲਣ ਲੱਗਾ,

ਅਗਲੀਆਂ ਤਾਂ ਪੱਟ ਸਿੱਟਾਂ ਮੀਢੀਆਂ,
ਕੋਈ ਪਿਛਲੀ ਤਾਂ ਪੱਟ ਸਿੱਟਾਂ ਗੁੱਤ ਨੀ।
ਉਠੋ ਵੇ ਪੁੱਤਰੋ ਮੇਰਿਉ ਵਾਰੀ,
ਤੁਆਡੀ ਸਾਹਿਬਾਂ ਤਾਂ ਹੋਈ ਮੁਟਿਆਰ ਵੇ,
ਏਦਾ ਅੱਛਾ ਤਾਂ ਵਰ ਘਰ ਟੋਲਣਾ...।

ਖਰੀਆਂ-ਖਰੀਆਂ ਸੁਣਾ ਕੇ ਮਾਂ ਪੁੱਤਰਾਂ ਨਾਲ ਵਿਚਾਰ-ਵਟਾਂਦਰਾ ਕਰਦੀ ਸਮਝਾਉਣੀਆਂ ਦਿੰਦੀ ਹੈ। ਯਥਾਰਥ ਜੀਵਨ ਦੇ ਬਹੁਤ ਨੇੜੇ ਵਿਚਰ ਰਿਹਾ ਸੀ ਇਹ ਗੀਤ,

ਉਡੀਂ ਵੇ ਕਾਲਿਆਂ ਕਾਗਾ, ਵੇ ਮੈਂ ਵਾਰੀ,
ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ ਵੇ,
ਤੂੰ ਤਾਂ ਜਾਏ ਕਹੀਂ, ਮਿਰਜ਼ੇ ਮੇਰੇ ਨੂੰ,
ਤੂੰ ਤਾਂ ਆਉਣਾ ਤਾਂ ਆਜਾ ਅੱਜ ਵੇ,
ਤੇਰਾ ਫੇਰ ਕੋਈ ਨਹੀਂ ਹੱਜ ਵੇ...।

ਜੋ ਕੁਝ ਵਾਪਰਿਆ ਹੋ ਸਕਦਾ ਹੈ, ਉਸ ਦੀ ਕਲਪਨਾ ਕੀਤੀ ਜਾ ਸਕਦੀ ਹੈ। ਸਾਹਿਬਾਂ ਨੂੰ ਘਰੋਂ ਨਿਕਲਣ ਦੀ ਮਨਾਹੀ ਹੋ ਗਈ ਹੋਵੇਗੀ, ਤਾਂ ਹੀ ਤਾਂ ਉਹ ਕਾਂਵਾਂ ਹੱਥ ਸੁਨੇਹੇ ਭੇਜਣ ਲੱਗ ਪੈਂਦੀ ਹੈ ਤੇ ਉਹ ਸੁਨੇਹੇ ਪਹੁੰਚ ਵੀ ਜਾਂਦੇ ਹਨ। ਲੋਕ ਗੀਤਾਂ ਦਾ ਇਹ ਰੋਮਾਂਟਿਕ ਰੰਗ ਆਪਣੇ-ਆਪ ਵਿਚ ਰੰਗੀਲਾ ਹੈ। ਸਾਹਿਬਾਂ ਦਾ ਵਿਆਹ ਵੀ ਧਰ ਹੋ ਗਿਆ ਲੱਗਦਾ ਹੈ ਜਿਸ ਲਈ ਉਹ ਉਤਾਵਲਾਪਨ ਦਿਖਾ ਰਹੀ ਹੈ। ਹੁਣ ਤੱਕ ਸ਼ਕੁੰਤਲਾ ਨੇ ਆਪਣੀ ਆਵਾਜ਼ ਨੂੰ ਪਹਿਲੋਂ ਨਾਲੋਂ ਹੋਰ ਸਥਿਰ ਬਣਾ ਲਿਆ ਸੀ। ਕਿਤੇ-ਕਿਤੇ ਗੀਤ ਦੇ ਭਾਵਾਂ ਅਨੁਸਾਰ ਮੁਸਕਾਣ ਵੀ ਆ ਰਹੀ ਸੀ,

ਉਡ ਵੇ ਕਾਲਿਆ ਕਾਗਾ ਵੇ,
ਤੂੰ ਜਾਵੀਂ ਸਾਹਿਬਾਂ ਵਾਲੇ ਦੇਸ ਵੇ,
ਤੂੰ ਤਾਂ ਜਾਏ ਕਹੀਂ, ਸਾਹਿਬਾ ਮੇਰੀ ਨੂੰ,
ਤੇਰੀਆਂ ਕਿਥੇ ਕੁ ਸੌਂਦੀਆਂ ਭਾਬੀਆਂ,
ਤੇਰੇ ਕਿੱਥੇ ਕੁ ਸੌਂਦੇ ਵੀਰ ਵੇ,
ਤੇਰੀ ਕਿੱਥੇ ਕੁ ਸੌਂਦੀ ਆ ਅੰਬੜੀ,
ਤੇਰੀ ਕਿੱਥੇ ਕੁ ਸੌਂਦੀ ਆ ਅੰਬੜੀ,
ਤੇਰਾ ਕਿਥੇ ਕੁ ਸੌਂਦਾ ਬਾਪ ਨੀ,
ਤੂੰ ਕਿਥੇ ਕੁ ਸੌਨੀ ਆ ਆਪ ਨੀ...।

ਪੀਲੂ ਦੇ ਮਿਰਜ਼ੇ ਵਿਚ ਅਜਿਹੇ ਵਿਸਤ੍ਰਿਤ ਵੇਰਵੇ ਕਿਤੇ ਨਹੀਂ ਮਿਲਦੇ। ਸੱਚਮੁੱਚ ਇਹ ਲੋਕ-ਕਵਿਤਰੀਆਂ ਦੀ ਕਲਪਨਾ ਦਾ ਹੀ ਹਿੱਸਾ ਹੈ। ਸਾਰਾ ਬਿਰਤਾਂਤ ਕਾਂ ਰਾਹੀਂ ਨੇਪਰੇ ਚੜ੍ਹ ਰਿਹਾ ਸੀ। ਭੂਆ ਬਚਨੀ ਦਾ ਇਹ ਕਮਰਾ ਸ਼ਾਂਤ ਸੀ, ਪਰ ਮੈਂ ਇਸ ਤੋਂ ਵੀ ਪਾਰ ਵਿਚਰ ਰਿਹਾ ਸਾਂ। ਕਦੇ ਪੀਲੂ ਨਾਲ ਤੁਲਨਾ ਕਰਦਾ, ਕਦੇ ਕਲਪਨਾ ਦੇ ਨਵੇਂ ਵੇਰਵਿਆਂ ਨਾਲ ਰਚਦਾ ਮਿਲਦਾ ਮੈਂ ਗੀਤ ਸੁਣ ਰਿਹਾ ਸਾਂ, ਜੋ ਪਾਣੀ ਦੇ ਵਹਾਅ ਵਾਂਗ ਅਗਾਂਹ ਵਧ ਰਿਹਾ ਸੀ,



*ਦਾਨਾਬਾਦ ਵਿਚ ਮਿਰਜ਼ਾ, ਸਾਹਿਬਾਂ ਅਤੇ ਬੱਕੀ ਦੀਆਂ ਮਜ਼ਾਰਾਂ।*

ਉਡ ਵੇ ਕਾਲਿਆ ਕਾਗਾ, ਵੇ ਵਾਰੀ,
ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ ਵੇ,
ਤੂੰ ਤਾਂ ਜਾਏ ਕਹੀਂ ਮਿਰਜ਼ੇ ਮੇਰੇ ਨੂੰ,
ਕੋਈ ਮਹਿਲੀਂ ਤਾਂ ਸੌਂਦੀਆਂ ਭਾਬੀਆਂ,
ਓਅਨਾਂ ਕੋਲ ਤਾਂ ਸੌਂਦੇ ਆ ਵੀਰ ਵੇ,
ਕੋਈ ਡੇਅੜੀ 'ਚ ਸੌਂਦੀ ਆ ਅੰਬੜੀ,
ਓਅਦੇ ਕੋਲ ਤਾਂ ਸੌਂਦਾ ਆ ਬਾਪ ਵੇ,
ਓਅ ਤਾਂ ਚੜ੍ਹ ਚੁਬਾਰੇ 'ਤੇ ਆਪ ਵੇ,
ਮਹਿਲਾਂ ਨੂੰ ਪੌੜੀਆਂ ਨਾ ਲਾਮੀ ਮਿਰਜ਼ਿਆ,
ਮਹਿਲਾਂ ਨੂੰ ਪੌੜੀਆਂ ਨਾ ਲਾਮੀ,
ਤੂੰ ਤਾਂ ਬਾਰੀ ਥਾਣੀਂ ਚੜ੍ਹ ਆਵੀਂ ਵੇ,
ਕੋਈ ਅੱਖ 'ਚ ਰੌਸ਼ਨੀ ਨਾ ਕਰੀਂ,
ਮੇਰੀ ਬੇਸਰ ਦਾ ਪਊ ਲਿਸ਼ਕਾਰ ਵੇ,
ਮੇਰੀ ਵੀਣੀ ਨੂੰ ਹੱਥ ਨਾ ਲਾਵੀਂ ਵੇ,
ਮੇਰੇ ਚੂੜੇ ਦੀ ਪਊ ਛਣਕਾਰ ਵੇ।
ਮੇਰੇ ਵੀਰੇ ਨੂੰ ਆ ਜਾਊ ਜਾਗ ਵੇ...।

ਸਾਹਿਬਾਂ ਸੱਚ-ਮੁੱਚ ਹੀ ਆਲੇ-ਦੁਆਲੇ ਬਾਰੇ ਇੰਨੀ ਸੁਚੇਤ ਸੀ ਕਿ ਨਿੱਕੀ ਤੋਂ ਨਿੱਕੀ ਗੱਲ ਦਾ ਧਿਆਨ ਰੱਖ ਰਹੀ ਸੀ। ਬੇਸਰ ਦੀ ਲਿਸ਼ਕੋਰ ਤੇ ਚੂੜੀਆਂ ਦੀ ਛਣਕਾਰ ਤੋਂ ਸੁਚੇਤ। ਕਹਾਣੀ ਹੁਣ ਇਥੇ ਆ ਪਹੁੰਚੀ ਸੀ ਕਿ ਮੈਂ ਇਹ ਸਮਝ ਚੁੱਕਾ ਸਾਂ ਕਿ ਉਹ ਸਥਿਤੀ ਜਿਸ ਵਿਚ ਪੀਲੂ ਦੇ ਰਿਸ਼ਤੇਦਾਰ 'ਰੰਨਾਂ ਦੀ ਦੋਸਤੀ' ਨੂੰ ਭੰਡਦੇ ਹਨ, ਉਹ ਇਸ ਗੀਤ ਵਿਚੋਂ ਗਾਇਬ ਹੈ, ਪਰ ਅਜੇ ਕੁਝ ਵੀ ਹੋ ਸਕਦਾ ਹੈ। ਅਜੇ ਤਾਂ ਜੰਡ ਦੀ ਕਥਾ ਨੇ ਵੀ ਪ੍ਰਵੇਸ਼ ਕਰਨਾ ਸੀ। ਗੀਤ ਸਥਿਤੀਆਂ ਬਦਲਦਾ ਜਾ ਰਿਹਾ ਸੀ। ਪਾਤਰਾਂ ਦੇ ਕਾਰਜ ਬਦਲ ਰਹੇ ਸਨ ਤੇ ਨਾਲ ਹੀ ਉਨ੍ਹਾਂ ਦੇ ਬੋਲ। ਮੈਂ ਬਿਨਾਂ ਖੜਾਕ ਕੀਤੇ ਸੁਣ ਰਿਹਾ ਸਾਂ, ਸਿਰਫ ਧਿਆਨ ਇਸ ਪਾਸੇ ਸੀ ਕਿ ਟੇਪ ਬੰਦ ਨਾ ਹੋ ਜਾਵੇ ਜਾਂ ਸਾਈਡ ਬਦਲਣ ਦੀ ਲੋੜ ਨਾ ਪੈ ਜਾਏ। ਗੀਤ ਹੋਰ ਅੱਗੇ ਵਧਿਆ,

ਉਠੋ ਵੇ ਪੁੱਤਰੋ ਸੁੱਤਿਉ ਮੈਂ ਵਾਰੀ,
ਤੁਆਡੇ ਮਹਿਲੀਂ ਤਾਂ ਪੈ ਗਏ ਚੋਰ ਵੇ,
ਤੁਆਡਾ ਮਹਿਲ ਖਜ਼ਾਨਾ ਤਾਂ ਰਹਿ ਗਿਆ,
ਤੁਆਡੀ ਸਾਹਿਬਾਂ ਨੂੰ ਲੈ ਗਏ ਚੋਰ ਵੇ,
ਉਠੋ ਵੇ ਪੁੱਤਰੋ ਮੇਰਿਉ,
ਘੋੜੇ ਤਾਂ ਤੁਸੀਂ ਲਉ ਬੀੜ ਵੇ...।

ਗੀਤ ਨੇ ਜੋ ਵਿਥ ਛੱਡੀ ਸੀ, ਉਸ ਵਿਚ ਮਿਰਜ਼ਾ-ਸਾਹਿਬਾਂ ਘਰੋਂ ਜਾ ਚੁੱਕੇ ਸਨ। ਪੁੱਤਰਾਂ ਨੂੰ ਜਗਾਉਣ ਦਾ ਜ਼ਿੰਮਾ ਮਾਂ ਦਾ ਹੈ। ਵੈਸੇ ਗੀਤ ਵਿਚ ਸਪੱਸ਼ਟ ਨਹੀਂ, ਇਹ ਬੋਲ ਪਿਉ ਦੇ ਵੀ ਹੋ ਸਕਦੇ ਹਨ। ਜੋ ਵੀ ਸੀ, ਘਰਦਿਆਂ ਲਈ ਭਾਣਾ ਵਰਤ ਚੁੱਕਾ ਸੀ। ਹੁਣ ਉਹ ਘੋੜੇ 'ਬੀੜ' ਕੇ ਦੋਹਾਂ ਦੇ ਮਗਰ ਜਾਣਗੇ। ਕੁਝ ਤਾਂ ਸਾਡੇ ਸੱਭਿਆਚਾਰ ਵਿਚ ਵੇਰਵੇ ਪ੍ਰਾਪਤ ਹੀ ਹਨ, ਮੈਂ ਉਨ੍ਹਾਂ ਲੀਹਾਂ 'ਤੇ ਹੀ ਸੋਚ ਰਿਹਾ ਸਾਂ ਪਰ ਗੀਤ ਮੈਨੂੰ ਝਕਾਨੀ ਦੇ ਰਿਹਾ ਸੀ,

ਉਠੀਂ ਵੇ ਮਿਰਜ਼ਿਆ ਸੁੱਤਿਆ,
ਕੋਈ ਵੀਰਾਂ ਜਿਹੇ ਕੋਈ ਆ ਗਏ।
ਓਅਨਾਂ ਹੱਥ ਵਿਚ ਰੰਗਲੇ ਗਾਤਰੇ,
ਓਅ ਤਾਂ ਕਰਦੇ ਆ, ਮਾਰੋ ਮਾਰ ਵੇ...।

ਜਿਸ ਹੋਣੀ ਦਾ ਡਰ ਸੀ, ਉਹ ਸਿਰਾਂ 'ਤੇ ਸੀ, ਉਹ ਆ ਪਹੁੰਚੀ। ਮੈਂ ਹੈਰਾਨ ਸਾਂ ਕਿ ਜੰਡ ਦਾ ਅਜੇ ਤੱਕ ਕੋਈ ਜ਼ਿਕਰ ਨਹੀਂ ਸੀ ਆਇਆ... ਸ਼ਾਇਦ ਅੱਗੇ ਹੋਵੇ,

ਮੈਨੂੰ ਤਾਂ ਭਾਵਾਂ ਵੱਢ ਸੁੱਟੋ ਵੀਰ ਵੇ,
ਇਸ ਮਿਰਜ਼ੇ ਨੂੰ ਕੁਝ ਵੀ ਨਾ ਆਖਿਉ।
ਇਹ ਤਾਂ ਇਕ ਬਾਬੇ ਦਾ ਪੋਤਰਾ,
ਇਹ ਤਾਂ ਇਕ ਬਾਬਲ ਦਾ ਐ ਬੇਟੜਾ।
ਕਿਤੇ ਜੱਗ ਵਿਚ ਰਹਿ ਜਾਵੇ ਨਾ ਵੇ...।

ਹੁਣ ਸਥਿਤੀ ਸਾਫ਼ ਸੀ ਕਿ ਜੰਡ ਔਰਤਾਂ ਦੇ ਮਿਰਜ਼ੇ ਵਿਚੋਂ ਗਾਇਬ ਹੈ। ਜੇ ਹੁੰਦਾ ਤਾਂ ਮਰਦ ਵੱਲੋਂ ਲਾਏ ਗਏ ਉਹ ਸਾਰੇ ਇਲਜ਼ਾਮ ਔਰਤ ਸਵੀਕਾਰ ਕਰ ਰਹੀ ਹੁੰਦੀ ਜੋ ਪੀਲੂ ਨੇ ਉਸ ਉਪਰ ਲਾਏ ਸਨ। ਸੱਚ-ਮੁੱਚ ਇਹ ਗੀਤ ਕਿਸੇ ਕਹਾਣੀ ਦੀ ਨਕਲ ਨਹੀਂ ਸੀ, ਸਗੋਂ ਔਰਤ ਦੀ ਆਪਣੀ ਮੌਲਿਕ ਸਿਰਜਣਾ ਸੀ ਜਿਸ ਵਿਚ ਉਹ ਆਪਣਾ ਪੱਖ ਰੱਖ ਰਹੀ ਸੀ। ਉਪਰਲੀਆਂ ਸੰਖੇਪ ਸਥਿਤੀਆਂ ਦੱਸਦੀਆਂ ਹਨ ਕਿ ਗੀਤ ਇਕ ਦਮ ਤੇਜ਼ੀ ਫੜ ਗਿਆ ਸੀ। ਸਾਹਿਬਾਂ ਮੌਤ ਸਾਹਵੇਂ ਵੀ ਮਿਰਜ਼ੇ ਦਾ ਜੀਵਨ ਦਾਨ ਮੰਗ ਰਹੀ ਸੀ। ਆਪ ਉਹ ਮਰਨ ਕਬੂਲ ਕਰ ਰਹੀ ਸੀ। ਸ਼ਕੁੰਤਲਾ ਨੇ ਆਪਣੀ ਲੈਅ ਇਕਸਾਰ ਰੱਖੀ ਹੋਈ ਸੀ,

ਤੈਨੂੰ ਤਾਂ ਕੁਝ ਨਹੀਂ ਆਖਣਾ ਭੈਣੇ,
ਏਸ ਮਿਰਜ਼ੇ ਦੇ ਟੁਕੜੇ ਚਾਰ ਨੀ।
ਉਚੇ ਥਾਂ ਦੱਬਿਉ ਇਹਨੂੰ ਵੇ ਵੀਰੋ,
ਕਿਤੇ ਨੀਵੇਂ ਥਾਂ ਦੱਬਿਉ ਮੈਨੂੰ ਵੇ।
ਕਿਤੇ ਉਚੇ ਦਾ ਪਾਣੀ ਤਾਂ ਲੱਗ ਜਾਵੇ,
ਕਿਤੇ ਜੱਗ ਵਿਚ ਰਹਿ ਜਾਵੇ ਨਾ ਵੇ...।

ਗੀਤ ਅਤਿ ਦਾ ਭਾਵਕ ਹੋ ਗਿਆ ਸੀ। ਸ਼ਕੁੰਤਲਾ, ਭੁਪਿੰਦਰ ਤੇ ਬਚਨੀ ਪੂਰੇ ਤਣਾਉ ਵਿਚ ਆਈਆਂ ਹੋਈਆਂ ਸਨ। ਸਾਹ ਚੜ੍ਹਨ ਤੋਂ ਇਲਾਵਾ ਸ਼ਕੁੰਤਲਾ ਦੀ ਆਵਾਜ਼ ਵਿਚ ਕੰਬਣੀ ਵੀ ਆ ਗਈ ਸੀ। ਮੈਂ ਵੀ ਉਨ੍ਹਾਂ ਦੀ ਇਸ ਸਥਿਤੀ ਵਿਚ ਸ਼ਾਮਲ ਸੀ। ਕੀ ਭਰਾ ਸਾਹਿਬਾਂ ਦੀ ਇਹ ਬੇਨਤੀ ਸਵੀਕਾਰ ਕਰ ਲੈਣਗੇ? ਮਨ ਵਿਚ ਸ਼ੰਕਾ ਸੀ,

ਉਚੇ ਤਾਂ ਦੱਬਣਾ ਤੈਨੂੰ ਭੈਣ,
ਕਿਤੇ ਨੀਮੇ ਤਾਂ ਦੱਬਣਾ ਇਹਨੂੰ ਨੀ।
ਕਿਤੇ ਉਚੇ ਦਾ ਪਾਣੀ ਤਾਂ ਨਾ ਲੰਘੇ,
ਕਿਤੇ ਨੀਮੇ ਨੂੰ ਪਾਣੀ ਤਾਂ ਨਾ ਆਵੇ।
ਕਿਤੇ ਜਗ ਵਿਚ ਨਾ ਰਵੇ ਨਾ ਵੇ...।

ਇਥੇ ਆ ਕੇ ਗੀਤ ਰੁਕ ਗਿਆ। ਤਿੰਨਾਂ ਨੇ ਸੁਖ ਦਾ ਸਾਹ ਲਿਆ। ਮੇਰੀ ਗੰਭੀਰਤਾ ਟੁੱਟ ਨਹੀਂ ਸੀ ਰਹੀ। ਤਿੰਨੇ ਹੌਲੀ-ਹੌਲੀ ਗੱਲਾਂ ਵਿਚ ਰੁਝ ਗਈਆਂ। ਮੇਰੇ ਕੋਲ ਤਾਂ ਧੰਨਵਾਦ ਦੇ ਵੀ ਕੋਈ ਸ਼ਬਦ ਨਹੀਂ ਸਨ। ਗੀਤ ਮਿਰਜ਼ਾ-ਸਾਹਿਬਾਂ ਦੀ ਮੌਤ ਨਾਲ ਸਮਾਪਤ ਹੋਇਆ। ਗੱਲਾਂ ਤੋਂ ਮੈਨੂੰ ਇਹ ਜਾਣਕਾਰੀ ਵੀ ਮਿਲੀ ਕਿ ਗੀਤ ਲਾਹੌਰ ਵੱਲੋਂ ਪਾਕਿਸਤਾਨ ਦੀ ਵੰਡ ਪਿਛੋਂ ਇੱਧਰ ਆਇਆ ਸੀ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਪਿੰਡ ਡਡਿਆਣੇ ਤੋਂ ਵੀ ਮਿਰਜ਼ਾ ਸੁਣਿਆ। ਉਸ ਦੇ ਕਈ ਵੇਰਵੇ ਨਵੇਂ ਸਨ। ਇਸ ਤੋਂ ਅੰਦਾਜ਼ਾ ਲਾਇਆ ਕਿ ਔਰਤਾਂ ਦੇ ਮਿਰਜ਼ੇ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ ਤੇ ਇਹ ਆਮ ਗਾਇਆ ਜਾਂਦਾ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਪੀਲੂ ਦੇ ਮਿਰਜ਼ੇ ਦੇ ਨਾਲ ਇਹ ਗੀਤ ਜ਼ਰੂਰ ਪੜ੍ਹੇ ਜਾਣ। ਇਸ ਲਈ ਪਿੱਛੇ ਜਿਹੇ ਜਦੋਂ ਮੈਂ ਡਾ. ਸੁਰਿੰਦਰ ਸ਼ਾਂਤ ਦੀ ਪੁਸਤਕ 'ਬਿਆਨ ਹਲਫ਼ੀਆ' ਦਾ ਮੁੱਖਬੰਦ ਲਿਖ ਰਿਹਾ ਸਾਂ ਤਾਂ ਇਹ ਗੀਤ ਮੈਂ ਪੂਰੇ ਦਾ ਪੂਰਾ ਦੇ ਕੇ ਔਰਤ ਦਾ ਪੱਖ ਸਪੱਸ਼ਟ ਕਰਨ ਦਾ ਯਤਨ ਕੀਤਾ ਸੀ। ਗੀਤਾਂ ਦਾ ਸਫ਼ਰ ਲੰਬਾ ਹੈ, ਇਹ ਉਥੇ ਹੀ ਨਹੀਂ ਖੜ੍ਹ ਰਿਹਾ। ਇਹ ਤਾਂ ਅਜੇ ਵੀ ਜਾਰੀ ਹੈ।

---

## ਸੰਪਾਦਕ ਦੀ ਡਾਕ

### ਗੁਰਦੁਆਰਾ ਅਤੇ ਗ੍ਰੀਨ ਕਾਰਡ

ਮੈਂ 'ਪੰਜਾਬ ਟਾਈਮਜ਼' ਦਾ ਪੁਰਾਣਾ ਪਾਠਕ ਹਾਂ। ਪਿਛਲੇ ਹਫ਼ਤੇ ਵਾਲੀ ਅਖ਼ਬਾਰ ਵਿਚ ਕੁਝ ਐਸੀਆਂ ਚਿੱਠੀਆਂ ਛਪੀਆਂ ਦੇਖੀਆਂ ਜਿਨ੍ਹਾਂ ਵਿਚ ਇਕ ਲਿਖਤ ਬਾਰੇ ਬੜੀ ਤਿੱਖੀ ਨੁਕਤਾਚੀਨੀ ਕੀਤੀ ਹੋਈ ਸੀ। ਮੈਂ ਹੈਰਾਨ ਹੋਇਆ ਕਿ ਤੁਸੀਂ ਇਹ ਚਿੱਠੀ ਛਾਪ ਕਿਵੇਂ ਦਿੱਤੀ? ਅਖ਼ਬਾਰਾਂ ਵਾਲੇ ਤਾਂ ਮਿੱਠਾ ਮਿੱਠਾ ਹੜੱਪ, ਕੌੜਾ ਥੂਹ ਥੂਹ ਕਰਦੇ ਹੁੰਦੇ ਆ। ਉਂਜ ਮੈਨੂੰ ਇਸੇ ਚਿੱਠੀ ਤੋਂ ਹੌਸਲਾ ਮਿਲਿਆ ਹੈ ਕਿ ਮੈਂ ਵੀ ਆਪਣਾ ਦਿਲ ਹੌਲਾ ਕਰ ਲਵਾਂ।

ਗੱਲ ਇਹ ਹੈ ਕਿ ਮੈਨੂੰ ਪੇਂਡੂ ਹੋਣ ਨਾਤੇ ਤੁਹਾਡੀ ਅਖ਼ਬਾਰ ਦੇ ਕੁਝ ਕਾਲਮਨਵੀਸਾਂ ਦੀਆਂ ਲਿਖਤਾਂ ਬਹੁਤ ਚੰਗੀਆਂ ਲਗਦੀਆਂ ਨੇ। ਸਿੱਧੀ ਸਾਦੀ ਬੋਲੀ ਵਿਚ ਗੱਲ ਕੀਤੀ ਗਈ ਹੁੰਦੀ ਹੈ। ਖ਼ਾਸ ਕਰ ਕੇ ਤਰਲੋਚਨ ਸਿੰਘ ਦੁਪਾਲਪੁਰ ਅਤੇ ਮੇਜਰ ਕੁਲਾਰ ਨੂੰ ਮੈਂ ਜ਼ਰੂਰ ਪੜ੍ਹਦਾ ਹੁੰਦਾ ਹਾਂ ਕਿਉਂਕਿ ਇਹ ਦੋਵੇਂ ਬਾਈ ਵੀ ਪੇਂਡੂ ਹਨ। ਸਾਧਾਰਨ ਗੱਲਾਂ-ਬਾਤਾਂ ਨੂੰ ਵੀ ਉਹ ਰਸੀਲੀਆਂ ਬਣਾ ਕੇ ਪੇਸ਼ ਕਰਦੇ ਹਨ ਪਰ ਮੈਂ ਇਹ ਸਿੱਟਾ ਕੱਢਿਆ ਹੈ ਕਿ ਸ. ਦੁਪਾਲਪੁਰ ਦੀ ਹਰ ਲਿਖਤ ਵਿਚ ਗੁਰਦੁਆਰਾ ਜਾਂ ਫਿਰ ਪੰਜਾਬ ਦੀ ਅਕਾਲੀ ਸਰਕਾਰ ਦੀ ਗੱਲ ਜ਼ਰੂਰ ਆ ਵੜਦੀ ਹੈ। ਉਨ੍ਹਾਂ ਨੂੰ ਹਮੇਸ਼ਾ ਸਿੱਖੀ ਦੀ ਚਿੰਤਾ ਲੱਗੀ ਰਹਿੰਦੀ ਹੈ। ਦੂਜੇ ਪਾਸੇ ਕੁਲਾਰ ਬਾਈ ਜੀ ਸਦਾ ਗ੍ਰੀਨ ਕਾਰਡ ਦੁਆਲੇ ਹੀ ਘੁੰਮਦੇ ਰਹਿੰਦੇ ਨੇ। ਉਹ ਹਰ ਲੇਖ ਵਿਚ ਗੱਲ ਘੁਮਾ-ਫਿਰਾ ਕੇ ਇਸੇ ਗ੍ਰੀਨ ਕਾਰਡ 'ਤੇ ਲਿਆ ਡੇਗਦੇ ਹਨ। ਮੰਨਿਆ ਕਿ ਉਨ੍ਹਾਂ ਨੂੰ ਹਾਲੇ ਇਹ ਕਾਰਡ ਨਸੀਬ ਨਹੀਂ ਹੋਇਆ ਹੋਵੇਗਾ, ਇਸ ਲਈ ਉਨ੍ਹਾਂ ਦੀ ਸੋਚ ਵਿਚੋਂ ਇਹ ਮਨਫ਼ੀ ਨਹੀਂ ਹੁੰਦਾ, ਫਿਰ ਵੀ...। ਇਸੇ ਤਰ੍ਹਾਂ ਜਥੇਦਾਰ ਦੁਪਾਲਪੁਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ ਹੋਣ ਕਰ ਕੇ ਅਕਸਰ ਸਿੱਖ ਧਰਮ ਬਾਰੇ ਚਿੰਤਾ ਕਰੀ ਜਾਂਦੇ ਹਨ, ਪਰ ਦੋਹਾਂ ਦੀ ਲੇਖਣੀ ਮੇਰੇ ਵਰਗੇ ਅਧਪੜ੍ਹ ਪੇਂਡੂਆਂ ਨੂੰ ਵੀ ਪਸੰਦ ਆਉਂਦੀ ਹੈ। ਇਸ ਲਈ ਉਹ ਸਾਨੂੰ ਇਕੋ ਰੰਗ ਵਿਚ ਨਾ ਬੰਨ੍ਹੀ ਰੱਖਣ। ਸੋ, ਮੈਂ ਚਾਹੁੰਦਾ ਹਾਂ ਕਿ ਇਹ ਦੋਵੇਂ ਬਾਈ ਗੁਰਦੁਆਰਾ ਅਤੇ ਗ੍ਰੀਨ ਕਾਰਡ ਦੇ ਦਾਇਰੇ ਵਿਚੋਂ ਬਾਹਰ ਵੀ ਆ ਜਾਣ। ਦੋਹਾਂ ਦੇ ਲੇਖ ਰੰਗ-ਬਰੰਗੇ ਵੀ ਹੋਣ। ਹੋਰ ਵੀ ਬਥੇਰੇ ਵਿਸ਼ੇ ਹਨ ਜਿਨ੍ਹਾਂ 'ਤੇ ਕਲਮ ਚਲਾਈ ਜਾ ਸਕਦੀ ਹੈ। ਸੁਣਿਆ ਹੈ, ਲਿਖਾਰੀ ਆਪਣੀ ਨੁਕਤਾਚੀਨੀ ਸੁਣ ਕੇ ਗੁੱਸਾ ਵੀ ਬਹੁਤ ਕਰ ਲੈਂਦੇ ਨੇ, ਉਮੀਦ ਐ ਕਿ ਮੇਰੀ ਇਹ ਚਿੱਠੀ ਤੁਸੀਂ ਛਾਪ ਦਿਉਗੇ ਤੇ ਦੋਵੇਂ ਲਿਖਾਰੀ ਮੇਰਾ ਸੁਝਾਅ ਮੰਨ ਲੈਣਗੇ ਤੇ ਗੁੱਸਾ ਵੀ ਨਹੀਂ ਕਰਨਗੇ ਕਿਉਂਕਿ ਮੈਂ ਉਨ੍ਹਾਂ ਦਾ ਵੱਡਾ ਫੈਨ ਹਾਂ।

***-ਲਸ਼ਕਰ ਸਿੰਘ ਮਾਹੀ, ਵੁੱਡਲੈਂਡ***

---

### ਬੰਦਾ ਸਿੰਘ ਬਹਾਦਰ

ਮੈਂ ਕਿਸੇ ਅਖਬਾਰ ਨੂੰ ਪਹਿਲੀ ਵਾਰ ਚਿੱਠੀ ਲਿਖੀ ਹੈ। ਬੰਦਾ ਸਿੰਘ ਬਹਾਦਰ ਬਾਰੇ ਹਰਪਾਲ ਸਿੰਘ ਦੀ ਲੇਖ ਲੜੀ ਸਾਰੀ ਦੀ ਸਾਰੀ ਪੜ੍ਹੀ ਹੈ। ਬਹੁਤ ਸਾਰੀਆਂ ਚੀਜ਼ਾਂ ਬਾਰੇ ਪਤਾ ਨਹੀਂ ਸੀ। ਪਾਠ ਪੁਸਤਕਾਂ ਵਿਚ ਜੋ ਕੁਝ ਸਾਨੂੰ ਪੜ੍ਹਾਇਆ ਗਿਆ, ਉਹ ਝੂਠ ਨਿਕਲ ਗਿਆ। ਫਾਰਸੀ ਇਤਿਹਾਸਕਾਰਾਂ ਨੇ ਤਾਂ ਬੰਦੇ ਬਹਾਦਰ ਨੂੰ ਆਪਣੀ ਨਫਰਤ ਵਿਚੋਂ ਬਥੇਰਾ ਕੁਝ ਉਲਟ-ਪੁਲਟ ਕਿਹਾ ਪਰ ਸਾਡੇ ਆਪਣਿਆਂ ਨੇ ਕਿਹੜਾ ਉਸ ਨਾਲ ਘੱਟ ਕੀਤੀ। ਇਥੋਂ ਤੱਕ ਕਿਹਾ ਗਿਆ ਕਿ ਬੰਦਾ ਸਿੰਘ ਹੰਕਾਰੀ ਸਾਧ ਬਣ ਗਿਆ ਸੀ ਅਤੇ ਉਹ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਿਆ ਸੀ, ਇਸੇ ਕਰਕੇ ਉਸ ਨੂੰ ਸਜ਼ਾ ਮਿਲੀ। ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਦੀ ਮੁਲਾਕਾਤ ਬਾਰੇ ਪੜ੍ਹ ਕੇ ਅੱਖਾਂ ਖੁੱਲ੍ਹ ਗਈਆਂ। ਇਹ ਲੇਖ ਮੈਂ ਆਪਣੇ ਮਿੱਤਰਾਂ ਨੂੰ ਪੜ੍ਹਾਏ। ਉਹ ਵੀ ਸਾਰੇ ਹੈਰਾਨ ਹਨ। ਉਨ੍ਹਾਂ ਦੇ ਕਹਿਣ 'ਤੇ ਹੀ ਆਪ ਜੀ ਨੂੰ ਚਿੱਠੀ ਲਿਖੀ ਹੈ ਕਿ ਆਪ ਜੀ ਦਾ ਧੰਨਵਾਦ ਜ਼ਰੂਰ ਕਰਨਾ ਹੈ।

***-ਰਣਦੀਪ ਸਿੰਘ ਮਾਨ***
***ਡਿਟਰਾਇਟ, ਮਿਸ਼ੀਗਨ।***

---

### ਅਨਾਰਕਿਸਟ ਉਰਫ ਨਾਬਰ

'ਪੰਜਾਬ ਟਾਈਮਜ਼' ਦਾ 7 ਸਤੰਬਰ ਦਾ ਅੰਕ ਪੜ੍ਹ ਕੇ ਰੂਹ ਖੁਸ਼ ਹੋ ਗਈ। ਜਤਿੰਦਰ ਮੌਹਰ ਨੇ ਆਪਣੇ ਲੇਖ ਵਿਚ ਅਨਾਰਕਿਸਟਾਂ ਲਈ 'ਨਾਬਰ' ਸ਼ਬਦ ਵਰਤਿਆ ਗਿਆ ਹੈ। ਹੋ ਸਕਦਾ ਹੈ, ਇਹ ਸ਼ਬਦ ਵੀ ਅਨਾਰਕਿਸਟਾਂ ਨਾਲ ਇਨਸਾਫ ਨਾ ਕਰਦਾ ਹੋਵੇ ਪਰ ਇਹ ਸਹੀ ਹੈ ਕਿ ਅਨਾਰਕਿਸਟਾਂ ਨੂੰ ਭੰਨ-ਤੋੜ ਦੀਆਂ ਕਾਰਵਾਈਆਂ ਨਾਲ ਨੱਥੀ ਕਰ ਦਿੱਤਾ ਗਿਆ ਹੈ। ਅਨਾਰਕਿਸਟ ਸ਼ਬਦ ਦੇ ਅਰਥਾਂ ਬਾਰੇ ਹੋਰ ਖੋਜ ਹੋਣੀ ਚਾਹੀਦੀ ਹੈ। ਜਤਿੰਦਰ ਮੌਹਰ ਦੇ ਲੇਖ ਵਿਚ ਕਈ ਤੱਥ ਬੜੇ ਚੰਗੇ ਲੱਗੇ। ਫਿਰ ਉਸ ਦੇ ਇਸ ਤੋਂ ਪਹਿਲਾਂ ਵਾਲੇ ਪਿਛਲੇ ਲੇਖ ਕੱਢ ਕੇ ਪੜ੍ਹੇ। ਹੁਣ ਜਦੋਂ ਕਮਿਉਨਿਸਟਾਂ ਉਤੇ ਵੀ ਵੱਡੇ-ਵੱਡੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ ਤਾਂ ਅਨਾਰਕਿਸਟਾਂ ਬਾਰੇ ਇਸ ਤਰ੍ਹਾਂ ਦੀਆਂ ਗੱਲਾਂ ਕੌਣ ਕਰਦਾ ਹੈ? ਅੱਜਕੱਲ੍ਹ ਤਾਂ ਸਾਰੇ ਸਸਤਾ ਅਤੇ ਸ਼ਾਰਟਕੱਟ ਰਸਤਾ ਲੱਭਦੇ ਹਨ। ਬਹੁਤ ਚਿਰ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਅਨਾਰਕਿਸਟਾਂ ਬਾਰੇ ਲਿਖੇ ਲੇਖ ਪੜ੍ਹੇ ਸਨ। ਹੁਣ ਇਹ ਲੇਖ ਪੜ੍ਹ ਕੇ ਫਿਰ ਉਤਸੁਕਤਾ ਜਾਗ ਪਈ ਹੈ।

***-ਸਤਨਾਮ ਘੁੰਮਣ***
***ਐਲਿਜ਼ਬਥ, ਨਿਊ ਜਰਸੀ।***

# ਨਿਆਂ ਪਾਲਿਕਾ ਉਤੇ ਸਿਆਸੀ ਆਗੂਆਂ ਦੀ ਚੜ੍ਹਤ ਅਤੇ ਨਿਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜਿੱਥੋਂ ਤੱਕ ਭ੍ਰਿਸ਼ਟਾਚਾਰ ਦਾ ਸਵਾਲ ਹੈ, ਹਰ ਹੋਰ ਖਾਤੇ ਵਾਂਗ ਨਿਆਂ ਪਾਲਿਕਾ ਵਿਚ ਵੀ ਹੈ, ਪਰ ਜਿਸ ਜੱਜ ਦੇ ਵਿਰੁਧ ਕੇਸ ਆ ਜਾਂਦਾ ਹੈ, ਉਸ ਦੀ ਤਰਫਦਾਰੀ ਵੀ ਪਾਰਲੀਮੈਂਟ ਵਿਚ ਬੈਠੇ ਵੱਖੋ-ਵੱਖੋ ਸਿਆਸੀ ਪਾਰਟੀਆਂ ਦੇ ਆਗੂ ਕਰਦੇ ਹਨ। ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਕਿਸੇ ਜੱਜ ਨੂੰ ਬਰਖਾਸਤ ਕਰਨਾ ਹੋਵੇ ਤਾਂ ਉਸ ਦੇ ਖਿਲਾਫ ਪਾਰਲੀਮੈਂਟ ਵਿਚ ਮਹਾਂਦੋਸ਼ ਦਾ ਮਤਾ ਪਾਸ ਕਰਨਾ ਪੈਂਦਾ ਹੈ। ਹੁਣ ਤੱਕ ਇਹੋ ਜਿਹੇ ਦੋ ਜੱਜਾਂ ਦੇ ਖਿਲਾਫ ਮਤੇ ਆਏ ਹਨ। ਇੱਕ ਜੱਜ ਦੇ ਵਿਰੁਧ ਮਹਾਂਦੋਸ਼ ਦਾ ਮਤਾ ਰਾਜ ਸਭਾ ਵਿਚ ਪਾਸ ਹੋ ਗਿਆ ਤੇ ਫਿਰ ਲੋਕ ਸਭਾ ਵਿਚ ਪੇਸ਼ ਹੋਣ ਤੋਂ ਪਹਿਲਾਂ ਉਹ ਆਪ ਹੀ ਅਗਲੀ ਨਮੋਸ਼ੀ ਤੋਂ ਬਚਣ ਲਈ ਅਸਤੀਫਾ ਦੇ ਗਿਆ ਸੀ।***

ਰਾਜ ਸਭਾ ਵਿਚ ਇਸ ਹਫਤੇ ਭਾਰਤ ਦੀ ਸੁਪਰੀਮ ਕੋਰਟ ਉਤੇ ਹਾਈ ਕੋਰਟਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਅਤੇ ਤਬਾਦਲਿਆਂ ਬਾਰੇ ਇਕ ਜੁਡੀਸ਼ੀਅਲ ਕਮਿਸ਼ਨ ਕਾਇਮ ਕਰਨ ਦੀ ਤਜਵੀਜ਼ ਪਾਸ ਕਰ ਦਿੱਤੀ ਗਈ ਹੈ। ਉਸ ਦਿਨ ਰਾਜ ਸਭਾ ਵਿਚ ਜਿਹੜੀ ਬਹਿਸ ਹੋਈ, ਉਹ ਸੁਣਨ ਵਾਲੀ ਸੀ। ਮੈਂਬਰ ਇਸ ਤਰ੍ਹਾਂ ਬੋਲ ਰਹੇ ਸਨ, ਜਿਵੇਂ ਆਮ ਲੋਕਾਂ ਦੇ ਦਰਦ ਨਾਲ ਉਨ੍ਹਾਂ ਦੀ ਨੀਂਦ ਉਡੀ ਪਈ ਹੋਵੇ ਤੇ ਇਸ ਕਰ ਕੇ ਉਹ ਇਹੋ ਜਿਹਾ ਇਤਿਹਾਸਕ ਫੈਸਲਾ ਕਰਨ ਲਈ ਮਜਬੂਰ ਹੋਏ ਹੋਣ ਤਾਂ ਕਿ ਜਨ ਸਾਧਾਰਨ ਦਾ ਭਲਾ ਹੋ ਸਕੇ। ਜਿਹੜਾ ਫੈਸਲਾ ਕੀਤਾ ਗਿਆ, ਉਸ ਨੂੰ ਮਾੜਾ ਵੀ ਨਹੀਂ ਕਿਹਾ ਜਾ ਸਕਦਾ, ਪਰ ਓਨਾ ਵਧੀਆ ਵੀ ਨਹੀਂ ਕਿਹਾ ਜਾ ਸਕਦਾ, ਜਿੰਨਾ ਇਸ ਨੂੰ ਸਿਆਸੀ ਆਗੂਆਂ ਵੱਲੋਂ ਕਿਹਾ ਜਾ ਰਿਹਾ ਹੈ। ਹਰ ਕੋਈ ਆਪਣਾ ਪੱਖ ਹੀ ਚੰਗਾ ਦੱਸਦਾ ਹੁੰਦਾ ਹੈ, ਦੂਸਰਾ ਪੱਖ ਸਾਹਮਣੇ ਰੱਖਣ ਲਈ ਹੋਰਨਾਂ ਨੂੰ ਖੇਚਲ ਕਰਨੀ ਪੈਂਦੀ ਹੈ। ਅਸੀਂ ਇਸ ਤਜਵੀਜ਼ ਨੂੰ ਘੋਖਿਆ ਹੈ। ਸਾਰੀ ਕਸਰਤ ਇਸ ਲਈ ਕੀਤੀ ਗਈ ਜਾਪਦੀ ਹੈ ਕਿ ਪਿਛਲੇ ਕੁਝ ਹਫਤਿਆਂ ਤੋਂ ਨਿਆਂ ਪਾਲਿਕਾ ਨੇ ਸਿਆਸੀ ਆਗੂਆਂ ਨੂੰ ਵਾਹਣੀਂ ਪਾ ਰੱਖਿਆ ਸੀ ਤੇ ਸਿਆਸੀ ਆਗੂ ਵੀ ਨਿਆਂ ਪਾਲਿਕਾ ਨੂੰ ਨਕੇਲ ਪਾਉਣਾ ਚਾਹੁੰਦੇ ਹਨ।

ਸਿਰਫ ਦੋ ਮਹੀਨੇ ਪਹਿਲਾਂ ਦਸ ਜੁਲਾਈ ਦੇ ਦਿਨ ਭਾਰਤ ਦੀ ਸੁਪਰੀਮ ਕੋਰਟ ਨੇ ਇਹ ਫੈਸਲਾ ਦਿੱਤਾ ਸੀ ਕਿ ਜਿਨ੍ਹਾਂ ਲੋਕਾਂ ਨੂੰ ਕਿਸੇ ਅਦਾਲਤ ਤੋਂ ਦੋ ਸਾਲ ਜਾਂ ਉਸ ਤੋਂ ਵੱਧ ਦੀ ਸਜ਼ਾ ਹੋ ਜਾਵੇ, ਉਨ੍ਹਾਂ ਦੀ ਪਾਰਲੀਮੈਂਟ ਤੇ ਵਿਧਾਨ ਸਭਾ ਦੀ ਮੈਂਬਰੀ ਓਸੇ ਵਕਤ ਖਾਰਜ ਕਰ ਦਿੱਤੀ ਜਾਵੇ। ਇਸ ਦੀਆਂ ਕਈ ਮਿਸਾਲਾਂ ਹਨ ਕਿ ਚੁਣੇ ਹੋਏ ਪ੍ਰਤੀਨਿਧਾਂ ਨੂੰ ਕਿਸੇ ਅਦਾਲਤ ਨੇ ਕੈਦ ਦਾ ਹੁਕਮ ਕਰ ਦਿੱਤਾ ਤੇ ਉਹ ਫਿਰ ਵੀ ਮੈਂਬਰ ਬਣੇ ਰਹੇ ਹਨ। ਸਾਡੇ ਪੰਜਾਬ ਤੋਂ ਭਾਜਪਾ ਦਾ ਪਾਰਲੀਮੈਂਟ ਮੈਂਬਰ ਨਵਜੋਤ ਸਿੱਧੂ ਕਤਲ ਦੇ ਕੇਸ ਵਿਚ ਸਜ਼ਾ ਹੋਣ ਦੇ ਬਾਵਜੂਦ ਲੋਕ ਸਭਾ ਦੀ ਮੈਂਬਰੀ ਮਾਣ ਰਿਹਾ ਹੈ। ਬੀਬੀ ਜਗੀਰ ਕੌਰ ਸਕੀ ਧੀ ਦੀ ਮੌਤ ਦੇ ਮਾਮਲੇ ਵਿਚ ਕੈਦ ਦੇ ਹੁਕਮ ਦੇ ਬਾਵਜੂਦ ਵਿਧਾਇਕ ਬਣੀ ਹੋਈ ਹੈ। ਜਥੇਦਾਰ ਤੋਤਾ ਸਿੰਘ ਵੀ ਕੈਦ ਦੀ ਸਜ਼ਾ ਦੇ ਬਾਵਜੂਦ ਵਿਧਾਇਕ ਬਣਿਆ ਹੋਇਆ ਹੈ। ਹੋਰਨਾਂ ਰਾਜਾਂ ਵਿਚ ਵੀ ਇਹੋ ਜਿਹੀਆਂ ਮਿਸਾਲਾਂ ਹਨ।

ਸੁਪਰੀਮ ਕੋਰਟ ਦੇ ਉਸ ਫੈਸਲੇ ਦਾ ਤੱਤੇ ਘਾਹ ਸਾਰੀਆਂ ਰਾਜਸੀ ਪਾਰਟੀਆਂ ਨੇ ਸਵਾਗਤ ਕੀਤਾ ਸੀ। ਕੁਝ ਦਿਨ ਪਿੱਛੋਂ ਇਹ ਗੱਲ ਚੱਲ ਪਈ ਕਿ ਇਸ ਫੈਸਲੇ ਦਾ ਰਾਜਸੀ ਪਾਰਟੀਆਂ ਨੂੰ ਨੁਕਸਾਨ ਹੈ ਤੇ ਇਹ ਬਦਲਣਾ ਚਾਹੀਦਾ ਹੈ। ਸੁਪਰੀਮ ਕੋਰਟ ਵਿਚ ਫੈਸਲੇ ਉਤੇ ਮੁੜ ਵਿਚਾਰ ਦੀ ਅਰਜ਼ੀ ਦਿੱਤੀ ਗਈ ਤਾਂ ਰੱਦ ਹੋ ਗਈ। ਫਿਰ ਇੱਕੋ ਰਾਹ ਬਚਦਾ ਸੀ ਕਿ ਪਾਰਲੀਮੈਂਟ ਵਿਚ ਲੋਕ ਪ੍ਰਤੀਨਿਧਤਾ ਕਾਨੂੰਨ ਵਿਚ ਸੋਧ ਕਰ ਦਿੱਤੀ ਜਾਵੇ। ਇਹ ਸੋਧ ਕਰ ਕੇ ਸੁਪਰੀਮ ਕੋਰਟ ਦਾ ਫੈਸਲਾ ਅੱਧਾ ਕੁ ਪਲਟ ਦਿੱਤਾ ਗਿਆ ਹੈ। ਰਾਜ ਸਭਾ ਵਿਚ ਜਦੋਂ ਇਹ ਫੈਸਲਾ ਕੀਤਾ ਗਿਆ, ਸਿਰਫ ਪੰਦਰਾਂ ਮਿੰਟਾਂ ਵਿਚ ਇਹ ਕੰਮ ਬਿਨਾਂ ਬਹਿਸ ਤੋਂ ਹੋ ਗਿਆ ਅਤੇ ਸਰਕਾਰ ਇੱਕਲੀ ਨੇ ਨਹੀਂ ਕੀਤਾ, ਆਪਣੇ ਆਪ ਨੂੰ ਵੱਖਰੀ-ਨਿਆਰੀ ਕਹਿਣ ਵਾਲੀ ਭਾਰਤੀ ਜਨਤਾ ਪਾਰਟੀ ਨੇ ਵੀ ਇਸ ਕੰਮ ਵਿਚ ਉਸ ਦਾ ਪੂਰਾ ਸਾਥ ਦਿੱਤਾ। ਭਾਜਪਾ ਲੀਡਰ ਸੁਸ਼ਮਾ ਸਵਰਾਜ ਨੇ ਆਪ ਇਹ ਰਾਏ ਦਿੱਤੀ ਕਿ ਇਸ ਉਤੇ ਬਹਿਸ ਕਰਨ ਦੀ ਲੋੜ ਨਹੀਂ ਹੈ।

ਇਸ ਤੋਂ ਇੱਕ ਦਿਨ ਪਹਿਲਾਂ ਅਸੀਂ ਰਾਜ ਸਭਾ ਵਿਚ ਜਿਸ ਜੁਡੀਸ਼ੀਅਲ ਕਮਿਸ਼ਨ ਦੀ ਸਥਾਪਤੀ ਦੀਆਂ ਗੱਲਾਂ ਸੁਣੀਆਂ ਸਨ, ਹੁਣ ਇਹ ਵੇਖੀਏ ਕਿ ਉਸ ਨਾਲ ਫਰਕ ਕੀ ਪਵੇਗਾ? ਸਿਰਫ ਇਹ ਕਿ ਹੁਣ ਤੱਕ ਇੱਕ ਕੋਲੀਜੀਅਮ ਦਾ ਪ੍ਰਬੰਧ ਸੀ, ਜਿਸ ਦੀ ਸ਼ੁਰੂਆਤ 1993 ਵਿਚ ਇਸ ਲਈ ਹੋਈ ਸੀ ਕਿ ਜੱਜਾਂ ਦੀਆਂ ਨਿਯੁਕਤੀਆਂ ਤੇ ਤਬਾਦਲਿਆਂ ਵਿਚ ਕਈ ਕਿਸਮ ਦੇ ਦੋਸ਼ ਲੱਗਣ ਲੱਗ ਪਏ ਸਨ। ਨਵੇਂ ਸਿਰਜੇ ਗਏ ਕੋਲੀਜੀਅਮ ਪ੍ਰਬੰਧ ਦਾ ਭਾਰਤ ਦੇ ਸੰਵਿਧਾਨ ਵਿਚ ਕੋਈ ਥਾਂ ਨਹੀਂ ਸੀ, ਪਰ ਇਹ ਵੇਖਣ ਨੂੰ ਠੀਕ ਲੱਗਦਾ ਸੀ ਕਿ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦਾ ਮੁੱਖ ਜੱਜ ਅਤੇ ਚਾਰ ਸੀਨੀਅਰ ਜੱਜ ਜੋੜ ਕੇ ਪੰਜ ਜੱਜਾਂ ਦਾ ਕੋਲੀਜੀਅਮ ਕਿਸੇ ਵੀ ਜੱਜ ਨੂੰ ਨਿਯੁਕਤ ਕਰਨ ਆਦਿ ਦੇ ਫੈਸਲੇ ਕਰੇ। ਫਿਰ ਇਸ ਵਿਚ ਵੀ ਨੁਕਸ ਨਿਕਲ ਆਏ ਤੇ ਇਹ ਚਰਚਾ ਹੋਣ ਲੱਗ ਪਈ ਕਿ ਕੁਝ ਕੇਸਾਂ ਵਿਚ ਜੱਜਾਂ ਨੇ ਆਪੋ-ਆਪਣੇ ਚਹੇਤੇ ਵਕੀਲਾਂ ਨੂੰ ਜੱਜ ਲਾਉਣ ਦੀ ਸਿਫਾਰਸ਼ ਕੀਤੀ ਤੇ ਜਿਨ੍ਹਾਂ ਦੀ ਸਿਫਾਰਸ਼ ਇਸ ਦੇ ਖਿਲਾਫ ਗਈ ਸੀ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਤੰਗ ਕੀਤਾ ਜਾਂਦਾ ਸੀ। ਹੁਣੇ ਰਿਟਾਇਰ ਹੋਏ ਮੁੱਖ ਜੱਜ ਉਤੇ ਇਹ ਦੋਸ਼ ਲੱਗਾ ਸੀ ਕਿ ਉਸ ਨੇ ਆਪਣੀ ਭੈਣ ਨੂੰ ਜੱਜ ਬਣਾਉਣ ਲਈ ਦਬਾਅ ਪਾਇਆ ਸੀ ਤੇ ਜਿਸ ਜੱਜ ਨੇ ਉਸ ਦਾ ਵਿਰੋਧ ਕੀਤਾ ਸੀ, ਉਸ ਦੀ ਉਹ ਮੁੱਖ ਜੱਜ ਰਿਟਾਇਰ ਹੋਣ ਲੱਗਾ ਤਰੱਕੀ ਰੋਕ ਗਿਆ ਸੀ। ਇਹੋ ਜਿਹੇ ਨੁਕਸ ਜਿੰਨੇ ਹੋਣ ਤੇ ਜਿੱਥੇ ਵੀ ਹੋਣ, ਜੇ ਪਾਰਲੀਮੈਂਟ ਉਨ੍ਹਾਂ ਨੂੰ ਦੂਰ ਕਰਦੀ ਤਾਂ ਹੋਰ ਗੱਲ ਹੋਣੀ ਸੀ, ਪਰ ਉਹ ਇਸ ਗੱਲ ਨੂੰ ਬਹਾਨਾ ਬਣਾ ਕੇ ਕੋਲੀਜੀਅਮ ਉਤੇ ਕਾਟਾ ਮਾਰਨ ਤੇ ਇਸ ਪ੍ਰਬੰਧ ਵਿਚ ਆਗੂਆਂ ਦੀ ਦਖਲ ਅੰਦਾਜ਼ੀ ਦਾ ਰਾਹ ਖੋਲ੍ਹਣ ਤੁਰ ਪਈ ਹੈ।



ਜਦੋਂ ਇਸ ਨਵੀਂ ਸੋਧ ਬਾਰੇ ਬਹਿਸ ਹੋ ਰਹੀ ਸੀ, ਉਦੋਂ ਭਾਰਤ ਦੇ ਮਹਾਂ-ਭ੍ਰਿਸ਼ਟ ਕ੍ਰਿਕਟ ਬੋਰਡ ਦੇ ਅਹੁਦੇਦਾਰ ਤੇ ਕੇਂਦਰੀ ਮੰਤਰੀ ਰਾਜੀਵ ਸ਼ੁਕਲਾ ਨੇ ਇਹ ਵੀ ਕਿਹਾ ਕਿ ਜੱਜਾਂ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ ਤੇ ਮੁਕੱਦਮੇ ਸਾਲਾਂ-ਬੱਧੀ ਨਿਪਟਾਏ ਨਹੀਂ ਜਾਂਦੇ, ਪਰ ਸਾਨੂੰ ਸਿਆਸੀ ਆਗੂਆਂ ਨੂੰ ਜੱਜ ਭ੍ਰਿਸ਼ਟ ਆਖਣ ਲੱਗੇ ਹੋਏ ਹਨ। ਇਹ ਗੱਲ ਠੀਕ ਹੈ ਕਿ ਮੁਕੱਦਮੇ ਲਟਕਦੇ ਰਹਿੰਦੇ ਹਨ, ਪਰ ਇਸ ਵਿਚ ਸਿਰਫ ਜੱਜਾਂ ਦਾ ਕਸੂਰ ਨਹੀਂ, ਵਕੀਲਾਂ ਦਾ ਵੀ ਹੈ, ਜਿਹੜੇ ਇੱਕ ਜਾਂ ਦੂਸਰੇ ਬਹਾਨੇ ਹੇਠ ਤਰੀਕਾਂ ਲਈ ਜਾਂਦੇ ਹਨ ਤੇ ਜਿਸ ਦਿਨ ਕੋਈ ਕਾਰਵਾਈ ਪਾਏ ਬਿਨਾਂ ਅਗਲੀ ਤਰੀਕ ਲੈ ਲਈ ਜਾਂਦੀ ਹੈ, ਉਸ ਦਿਨ ਦੀ ਫੀਸ ਵੀ ਕੇਸ ਚਲਾਉਣ ਵਾਲੀ ਅਸਾਮੀ ਨੂੰ ਨਹੀਂ ਬਖਸ਼ਦੇ। ਇੱਕ ਕਸੂਰ ਇਸ ਵਿਚ ਇਹ ਵੀ ਹੈ ਕਿ ਜੱਜਾਂ ਦੀਆਂ ਕੁਰਸੀਆਂ ਸੈਂਕੜਿਆਂ ਦੇ ਹਿਸਾਬ ਖਾਲੀ ਹਨ। ਦੇਸ਼ ਦੀਆਂ ਹਾਈ ਕੋਰਟਾਂ ਵਿਚ ਹੀ ਅੱਠ ਸੌ ਤੋਂ ਵੱਧ ਜੱਜਾਂ ਦੀ ਘਾਟ ਹੈ ਤੇ ਸੁਪਰੀਮ ਕੋਰਟ ਵਿਚ ਵੀ ਜੱਜ ਪੂਰੇ ਨਹੀਂ, ਪਰ ਸਰਕਾਰ ਨੇ ਕਦੀ ਫਿਕਰ ਹੀ ਨਹੀਂ ਕੀਤਾ।

ਜਿੱਥੋਂ ਤੱਕ ਭ੍ਰਿਸ਼ਟਾਚਾਰ ਦਾ ਸਵਾਲ ਹੈ, ਹਰ ਹੋਰ ਖਾਤੇ ਵਾਂਗ ਨਿਆਂ ਪਾਲਿਕਾ ਵਿਚ ਵੀ ਹੈ, ਪਰ ਜਿਸ ਜੱਜ ਦੇ ਵਿਰੁਧ ਕੇਸ ਆ ਜਾਂਦਾ ਹੈ, ਉਸ ਦੀ ਤਰਫਦਾਰੀ ਵੀ ਪਾਰਲੀਮੈਂਟ ਵਿਚ ਬੈਠੇ ਵੱਖੋ-ਵੱਖੋ ਸਿਆਸੀ ਪਾਰਟੀਆਂ ਦੇ ਆਗੂ ਕਰਦੇ ਹਨ। ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਕਿਸੇ ਜੱਜ ਨੂੰ ਬਰਖਾਸਤ ਕਰਨਾ ਹੋਵੇ ਤਾਂ ਉਸ ਦੇ ਖਿਲਾਫ ਪਾਰਲੀਮੈਂਟ ਵਿਚ ਮਹਾਂਦੋਸ਼ ਦਾ ਮਤਾ ਪਾਸ ਕਰਨਾ ਪੈਂਦਾ ਹੈ। ਹੁਣ ਤੱਕ ਇਹੋ ਜਿਹੇ ਦੋ ਜੱਜਾਂ ਦੇ ਖਿਲਾਫ ਮਤੇ ਆਏ ਹਨ। ਇੱਕ ਜੱਜ ਦੇ ਵਿਰੁਧ ਮਹਾਂਦੋਸ਼ ਦਾ ਮਤਾ ਰਾਜ ਸਭਾ ਵਿਚ ਪਾਸ ਹੋ ਗਿਆ ਤੇ ਫਿਰ ਲੋਕ ਸਭਾ ਵਿਚ ਪੇਸ਼ ਹੋਣ ਤੋਂ ਪਹਿਲਾਂ ਉਹ ਆਪ ਹੀ ਅਗਲੀ ਨਮੋਸ਼ੀ ਤੋਂ ਬਚਣ ਲਈ ਅਸਤੀਫਾ ਦੇ ਗਿਆ ਸੀ।

ਦੂਸਰੇ ਜੱਜ ਦਾ ਮਾਮਲਾ ਇਸ ਤੋਂ ਪਹਿਲਾਂ ਦਾ ਸੀ ਤੇ ਵੱਖਰੇ ਨਤੀਜੇ ਵਾਲਾ ਵੀ ਸੀ। ਸੁਪਰੀਮ ਕੋਰਟ ਦੇ ਜੱਜ ਜਸਟਿਸ ਰਾਮਾਸਵਾਮੀ ਦੇ ਖਿਲਾਫ ਮਈ 1993 ਵਿਚ ਮਹਾਂਦੋਸ਼ ਮਤਾ ਲੋਕ ਸਭਾ ਵਿਚ ਪੇਸ਼ ਹੋਇਆ ਤਾਂ ਸਪੀਕਰ ਨੇ ਇਸ ਦੀ ਘੋਖ ਲਈ ਸੁਪਰੀਮ ਕੋਰਟ ਦੇ ਇੱਕ ਸੀਨੀਅਰ ਜੱਜ, ਇੱਕ ਹਾਈ ਕੋਰਟ ਦੇ ਮੁੱਖ ਜੱਜ ਤੇ ਇੱਕ ਹੋਰ ਹਾਈ ਕੋਰਟ ਦੇ ਸੀਨੀਅਰ ਜੱਜ ਦੀ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਸੀ। ਇਸ ਕਮੇਟੀ ਦੀ ਰਿਪੋਰਟ ਵਿਚ ਜਸਟਿਸ ਰਾਮਾਸਵਾਮੀ ਆਪਣੇ ਖਿਲਾਫ ਲੱਗੇ ਭ੍ਰਿਸ਼ਟਾਚਾਰ ਦੇ ਚੌਦਾਂ ਵਿਚੋਂ ਗਿਆਰਾਂ ਦੋਸ਼ਾਂ ਦਾ ਗੁਨਾਹਗਾਰ ਮੰਨਿਆ ਗਿਆ। ਅਗਲਾ ਕੰਮ ਪਾਰਲੀਮੈਂਟ ਦਾ ਸੀ। ਕੇਂਦਰ ਦਾ ਜਿਹੜਾ ਕਾਨੂੰਨ ਮੰਤਰੀ ਕਪਿਲ ਸਿੱਬਲ ਅੱਜ ਪਾਰਲੀਮੈਂਟ ਵਿਚ ਬਾਂਹਾਂ ਚੁੱਕ-ਚੁੱਕ ਕੇ ਜੱਜਾਂ ਦੇ ਖਿਲਾਫ ਬੋਲਦਾ ਹੈ, ਉਹ ਉਦੋਂ ਉਸ ਭ੍ਰਿਸ਼ਟ ਜੱਜ ਰਾਮਾਸਵਾਮੀ ਦਾ ਪੱਖ ਪੇਸ਼ ਕਰਨ ਲਈ ਪਾਰਲੀਮੈਂਟ ਵਿਚ ਪੇਸ਼ ਹੋਇਆ ਸੀ। ਫਿਰ ਵੋਟਾਂ ਪਈਆਂ ਤਾਂ 543 ਮੈਂਬਰਾਂ ਦੀ ਲੋਕ ਸਭਾ ਵਿਚ ਉਸ ਵਕਤ ਸਿਰਫ 401 ਜਣੇ ਬੈਠੇ ਸਨ, ਭਾਵ 142 ਪਹਿਲਾਂ ਹੀ ਗੈਰ-ਹਾਜ਼ਰੀ ਕਰ ਗਏ। ਇਨ੍ਹਾਂ 401 ਵਿਚੋਂ 196 ਨੇ ਜਸਟਿਸ ਰਾਮਾਸਵਾਮੀ ਨੂੰ ਦੋਸ਼ੀ ਮੰਨ ਕੇ ਮਹਾਂਦੋਸ਼ ਦਾ ਪੱਖ ਲਿਆ, ਦੋ ਸੌ ਪੰਜ ਮੈਂਬਰਾਂ ਨੇ ਵੋਟ ਹੀ ਨਾ ਪਾਈ ਤੇ ਜਿਹੜੇ ਜੱਜ ਨੂੰ ਤਿੰਨ ਜੱਜਾਂ ਦੀ ਕਮੇਟੀ ਨੇ ਭ੍ਰਿਸ਼ਟਾਚਾਰ ਦਾ ਦੋਸ਼ੀ ਮੰਨਿਆ ਸੀ, ਪਾਰਲੀਮੈਂਟ ਵਿਚੋਂ ਉਹ ਇਸ ਲਈ ਸੁੱਕਾ ਨਿਕਲ ਗਿਆ ਕਿ ਲੋਕ ਸਭਾ ਦੀ ਬਹੁ-ਸੰਮਤੀ ਨੇ ਸਜ਼ਾ ਦੀ ਹਮਾਇਤ ਨਹੀਂ ਸੀ ਕੀਤੀ। ਫਿਰ ਵੱਧ ਦੋਸ਼ੀ ਕੌਣ ਹੋਇਆ, ਰਾਜਸੀ ਆਗੂ ਕਿ ਨਿਆਂ ਪਾਲਿਕਾ ਵਾਲੇ?

ਹੁਣ ਜਦੋਂ ਇਹ ਰਾਏ ਬਣੀ ਹੈ ਕਿ ਜੱਜਾਂ ਦੀ ਨਿਯੁਕਤੀ ਬਾਰੇ ਜੁਡੀਸ਼ੀਅਲ ਕਮਿਸ਼ਨ ਬਣਾਇਆ ਜਾਵੇ, ਉਸ ਦੀ ਬਣਤਰ ਵੀ ਪੇਸ਼ ਹੋ ਗਈ ਹੈ। ਇਸ ਕਮਿਸ਼ਨ ਵਿਚ ਸੁਪਰੀਮ ਕੋਰਟ ਦਾ ਮੁੱਖ ਜੱਜ ਤੇ ਦੋ ਸਭ ਤੋਂ ਸੀਨੀਅਰ ਜੱਜ ਵੀ ਹੋਣਗੇ, ਦੇਸ਼ ਦਾ ਕਾਨੂੰਨ ਮੰਤਰੀ ਵੀ, ਨਿਆਂ-ਪ੍ਰਬੰਧ ਬਾਰੇ ਭਾਰਤ ਸਰਕਾਰ ਦਾ ਸੈਕਟਰੀ ਵੀ ਅਤੇ ਦੋ ਪ੍ਰਮੁੱਖ ਬੰਦੇ ਹੋਰ ਇਸ ਵਿਚ ਹੋਣਗੇ, ਜਿਨ੍ਹਾਂ ਦਾ ਫੈਸਲਾ ਸਰਕਾਰ ਕਰੇਗੀ। ਸਾਫ ਹੈ ਕਿ ਮੁੱਖ ਜੱਜ ਸਮੇਤ ਤਿੰਨ ਜੱਜਾਂ ਦੇ ਸਾਹਮਣੇ ਚਾਰ ਜਣੇ ਕਾਨੂੰਨ ਮੰਤਰੀ ਸਮੇਤ ਰਾਜਸੀ ਧਿਰ ਦੇ ਹੋਣਗੇ। ਫਿਰ ਮਰਜ਼ੀ ਕਿਸ ਦੀ ਚੱਲੇਗੀ, ਇਹ ਸਮਝਣਾ ਮੁਸ਼ਕਲ ਨਹੀਂ ਹੈ। ਇਸ ਤੋਂ ਸਿਆਸੀ ਆਗੂਆਂ ਦੀ ਇੱਕ ਨੀਤ ਝਲਕਦੀ ਹੈ, ਜਿਹੜੀ ਸੁਲੱਖਣੀ ਨਹੀਂ ਕਹੀ ਜਾ ਸਕਦੀ।

ਜਦੋਂ ਇਹ ਨਵਾਂ ਪ੍ਰਬੰਧ ਕਰਨ ਦੀ ਪਹਿਲਕਦਮੀ ਕਰ ਲਈ ਗਈ, ਉਦੋਂ ਨਾਲ ਇਹ ਵੀ ਕਿਹਾ ਗਿਆ ਹੈ ਕਿ ਆਮ ਆਦਮੀ ਨੂੰ ਨਿਆਂ ਨਹੀਂ ਮਿਲ ਰਿਹਾ, ਜਿਸ ਲਈ ਸਿਆਸੀ ਆਗੂ ਬੜੇ ਫਿਕਰਮੰਦ ਹਨ। ਉਨ੍ਹਾਂ ਦਾ ਇਹ ਫਿਕਰ ਸਿਰਫ ਕਾਗਜ਼ਾਂ ਵਿਚ ਜਾਂ ਪਾਰਲੀਮੈਂਟ ਦੇ ਅੰਦਰ ਹੈ, ਜਿਸ ਦੀ ਚਰਚਾ ਉਹ ਕਰਦੇ ਹਨ, ਅਮਲ ਵਿਚ ਸਾਰਾ ਕੁਝ ਕਹਿ ਕੇ ਵੀ ਫਿਕਰਮੰਦੀ ਦਾ ਮੁੱਦਾ ਲਾਂਭੇ ਨਹੀਂ ਕੀਤਾ ਜਾ ਸਕਦਾ। ਪਾਰਲੀਮੈਂਟ ਵਿਚ ਪੰਜ ਸਤੰਬਰ ਦੀ ਬਹਿਸ ਵਿਚ ਇਹ ਗੱਲ ਜ਼ਿਕਰ ਦਾ ਮੁੱਦਾ ਬਣੀ ਕਿ ਸੁਪਰੀਮ ਕੋਰਟ ਵਿਚ ਵਕੀਲਾਂ ਦੀਆਂ ਫੀਸਾਂ ਏਨੀਆਂ ਜ਼ਿਆਦਾ ਹਨ ਕਿ ਆਮ ਆਦਮੀ ਉਥੇ ਜਾ ਕੇ ਕਿਸੇ ਕੇਸ ਦੀ ਪੈਰਵੀ ਕਰ ਹੀ ਨਹੀਂ ਸਕਦਾ। ਇੱਕ ਮੰਤਰੀ ਨੇ ਇਹ ਕਹਿਣ ਵਿਚ ਵੀ ਝਿਜਕ ਨਹੀਂ ਵਿਖਾਈ ਕਿ ਸੁਪਰੀਮ ਕੋਰਟ ਦੇ ਕਈ ਵਕੀਲ ਸਿਰਫ ਇੱਕ ਦਿਨ ਦੇ ਪੰਝੀ ਲੱਖ ਰੁਪਏ ਤੱਕ ਲੈਂਦੇ ਹਨ। ਉਸ ਦੀ ਇਹ ਗੱਲ ਠੀਕ ਹੈ। ਭਾਰਤ ਦਾ ਇੱਕ ਵਕੀਲ ਸਿਰਫ ਪੰਦਰਾਂ ਮਿੰਟਾਂ ਦੀ ਬਹਿਸ ਲਈ ਤਿੰਨ ਲੱਖ ਰੁਪਏ ਜਾਂ ਪੂਰੇ ਦਿਨ ਦੇ ਪੰਝੀ ਲੱਖ ਰੁਪਏ ਲੈਂਦਾ ਹੈ। ਇੱਕ ਹੋਰ ਵਕੀਲ ਨੇ ਅੰਬਾਨੀ ਭਰਾਵਾਂ ਵਿਚੋਂ ਵੱਡੇ ਮੁਕੇਸ਼ ਅੰਬਾਨੀ ਵੱਲੋਂ ਕੇਸ ਲੜਿਆ ਤੇ ਇਸ ਦੀ ਫੀਸ ਪੰਦਰਾਂ ਕਰੋੜ ਰੁਪਏ ਲਈ ਸੀ, ਜਿਸ ਦੇ ਬਾਅਦ ਉਸ ਕੋਲ ਜਿਹੜਾ ਵੀ ਮੁਕੱਦਮਾ ਲੜਨ ਦੀ ਬੇਨਤੀ ਕਰਨ ਜਾਵੇ, ਉਹ ਕਰੋੜਾਂ ਦੇ ਨੇੜੇ-ਤੇੜੇ ਦੀ ਗੱਲ ਕਰਦਾ ਹੈ। ਭਾਰਤ ਵਿਚ ਉਹ ਆਮ ਆਦਮੀ ਵੀ ਹਨ, ਜਿਨ੍ਹਾਂ ਬਾਰੇ ਭਾਰਤ ਦੇ ਯੋਜਨਾ ਕਮਿਸ਼ਨ ਦਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਕਹਿੰਦਾ ਹੈ ਕਿ ਉਹ ਅਠਾਈ ਰੁਪਏ ਰੋਜ਼ ਵੀ ਖਰਚਣ ਜੋਗੇ ਹੋਣ ਤਾਂ ਗਰੀਬ ਨਹੀਂ ਮੰਨੇ ਜਾਣੇ ਚਾਹੀਦੇ। ਜਿਨ੍ਹਾਂ ਨੇ ਸਾਰੀ ਉਮਰ ਕਦੀ ਲੱਖ ਰੁਪਏ ਦੇ ਨੋਟ ਇਕੱਠੇ ਪਏ ਨਹੀਂ ਵੇਖੇ, ਇਸ ਭਾਰਤ ਮਾਂ ਦੀ ਗੋਦ ਵਿਚ ਉਹ ਵੀ ਬਰਾਬਰ ਦੇ ਨਾਗਰਿਕ ਗਿਣੇ ਜਾਂਦੇ ਹਨ, ਪਰ ਜੇ ਕਦੀ ਬਦਕਿਸਮਤੀ ਨਾਲ ਉਨ੍ਹਾਂ ਸਿਰ ਕੋਈ ਕੇਸ ਬਣ ਜਾਵੇ, ਉਹ ਏਨੇ ਮਹਿੰਗੇ ਵਕੀਲ ਕਿੱਥੋਂ ਕਰ ਲੈਣਗੇ? ਹੈਰਾਨੀ ਦੀ ਗੱਲ ਇਹ ਵੀ ਹੈ ਕਿ ਜਦੋਂ ਇਹ ਕਿਹਾ ਗਿਆ ਕਿ ਕਈ ਵਕੀਲ ਇੱਕ ਦਿਨ ਦੀ ਫੀਸ ਲੱਖਾਂ ਵਿਚ ਲੈਂਦੇ ਹਨ ਤਾਂ ਲੱਖਾਂ ਵਿਚ ਫੀਸ ਲੈਣ ਵਾਲੇ ਰਾਮ ਜੇਠਮਲਾਨੀ, ਕਪਿਲ ਸਿੱਬਲ, ਅਰੁਣ ਜੇਤਲੀ ਸਾਹਮਣੇ ਬੈਠੇ ਮੁਸਕਰਾਈ ਜਾਂਦੇ ਸਨ। ਕੀ ਕਹੀਏ ਇਸ ਵਰਤਾਰੇ ਬਾਰੇ? ਤੇਰਾ ਸਿੰਘ ਚੰਨ ਨੇ ਗੀਤ ਲਿਖਿਆ ਸੀ: 'ਹੇ ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ।' ਇਸ ਤੋਂ ਵੱਧ ਕੁਝ ਨਹੀਂ ਕਿਹਾ ਜਾ ਸਕਦਾ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੋਲ ਫਰੀ ਨੰਬਰ 1-888-652-6268
732-983-4332/4333

# ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਕਬੱਡੀ ਕੱਪ 'ਤੇ ਫਤਿਹ ਕਲੱਬ ਕਾਬਜ

**ਸ਼ਿਕਾਗੋ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਲੇਬਰ ਡੇ ਵੀਕਐਂਡ 'ਤੇ ਕਰਵਾਏ ਗਏ ਸਾਲਾਨਾ ਖੇਡ ਮੇਲੇ ਦੌਰਾਨ ਕਬੱਡੀ ਓਪਨ ਵਿਚ ਜੇਤੂ ਫਤਿਹ ਸਪੋਰਟਸ ਕਲੱਬ-ਕੈਲੀਫੋਰਨੀਆ ਦੀ ਟੀਮ ਰਹੀ ਜਦੋਂਕਿ ਦੂਜੇ ਥਾਂ ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ ਦੀ ਟੀਮ ਆਈ। ਬੈਸਟ ਰੇਡਰ ਜੌਹਨੀ ਗਿੱਲ ਅਤੇ ਬੈਸਟ ਸਟਾਪਰ ਰੂਬੀ ਹਰਖੋਵਾਲ ਐਲਾਨੇ ਗਏ। ਮੇਲੇ ਦੇ ਮੁੱਖ ਮਹਿਮਾਨ ਮਿਲਵਾਕੀ ਦੇ ਮਦਨ ਪੋਪਲੀ ਸਨ।




ਓਪਨ ਕਬੱਡੀ ਦਾ ਪਹਿਲਾ 5100 ਡਾਲਰ ਦਾ ਇਨਾਮ ਜਸਵਿੰਦਰ ਸਿੰਘ ਗਿੱਲ ਤੇ ਨਾਜ਼ਰ ਸਿੰਘ ਗਿੱਲ (ਵਾਕੀਗਨ) ਅਤੇ 4100 ਡਾਲਰ ਦਾ ਦੂਜਾ ਇਨਾਮ ਜਸਵਿੰਦਰ ਜੱਸੀ ਗਿੱਲ ਨੇ ਆਪਣੇ ਪਿਤਾ ਸਵਰਗੀ ਮੇਜਰ ਸਿੰਘ ਗਿੱਲ ਦੀ ਯਾਦ ਵਿਚ ਸਪਾਂਸਰ ਕੀਤਾ। ਓਪਨ ਕਬੱਡੀ ਵਿਚ ਜੇਤੂ ਫਤਿਹ ਕਲੱਬ ਅਤੇ ਮੀਰੀ ਪੀਰੀ ਸਪੋਰਟਸ ਕਲੱਬ ਤੋਂ ਇਲਾਵਾ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਤੇ ਹਰਜੀਤ ਤਲਵਾਰ ਸਪੋਰਟਸ ਕਲੱਬ, ਟੋਰਾਂਟੋ (ਕੈਨੇਡਾ)-ਕੁਲ ਚਾਰ ਟੀਮਾਂ ਭਿੜੀਆਂ।

ਕਬੱਡੀ ਮੈਚਾਂ ਵਿਚ ਕੌਮਾਂਤਰੀ ਪ੍ਰਸਿਧੀ ਵਾਲੇ ਖਿਡਾਰੀਆਂ ਨੇ ਆਪਣੀ ਖੇਡ ਦੇ ਜੌਹਰ ਵਿਖਾਏ ਇਨ੍ਹਾਂ 'ਚ ਰੇਡਰ-ਜੌਨੀ ਗਿੱਲ, ਦੁੱਲਾ ਫਿਰੋਜ਼ਪੁਰ, ਮੌਲਾ, ਗੌਰੀ, ਧਰਮਜੀਤ ਡੀ ਸੰਧੂ (ਘੋੜਾ), ਬੱਲੀ ਮਹੇੜੂ, ਵਿੱਕੀ ਘੋਤੜਾ, ਹਨੀ ਘੰਗੂੜਾ, ਪਾਲਾ ਨਕੋਦਰੀਆ, ਪਿੰਕਾ, ਕੌਰਾ ਬੱਚੀਆਂ ਵਾਲਾ, ਤਾਰੀ ਸੰਗਢੇਸੀਆਂ ਅਤੇ ਸਟਾਪਰ-ਮੰਨਾ ਲੱਛਰ, ਰੂਬੀ ਹਰਖੋਵਾਲ, ਸੀਬੂ, ਘੁੱਦਾ ਮਹੇੜੂ, ਕਾਲੇ ਮੂਲ ਦਾ ਡਾਂਟੇ, ਜੱਸਾ ਕਾਲਾ ਸੰਘਿਆਂ, ਹਰਦੀਪ, ਵਿੱਕੀ ਸੰਮੀਪੁਰੀਆ, ਰਾਣਾ ਭੰਡਾਲ, ਪੰਮਾ ਝੰਡੇਰ ਅਤੇ ਮੇਜਰ ਚੱਠਾ ਸ਼ਾਮਲ ਸਨ।




*ਓਪਨ ਕਬੱਡੀ ਦਾ ਜੇਤੂ ਫਤਿਹ ਕਲੱਬ ਕੈਲੀਫੋਰਨੀਆ*

ਫਤਿਹ ਕਲੱਬ ਕੈਲੀਫੋਰਨੀਆ ਵਲੋਂ ਖੇਡੇ ਮੈਕਸੀਕਨ ਮੂਲ ਦੇ ਦੋ ਕਬੱਡੀ ਖਿਡਾਰੀ ਭਰਾਵਾਂ-ਸਟਾਪਰ ਹੈਰੋ ਸ਼ਾਵੇਜ਼ ਅਤੇ ਰੇਡਰ ਹਸੂਸ ਸ਼ਾਵੇਜ਼ ਨੇ ਕਬੱਡੀ ਦੇ ਜ਼ੌਹਰ ਵਿਖਾ ਕੇ ਦਰਸ਼ਕਾਂ ਦੀ ਖਾਸ ਵਾਹ ਵਾਹ ਖੱਟੀ। ਹਸੂਸ ਸ਼ਾਵੇਜ਼ ਜਦੋਂ ਵੀ ਕੋਈ ਪੁਆਇੰਟ ਲੈ ਕੇ ਆਉਂਦਾ ਤਾਂ ਪੱਟਾਂ 'ਤੇ ਥਾਪੀਆਂ ਮਾਰਦਾ ਪੁੱਠੀਆਂ ਛਾਲਾਂ ਲਾਉਂਦਾ।

ਕਬੱਡੀ ਦੀ ਕੁਮੈਂਟਰੀ ਇੰਡੀਅਨਐਪਲਿਸ ਤੋਂ ਰਾਣਾ ਸਿੱਧੂ ਅਤੇ ਪ੍ਰੋ. ਮੱਖਣ ਸਿੰਘ ਹਕੀਮਪੁਰੀ ਨੇ ਆਪਣੇ ਅੰਦਾਜ਼ ਵਿਚ ਕੀਤੀ ਪਰ ਇਸ ਵਾਰ ਮੱਖਣ ਸਿੰਘ ਨੇ ਬਹੁਤੇ ਨਾਂ ਨਹੀਂ ਗਿਣੇ ਅਤੇ ਆਪਣਾ ਧਿਆਨ ਕੁਮੈਂਟਰੀ ਵੱਲ ਹੀ ਰੱਖਿਆ।

ਕਬੱਡੀ ਦੇ ਅੰਡਰ-21 ਮੁਕਾਬਲਿਆਂ ਵਿਚ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਜੇਤੂ ਰਹੀ ਜਦੋਂਕਿ ਮਾਲਟਨ ਸਪੋਰਟਸ ਕਲੱਬ, ਟੋਰਾਂਟੋ ਦੀ ਟੀਮ ਦੂਜੇ ਥਾਂ ਰਹੀ। ਇਨ੍ਹਾਂ ਜੇਤੂ ਟੀਮਾਂ ਨੂੰ ਇਨਾਮ ਬਲਦੇਵ ਸਿੰਘ ਸੱਲ੍ਹਾਂ ਅਤੇ ਮੱਖਣ ਸਿੰਘ ਦੁਲਈ ਨੇ ਦਿੱਤੇ।

ਵਾਲੀਬਾਲ ਮੁਕਾਬਲਿਆਂ ਵਿਚ ਜੇਤੂ ਟੋਨੀ ਸੰਘੇੜਾ ਦੀ ਕਪਤਾਨੀ ਹੇਠ ਖੇਡੀ 'ਭਗਤ ਸਿੰਘ ਸਪੋਰਟਸ ਕਲੱਬ' ਦੀ ਟੀਮ ਰਹੀ ਜਦੋਂਕਿ ਲਖਬੀਰ ਢੀਂਡਸਾ ਦੀ ਕਪਤਾਨੀ ਹੇਠ ਖੇਡੀ ਮੈਡੀਸਨ, ਵਿਸਕਾਨਸਿਨ ਦੀ ਟੀਮ ਨੂੰ ਦੂਜਾ ਥਾਂ ਹਾਸਲ ਹੋਇਆ। ਵਾਲੀਬਾਲ ਦੇ ਦੋਵੇਂ ਇਨਾਮ ਅਮਰਜੀਤ ਸਿੰਘ ਢੀਂਡਸਾ ਵਲੋਂ ਸਪਾਂਸਰ ਕੀਤੇ ਗਏ ਸਨ।

ਖੇਡ ਮੇਲੇ ਦਾ ਅਰੰਭ ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਵਲੋਂ ਚੜ੍ਹਦੀ ਕਲਾ ਲਈ ਅਰਦਾਸ ਨਾਲ ਹੋਇਆ। ਇਸ ਮੌਕੇ ਗੁਰਦੁਆਰਾ ਓਕ ਕਰੀਕ ਵਿਚ ਪਿਛਲੇ ਸਾਲ ਹੋਏ ਗੋਲੀ ਕਾਂਡ ਦੌਰਾਨ ਮਾਰੇ ਗਏ ਸ਼ਰਧਾਲੂਆਂ ਨੂੰ ਵੀ ਚੇਤੇ ਕੀਤਾ ਗਿਆ। ਇਸ ਗੋਲੀ ਕਾਂਡ ਵਿਚ ਮਾਰੇ ਗਏ ਸ਼ਰਧਾਲੂਆਂ ਦੇ ਪਰਿਵਾਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਮਰਹੂਮ ਸਤਵੰਤ ਸਿੰਘ ਕਾਲੇਕਾ ਦਾ ਪੁੱਤਰ ਤੇ ਬੀਬੀ ਪਰਮਜੀਤ ਕੌਰ ਦਾ ਪਤੀ ਸ਼ਾਮਲ ਸਨ। ਰਾਣਾ ਸਿੱਧੂ ਨੇ ਮੇਲੇ ਦੇ ਅਰੰਭ 'ਚ ਪ੍ਰੋਗਰਾਮ ਦਾ ਸੰਚਾਲਨ ਬਹੁਤ ਵਧੀਆ ਤਰੀਕੇ ਨਾਲ ਕੀਤਾ।



*ਗਿੱਲ ਹਰਦੀਪ ਅਤੇ ਹੇਠਾਂ ਖੁੱਲ੍ਹੇ ਅਖਾੜੇ ਦਾ ਅਨੰਦ ਮਾਣ ਰਹੇ ਦਰਸ਼ਕ*

ਕਬੱਡੀ ਦੇ ਮੈਚ ਖਤਮ ਹੋਣ ਪਿਛੋਂ ਗਾਇਕ ਗਿੱਲ ਹਰਦੀਪ ਨੇ ਕਰੀਬ ਦੋ ਘੰਟੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।

ਖੇਡ ਮੇਲੇ ਵਿਚ ਸ਼ਿਕਾਗੋ ਵਿਚ ਪਾਕਿਸਤਾਨ ਕੌਂਸਲੇਟ ਦੇ ਇਕ ਕੌਂਸਲ ਸਮੇਤ ਕੁਝ ਪਾਕਿਸਤਾਨੀ ਵੀ ਪਹੁੰਚੇ ਹੋਏ ਸਨ। ਜਦੋਂ ਇਕ ਪਾਕਿਸਤਾਨੀ ਪੰਜਾਬੀ ਨੇ ਅੱਗੇ ਵਧ ਕੇ ਗਿੱਲ ਹਰਦੀਪ ਨੂੰ ਕੁਝ ਡਾਲਰ ਸ਼ਾਬਾਸ਼ ਵਜੋਂ ਦਿੱਤੇ ਤਾਂ ਕਿਸੇ ਦੇ ਇਹ ਦੱਸਣ 'ਤੇ ਕਿ ਉਹ ਪਾਕਿਸਤਾਨੀ ਹੈ, ਗਿੱਲ ਹਰਦੀਪ ਨੇ ਹਿੰਦੋਸਤਾਨ-ਪਾਕਿਸਤਾਨ ਦੀ ਵੰਡ ਉਤੇ ਦੁੱਖ ਜ਼ਾਹਰ ਕਰਦਿਆਂ ਪੁਰਾਣੇ ਵੇਲਿਆਂ 'ਚ ਲਾਲ ਚੰਦ ਯਮਲਾ ਜੱਟ ਅਤੇ ਆਲਮ ਲੋਹਾਰ ਦੀ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਹੋਈ ਇਕ ਮਿਲਣੀ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ ਦੋਹਾਂ ਨੇ ਘੁਟ ਕੇ ਜੱਫੀ ਪਾ ਲਈ ਅਤੇ ਉਸ ਵੇਲੇ ਯਮਲਾ ਜੱਟ ਦੇ ਮੂੰਹ ਵਿਚ ਇਹ ਬੋਲ ਸਨ, (ਹਰਦੀਪ ਗਾ ਕੇ), "ਮੈਂ ਤੇਰੀ ਤੂੰ ਮੇਰਾ, ਛੱਡ ਨਾ ਜਾਈਂ ਵੇ, ਜੋ ਅਲੜਪੁਣੇ ਵਿਚ ਲਾਈਆਂ ਤੋੜ ਨਿਭਾਈ ਵੇ।" ਜੁਆਬ 'ਚ ਸੁਣੋ ਆਲਮ ਲੋਹਾਰ ਕੀ ਕਹਿਣ ਲੱਗਾ,

ਉਹ ਵੀ ਤੁਰ ਗਿਆ,
ਜਿਹਦੇ ਦਮ ਨਾਲ ਦਮ ਸੀ
ਐਵੇਂ ਹਾਰੀ ਸਾਰੀ ਨੂੰ
ਸੱਜਣ ਨਹੀਂ ਬਣਾਈ ਦਾ।
ਉਹ ਦਿਲ ਵਾਲਾ ਦੁਖੜਾ
ਨਹੀਂ ਕਿਸੇ ਨੂੰ ਸੁਣਾਈ ਦਾ
ਆਪਣੀਆਂ ਸੋਚਾਂ ਵਿਚ
ਆਪੇ ਹੀ ਡੁਬ ਜਾਈਦਾ।




*ਦੂਜੇ ਨੰਬਰ 'ਤੇ ਆਇਆ ਮੀਰੀ ਪੀਰੀ ਸਪੋਰਟਸ ਕਲੱਬ, ਇੰਡੀਅਨਐਪੋਲਿਸ*

ਤੇ ਹਰਦੀਪ ਦਾ ਅਗਲਾ ਗੀਤ ਸੀ, 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ।' ਇਹ ਸੁਣ ਬਹੁਤੇ ਸਰੋਤਿਆਂ ਦੇ ਚਿਹਰਿਆਂ 'ਤੇ ਇਕ ਖਾਸ ਤਰ੍ਹਾਂ ਦੀ ਉਦਾਸੀ ਛਾ ਗਈ। ਗਲੋਬਲ ਪੰਜਾਬੀ ਚੈਨਲ ਨੇ ਮੇਲੇ ਦਾ ਨਾਲੋ ਨਾਲ ਪ੍ਰਸਾਰਣ ਕੀਤਾ।

ਖੇਡ ਦਰਸ਼ਕਾਂ ਲਈ ਪਕੌੜਿਆਂ, ਚਾਹ-ਪਾਣੀ ਅਤੇ ਖਾਣੇ ਦਾ ਮੁਫਤ ਖੁੱਲ੍ਹਾ ਪ੍ਰਬੰਧ ਸੀ। ਵੈਸ਼ਨੂੰ ਖਾਣੇ ਵਿਚ ਚੌਲ-ਛੋਲੇ, ਮਟਰ-ਪਨੀਰ ਅਤੇ ਨਾਨ ਸਨ ਜਦੋਂਕਿ ਮੀਟ ਖਾਣ ਦੇ ਸ਼ੌਕੀਨਾਂ ਲਈ ਮੁਰਗ-ਮਸੱਲਮ ਤੇ ਬੱਕਰਾ ਵਾਧੂ ਸੀ। ਮੂੰਹ ਮਿੱਠਾ ਕਰਨ ਲਈ ਜਲੇਬੀਆਂ ਰੌਇਲ ਸਵੀਟਸ ਵਾਲੇ ਗੁਰਦੇਵ ਮਾਣਕ ਨੇ ਤਲੀਆਂ ਜਦੋਂਕਿ ਬਾਕੀ ਖਾਣੇ ਦਾ ਪ੍ਰਬੰਧ ਕਲੇਅ ਓਵਨ ਸ਼ਾਮਬਰਗ ਵਾਲੇ ਪੰਮੇ ਦਾ ਸੀ। ਕੜੱਕ ਕੜੱਕ ਕਰਦੀਆਂ ਜਲੇਬੀਆਂ ਵੀ ਸਵਾਦ ਸਨ ਤੇ ਪੰਮੇ ਦਾ ਖਾਣਾ ਵੀ।

ਮੇਲੇ ਦਾ ਅਨੰਦ ਮਾਣਨ ਲਈ ਸ਼ਿਕਾਗੋ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਇਲਾਵਾ ਮਿਲਵਾਕੀ, ਮਿਸ਼ੀਗਨ, ਇੰਡੀਆਨਾ ਅਤੇ ਹੋਰ ਸਟੇਟਾਂ ਤੋਂ ਵੀ ਲੋਕ ਪਹੁੰਚੇ ਹੋਏ ਸਨ। ਬੀਬੀਆਂ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਬੋਰਡ ਮੈਂਬਰਾਂ ਅੰਮ੍ਰਿਤਪਾਲ ਸਿੰਘ ਗਿੱਲ (ਪ੍ਰਧਾਨ), ਰਵਿੰਦਰਪਾਲ ਸਿੰਘ ਨੰਦਰਾ (ਚੇਅਰਮੈਨ), ਰਛਪਾਲ ਸਿੰਘ ਖੰਗੂੜਾ, ਜਸਵਿੰਦਰ ਸਿੰਘ ਜੱਸੀ, ਜਿੰਦਰ ਸਿੰਘ ਬੈਨੀਪਾਲ, ਸਤਨਾਮ ਸਿੰਘ ਮਿਨਹਾਸ, ਦੀਪਾ ਬੰਦੇਸ਼ਾ, ਰਵਿੰਦਰ ਸਿੰਘ ਖਹਿਰਾ, ਨਾਜਰ ਸਿੰਘ ਗਿੱਲ, ਬੱਬੀ ਬਾਠ, ਕਾਬਲ ਸਿੰਘ ਭੁੱਲਰ, ਬਲਜੀਤ ਸਿੰਘ ਮੰਗੀ, ਚਮਨ ਲਾਲ, ਸੁਰਿੰਦਰ ਸਿੰਘ ਭੱਟੀ, ਧਰਮਿੰਦਰ ਸਿੰਘ ਜਸਵਾਲ, ਹਰਬੰਤ ਸਿੰਘ ਗਰੇਵਾਲ, ਬਲਵਿੰਦਰ ਸਿੰਘ ਚੱਠਾ, ਸਾਬਕਾ ਪ੍ਰਧਾਨ ਪਰਮਿੰਦਰ ਵਾਲੀਆ, ਜਿੰਦੀ ਖੰਗੂੜਾ ਅਤੇ ਅਮਰਦੇਵ ਸਿੰਘ ਬੰਦੇਸ਼ਾ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਭਰਵੀਂ ਮਿਹਨਤ ਕੀਤੀ। ਬਲਵਿੰਦਰ ਸਿੰਘ ਨਿੱਕ ਤੇ ਮੱਖਣ ਸਿੰਘ ਪਰਤਾਪਪੁਰਾ ਨੇ ਕਲੱਬ ਦੇ ਅਹੁਦੇਦਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪ੍ਰਬੰਧ ਵਿਚ ਹੱਥ ਵਟਾਇਆ।

# ਕਬੱਡੀ ਦੇ ਦੀਵਾਨੇ ਹਨ ਹੁਣ ਸ਼ਾਵੇਜ਼ ਭਰਾ

**ਸ਼ਿਕਾਗੋ:** ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਵਿਚ ਗੋਰੇ, ਕਾਲੇ ਤੇ ਮੈਕਸੀਕਨ ਮੂਲ ਦੇ ਦਰਸ਼ਕ ਦੇਖਣ ਵਿਚ ਹੀ ਦਿਲਸਚਪੀ ਨਹੀਂ ਲੈ ਰਹੇ ਸਗੋਂ ਕਬੱਡੀ ਖੇਡਣ ਵਿਚ ਵੀ ਮੱਲ੍ਹਾਂ ਮਾਰਨ ਲੱਗੇ ਹਨ। ਪਹਿਲਾਂ ਕਾਲੇ ਮੂਲ ਦੇ ਭਰਾਵਾਂ-ਲੈਰੀ ਤੇ ਡਾਂਟੇ ਨੇ ਕਬੱਡੀ ਖੇਡ ਕੇ ਧੂਮਾਂ ਪਾਈਆਂ ਤੇ ਹੁਣ ਪਿਛਲੇ ਦੋ-ਤਿੰਨ ਸਾਲਾਂ ਤੋਂ ਮੈਕਸੀਕਨ ਮੂਲ ਦੇ ਦੋ ਸਕੇ ਭਰਾ-ਹੈਰੋ ਤੇ ਹਸੂਸ ਸ਼ਾਵੇਜ਼ ਆਪਣੀ ਖੇਡ ਕਰਕੇ ਚਰਚਾ ਵਿਚ ਹਨ। ਲੇਬਰ ਡੇ 'ਤੇ ਹੋਏ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਮੇਲੇ ਵਿਚ ਇਹ ਦਰਸ਼ਕਾਂ ਦੀ ਖਾਸ ਖਿੱਚ ਦਾ ਕੇਂਦਰ ਬਣੇ ਰਹੇ। ਫਤਿਹ ਕਲੱਬ ਕੈਲੀਫੋਰੀਨਆ ਵਲੋਂ ਖੇਡਦਿਆਂ ਉਨ੍ਹਾਂ ਇਹ ਵੱਕਾਰੀ ਕੱਪ ਜਿੱਤਣ ਵਿਚ ਅਹਿਮ ਭੂਮਿਕਾ ਨਿਭਾਈ। ਹਸੂਸ ਨੇ ਸਭ ਤੋਂ ਵੱਧ ਰੇਡਾਂ ਪਾਈਆਂ ਤੇ ਸਭ ਤੋਂ ਵੱਧ ਅੰਕ ਹਾਸਿਲ ਕੀਤੇ।

ਪੰਜਾਬੀਆਂ ਦੇ ਗੜ੍ਹ ਕੈਲੀਫੋਰਨੀਆ ਦੇ ਯੂਬਾ ਸਿਟੀ ਸ਼ਹਿਰ ਵਿਚ ਜੰਮੇ-ਪਲੇ ਹਸੂਸ ਨੂੰ ਜਦੋਂ ਪੁੱਛਿਆ, ਕਬੱਡੀ ਵੱਲ ਝੁਕਾਅ ਕਿਵੇਂ ਹੋਇਆ? ਤਾਂ ਜਵਾਬ ਸੀ, ਅਸੀਂ ਦੋਵੇਂ ਭਰਾ ਬਚਪਨ ਤੋਂ ਹੀ ਕੁਸ਼ਤੀ ਕਰਦੇ ਆ ਰਹੇ ਹਾਂ ਤੇ ਕਈ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਕਈ ਮਾਣ-ਸਨਮਾਨ ਵੀ ਲੈ ਚੁਕੇ ਹਾਂ। ਉਸ ਦੱਸਿਆ ਕਿ ਉਲੰਪਿਕ ਸਟਾਈਲ (184 ਪੌਂਡ ਵਰਗ ਦੀ ਸ਼੍ਰੇਣੀ ਵਿਚ) ਸੂਬੇ ਦੀ ਚੈਂਪੀਅਨਸ਼ਿਪ ਦਾ ਖਿਤਾਬ ਵੀ ਜਿਤਿਆ ਹੈ। ਇਹ ਸਬੱਬ ਸੀ ਕਿ ਇਕ ਦਿਨ ਅਸੀਂ ਕੁਸ਼ਤੀਆਂ ਵਿਚ ਹਿੱਸਾ ਲੈਣ ਗਏ ਤਾਂ ਮੈਦਾਨ ਵਿਚ ਕੁਸ਼ਤੀ ਨਹੀਂ ਬਲਕਿ ਕਬੱਡੀ ਦਾ ਮੈਚ ਹੋ ਰਿਹਾ ਸੀ। ਪੰਜਾਬੀਆਂ ਦਾ ਵਾਹਵਾ ਇੱਕਠ ਸੀ। ਕੁਸ਼ਤੀ ਤੇ ਰੰਗਬੀ ਵਰਗੀ ਇਸ ਖੇਡ ਨੇ ਸਾਨੂੰ ਬਹੁਤ ਪ੍ਰਭਾਵਿਤ ਕੀਤਾ। ਅਸੀਂ ਮਹਿਸੂਸ ਕੀਤਾ ਕਬੱਡੀ ਵੀ ਇਕ ਮਰਦਾਨਗੀ ਭਰੀ ਜੁਝਾਰੂਆਂ ਦੀ ਖੇਡ ਹੈ। ਅਸੀਂ ਵੀ ਕਬੱਡੀ ਕਲੱਬਾਂ ਕੋਲ ਕਬੱਡੀ ਖੇਡਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਨ੍ਹਾਂ ਸਾਡਾ ਭਰਵਾਂ ਸਵਾਗਤ ਕੀਤਾ। ਇਕ ਦੋ ਸਥਾਨਕ ਮੈਚਾਂ ਵਿਚ ਮਿਲੀ ਰੱਜਵੀਂ ਤਾਰੀਫ ਤੇ ਹੱਲਾਸ਼ੇਰੀ ਨਾਲ ਕਬੱਡੀ ਦੀ ਚਿਣਗ ਲੱਗ ਗਈ।

ਉਸ ਦੱਸਿਆ ਕਿ ਪਹਿਲਾਂ ਕੁਸ਼ਤੀ ਲੜਦੇ ਹੋਣ ਕਰਕੇ ਅਸੀਂ ਸੋਚਿਆ ਕਿ ਅਸੀਂ ਜਾਫੀ ਹੀ ਤਗੜੇ ਹੋ ਸਕਦੇ ਹਾਂ। ਕੁਸ਼ਤੀ ਵਿਚ ਇੱਕ-ਅੱਧੇ ਪਲ ਵਿਚ ਫੈਸਲਾ ਲੈਣਾ ਹੁੰਦਾ ਹੈ, ਨਹੀਂ ਤਾਂ ਤੁਸੀਂ ਚਿੱਤ ਹੋ ਜਾਂਦੇ ਹੋ। ਇਹੋ ਹਾਲ ਕਬੱਡੀ ਦਾ ਹੈ। ਅਸੀਂ ਫਤਿਹ ਕਲੱਬ ਵਲੋਂ ਜਾਫੀ ਦੇ ਤੌਰ 'ਤੇ ਖੇਡਣਾ ਸ਼ੁਰੂ ਕੀਤਾ ਤੇ ਹੁਣ ਮੈਂ (ਹਸੂਸ) ਰੇਡਰ ਦੇ ਤੌਰ 'ਤੇ ਵੀ ਖੇਡਦਾ ਹਾਂ ਤੇ ਜਾਫੀ ਦੇ ਤੌਰ 'ਤੇ ਵੀ। ਰੇਡਾਂ ਪਾਉਣ ਵਿਚ ਕਾਫੀ ਰੁਮਾਂਚ ਹੈ।

ਕਬੱਡੀ ਦੇ ਪ੍ਰੋਫੈਸ਼ਨਲ ਖਿਡਾਰੀ ਦੇ ਤੌਰ 'ਤੇ ਪਹਿਲਾ ਮੈਚ ਕਦੋਂ ਖੇਡਿਆ? ਦੇ ਜਵਾਬ ਵਿਚ ਦੋਹਾਂ ਭਰਾਵਾਂ-ਹੈਰੋ ਤੇ ਹਸੂਸ ਨੇ ਦੱਸਿਆ ਕਿ



*ਪੁੱਠੀਆਂ ਛਾਲਾਂ ਲਾ ਰਿਹਾ ਰੇਡਰ ਹਸੂਸ*

2011 ਵਿਚ ਸਿਆਟਲ ਦੇ ਇਕ ਖੇਡ ਮੇਲੇ ਵਿਚ ਕਬੱਡੀ ਖੇਡੇ ਜਿਸ ਵਿਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਵੀ ਖੇਡ ਰਹੇ ਸਨ। ਪਹਿਲੀ ਵਾਰ ਖੇਡ ਕੇ ਹੀ ਅਸੀਂ ਕੱਪ ਜਿੱਤ ਲਿਆ। ਇਸ ਨਾਲ ਸਾਡੀ ਜਿੱਤ ਦੀ ਭੁੱਖ ਹੋਰ ਵੱਧ ਗਈ। ਇਸੇ ਕਲੱਬ ਵਲੋਂ ਹੋਰ ਕਈ ਖੇਡ ਮੇਲਿਆਂ ਵਿਚ ਹਿੱਸਾ ਲਿਆ। ਉਨ੍ਹਾਂ ਵਿਚ ਮਿਲੇ ਤਮਗਿਆਂ, ਟਰਾਫੀਆਂ ਅਤੇ ਮਾਣ-ਸਨਮਾਨ ਤੇ ਨਕਦ ਇਨਾਮਾਂ ਨਾਲ ਸਾਡਾ ਹੌਸਲਾ ਹੋਰ ਵਧਿਆ।

ਜਦੋਂ ਪੁੱਛਿਆ ਕਿ ਕੁਸ਼ਤੀ ਅਤੇ ਕਬੱਡੀ ਦੇ ਨਿਯਮਾਂ ਤੇ ਦਾਅ-ਪੇਚਾਂ ਵਿਚ ਕਾਫੀ ਫਰਕ ਹੈ। ਕਿਸ ਇਸ ਦਾ ਵੱਲ ਤਰ੍ਹਾਂ ਆਇਆ? ਹੈਰੋ ਦਾ ਜਵਾਬ ਸੀ, ਫਤਿਹ ਕਲੱਬ ਦੇ ਅਮਨ ਟਿਵਾਣਾ ਨੇ ਸਾਨੂੰ ਕੋਚਿੰਗ ਦਿੱਤੀ ਅਤੇ ਕਬੱਡੀ ਦੇ ਦਾਅ-ਪੇਚ ਸਿਖਾਏ। ਹੌਲੀ ਹੌਲੀ ਸਾਨੂੰ ਕਬੱਡੀ ਦੀ ਖੇਡ ਦਾ ਪੂਰਾ ਵੱਲ ਆ ਰਿਹਾ ਹੈ। ਫਤਿਹ ਕਲੱਬ ਦੇ ਹੋਰ ਮੈਂਬਰਾਂ ਦਾ ਵੀ ਭਰਪੂਰ ਯੋਗਦਾਨ ਹੈ।

ਕਬੱਡੀ ਦੇ ਨਾਮੀ-ਗਰਾਮੀ ਜਾਫੀਆਂ ਤੇ ਰੇਡਰਾਂ ਦਾ ਸਾਹਮਣਾ ਕਰਦਿਆਂ ਕੋਈ ਘਬਰਾਹਟ ਨਹੀਂ ਹੁੰਦੀ? ਜਵਾਬ ਸੀ, ਨਹੀ, ਬਿਲਕੁਲ ਨਹੀਂ। ਜਿੰਨਾ ਮੁਕਾਬਲਾ ਫਸਵਾਂ ਹੋਵੇਗਾ ਉਨਾ ਹੀ ਤਗੜੇ ਹੋ ਕੇ ਅਸੀਂ ਖੇਡਾਂਗੇ। ਸਾਹਮਣੇ ਵਾਲੇ ਖਿਡਾਰੀ ਨਾਲ ਪੂਰਾ ਟਾਕਰਾ ਹੋਵੇ ਤਾਂ ਵੱਧ ਮਜ਼ਾ ਆਉਂਦਾ ਹੈ।

23 ਸਾਲਾ ਹਸੂਸ ਨੂੰ ਜਦੋਂ ਪੁੱਛਿਆ ਕਿ ਜਦੋਂ ਵੀ ਉਹ ਰੇਡ ਪਾ ਕੇ ਅੰਕ ਲੈ ਕੇ ਆਉਂਦਾ ਹੈ ਤਾਂ ਥਾਪੀਆਂ ਮਾਰਦਾ ਪੁੱਠੀਆਂ ਛਾਲਾਂ ਲਾਉਂਦਾ ਹੈ, ਇਹ ਖਿਆਲ ਕਿਥੋਂ ਆਇਆ? ਜਵਾਬ ਸੀ, ਅਸੀਂ ਦੇਖਿਆ ਕਿ ਪੰਜਾਬੀ ਭਾਈਚਾਰਾ ਹਰ ਉਸ ਖਿਡਾਰੀ ਦੀ ਰੱਜ ਕੇ ਹੌਸਲਾ-ਅਫਜ਼ਾਈ ਕਰਦਾ ਹੈ, ਜੋ ਤਗੜੀ ਰੇਡ ਪਾਉਂਦਾ ਹੈ ਜਾਂ ਜੱਫਾ ਲਾਉਂਦਾ ਹੈ। ਨਕਦ ਇਨਾਮ ਵੀ ਦਿੰਦੇ ਹਨ। ਮੇਰੀ ਛਾਲ ਨਾਲ ਖੇਡ ਵਿਚ ਰੋਮਾਂਚ ਵਧਦਾ ਹੈ, ਦਰਸ਼ਕਾਂ ਦਾ ਮਨੋਰੰਜਨ ਹੁੰਦਾ ਹੈ।

ਪਰਿਵਾਰ ਬਾਰੇ ਪੁਛੇ ਜਾਣ 'ਤੇ ਉਨ੍ਹਾਂ ਦਸਿਆ ਕਿ ਉਨ੍ਹਾਂ ਦੇ ਦੋ ਹੋਰ ਭਰਾ ਹਨ ਪਰ ਅਜੇ ਕਬੱਡੀ ਨਹੀਂ ਖੇਡਦੇ। ਮਾਤਾ-ਪਿਤਾ ਦੀ ਪੂਰੀ ਹੱਲਾਸ਼ੇਰੀ ਹੈ ਅਤੇ ਉਹ ਵੀ ਸਾਡੀ ਕਬੱਡੀ 'ਤੇ ਮਾਣ ਕਰਦੇ ਹਨ। ਅਸੀਂ ਦੋਵੇਂ ਭਰਾ ਯੂਬਾ ਸਿਟੀ ਵਿਚ ਲਾਅ ਇਨਫੋਰਸਮੈਂਟ ਡਿਪਾਰਟਮੈਂਟ ਵਿਚ ਨੌਕਰੀ ਵੀ ਕਰਦੇ ਹਾਂ।

ਉਨ੍ਹਾਂ ਦੱਸਿਆ ਕਿ ਉਹ 2011 ਤੇ 2012 ਵਿਚ ਭਾਰਤ ਵਿਚ ਹੋਏ ਵਿਸ਼ਵ ਕਬੱਡੀ ਕੱਪ ਵਿਚ ਯੂ.ਐਸ.ਏ. ਦੀ ਟੀਮ ਵਲੋਂ ਹਿੱਸਾ ਲੈ ਚੁਕੇ ਹਨ। ਉਹ ਕੋਈ ਨਸ਼ਾ ਨਹੀਂ ਕਰਦੇ ਅਤੇ ਇਥੋਂ ਤੱਕ ਕਿ ਕਦੀ ਬੀਅਰ ਵੀ ਨਹੀਂ ਪੀਤੀ। ਉਨ੍ਹਾਂ ਨੂੰ ਉਮੀਦ ਹੈ ਕਿ ਇਸ ਸਾਲ ਵਿਸ਼ਵ ਕਬੱਡੀ ਕੱਪ ਵਿਚ ਹਿੱਸਾ ਲੈਣ ਵਾਲੀ ਯੂ.ਐਸ.ਏ. ਦੀ ਟੀਮ ਵਿਚ ਉਨ੍ਹਾਂ ਦੀ ਚੋਣ ਹੋ ਜਾਏਗੀ।

*-ਸੁਰਿੰਦਰ ਸਿੰਘ ਭਾਟੀਆ*
*ਫੋਨ: 224-829-1437*

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਜੁਗ ਪਲਟਾਊ ਗਦਰੀ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ, 22 ਸਤੰਬਰ 2013

(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

**ਸਥਾਨ: ਐਸ.ਈ.ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਕੈਲੀਫੋਰਨੀਆ - 95624

*ਸਮਾਂ ਆਵਸੀ ਅੱਖੀਆਂ ਵੇਖ ਲੈਸਨ, ਭਾਰਤ ਇਨ੍ਹਾਂ ਨੂੰ ਕਰੂ ਪ੍ਰਵਾਨ ਕਿਉਂ ਨਾ!*


ਬਾਬਾ ਸੋਹਣ ਸਿੰਘ ਭਕਨਾ


ਲਾਲਾ ਹਰਦਿਆਲ


ਕਰਤਾਰ ਸਿੰਘ ਸਰਾਭਾ


ਭਾਈ ਭਗਵਾਨ ਸਿੰਘ


ਕਾਸ਼ੀ ਰਾਮ ਮੜੌਲੀ


ਬਾਬਾ ਰਾਮ ਸਿੰਘ

ਸਤਿਕਾਰਯੋਗ ਭੈਣੋ ਤੇ ਭਰਾਵੋ, ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਸਾਡੇ ਲਹੂ ਸਿੰਜੇ ਵਿਰਸੇ ਦੀ ਬੀਰ ਗਾਥਾ ਹੈ। ਬਰਤਾਨਵੀ ਸਾਮਰਾਜੀਆਂ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਪੂਰੀ ਇਕ ਸਦੀ, ਲਹੂ ਵੀਟਵੇਂ ਕੁਰਬਾਨੀਆਂ ਭਰੇ ਸੰਘਰਸ਼ ਦੀ ਲੰਮੀ ਫਹਿਰਿਸਤ ਹੈ। ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਕੂਕੇ ਸੂਰਮੇ ਤੋਪਾਂ ਅੱਗੇ ਹਿੱਕਾਂ ਡਾਹ ਕੇ ਤੂੰਬਾ ਤੂੰਬਾ ਹੋ ਗਏ। ਕੂਕਿਆਂ ਨੇ ਸ਼ਹਾਦਤਾਂ ਦੀ ਅਜਿਹੀ ਝੜੀ ਲਾਈ ਜੋ ਬਾਕੀ ਲਹਿਰਾਂ ਲਈ ਰਾਹ ਦਸੇਰਾ ਹੋ ਨਿਬੜੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਲਹੂ ਨਾਲ ਸੂਹਾ ਹੋਇਆ ਸੀ ਬਜਬਜ ਘਾਟ ਦਾ ਪਾਣੀ। ਗਦਰੀ ਬਾਬਿਆਂ ਅਥਾਹ ਕੁਰਬਾਨੀਆਂ ਕਰਕੇ ਲਹੂ ਦੇ ਭਾਅ ਆਜ਼ਾਦੀ ਲਈ। ਅਖੌਤੀ ਬੁਧੀਜੀਵੀ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਰਹੇ ਹਨ। ਵਕਤ ਦੀਆਂ ਸਰਕਾਰਾਂ ਨੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਜੱਗ ਜਾਹਰ ਹੀ ਨਾ ਹੋਣ ਦਿੱਤਾ। ਆਓ, ਉਨ੍ਹਾਂ ਮਹਾਨ ਗਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਸਜਦਾ ਕਰਨ ਲਈ ਮੇਲੇ ਵਿਚ ਹੁਮ-ਹੁਮਾ ਕੇ ਪਹੁੰਚੀਏ। ਭਰਾਤਰੀ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਹੈ ਕਿ ਉਹ ਇਸ ਸ਼ਤਾਬਦੀ ਵਿਚ ਜ਼ਰੂਰ ਪਹੁੰਚਣ।


Singers: Sarbjit Cheema
Jeeta Gill, Akashdeep

**ਮੇਲੇ ਵਿਚ ਪਹੁੰਚ ਰਹੇ ਕਲਾਕਾਰ**
ਸੁਲਤਾਨ ਅਖਤਰ, ਪੂਨਮ ਮਲਹੋਤਰਾ, ਪੰਮੀ ਮਾਨ, ਸੰਨੀ ਬੱਬਰ, ਦਿਲਬੀਰ ਸਿੰਘ ਬੇਕਰਜ਼ਫੀਲਡ, ਜੀਵਨ ਰੱਤੂ
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਬੀਰ ਰਸੀ ਵਾਰਾਂ ਪੇਸ਼ ਕਰੇਗਾ

**ਪੁੱਜ ਰਹੀਆਂ ਸ਼ਖ਼ਸੀਅਤਾਂ**
ਗਦਰੀ ਬਾਬਾ ਭਾਈ ਭਗਵਾਨ ਸਿੰਘ ਦਾ ਦੋਹਤਾ ਐਸ ਪੀ ਸਿੰਘ, ਜਗਦੀਸ਼ ਖੰਗੂੜਾ, ਕਿਰਪਾਲ ਸਿੰਘ ਸੰਧੂ, ਦਲਵਿੰਦਰ ਸਿੰਘ ਧੂਤ।

**ਭੰਗੜਾ ਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।**
**ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ**

ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ

| | | | |
|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਨਾਮਧਾਰੀ ਸੰਗਤ: | ਸਮਿਤਰ ਸਿੰਘ ਉਪਲ | ਪਰਮਜੀਤ ਸਿੰਘ ਸੰਧੂ |
| 916-420-2390 | ਬਲਦੇਵ ਸਿੰਘ 408-390-5577 | 530-695-1716 | 510-387-6997 |
| ਸਕੱਤਰ: ਬਜਿੰਦਰ ਸਿੰਘ ਭੱਟੀ | ਸੁੰਗਾਰਾ ਸਿੰਘ ਬੋਪਾਰਾਏ | ਕਰਮਜੀਤ ਕੰਗ | ਬਲਵੰਤ ਬਾਂਕਾ |
| 209-480-2275 | 916-760-7284 | 661-205-5214 | 916-271-4216 |

**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਵਰਨ ਸਿੰਘ ਸਿੱਧੂ, ਕੇਵਲ ਬੋਲੀਨਾ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ, ਰਛਪਾਲ ਸਿੰਘ ਫਰਵਾਲਾ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੌਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ (ਪਾਵਰਮਾਰਟ), ਧੀਰਾ ਨਿੱਜਰ, ਗੁਲਿੰਦਰ ਗਿੱਲ, ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ।

COMMERCIAL GRADE

SECURITY SOLUTIONS



MORE THAN SECURITY



- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED $1349 +Tax

SPECIAL OFFER 8 CAMERAS INSTALLATION INCLUDED LED MONITOR INCLUDED $2349 +Tax

SPECIAL OFFER 12 CAMERAS INSTALLATION INCLUDED LED MONITOR INCLUDED $3749 +Tax

VISTA CCTV TECHNOLOGY

Buy Online : www.ezchase.com
Email : commvision@sbcglobal.net

Call Sukhpal
661-586-5080



# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

**"I take your accident personally"**

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
**www.markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ੴ ਸਤਿਨਾਮ ਸ੍ਰੀ ਵਾਹਿਗੁਰੂ॥

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 15 ਸਤੰਬਰ 2013 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।





ਫੋਟੋ:ਮੀਕਾ ਸਟੂਡੀਓ

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**13 ਸਤੰਬਰ 2013: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**
**15 ਸਤੰਬਰ 2013: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਟੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

## ਰਜਬ ਅਲੀ ਦੇ ਰੰਗ-6

*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੇ ਜਨਮ ਦਿਨ (10 ਅਗਸਤ) ਮੌਕੇ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*



# ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ

॥ਦੋਹਿਰਾ॥

ਨਾਮ ਧਿਆ ਦੋ ਜੋੜ ਕੇ (ਕਰ),
ਦਾਸ ਨਿਵਾਵੇ ਸੀਸ।
ਬਹੇ ਸੁਰੱਸਤੀ ਜੀਭ 'ਤੇ,
ਮਾਲਕ ਦੀ ਬਖ਼ਸ਼ੀਸ਼।

॥ਮਨੋਹਰ ਭਵਾਨੀ ਛੰਦ॥

ਸੀ ਸੁਰੱਸਤੀ ਦਾ ਜ਼ੋਰ,
ਆ ਗਈ ਨਸ਼ੇ ਜ੍ਹਿਦੀ ਲੋਰ,
ਸੁਣ ਪਾਉਣਗੇ ਮਨੋਹਰ ਦਾ ਸਰੋਤੇ ਮੁੱਲ ਜੀ।
ਖਿੜ ਗਈ ਅਕਲ ਜਿਉਂ ਖਿੜਨ ਫੁੱਲ ਜੀ।

ਬਰਫ਼ ਸਫ਼ੈਦ ਗਾਲੇ,
ਆਬਸ਼ਾਰ ਨਦੀ ਨਾਲੇ,
ਗਿਰੇ ਉੱਚੇ ਕੋਹ ਹਿਮਾਲੇ,
ਪਰਬਤ ਬੁਲਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਕਸ਼ਮੀਰ ਦੇ ਨਜ਼ਾਰੇ,
ਆਉਂਦੇ ਸੁਰਗ ਹੁਲਾਰੇ,
ਸੋਂਹਦੇ ਡੱਲ ਦੇ ਕਿਨਾਰੇ,
ਤੇ ਚਨਾਰ ਰੰਗਲੇ।
ਪਾਣੀ ਵਿਚ ਤਰਦੇ ਫਿਰਨ ਬੰਗਲੇ।

ਉੱਚੇ ਇੰਡੀਆ ਦੇ ਸ਼ਾਨ,
ਸਾਰੇ ਹਰੇ ਭਰੇ ਵਾਹਣ,
ਕਿਤੇ ਚੌੜੇ ਨਾ ਮੈਦਾਨ,
ਜ੍ਹਿ ਗੰਗਾ ਤੇ ਸਿੰਧ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਕਦੇ ਲੋਹੇ ਕੱਢ ਲਿਆਉਣੇ,
ਢੇਰ ਚਾਂਦੀ ਦੇ ਨਾ ਮਿਉਣੇ,
ਬੜੀ ਭਾਰੀ ਖਾਣ ਸਿਉਨੇ ਦੀ ਮਸੂਰ ਵਿਚ ਹੈ।
ਤੋਪ ਬਣੇ ਉਡਣ-ਖਟੋਲੇ ਟਿੱਚ ਹੈ।

ਲਿਆ ਕੇ ਕੋਹੇ-ਨੂਰ ਘਰ,
ਜੜਿਆ ਹੀਰਾ ਤਾਜ ਪਰ,
ਚਮਕਾਰੇ ਮਾਰੇ ਦਰ, ਜੋਧਨ, ਨਰਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਪੁੱਤ ਸਿਆਣੇ ਨਾ ਲੱਟਰ,
ਦਹੀਂ ਭੱਲੇ ਖਾ ਖਟਰ,
ਆਲੂ, ਮਟਰ, ਟਮਾਟਰ,
ਤੇ ਫੁੱਲ ਗੋਭੀਆਂ।
ਮਿਸ਼ਰੀ ਪਾ ਮੱਖਣੀ ਚਟਾਉਣ ਬੇਬੀਆਂ।

ਹੇਠ ਨੁਆਰ ਦੇ ਪਲੰਘ,
ਦੁੱਧ ਪੁੱਤ ਲੱਗੇ ਰੰਗ,
ਵੱਧ ਨਚਦੇ ਤੁਰੰਗ ਆਪਣੀ ਪਸਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਗਿਆ ਛਿੜਕ ਜਲ ਮਹਿਰਾ,
ਛਾਵੇਂ ਕੱਟਦੇ ਦੁਪਹਿਰਾ,
ਏਸ ਜਾਅ ਸੁੱਖਾਂ ਦਾ ਪਹਿਰਾ,
ਦੁੱਖ ਖੜ੍ਹੇ ਪਾਸ ਨਾ।
ਆਉਂਦੀ ਫੁੱਲਵਾੜੀਉਂ ਫੁੱਲਾਂ ਦੀ ਵਾਸ਼ਨਾ।

ਧੰਨ ਇਨ੍ਹਾਂ ਦੇ ਜਰਮ!
ਹੋਵੇ ਦੁਵਾਰਿਆਂ ਤੇ ਧਰਮ,
ਜਾਣਿਆਂ ਅਣਖ ਸ਼ਰਮ,
ਨੂੰ ਪਿਆਰਾ ਜਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਕੱਠੇ ਪਤੀ ਜੇਠ ਦਿਉਰ,
ਪਾਉਣ ਰੇਸ਼ਮਾਂ ਦੇ ਤਿਉਰ,
ਮਿਉਣ ਡੱਬਿਆਂ ਨ ਜ਼ਿਉਰ,
ਭੈਣ ਭਰਜਾਈਆਂ ਦੇ।
ਡੂੰਮਾਂ ਨੂੰ ਘੜੀਕ,
ਮੱਝਾਂ ਮਿਲਣ ਨਾਈਆਂ ਦੇ।

ਸੋਹਣੀ ਫ਼ਸਲ ਖੜੋਤੀ,
ਟੁੱਕੇ ਸਿਉ ਤੇ ਅੰਬ ਤੋਤੀ,
ਚੁਗੇ ਮੁਕਦੇ ਨਾ ਮੋਤੀ,
ਹੰਸ ਪ੍ਰਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਭਾਰੇ ਕਣਕਾਂ ਦੇ ਬੋਹਲ,
ਤੇ ਕਪਾਹ ਨੂੰ ਲੱਗੇ ਤੋਲ,
ਖੰਡ ਬਣੇ ਰਸ ਡੋਲ੍ਹ,
ਲੋਹੇ ਦੇ ਕੜਾਹਿਆਂ 'ਚੋਂ।
ਤਿੰਨ ਮੇਲ, ਲੋਕਾਂ ਨੂੰ ਛਕਾਉਂਦੇ ਸਾਹਿਆਂ 'ਚੋਂ।

ਪਹਿਲਾਂ ਰਾਕਸ਼ਾਂ ਨੇ ਲੁੱਟੇ,
ਫੇਰ ਮੁਗ਼ਲਾਂ ਨੇ ਕੁੱਟੇ,
ਅਬ ਮਸਾਂ ਖਹਿੜੇ ਛੁੱਟੇ,
ਅੰਗਰੇਜ਼ ਰਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਰਾਮ ਕ੍ਰਿਸ਼ਨ ਔਤਾਰ,
ਲਾਹ ਗਏ ਪਾਪੀਆਂ ਦੇ ਭਾਰ,
ਦਾਸ ਦੀ ਨਮਸਕਾਰ,
ਉਨ੍ਹਾਂ ਦੀ ਜਨਾਬ ਨੂੰ।
ਦਸਾਂ ਗੁਰੂਆਂ ਨੇ ਤਾਰ'ਤਾ ਪੰਜਾਬ ਨੂੰ।

'ਬਾਬੂ' ਲੈਣ ਮੌਜ ਮੌਜੀ,
ਪੀ ਕੇ ਅੰਮ੍ਰਿਤ ਸੌ ਜੀ,
ਬਣੀਂ ਸਿੱਖ ਕੌਮ ਫ਼ੌਜੀ,
ਸ੍ਰੀ ਗੁਰੂ ਗੋਬਿੰਦ ਤੋਂ।
ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

## ਮੇਲਿਆਂ ਦੇ ਕਬਿੱਤ

੧

ਬੁੜ੍ਹੀਆਂ ਦਾ ਮੇਲਾ ਘਰ ਹੋਂਵਦਾ ਮਰਗ ਵਾਲੇ,
ਜੂਏ 'ਚ ਜੁਆਰੀਏ,
ਮੰਡੀ 'ਚ ਮੇਲਾ ਲਾਲਿਆਂ ਦਾ।
ਫੁੱਲ ਦੇ ਉਦਾਲੇ ਮੇਲਾ ਹੋ
ਜੇ ਭੌਰਾਂ ਗੂੰਜਦਿਆਂ ਦਾ,
'ਫ਼ੀਮ ਦੇ ਠੇਕੇ ਤੇ ਮੇਲਾ ਹੋ
ਜੇ 'ਫ਼ੀਮ ਵਾਲਿਆਂ ਦਾ।
ਭਾਰੀ ਜ਼ਿਆਫ਼ਤਾਂ 'ਚ ਮੇਲਾ ਹੋ
ਜੇ ਭਾਰੀ ਹਾਕਮਾਂ ਦਾ,
ਜੇਲ੍ਹ ਖ਼ਾਨੇ ਵਿਚ ਹੋ
ਜੇ ਮੇਲਾ ਚੋਰਾਂ ਕਾਲਿਆਂ ਦਾ।
ਮੇਲੇ ਉੱਤੇ ਜਾ ਕੇ ਮੇਲਾ ਹੋ
ਜੇ ਬਹੁਤ ਮੇਲੀਆਂ ਦਾ,
'ਰਜਬ ਅਲੀ' ਸਹੁਰੇ ਜਾ ਕੇ
ਮੇਲਾ ਹੋ ਜੇ ਸਾਲਿਆਂ ਦਾ।

੨

ਸੰਤਾਂ ਦਾ ਮੇਲਾ ਹੋ
ਜੇ ਕੁੰਭ ਦੇ ਨਹਾਉਣ ਜਾ ਕੇ,
ਕੁੜੀਆਂ ਦਾ ਮੇਲਾ ਭੰਡਿਆਰ ਦੇ ਬਹਾਨੇ ਜੀ।
ਗੱਡੀਆਂ ਦਾ ਮੇਲਾ ਹੋ ਜੇ,
ਪਹੁੰਚ ਕੇ ਸਟੇਸ਼ਨਾਂ 'ਤੇ,
ਛੜਿਆਂ ਦਾ, ਭੱਠੀ ਤੇ ਕਰਨ ਤੱਤੇ ਆਨੇ ਜੀ।
ਜੈਤੋ ਦੇ ਨਚਾਰ ਤੇ ਖਿਡਾਰੀ
ਬਹੁਤੇ ਫਫੜਿਆਂ ਦੇ,
ਭੀੜ ਵਿਚ ਕੁੱਲ ਡਾਕੂ,
ਡਾਕੂ ਨੂੰ ਪਛਾਣੇ ਜੀ।
'ਬਾਊ ਜੀ' ਦਾ ਮੇਲਾ ਹੋ
ਜੇ ਬੰਗਲੇ ਨਹਿਰ ਵਾਲੇ,
'ਬਾਬੂ' ਜੀ ਕਵੀਸ਼ਰਾਂ ਦਾ ਮੇਲਾ ਹੋ
ਜੇ 'ਖ਼ਾਨੇ' ਜੀ।




# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-82




*ਕਾਹਦੀ ਜ਼ਿੰਦਗੀ ਰਹਿਜੂ ਜਾਗਰਾ, ਹੁਣ ਜੇ ਮੌਜ ਨਾ ਮਾਣੀ।*
*ਲਾਗੇ ਹੋਈ ਜਾਂਦੀ ਬਚਨ ਸਿੰਹਾਂ, ਉਮਰਾਂ ਵਾਲੀ ਕਹਾਣੀ।*
*ਪੁੱਤ ਨਹੀਂ ਮੰਨਦਾ, ਪੋਤਾ ਝਿੜਕੇ, ਉਲਝੀ ਜਾਂਦੀ ਤਾਣੀ।*
*ਬਾਕੀ ਖੇਡਾਂ ਹਾਰ ਗਏ ਹਾਂ, ਰਹਿ ਗਈ ਬਾਰਾਂ ਟਾਹਣੀ।*

## ਕੈਪਸ਼ਨ ਮੁਕਾਬਲਾ-80



ਘਰ ਦੇ ਸਾਨੂੰ ਫੀਸ ਨਾ ਦਿੰਦੇ
ਸਕੂਲ 'ਚ ਬਣੀਏ ਮੁਰਗੇ!
ਦੋਹਰੀ ਮਾਰ ਗਰੀਬੀ ਵਾਲ਼ੀ
ਸੁਪਨੇ ਸਾਡੇ ਖੁਰ'ਗੇ!
**-ਬੱਲੀ ਸਿੰਘ, ਸੈਨ ਹੋਜ਼ੇ।**

---

ਲੰਗੇ ਡੰਗ ਹੈ ਰੋਟੀ ਪੱਕਦੀ
ਅੱਧੇ ਭੁੱਖੇ ਅੱਧੇ ਰੱਜਦੇ।
ਟਾਕੀਆਂ ਲਾ ਲਾ ਡੰਗ ਟਪਾਉਂਦੇ,
ਔਖੇ ਸੌਖੇ ਨੰਗ ਹਾਂ ਕੱਜਦੇ।
ਵਰਦੀ, ਜੁੱਤੀ ਪਾਉਣ ਦੇ ਨਾਲੋਂ,
ਕੰਨ ਫੜਨੇ ਈ ਸੌਖੇ ਲੱਗਦੇ।
ਪੜ੍ਹਨੇ ਦੇ ਜੋ ਚਾਅ ਸੀ ਸਾਰੇ
ਜਾਂਦੇ ਉਹ ਵੀ ਹੁਣ ਤਾਂ ਮਰਦੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਮੁਰਗੇ ਬਣਦੇ, ਡੰਡੇ ਖਾਂਦੇ,
ਪਰ ਫਿਰ ਵੀ ਸਕੂਲੇ ਜਾਂਦੇ।
ਅੱਜ ਇਸ ਫੋਟੂ ਨੇ
ਦਿਨ ਉਹ ਯਾਦ ਲਿਆਂਦੇ।
ਇਨ੍ਹਾਂ ਯਾਦਾਂ ਸਦਕਾ ਹੀ
ਅੱਜ ਅਸੀਂ ਹਾਂ ਦਿਨ ਲੰਘਾਉਂਦੇ।
**-ਇੰਦਰਜੀਤ ਮੰਗਾ, ਪਿਟਸਬਰਗ।**

---

ਸਕੂਲੋਂ ਸ਼ਾਮ ਨੂੰ ਪੜ੍ਹ ਕੇ ਆਈਏ,
ਉਡੀਕਦੇ ਹੁੰਦੇ ਘਰਦੇ।
ਪੰਜ-ਸੱਤ ਸੁਣਦੇ ਬਾਪੂ ਦੀਆਂ ਗਾਲ੍ਹਾਂ
ਨਾਲ ਖੇਤਾਂ ਨੂੰ ਲੈ ਖੜ੍ਹਦੇ।
ਆਥਣ ਹੋਏ ਖੇਤਾਂ ਤੋਂ ਮੁੜੀਏ,
ਆ ਪੱਠਾ-ਦੱਥਾ ਕਰਦੇ।
ਦੱਸੋ ਕਿਹੜੇ ਵੇਲੇ ਪੜ੍ਹੀਏ?
ਅਸੀਂ ਕੀ ਕੀ ਕੰਮ ਨਹੀਂ ਕਰਦੇ।
ਜਾਈਏ ਸਕੂਲ ਤਾਂ ਮਾਸਟਰ ਜੀ ਵੀ,
ਸਾਡੇ ਉਤੇ ਹੀ ਵਰ੍ਹਦੇ।
ਅਸੀਂ ਮਿਹਨਤਕਸ਼ਾਂ ਦੇ ਬੱਚੇ,
ਜੋ ਨਸ਼ਾ-ਪੱਤਾ ਨਹੀਂ ਕਰਦੇ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਕੰਨ ਫੜ੍ਹਾ ਕੇ ਸਜ਼ਾ ਦੇਣ ਦੀ,
ਇਹ ਤਸਵੀਰ ਅਧੂਰੀ।
ਡੰਡਾਧਾਰੀ ਟੀਚਰ ਜੇ ਪਿਛੇ ਖੜ੍ਹ'ਜੇ
ਤਾਂ ਹੋ ਜਾਊ ਪੂਰੀ।
ਡੰਡੇ ਮਾਰ ਪਿੱਠਾਂ 'ਤੇ ਆਖੇ
'ਓਏ ਸਹੁਰੀ ਦਿਓ ਪੁੱਤੋ।
ਬਣੇ ਬਣਾਏ ਅੱਗੇ ਚੱਲੇ
ਪਿੱਛਾ ਉਪਰ ਚੁੱਕੋ।
ਸਾਡੇ ਲਈ ਤਾਂ ਇਹੀ ਮੰਤਰ ਸੱਚਾ!
ਡੰਡਾ ਨਾ ਵਰਤੋ ਤਾਂ ਵਿਗੜ ਜਾਏ ਬੱਚਾ।
**-ਮਹਾਂ ਸਿੰਘ ਹਾਂਸ**
**ਫੋਨ: 408-956-1696**

## ਕੈਪਸ਼ਨ ਮੁਕਾਬਲਾ-79

ਪਹਿਲੇ ਡਗੇ ਰੱਬ ਨੂੰ ਧਿਆਈਏ,
ਜਿਨ੍ਹੇ ਬਾਜ਼ੀ ਦੀ ਕਲਾ ਸਿਖਾਈ।
ਪੌੜੀ ਉਤੇ ਮੰਜਾ ਟੰਗਣਾ
ਅਤੇ ਮੰਜੇ ਉਤੇ ਛੱਜ।
ਕਿਰਪਾਨਾਂ ਲਾਠੀਆਂ ਦੇ ਖੇਲ੍ਹ ਦਿਖਾਣੇ
ਸਰੀਆ ਮੋੜਨਾ ਘੰਡ ਉਤੇ ਰੱਖ।
ਬਲਦੀ ਹੋਈ ਅੱਗ ਵਿਚੋਂ ਲੰਘਣਾ
ਹੈਰਾਨ ਹੋ ਦੇਖਣ ਸਭ।
ਪਰ ਹੁਣ ਸਭ ਬੀਤੇ ਦੀਆਂ ਗੱਲਾਂ
ਮੱਲਿਆ ਮਸ਼ੀਨਾਂ ਜੱਗ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

# ਪੁਲਿਸ ਵੱਲੋਂ ਨਵੇਂ ਬਣੇ ਖਾੜਕੂ ਗਰੋਹ ਨੂੰ ਫੜਨ ਦਾ ਦਾਅਵਾ

**ਫ਼ਤਹਿਗੜ੍ਹ ਸਾਹਿਬ:** ਜ਼ਿਲ੍ਹਾ ਪੁਲਿਸ ਨੇ 21 ਤੋਂ 25 ਸਾਲ ਦੀ ਉਮਰ ਦੇ ਨੌਜਵਾਨਾਂ ਦੇ 12 ਮੈਂਬਰੀ ਗਰੋਹ ਵਿਚੋਂ ਸੱਤ ਨੂੰ ਹਥਿਆਰਾਂ ਤੇ ਗੋਲੀ-ਸਿੱਕੇ ਸਮੇਤ ਕਾਬੂ ਕਰਨ ਦਾ ਦਾਅਵਾ ਕਰਦਿਆਂ ਕਿਹਾ ਹੈ ਕਿ ਇਹ ਖਾੜਕੂ ਸਰਗਰਮੀਆਂ ਵਿਚ ਜੁਟੇ ਹੋਏ ਸਨ। ਪੁਲਿਸ ਮੁਤਾਬਕ ਇਨ੍ਹਾਂ ਨੌਜਵਾਨਾਂ ਨੂੰ ਵਿਦੇਸ਼ ਵਿਚੋਂ ਵੀ ਇਸ ਮੰਤਵ ਲਈ ਪੈਸਾ ਆਉਂਦਾ ਸੀ ਤੇ ਗਰੋਹ ਦੇ ਮੈਂਬਰਾਂ ਦਾ ਮੁੱਖ ਮਕਸਦ 1984 ਦੇ ਕਤਲੇਆਮ ਲਈ ਜ਼ਿੰਮੇਵਾਰ ਤੇ ਸ਼ਿਵ ਸੈਨਾ ਦੇ ਕਾਰਕੁਨਾਂ ਨੂੰ ਆਪਣਾ ਨਿਸ਼ਾਨਾ ਬਣਾਉਣਾ ਸੀ। ਇਨ੍ਹਾਂ ਦੀ ਹਿੱਟ ਲਿਸਟ 'ਤੇ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਸ਼ਿਵ ਸੈਨਾ (ਬਾਲ ਠਾਕਰੇ) ਦਾ ਆਗੂ ਵੀ ਸ਼ਾਮਲ ਹੈ।



ਪੁਲਿਸ ਸੂਤਰਾਂ ਮੁਤਾਬਕ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਨੌਜਵਾਨਾਂ ਵੱਲੋਂ ਆਪਣਾ ਨਵਾਂ ਗਰੋਹ ਬਣਾਇਆ ਹੈ ਜਿਸ ਵੱਲੋਂ ਆਉਣ ਵਾਲੇ ਦਿਨਾਂ ਵਿਚ ਲੁੱਟ-ਖੋਹ ਤੇ ਕਤਲਾਂ ਦੀਆਂ ਕਾਰਵਾਈਆਂ ਕਰਕੇ ਪੰਜਾਬ ਵਿਚ ਦਹਿਸ਼ਤ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਨਿਊਜ਼ੀਲੈਂਡ ਦੇ ਵੀ ਦੋ ਨੌਜਵਾਨ ਸ਼ਾਮਲ ਹਨ। ਇਸ ਮੰਤਵ ਲਈ ਨਾਡਾ ਸਾਹਿਬ ਦੇ ਵਾਸੀ ਸਤਨਾਮ ਸਿੰਘ ਵੱਲੋਂ ਉੱਤਰ ਪ੍ਰਦੇਸ਼ ਦੇ ਜਨਪਾਲ ਸਿੰਘ ਨਾਲ ਹਥਿਆਰ ਲਿਆਉਣ ਲਈ ਸੰਪਰਕ ਕਰਵਾਇਆ ਗਿਆ ਤੇ ਪਿਛਲੇ ਹਫ਼ਤੇ ਗੁਰਲਾਲ ਸਿੰਘ ਰਾਹੀਂ ਡੁਬਈ ਵਿਚੋਂ ਇਸ ਮੰਤਵ ਲਈ ਪੈਸੇ ਵੀ ਭੇਜੇ ਗਏ ਜੋ ਸਰਵਨ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਬਾਠ ਰੋਡ ਤਰਨ ਤਾਰਨ ਵੱਲੋਂ ਵਸੂਲੇ ਗਏ।

ਗੁਪਤ ਸੂਚਨਾ ਦੇ ਆਧਾਰ 'ਤੇ ਪੁਲਿਸ ਵੱਲੋਂ ਫ਼ਤਹਿਗੜ੍ਹ ਸਾਹਿਬ-ਚੰਡੀਗੜ੍ਹ ਰੋਡ 'ਤੇ ਮੋਟਰਸਾਈਕਲ ਉਪਰ ਕਰਮਜੀਤ ਸਿੰਘ, ਸਰਵਨ ਸਿੰਘ ਤੇ ਜਤਿੰਦਰ ਸਿੰਘ ਨੂੰ 30 ਬੋਰ, 9 ਐਮ.ਐਮ ਤੇ 32 ਬੋਰ ਦੇ ਪਿਸਤੌਲ ਤੇ ਗੋਲੀ-ਸਿੱਕੇ ਸਮੇਤ ਕਾਬੂ ਕੀਤਾ ਗਿਆ ਤੇ ਉਨ੍ਹਾਂ ਦੀ ਪੁੱਛਗਿੱਛ ਦੇ ਆਧਾਰ 'ਤੇ ਪਿੰਡ ਪੀਰਜੈਨ ਦੇ ਜਤਿੰਦਰ ਸਿੰਘ ਉਰਫ਼ ਹੈਪੀ ਦੇ ਘਰ ਉਪਰ ਛਾਪਾ ਮਾਰਿਆ ਗਿਆ ਜਿਥੋਂ ਚਾਰ ਵਿਅਕਤੀ ਜਿਨ੍ਹਾਂ ਵਿਚ ਧਰਮ ਸਿੰਘ ਉਰਫ਼ ਧਮਾ, ਕਸ਼ਮੀਰ ਸਿੰਘ, ਰਾਣਾ ਪ੍ਰਤਾਪ ਤੇ ਲਾਭ ਸਿੰਘ ਸ਼ਾਮਲ ਹਨ, ਨੂੰ ਕਾਬੂ ਕਰ ਲਿਆ ਗਿਆ ਤੇ ਇਨ੍ਹਾਂ ਤੋਂ ਤਿੰਨ ਪਿਸਤੌਲ 315 ਬੋਰ ਤੇ ਹੋਰ ਗੋਲੀ-ਸਿੱਕਾ ਬਰਾਮਦ ਕੀਤਾ ਗਿਆ।

ਗਰੋਹ ਵਿਚ ਸਾਰੇ ਨੌਜਵਾਨ ਪੜ੍ਹੇ-ਲਿਖੇ ਹਨ ਤੇ ਕੋਈ ਵੀ ਨਸ਼ਈ ਨਹੀਂ ਹੈ। ਇਹ ਸਾਰੇ ਗਤਕਾ ਗਰੁੱਪ ਨਾਲ ਸਬੰਧਤ ਹਨ ਤੇ ਇਨ੍ਹਾਂ ਵੱਲੋਂ ਪਹਿਲੀ ਕਾਰਵਾਈ ਕੁਝ ਹੀ ਦਿਨਾਂ ਵਿਚ ਜ਼ਿਲ੍ਹਾ ਗੁਰਦਾਸਪੁਰ ਵਿਚ ਕਰਨੀ ਸੀ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿਚ 1984 ਦੇ ਕਤਲੇਆਮ ਬਾਰੇ ਕੈਸੇਟਾਂ ਰਾਹੀਂ ਕੀਤੇ ਪ੍ਰਚਾਰ, ਕੰਪਿਊਟਰ ਵਿਚ ਵੇਰਵੇ ਪੜ੍ਹਨ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਖ਼ਿਲਾਫ਼ ਗੁਰਦਾਸਪੁਰ ਵਿਚ ਪ੍ਰਦਰਸ਼ਨ ਦੌਰਾਨ ਨੌਜਵਾਨ ਜਸਪਾਲ ਸਿੰਘ ਦੀ ਹੋਈ ਮੌਤ ਦੇ ਮਾਮਲੇ ਨੂੰ ਲੈ ਕੇ ਉਨ੍ਹਾਂ ਇਹ ਕਾਰਵਾਈ ਕਰਨ ਦਾ ਫ਼ੈਸਲਾ ਲਿਆ ਸੀ। ਉਨ੍ਹਾਂ ਦੱਸਿਆ ਕਿ ਇਹ ਗਰੋਹ ਤਕਰੀਬਨ ਚਾਰ-ਪੰਜ ਮਹੀਨੇ ਪਹਿਲਾਂ ਹੀ ਸਰਗਰਮੀ ਵਿਚ ਆਇਆ ਤੇ ਯੂ.ਪੀ. ਤੋਂ ਇਹ ਮੋਟਰ ਸਾਈਕਲ ਉਪਰ ਹੀ ਹਥਿਆਰ ਲੈ ਕੇ ਆਏ।


Commercial Property For Sale




8000 Hermosa Rd., Bakersfield, CA
4.2 acres with over 300 ft. frontage facing Weed Patch Hwy. Zoned M2PD with a 1250 sq.ft. metal shop. (220 service fenced and in addition, a well maintained 1600 ft. custom build home). Corner lot. Ideal for trucking, construction, storage, equipment repair, many possibilities.
Price: $599,000
RE/MAX Central Commercial (DRE 0178701)
Featured By: Jerry Flynn (DRE 01191965)
jflynnrealtor@sbcglobal.net
Ph: 661-333-8183



Janta India Restaurant
369 Lytton Ave, Palo Alto, CA, 94301
ਵੀਹ ਸਾਲ ਤੋਂ ਤੁਹਾਡੀ ਸੇਵਾ ਵਿਚ



ਜਨਮ ਦਿਨ, ਗਰੈਜੂਏਸ਼ਨ, ਵਿਆਹ-ਸ਼ਾਦੀ ਜਾਂ ਫਿਰ ਵਿਆਹ ਦੀ ਵਰ੍ਹੇਗੰਢ, ਪਾਰਟੀ ਵੱਡੀ ਹੋਵੇ ਜਾਂ ਛੋਟੀ, ਕੈਟਰਿੰਗ ਲਈ ਸੰਪਰਕ ਕਰੋ
ਅਸੀਂ ਤੁਹਾਡੀ ਪਾਰਟੀ ਨੂੰ ਸੁਆਦਲੇ ਭੋਜਨ ਨਾਲ ਹੋਰ ਵੀ ਸੁਆਦਲੀ ਬਣਾਉਂਦੇ ਹਾਂ
ਫੋਨ: 650-462-5903



A & I Transport Inc.
123 E Lee Rd., Watsonville, CA, 95076
Ph:831-763-7805
A&I WATSONVILLE, CA.
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ
> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ
Weekly Pay Roll
2012, 13 ਤੇ 14 ਮਾਡਲ ਦੇ ਨਵੇਂ ਨਕੋਰ ਟਰੱਕ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com
ਏ. ਐਂਡ ਆਈ. ਟਰਾਂਸਪੋਰਟ
ਵਾਟਸਨਵਿਲ, ਕੈਲੀਫੋਰਨੀਆ



# ਮਾਂ ਬੋਲੀ ਦੇ ਹੱਕ ਵਿਚ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਸੱਦੇ 'ਤੇ ਪੰਜਾਬ, ਚੰਡੀਗੜ੍ਹ ਤੇ ਹਰਿਆਣੇ ਤੋਂ ਵੱਡੇ ਗਿਣਤੀ ਵਿਚ ਪੁੱਜੇ ਲੇਖਕਾਂ ਨੇ ਚੰਡੀਗੜ੍ਹ (ਯੂ.ਟੀ.) ਵਿਚ ਸੰਵਿਧਾਨ ਦੀ ਉਲੰਘਣਾ ਕਰਕੇ ਪੰਜਾਬੀ ਦੀ ਥਾਂ ਅੰਗਰੇਜ਼ੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਉਣ ਕਾਰਨ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਨੂੰ ਇਥੋਂ ਚੱਲਦਾ ਕਰਨ ਦੀ ਮੰਗ ਕੀਤੀ ਹੈ।



ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ (ਡਾ.) ਨੇ ਸੈਕਟਰ-17 ਵਿਚ ਪੰਜਾਬੀ ਲੇਖਕਾਂ, ਸਾਹਿਤਕਾਰਾਂ, ਚੰਡੀਗੜ੍ਹ ਦੇ 23 ਪਿੰਡਾਂ ਦੇ ਵਾਸੀਆਂ, ਟਰੇਡ ਯੂਨੀਅਨ ਆਗੂਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਤਨਾ ਰਾਜਪਾਲ ਤੇ ਚੰਡੀਗੜ੍ਹ ਦਾ ਪ੍ਰਸ਼ਾਸਕ ਦੇਸ਼ ਦੇ ਸੰਵਿਧਾਨ ਦੀ ਪਾਲਣਾ ਕਰਕੇ ਯੂ.ਟੀ. ਵਿਚ ਲੋਕਾਂ ਦੀ ਮਾਂ ਬੋਲੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦਿਵਾਉਣ ਤੋਂ ਅਸਮਰੱਥ ਹੈ, ਉਸ ਨੂੰ ਇਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਕਿਸੇ ਵੀ ਰਾਜ ਦੇ ਰਾਜਪਾਲ ਜਾਂ ਯੂ.ਟੀ. ਦੇ ਪ੍ਰਸ਼ਾਸਕ ਦੀ ਮੁੱਖ ਜ਼ਿੰਮੇਵਾਰੀ ਸੰਵਿਧਾਨ ਨੂੰ ਲਾਗੂ ਕਰਨਾ ਬਣਦੀ ਹੈ।

ਉਨ੍ਹਾਂ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਭਾਰਤ ਸਰਕਾਰ ਸਪਸ਼ਟ ਕਰ ਚੁੱਕੀ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ, ਇਸ ਲਈ ਇਥੋਂ ਦੀ ਸਰਕਾਰੀ ਭਾਸ਼ਾ ਪੰਜਾਬੀ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰਾਜ ਵਿਚ ਉਸਰੀਆਂ ਨਾਜਾਇਜ਼ ਕਲੋਨੀਆਂ ਨੂੰ ਰੈਗੂਲਰ ਕਰਨ ਲਈ ਤਾਂ ਬੜੇ ਕਾਹਲੇ ਹਨ ਪਰ ਯੂ.ਟੀ. ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਵਿਚ ਦਸਵੀਂ ਪਾਸ ਕਰਨ ਵਾਲੇ ਨੂੰ ਕੰਡਕਟਰੀ ਦੇ ਲਾਇਸੈਂਸ ਤੋਂ ਅਯੋਗ ਕਰਾਰ ਦੇਣ ਦੇ ਮੁੱਦੇ ਉਪਰ ਖਾਮੋਸ਼ ਹਨ।

ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਤੇ ਜਨਰਲ ਸਕੱਤਰ ਤਲਵਿੰਦਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਕਰਵਾਉਣ,ਚੰਡੀਗੜ੍ਹ ਵਿਚ ਅੰਗਰੇਜ਼ੀ ਦੀ ਥਾਂ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦਿਵਾਉਣ ਤੇ ਦਿੱਲੀ ਯੂਨੀਵਰਸਿਟੀ ਦੀਆਂ ਪੰਜਾਬੀ ਵਿਰੋਧੀ ਨੀਤੀਆਂ ਨੂੰ ਨੱਥ ਪਾਉਣ ਲਈ ਸੰਘਰਸ਼ ਜਾਰੀ ਰਹੇਗਾ। ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਪ੍ਰਧਾਨ ਸ਼ਾਇਰ ਸੁਰਜੀਤ ਪਾਤਰ ਨੇ ਕਿਹਾ ਕਿ ਸਮੂਹ ਖੇਤਰੀ ਭਾਸ਼ਾਵਾਂ ਦਾ ਇਕ ਸਾਂਝਾ ਥੜ੍ਹਾ ਬਣਾ ਕੇ ਮਾਂ ਬੋਲੀ ਦੀ ਰੱਖਿਆ ਲਈ ਦਿੱਲੀ ਵਿਖੇ ਵੀ ਮੋਰਚਾ ਖੋਲ੍ਹਣ ਦੀ ਲੋੜ ਹੈ।

ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਸਕੱਤਰ ਜਨਰਲ ਪ੍ਰੋਫੈਸਰ ਨਿਰਮਲ ਦੱਤ, ਨਾਟਕਕਾਰ ਡਾਕਟਰ ਆਤਮਜੀਤ, ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਡਾਇਰੈਕਟਰ ਡਾਕਟਰ ਦੀਪਕ ਮਨਮੋਹਨ ਨੇ ਵੀ ਇਸ ਮੌਕੇ ਮਾਂ ਬੋਲੀ ਦਾ ਹੋਕਾ ਦਿੱਤਾ।

# ਪੰਜਾਬੀ ਨੂੰ ਨੁੱਕਰੇ ਲਾਉਣ ਦੇ ਮਾਮਲੇ ਦੀ ਪਈ ਸੰਸਦ 'ਚ ਗੂੰਜ

**ਚੰਡੀਗੜ੍ਹ:** ਪੰਜਾਬ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਲੋਕ ਸਭਾ ਵਿਚ ਚੰਡੀਗੜ੍ਹ ਪ੍ਰਸ਼ਾਸਨ ਦੀ ਪੰਜਾਬੀ ਭਾਸ਼ਾ ਨੂੰ ਨੁੱਕਰੇ ਲਾਉਣ ਦੀ ਸਾਜ਼ਿਸ਼ ਦਾ ਮੁੱਦਾ ਉਠਾਉਣ ਤੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਵੱਲੋਂ ਯੂ.ਟੀ. ਵਿਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਨ ਦਾ ਹੁੰਗਾਰਾ ਭਰਨ ਕਾਰਨ ਇਹ ਮੁੱਦਾ ਭਖ ਗਿਆ ਹੈ। ਸੰਸਦ ਮੈਂਬਰ ਰਵਨੀਤ ਬਿੱਟੂ ਨੇ ਲੋਕ ਸਭਾ ਵਿਚ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਦੀ ਕੀਤੀ ਜਾ ਰਹੀ ਬੇਕਦਰੀ ਦਾ ਮੁੱਦਾ ਉਠਾਇਆ।

ਉਨ੍ਹਾਂ ਕਿਹਾ ਕਿ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਹੈ। ਉਨ੍ਹਾਂ ਸਵਾਲ ਕੀਤਾ ਜਦੋਂ ਚੰਡੀਗੜ੍ਹ ਵਿਚ 100 ਫੀਸਦ ਆਬਾਦੀ ਪੰਜਾਬੀ ਤੇ ਹਿੰਦੀ ਬੋਲਣ ਵਾਲੀ ਹੈ ਤਾਂ ਫਿਰ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਕਿਸ ਆਧਾਰ 'ਤੇ ਬਣਾਈ ਗਈ ਹੈ। ਭਾਰਤ ਦੇ ਸੰਵਿਧਾਨ ਮੁਤਾਬਕ ਕਿਸੇ ਵੀ ਰਾਜ ਜਾਂ ਕੇਂਦਰ ਪ੍ਰਦੇਸ਼ ਦੀ ਸਰਕਾਰੀ ਭਾਸ਼ਾ ਉਸ ਖਿੱਤੇ ਦੇ ਲੋਕਾਂ ਦੀ ਮਾਂ ਬੋਲੀ ਦੇ ਆਧਾਰ 'ਤੇ ਤੈਅ ਹੋਣੀ ਚਾਹੀਦੀ ਹੈ ਪਰ ਯੂ.ਟੀ. ਪ੍ਰਸ਼ਾਸਨ ਨੇ ਸੰਵਿਧਾਨ ਨੂੰ ਵੀ ਅਣਗੌਲਿਆਂ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੇ 11 ਲੱਖ ਤੋਂ ਵੱਧ ਵਸਨੀਕਾਂ ਉਪਰ ਅੰਗਰੇਜ਼ੀ ਭਾਸ਼ਾ ਥੋਪ ਕੇ ਜਿਥੇ ਉਨ੍ਹਾਂ ਦੀ ਮਾਂ ਬੋਲੀ ਨੂੰ ਖਤਮ ਕੀਤਾ ਜਾ ਰਿਹਾ ਹੈ, ਉਥੇ ਸੰਵਿਧਾਨ ਦੀ ਵੀ ਉਲੰਘਣਾ ਹੋ ਰਹੀ ਹੈ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਚੰਡੀਗੜ੍ਹ ਵਿਚ ਸਰਕਾਰੀ ਭਾਸ਼ਾ ਅੰਗਰੇਜ਼ੀ ਨੂੰ ਰੱਦ ਕਰਕੇ ਪੰਜਾਬੀ ਨੂੰ ਸਰਕਾਰੀ ਰੁਤਬਾ ਦਿੱਤਾ ਜਾਵੇ। ਸ. ਬਿੱਟੂ ਨੇ ਚੰਡੀਗੜ੍ਹ ਵਿਚ ਪੰਜਾਬ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ 60 ਫੀਸਦ ਡੈਪੂਟੇਸ਼ਨ ਕੋਟੇ ਨੂੰ ਵੀ ਖੋਰ ਕੇ ਚਾਰ ਫੀਸਦ ਕਰਨ ਦਾ ਮੁੱਦਾ ਉਠਾ ਕੇ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਰਾਖੀ ਕਰਨ ਵਿਚ ਫੇਲ੍ਹ ਰਹੀ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਦੀ ਲੋੜ ਮੁਤਾਬਕ ਸੂਬੇ ਦੇ ਅਫਸਰਾਂ ਨੂੰ ਯੂ.ਟੀ. ਦੀ ਲੋੜ ਅਨੁਸਾਰ ਡੈਪੂਟੇਸ਼ਨ 'ਤੇ ਨਹੀਂ ਭੇਜਿਆ ਜਾ ਰਿਹਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਕਿਸੇ ਸੰਸਦ ਮੈਂਬਰ ਵੱਲੋਂ ਚੰਡੀਗੜ੍ਹ ਵਿਚ ਪੰਜਾਬੀ ਦੇ ਮੁੱਦੇ ਨੂੰ ਇਸ ਢੰਗ ਨਾਲ ਪਹਿਲੀ ਵਾਰ ਉਠਾਇਆ ਗਿਆ ਹੈ।

## ਭਾਈ ਸ਼ਮਸ਼ੇਰ ਸਿੰਘ ਵੱਲੋਂ ਹਾਈ ਕੋਰਟ ਕੋਲ ਪਹੁੰਚ

**ਚੰਡੀਗੜ੍ਹ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਭੁਗਤ ਰਹੇ ਭਾਈ ਸ਼ਮਸ਼ੇਰ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਪਟਿਆਲਾ ਦੇ ਜ਼ਿਲ੍ਹਾ ਮੈਜਿਸਟਰੇਟ ਨੂੰ ਉਸ ਦੀ ਅਰਜ਼ੀ ਬਾਰੇ ਆਪਣੀ ਰਾਇ ਛੇਤੀ ਦੇਣ ਲਈ ਕਿਹਾ ਜਾਵੇ। ਜ਼ਿਕਰਯੋਗ ਹੈ ਕਿ ਸ਼ਮਸ਼ੇਰ ਸਿੰਘ ਨੇ ਜੇਲ੍ਹ ਤੋਂ ਆਪਣੀ ਵਕਤ ਤੋਂ ਪਹਿਲਾਂ ਰਿਹਾਈ ਦੀ ਮੰਗ ਕੀਤੀ ਹੋਈ ਹੈ ਤੇ ਉਸ ਦੀ ਅਰਜੀ ਟਿੱਪਣੀ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਪਈ ਹੈ।

ਜੇਲ੍ਹ ਸੁਪਰਡੈਂਟ ਰਾਹੀਂ ਦਾਇਰ ਇਸ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਹ ਪਹਿਲਾਂ ਹੀ ਜੇਲ੍ਹ ਵਿਚ 17 ਸਾਲ ਕੱਟ ਚੁੱਕਾ ਹੈ ਤੇ ਇਸ ਦੌਰਾਨ ਜੇਲ੍ਹ ਵਿਚ ਉਸ ਦਾ ਚਾਲ-ਚਲਨ ਠੀਕ ਰਿਹਾ ਹੈ। ਉਸ ਨੇ ਇਸ ਸਾਲ ਮਈ ਤੇ ਜੂਨ ਵਿੱਚ ਦੋ ਅਰਜ਼ੀਆਂ ਜੇਲ੍ਹ ਪ੍ਰਬੰਧਕਾਂ ਨੂੰ ਛੇਤੀ ਰਿਹਾਈ ਲਈ ਦਿੱਤੀਆਂ ਸਨ। ਇਹ ਅਰਜ਼ੀਆਂ ਜ਼ਿਲ੍ਹਾ ਮੈਜਿਸਟਰੇਟ ਨੂੰ ਭੇਜੀਆਂ ਗਈਆਂ, ਜਿਨ੍ਹਾਂ ਹੁਣ ਤੱਕ ਕੋਈ ਜਵਾਬ ਨਹੀਂ ਦਿੱਤਾ। ਅਦਾਲਤ ਇਸ ਪਟੀਸ਼ਨ 'ਤੇ 26 ਸਤੰਬਰ ਨੂੰ ਵਿਚਾਰ ਕਰੇਗੀ।

# ਪੰਜਾਬ ਸਰਕਾਰ ਲਈ ਮੁਸੀਬਤ ਖੜ੍ਹੀ ਕਰਨਗੇ ਮੁਲਾਜ਼ਮ

**ਚੰਡੀਗੜ੍ਹ:** ਪੰਜਾਬ ਭਰ ਦੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀ ਕਿਸ਼ਤ ਨਾ ਮਿਲਣ ਕਾਰਨ ਮੁਲਾਜ਼ਮ ਵਰਗ ਅਕਾਲੀ-ਭਾਜਪਾ ਸਰਕਾਰ ਤੋਂ ਬੇਹੱਦ ਔਖਾ ਹੈ। ਮਾਲੀ ਸੰਕਟ ਵਿਚ ਘਿਰੀ ਪੰਜਾਬ ਸਰਕਾਰ ਨੇ ਭਾਵੇਂ ਖਾਮੋਸ਼ੀ ਧਾਰੀ ਹੋਈ ਹੈ ਪਰ ਗੁਆਂਢੀ ਸੂਬੇ ਹਰਿਆਣਾ ਨੇ ਆਪਣੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀ ਇਸ ਸਾਲ ਦੀ ਕਿਸ਼ਤ ਜੁਲਾਈ ਤੋਂ ਤੇ ਪਿਛਲਾ ਮਹਿੰਗਾਈ ਭੱਤਾ ਵੀ ਦੇ ਦਿੱਤਾ ਹੈ। ਕੇਂਦਰ ਸਰਕਾਰ ਜਨਵਰੀ ਦੀ ਕਿਸ਼ਤ ਦੇਣ ਮਗਰੋਂ ਹੁਣ ਇਕ ਜੁਲਾਈ ਤੋਂ ਮਹਿੰਗਾਈ ਭੱਤੇ ਦੀ 10 ਫੀਸਦੀ ਕਿਸ਼ਤ ਦੇਣ ਦੀ ਤਿਆਰੀ ਵਿਚ ਹੈ।



ਹਾਸਲ ਜਾਣਕਾਰੀ ਅਨੁਸਾਰ ਹਰਿਆਣਾ ਨੇ ਆਪਣੇ ਮੁਲਾਜ਼ਮਾਂ ਨੂੰ ਪਹਿਲੀ ਕਿਸ਼ਤ ਇਸ ਵਰ੍ਹੇ ਪਹਿਲੀ ਜਨਵਰੀ ਤੋਂ 15 ਫੀਸਦੀ ਤੇ ਪਿਛਲੇ ਸਾਲ ਦੀ ਪਹਿਲੀ ਜੁਲਾਈ ਤੋਂ 12 ਫੀਸਦੀ ਮਹਿੰਗਾਈ ਭੱਤਾ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਚੱਲਦਿਆਂ ਮਹਿੰਗਾਈ ਭੱਤੇ ਦਾ ਕੁੱਲ ਵਾਧਾ 166 ਫੀਸਦੀ ਹੋ ਗਿਆ ਹੈ ਜਿਸ ਕਾਰਨ ਜਿਥੇ ਹਰਿਆਣਾ ਦੇ ਮੁਲਾਜ਼ਮਾਂ ਦੇ ਚਿਹਰਿਆਂ 'ਤੇ ਰੌਣਕ ਹੈ, ਉਥੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਕਾਰਨ ਸੂਬੇ ਦੇ ਮੁਲਜ਼ਮਾਂ ਵਿਚ ਉਦਾਸੀ ਛਾਈ ਹੋਈ ਹੈ।

ਪੰਜਾਬ ਦੇ ਮੁਲਾਜ਼ਮਾਂ ਨੂੰ ਜੁਲਾਈ 2013 ਦੀ ਮਹਿੰਗਾਈ ਭੱਤੇ ਦੀ ਕਿਸ਼ਤ ਤਾਂ ਕੀ ਮਿਲਣੀ ਸੀ, ਉਨ੍ਹਾਂ ਨੂੰ ਜਨਵਰੀ 2013 ਦੀ ਕਿਸ਼ਤ ਵੀ ਜਾਰੀ ਨਹੀਂ ਹੋ ਸਕੀ। ਹੋਰ ਤਾਂ ਹੋਰ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਮਿਲਣ ਦੇ ਵੀ ਲਾਲੇ ਪਏ ਹੋਏ ਹਨ। ਇੰਝ ਹੀ ਪੰਜਾਬ ਦੀਆਂ ਪੈਨਸ਼ਨਰ ਜਥੇਬੰਦੀਆਂ ਪਹਿਲਾਂ ਹੀ ਮਹਿੰਗਾਈ ਭੱਤਾ ਨਾ ਮਿਲਣ ਕਾਰਨ ਜਿਥੇ ਸੜਕਾਂ 'ਤੇ ਆਉਣ ਦਾ ਐਲਾਨ ਕਰ ਚੁੱਕੀਆਂ ਹਨ, ਉਥੇ ਹੁਣ ਸੂਬਾ ਸਰਕਾਰ ਨੂੰ ਚਾਰੇ ਪਾਸਿਓਂ ਘੇਰਨ ਲਈ ਸਮੂਹ ਮੁਲਾਜ਼ਮ ਜਥੇਬੰਦੀਆਂ ਨੂੰ ਇਕਜੁੱਟ ਹੋ ਕੇ ਵੱਡੇ ਪੱਧਰ 'ਤੇ ਸੰਘਰਸ਼ ਵਿੱਢਣ ਲਈ ਲਾਮਬੰਦ ਕੀਤਾ ਜਾ ਰਿਹਾ ਹੈ।

# ਸਰਕਾਰ ਨੇ ਕਿਸਾਨ ਖੁਦਕੁਸ਼ੀਆਂ ਦੇ ਤੱਥਾਂ 'ਤੇ ਪਾਇਆ ਪਰਦਾ

**ਚੰਡੀਗੜ੍ਹ :** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਕਰਜ਼ੇ ਦੇ ਭਾਰ ਕਾਰਨ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਮਾਮਲੇ ਨੂੰ ਕੇਂਦਰ ਦੇ ਸਨਮੁੱਖ ਰੱਖਣ ਵਿਚ ਹਿਚਕਚਾਹਟ ਦਿਖਾਈ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਵਿੱਤ ਕਮਿਸ਼ਨ ਦੇ ਸਾਹਮਣੇ ਰਾਜ ਦੇ ਕਿਸਾਨਾਂ ਦੀ ਨਿੱਘਰੀ ਹੋਈ ਆਰਥਿਕ ਹਾਲਤ ਤੇ 32000 ਕਰੋੜ ਰੁਪਏ ਦੇ ਕਰਜ਼ਾਈ ਹੋਣ ਦੀ ਗੱਲ ਕਹਿ ਕੇ ਖੇਤੀਬਾੜੀ ਲਈ ਤਾਂ ਪੈਕੇਜ ਮੰਗਿਆ ਪਰ ਮਹਾਂਰਾਸ਼ਟਰ, ਕਰਨਾਟਕ ਤੇ ਆਂਧਰਾ ਪ੍ਰਦੇਸ਼ ਦੀ ਤਰਜ਼ 'ਤੇ ਪ੍ਰਭਾਵਿਤ ਪਰਿਵਾਰਾਂ ਲਈ ਆਰਥਿਕ ਪੈਕੇਜ ਲਈ ਕੁਝ ਨਹੀਂ ਕਿਹਾ ਗਿਆ।




ਇਥੋਂ ਤੱਕ ਕਿ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੀ ਗਿਣਤੀ ਵੀ ਕੇਂਦਰ ਦੇ ਸਾਹਮਣੇ ਨਹੀਂ ਰੱਖੀ ਜਾ ਰਹੀ। ਸੂਬੇ ਦੀਆਂ ਤਿੰਨ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕੀਤੀ ਗਣਨਾ ਮੁਤਾਬਕ 2000 ਤੋਂ 2010 ਤੱਕ ਸੂਬੇ ਵਿਚ 6926 ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਇਨ੍ਹਾਂ ਵਿਚੋਂ 75 ਤੋਂ 80 ਫ਼ੀਸਦੀ ਖੁਦਕੁਸ਼ੀਆਂ ਸਿਰਫ ਕਰਜ਼ੇ ਕਾਰਨ ਹੋਈਆਂ ਹਨ।

ਯੂਨੀਵਰਸਿਟੀਆਂ ਦੇ ਸਰਵੇਖਣ ਮੁਤਾਬਕ ਦੱਖਣੀ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਸੰਗਰੂਰ, ਬਰਨਾਲਾ, ਮੁਕਤਸਰ, ਮੋਗਾ ਵਿਚ ਕਿਸਾਨਾਂ ਦੀ ਹਾਲਤ ਬੇਹੱਦ ਨਿੱਘਰੀ ਹੋਈ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ 6128 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਸਭ ਤੋਂ ਜ਼ਿਆਦਾ ਸੰਗਰੂਰ ਜ਼ਿਲ੍ਹੇ ਵਿਚ 1634 ਕਿਸਾਨਾਂ ਤੇ ਮਜ਼ਦੂਰਾਂ ਨੇ ਕਰਜ਼ੇ ਦਾ ਭਾਰ ਨਾ ਝੱਲਦਿਆਂ ਮੌਤ ਨੂੰ ਗਲੇ ਲਾ ਲਿਆ।

ਬਠਿੰਡਾ ਵਿਚ 1256, ਮਾਨਸਾ ਵਿਚ 1334, ਬਰਨਾਲਾ ਵਿਚ 676, ਮੋਗਾ ਵਿੱਚ 590, ਲੁਧਿਆਣਾ ਵਿਚ 638 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ। ਮਾਝਾ ਤੇ ਦੋਆਬਾ ਖਿੱਤੇ ਵਿਚਲੇ ਜ਼ਿਲ੍ਹਿਆਂ ਦੀ ਹਾਲਤ ਮਾਲਵਾ ਦੇ ਮੁਕਾਬਲੇ ਕਾਫ਼ੀ ਬਿਹਤਰ ਹੈ। ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਓ.ਪੀ. ਮਿਗਲਾਨੀ ਦੀ ਅਗਵਾਈ ਹੇਠ ਜੋ ਸਰਵੇਖਣ ਕੀਤਾ ਗਿਆ, ਉਸ ਮੁਤਾਬਕ ਸੱਤ ਜ਼ਿਲ੍ਹਿਆਂ ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਮੁਕਤਸਰ, ਮੁਹਾਲੀ, ਪਟਿਆਲਾ ਤੇ ਰੋਪੜ ਵਿਚ 322 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰੋ. ਗਿਆਨ ਕੌਰ ਦੀ ਅਗਵਾਈ ਹੇਠ ਕੀਤੇ ਸਰਵੇਖਣ ਦੌਰਾਨ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਫਿਰੋਜ਼ਪੁਰ, ਨਵਾਂਸ਼ਹਿਰ, ਜਲੰਧਰ ਤੇ ਕਪੂਰਥਲਾ ਵਿੱਚ ਪਿਛਲੇ ਦਹਾਕੇ ਦੌਰਾਨ ਕਰਜ਼ੇ ਦਾ ਭਾਰ ਨਾ ਸਹਾਰਦਿਆਂ 184 ਕਿਸਾਨਾਂ ਤੇ 41 ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

ਇਸ ਯੂਨੀਵਰਸਿਟੀ ਦੀ ਰਿਪੋਰਟ ਮੁਤਾਬਕ ਜਲੰਧਰ ਅਜਿਹਾ ਜ਼ਿਲ੍ਹਾ ਹੈ ਜਿਥੇ ਕਰਜ਼ੇ ਤੋਂ ਬਿਨਾਂ ਹੋਰ ਕਾਰਨਾਂ ਕਰਕੇ ਸਭ ਤੋਂ ਵੱਧ ਖੁਦਕੁਸ਼ੀਆਂ ਹੋਈਆਂ। ਇਸ ਜ਼ਿਲ੍ਹੇ ਵਿਚ 59 ਕਿਸਾਨਾਂ ਤੇ 70 ਖੇਤ ਮਜ਼ਦੂਰਾਂ ਨੇ ਘਰੇਲੂ ਕਾਰਨਾਂ ਕਰਕੇ ਆਤਮਹੱਤਿਆ ਕੀਤੀ। ਇਸੇ ਤਰ੍ਹਾਂ ਗੁਰਦਾਸਪੁਰ ਦੇ 42 ਕਿਸਾਨਾਂ ਤੇ 82 ਖੇਤ ਮਜ਼ਦੂਰਾਂ ਨੇ ਹੋਰ ਕਾਰਨਾਂ ਕਰਕੇ ਆਪਣਾ ਜੀਵਨ ਦਾ ਅੰਤ ਕਰ ਲਿਆ। ਤਰਨ ਤਾਰਨ ਜ਼ਿਲ੍ਹੇ ਵਿਚ 14 ਕਿਸਾਨਾਂ ਤੇ 45 ਖੇਤ ਮਜ਼ਦੂਰਾਂ ਤੇ ਅੰਮ੍ਰਿਤਸਰ ਵਿਚ 20 ਕਿਸਾਨਾਂ ਤੇ 30 ਖੇਤ ਮਜ਼ਦੂਰਾਂ ਨੇ ਕਰਜ਼ੇ ਤੋਂ ਬਿਨਾਂ ਹੋਰ ਕਾਰਨਾਂ ਕਰਕੇ ਆਤਮ ਹੱਤਿਆ ਕੀਤੀ।

ਪੰਜਾਬੀ ਯੂਨੀਵਰਸਿਟੀ ਮੁਤਾਬਕ ਹੁਸ਼ਿਆਰਪੁਰ ਅਜਿਹਾ ਜ਼ਿਲ੍ਹਾ ਹੈ, ਜਿਥੇ ਹੋਰ ਕਾਰਨਾਂ ਕਰਕੇ ਸਮੁੱਚੇ ਜ਼ਿਲ੍ਹੇ ਦੇ ਪਿੰਡਾਂ ਵਿਚ ਇਕ ਵੀ ਕਿਸਾਨ ਤੇ ਖੇਤ ਮਜ਼ਦੂਰ ਨੇ ਆਤਮ ਹੱਤਿਆ ਨਹੀਂ ਕੀਤੀ।

ਇਨ੍ਹਾਂ ਰਿਪੋਰਟਾਂ ਨੂੰ ਅਜੇ ਤੱਕ ਕੇਂਦਰ ਸਰਕਾਰ ਸਾਹਮਣੇ ਨਹੀਂ ਰੱਖਿਆ ਗਿਆ ਹੈ ਇਸੇ ਕਾਰਨ ਕੇਂਦਰ ਵੱਲੋਂ ਹੁਣ ਤੱਕ ਇਹੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਹਾਲਤ ਹੋਰ ਸੂਬਿਆਂ ਦੇ ਮੁਕਾਬਲੇ ਬਿਹਤਰ ਹੈ, ਇਸ ਲਈ ਖੁਦਕੁਸ਼ੀਆਂ ਦੀ ਮਾਰ ਝੱਲ ਰਹੇ ਪਰਿਵਾਰਾਂ ਨੂੰ ਮਾਲੀ ਮਦਦ ਨਹੀਂ ਦਿੱਤੀ ਜਾ ਸਕਦੀ।

## ਬਾਦਲ ਨੇ ਮੰਗੀ 24813 ਕਰੋੜ ਦੀ ਕਰਜ਼ਾ ਰਾਹਤ ਗ੍ਰਾਂਟ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 14ਵੇਂ ਵਿੱਤ ਕਮਿਸ਼ਨ ਨੂੰ 9639 ਕਰੋੜ ਰੁਪਏ ਦੀ ਰਾਜ ਵਿਸ਼ੇਸ਼ ਗਰਾਂਟ ਦੇਣ ਤੇ 24813 ਕਰੋੜ ਰੁਪਏ ਦੀ ਕਰਜ਼ਾ ਰਾਹਤ ਗਰਾਂਟ ਦੇਣ ਦੀ ਸਿਫਾਰਸ਼ ਕਰਨ ਵਾਸਤੇ ਅਪੀਲ ਕੀਤੀ ਹੈ।

ਕਮਿਸ਼ਨ ਦੇ ਚੇਅਰਮੈਨ ਵਾਈ.ਵੀ. ਰੈਡੀ ਦੀ ਅਗਵਾਈ ਹੇਠ ਆਏ ਵਫ਼ਦ ਨੂੰ ਮੁੱਖ ਮੰਤਰੀ ਨੇ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਆਈ.ਕੇ. ਗੁਜਰਾਲ ਨੇ ਦਹਿਸ਼ਤਵਾਦ ਦੌਰਾਨ ਚੜ੍ਹਿਆ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਪਰ ਜਦੋਂ ਇਸ ਨੂੰ ਲਾਗੂ ਕਰਨ ਦਾ ਸਮਾਂ ਆਇਆ ਤਾਂ ਸਿਰਫ ਐਲਾਨ ਵਾਲੀ ਤਰੀਕ ਤੱਕ ਦੇ ਬਕਾਏ ਨੂੰ ਖਤਮ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੂੰ ਵਿਸ਼ੇਸ਼ ਮਿਆਦੀ ਕਰਜ਼ਾ ਮੁਹੱਈਆ ਕਰਵਾਇਆ ਜਾਵੇ ਤੇ ਮੌਜੂਦਾ ਕੀਮਤ 'ਤੇ 2694 ਕਰੋੜ ਰੁਪਏ ਦੀ ਰਾਸ਼ੀ ਪਹਿਲਾਂ ਹੀ ਸੂਬੇ ਵੱਲੋਂ ਵਿਆਜ ਵਜੋਂ ਅਦਾ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਕਮਿਸ਼ਨ ਨੂੰ ਅਪੀਲ ਕੀਤੀ ਕਿ ਕੇਂਦਰੀ ਕਰਾਂ ਵਿਚ ਸੂਬਿਆਂ ਦਾ ਹਿੱਸਾ 50 ਫੀਸਦੀ ਕੀਤਾ ਜਾਵੇ ਤੇ ਸੈਸ/ਸਰਚਾਰਜ ਤੇ ਰਾਇਲਟੀ ਨੂੰ ਵੀ ਹਿੱਸੇ ਯੋਗ ਪੂਲ ਵਿਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਪੰਜਵੇਂ ਕਮਿਸ਼ਨ ਤੋਂ ਬਾਅਦ ਸੂਬੇ ਦਾ ਹਿੱਸਾ ਕੇਂਦਰੀ ਟੈਕਸਾਂ ਵਿਚ 2.450 ਫੀਸਦੀ ਤੋਂ ਘਟ ਕੇ ਹੁਣ 1.389 ਫੀਸਦੀ ਰਹਿ ਗਿਆ ਹੈ।

# ਖਾਲਿਸਤਾਨ ਲਈ ਫੈਸਲਾਕੁਨ ਜਦੋਜਹਿਦ ਜਾਰੀ ਰੱਖਣ ਦਾ ਅਹਿਦ










**ਨਿਊ ਜਰਸੀ (ਬਿਊਰੋ):** ਖਾਲਿਸਤਾਨ ਦੀ ਪ੍ਰਾਪਤੀ ਲਈ ਚੱਲ ਰਹੀ ਜਦੋਜਹਿਦ ਦੇ ਕਿਸੇ ਨਿਰਣਾਇਕ ਨਤੀਜੇ 'ਤੇ ਪਹੁੰਚਣ ਤੱਕ ਲੜਾਈ ਜਾਰੀ ਰੱਖੀ ਜਾਵੇਗੀ। ਇਹ ਅਹਿਦ ਇਥੇ ਖਾਲਸਾ ਦਰਬਾਰ ਵਿਚ ਗਲੋਬਲ ਸਿੱਖ ਕੌਂਸਲ ਵਲੋਂ ਭਾਈ ਦਿਲਾਵਰ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਕਰਵਾਈ ਗਈ ਕਾਨਫਰੰਸ ਦੌਰਾਨ ਪਾਸ ਕੀਤੇ ਗਏ ਇਕ ਮਤੇ ਵਿਚ ਲਿਆ ਗਿਆ। ਇਸ ਕਾਨਫਰੰਸ ਵਿਚ ਟਰਾਈ ਸਟੇਟ ਦੀਆਂ ਸਮੂਹ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਗਲੋਬਲ ਸਿੱਖ ਕੌਂਸਲ ਇਨ੍ਹਾਂ ਪੰਥਕ ਜਥੇਬੰਦੀਆਂ ਦੇ ਇਕ ਝੰਡੇ ਹੇਠ ਇਕੱਠੇ ਹੋ ਕੇ ਚੱਲਣ ਦਾ ਸੰਕੇਤ ਹੈ।

ਇਹ ਕਾਨਫਰੰਸ ਗਲੋਬਲ ਸਿੱਖ ਕੌਂਸਲ ਵਲੋਂ ਕਰਵਾਏ ਜਾਂਦੇ ਲੜੀਵਾਰ ਪ੍ਰੋਗਰਾਮਾਂ ਦੇ ਹੀ ਇਕ ਹਿੱਸੇ ਵਜੋਂ ਕਰਵਾਈ ਗਈ ਜਿਸ ਵਿਚ ਸਿੱਖ ਵਿਦਵਾਨ ਡਾ. ਸੁਖਪ੍ਰੀਤ ਸਿੰਘ ਉਦੋਕੇ, ਹਰਮਨਪ੍ਰੀਤ ਸਿੰਘ ਖਾਲਸਾ ਅਤੇ ਵਾਸ਼ਿੰਗਟਨ ਤੋਂ ਡਾ. ਅਮਰਜੀਤ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੋਏ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਮਨਪ੍ਰੀਤ ਸਿੰਘ ਨੇ ਸਿੱਖ ਕੌਮ 'ਚ ਆ ਰਹੇ ਵਿਚਾਰਧਾਰਕ ਨਿਘਾਰ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਪ੍ਰਤੀ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ।

ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਸਿੱਖਾਂ ਦੀ ਅਮੀਰ ਪਰੰਪਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਹੋਈਆਂ ਸਿੱਖ ਸ਼ਹੀਦੀਆਂ ਦੇ ਸੰਕਲਪ ਨੂੰ ਸਮਝਣ ਅਤੇ ਪ੍ਰਚਾਰਨ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦੀਆਂ ਨੂੰ ਸਿੱਖੀ ਦੇ ਵਡਮੁੱਲੇ ਬ੍ਰਹਿਮੰਡੀ ਵਰਤਾਰੇ ਦੇ ਕੁਦਰਤੀ ਵੇਗ ਦਾ ਅਹਿਮ ਪ੍ਰਗਟਾਵਾ ਹੋਣ ਉਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਭਾਈ ਦਿਲਾਵਰ ਸਿੰਘ ਦੀ ਸ਼ਹੀਦੀ ਜ਼ੁਲਮ ਵਿਰੁਧ ਲੜਨ ਦੀ ਸਿੱਖੀ ਸੋਚ ਦਾ ਸਹਿਜ ਪ੍ਰਗਟਾਵਾ ਹੈ।

ਡਾ. ਅਮਰਜੀਤ ਸਿੰਘ ਨੇ ਭਾਰਤੀ ਨਕਸ਼ੇ ਤੋਂ ਬਾਹਰ ਬੈਠੇ ਸਿੱਖਾਂ ਵਲੋਂ ਨਿਭਾਏ ਜਾ ਰਹੇ ਇਤਿਹਾਸਕ ਰੋਲ ਦੀ ਪੁਰਜ਼ੋਰ ਸ਼ਲਾਘਾ ਕਰਦਿਆਂ ਕਿਹਾ ਕਿ ਡਾਇਸਪੋਰਾ ਵਿਚ ਬੈਠੇ ਸਿੱਖ ਭੈਅਮੁਕਤ ਹੋ ਕੇ ਕੌਮੀ ਆਜ਼ਾਦੀ ਦੀ ਲੜਾਈ ਲੜ ਰਹੇ ਹਨ ਅਤੇ 'ਭਾਰਤੀ ਹਿੰਦੂਤਵੀ ਤਾਕਤਾਂ' ਨੂੰ ਮੂੰਹ ਤੋੜਵਾਂ ਜਵਾਬ ਦੇ ਰਹੇ ਹਨ। ਇਸ ਤੋਂ ਭਾਰਤੀ ਨਿਜ਼ਾਮ ਪੂਰੀ ਤਰ੍ਹਾਂ ਖਫਾ ਹੈ ਅਤੇ ਸਿੱਖਾਂ ਦੀ ਆਵਾਜ਼ ਬੰਦ ਕਰਨ ਦੇ ਮਨਸੂਬੇ ਘੜਦਾ ਰਹਿੰਦਾ ਹੈ ਪਰ ਸਿੱਖੀ ਸਿਆਣਪ ਅਤੇ ਇਕੱਠ ਅੱਗੇ ਉਸ ਦੀ ਪੇਸ਼ ਨਹੀਂ ਜਾਂਦੀ। ਉਨ੍ਹਾਂ ਕਿਹਾ ਕਿ ਇਸ ਪੰਥਕ ਕਾਨਫਰੰਸ ਦੇ ਇਕੱਠ ਤੋਂ ਵੀ ਖਾਲਸਾ ਪੰਥ ਲਈ ਇਕ ਸੁਖਦ ਸੁਨੇਹਾ ਜਾਂਦਾ ਹੈ।

ਕਾਨਫਰੰਸ ਦੌਰਾਨ ਪਾਸ ਕੀਤੇ ਗਏ ਮਤਿਆਂ ਵਿਚ ਭਾਈ ਦਿਲਾਵਰ ਸਿੰਘ ਦੀ ਸ਼ਹੀਦੀ ਨੂੰ ਸਲਾਮ ਕਹਿੰਦਿਆਂ ਖਾਲਿਸਤਾਨ ਦੀ ਜਦੋਜਹਿਦ ਜਾਰੀ ਰੱਖਣ ਦੇ ਅਹਿਦ ਤੋਂ ਇਲਾਵਾ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਕੈਨੇਡਾ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਇਕ ਵਾਰ ਫੇਰ ਸੁਖਬੀਰ ਸਿੰਘ ਬਾਦਲ ਦੀ ਕੈਨੇਡਾ ਫੇਰੀ ਨੂੰ ਰੋਕਣ ਵਿਚ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਸਿੱਖ ਪੰਥ ਨੂੰ ਅਪੀਲ ਕੀਤੀ ਗਈ ਕਿ ਕੌਮਾਂਤਰੀ ਪੱਧਰ ਉਤੇ ਸਿੱਖਾਂ ਲਈ ਕਾਨੂੰਨੀ ਲੜਾਈ ਲੜ ਰਹੀ ਜਥੇਬੰਦੀ ਸਿੱਖਸ ਫਾਰ ਜਸਟਿਸ ਨੂੰ ਸਹਿਯੋਗ ਦਿੱਤਾ ਜਾਵੇ।

ਪਾਸ ਕੀਤੇ ਗਏ ਤੀਜੇ ਮਤੇ ਵਿਚ ਭਾਈ ਦਿਲਾਵਰ ਸਿੰਘ ਦੇ ਸ਼ਹੀਦੀ ਦਿਹਾੜੇ ਉਤੇ ਅਕਾਲ ਤਖਤ ਸਾਹਿਬ ਵਲੋਂ ਖਾਲਿਸਤਾਨੀ ਸੰਘਰਸ਼ ਦੇ ਜਰਨੈਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਜਥੇਦਾਰ ਵਧਾਵਾ ਸਿੰਘ ਬੱਬਰ ਨੂੰ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਲਈ ਸਨਮਾਨਿਤ ਕਰਨ ਦੀ ਪੰਥਕ ਪਿਰਤ ਨੂੰ ਖਾਲਿਸਤਾਨੀ ਸੰਘਰਸ਼ ਦੀ ਇਕ ਅਹਿਮ ਪ੍ਰਾਪਤੀ ਕਰਾਰ ਦਿੱਤਾ ਗਿਆ। ਅਕਾਲ ਤਖਤ ਦੇ ਜਥੇਦਾਰ ਨੂੰ ਬੇਨਤੀ ਕੀਤੀ ਗਈ ਕਿ ਸਿੱਖ ਸੰਘਰਸ਼ ਦੇ ਯੋਧਿਆਂ ਨੂੰ ਅੱਗੋਂ ਵੀ ਇਸੇ ਤਰ੍ਹਾਂ ਨਿਵਾਜਿਆ ਜਾਵੇ ਅਤੇ ਕੌਮ ਨੂੰ ਆਜ਼ਾਦੀ ਵੱਲ ਵਧਾਉਂਦੇ ਸੰਦੇਸ਼ਾਂ ਨਾਲ ਸੇਧ ਦਿੱਤੀ ਜਾਵੇ।

ਇਕ ਹੋਰ ਮਤੇ ਵਿਚ ਸਿੱਖਾਂ ਦੇ ਕਥਿਤ ਕਾਤਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਨਾਂ 'ਤੇ ਡਾਕ ਟਿਕਟ ਜਾਰੀ ਕਰਨ ਦੀ ਪੁਰਜ਼ੋਰ ਨਿੰਦਾ ਕੀਤੀ ਗਈ ਅਤੇ ਸਿੱਖ ਕੌਮ ਨੂੰ ਅਪੀਲ ਕੀਤੀ ਗਈ ਕਿ ਬੇਅੰਤ ਸਿੰਘ ਦੀ ਫੋਟੋ ਵਾਲੀ ਇਹ ਟਿਕਟ ਨਾ ਖਰੀਦੀ ਜਾਵੇ। ਇਕ ਹੋਰ ਮਤੇ ਵਿਚ ਗਲੋਬਲ ਸਿੱਖ ਕੌਂਸਲ ਨੇ ਕੈਨੇਡਾ ਦੇ ਕਿਊਬਿਕ ਸੂਬੇ ਵਿਚ ਧਾਰਮਿਕ ਚਿੰਨ੍ਹਾਂ ਉਤੇ ਪਾਬੰਦੀ ਲਾਉਣ ਲਈ ਕੀਤੇ ਜਾ ਰਹੇ ਯਤਨਾਂ ਵਿਰੁਧ ਸਿੱਖ ਕੌਮ ਨੂੰ ਸਮੂਹਕ ਤੌਰ 'ਤੇ ਧਾਰਮਿਕ ਆਜ਼ਾਦੀ ਲਈ ਜਦੋਜਹਿਦ ਜਾਰੀ ਰੱਖਣ ਦੀ ਅਪੀਲ ਕੀਤੀ।

## ਭਾਰਤੀ ਲੇਖਕਾ ਅਫਗਾਨਿਸਤਾਨ 'ਚ ਕਤਲ

**ਕਾਬੁਲ:** ਭਾਰਤੀ ਨਾਗਰਿਕ ਸੁਸ਼ਮਿਤਾ ਬੈਨਰਜੀ ਜਿਸ ਦੇ ਤਾਲਿਬਾਨ ਤੋਂ ਨਾਟਕੀ ਢੰਗ ਨਾਲ ਬਚ ਕੇ ਨਿਕਲਣ ਦੇ ਜੀਵਨ ਬਿਰਤਾਂਤ 'ਤੇ ਬਾਲੀਵੁੱਡ ਫਿਲਮ ਬਣੀ ਸੀ, ਦੀ ਅਤਿਵਾਦੀਆਂ ਨੇ ਅਫਗਾਨਿਸਤਾਨ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਪੁਲਿਸ ਅਨੁਸਾਰ 49 ਸਾਲਾ ਬੈਨਰਜੀ ਨੂੰ ਪਕਤਿਕਾ ਸੂਬੇ ਵਿਚ ਉਸ ਦੇ ਘਰ ਦੇ ਬਾਹਰ ਹੀ ਮਾਰ ਦਿੱਤਾ ਗਿਆ। ਉਹ ਅਫਗਾਨਿਸਤਾਨ ਦੇ ਵਪਾਰੀ ਜਾਂਬਾਜ਼ ਖਾਨ ਨਾਲ ਵਿਆਹੀ ਹੋਈ ਸੀ ਤੇ ਪਿੱਛੇ ਜਿਹੇ ਹੀ ਆਪਣੇ ਪਤੀ ਦੇ ਕੋਲ ਰਹਿਣ ਲਈ ਅਫਗਾਨਿਸਤਾਨ ਗਈ ਸੀ।



ਬੀ.ਬੀ.ਸੀ. ਰੇਡੀਓ ਨੇ ਪੁਲਿਸ ਦੇ ਹਵਾਲੇ ਨਾਲ ਦੱਸਿਆ ਕਿ ਤਾਲਿਬਾਨ ਅਤਿਵਾਦੀ ਪਕਤਿਕਾ ਸੂਬੇ ਦੇ ਰਾਜਧਾਨੀ ਸ਼ਰਾਨਾ ਵਿਚ ਸਿੱਧੇ ਬੈਨਰਜੀ ਦੇ ਘਰ ਪਹੁੰਚੇ। ਉਥੇ ਉਨ੍ਹਾਂ ਬੈਨਰਜੀ ਦੇ ਪਤੀ ਤੇ ਦੂਸਰੇ ਪਰਿਵਾਰਕ ਮੈਂਬਰਾਂ ਨੂੰ ਬੰਨ੍ਹ ਲਿਆ ਤੇ ਉਸ ਨੂੰ ਬਾਹਰ ਲਿਜਾ ਕੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਦੱਸਿਆ ਕਿ ਅਤਿਵਾਦੀਆਂ ਨੇ ਨੇੜੇ ਹੀ ਇਕ ਮਦਰੱਸੇ ਵਿਚ ਬੈਨਰਜੀ ਦੀ ਲਾਸ਼ ਦੱਬ ਦਿੱਤੀ। ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਈਦ ਕਮਲਾ ਵਜੋਂ ਜਾਣੀ ਜਾਂਦੀ ਬੈਨਰਜੀ ਪਕਤਿਕਾ ਵਿਚ ਸਿਹਤ ਵਰਕਰ ਵਜੋਂ ਕੰਮ ਕਰਦੀ ਸੀ ਤੇ ਆਪਣੇ ਕੰਮ ਦੇ ਹਿੱਸੇ ਵਜੋਂ ਸਥਾਨਕ ਔਰਤਾਂ ਦੇ ਜੀਵਨ 'ਤੇ ਫਿਲਮ ਬਣਾ ਰਹੀ ਸੀ।

ਇਸ ਹਮਲੇ ਦੀ ਕਿਸੇ ਵੀ ਸੰਗਠਨ ਨੇ ਜ਼ਿੰਮੇਵਾਰੀ ਨਹੀਂ ਲਈ। ਬੈਨਰਜੀ ਦੀ ਉਸ ਦੇ 1995 ਵਿਚ ਤਾਲਿਬਾਨ ਦੇ ਹੱਥੋਂ ਬਚ ਕੇ ਨਿਕਲਣ ਬਾਰੇ ਕਿਤਾਬ 'ਕਾਬੂਲੀਵਾਲਾ ਬੰਗਾਲੀ ਬੌਅ' (ਕਾਬਲੀਵਾਲਾ ਦੀ ਬੰਗਾਲੀ ਪਤਨੀ) ਭਾਰਤ ਵਿਚ ਹੱਥੋ-ਹੱਥ ਵਿਕੀ ਸੀ ਤੇ 2003 ਵਿਚ ਇਸ ਉਪਰ ਬਾਲੀਵੁੱਡ ਫਿਲਮ 'ਇਸਕੇਪ ਫਰਾਮ ਤਾਲਿਬਾਨ' ਬਣਾਈ ਗਈ ਸੀ। ਉਨ੍ਹਾਂ ਦੇ ਜੀਵਨ ਬਿਰਤਾਂਤ ਵਿਚ ਉਨ੍ਹਾਂ ਦੇ ਆਪਣੇ ਪਤੀ ਨਾਲ ਆਪਣੇ ਜੀਵਨ ਤੇ ਤਾਲਿਬਾਨ ਤੋਂ ਉਸ ਦੇ ਬਚ ਕੇ ਨਿਕਲਣ ਦਾ ਵੇਰਵਾ ਸੀ। ਬੈਨਰਜੀ ਨੇ ਆਪਣੇ ਅਫਗਾਨਿਸਤਾਨ ਵਿਚ ਤਜਰਬਿਆਂ ਬਾਰੇ ਆਊਟਲੁੱਕ ਰਸਾਲੇ 'ਚ ਵੀ ਲਿਖਿਆ ਸੀ। ਉਹ 1989 'ਚ ਖਾਨ ਨਾਲ ਵਿਆਹ ਪਿੱਛੋਂ ਅਫਗਾਨਿਸਤਾਨ ਗਈ ਸੀ ਜਿਸ ਨੂੰ ਉਹ ਕੋਲਕਾਤਾ ਵਿਚ ਮਿਲੀ ਸੀ।

## ਅਫਗਾਨ ਦੀ ਸੰਸਦ ਵਿਚ ਹਿੰਦੂਆਂ ਤੇ ਸਿੱਖਾਂ ਲਈ ਰਾਖਵੀਂ ਸੀਟ

**ਕਾਬੁਲ (ਬਿਊਰੋ):** ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਇਤਿਹਾਸਕ ਫ਼ੈਸਲਾ ਲੈਂਦਿਆਂ ਦੇਸ਼ ਦੀ ਸੰਸਦ ਦੇ ਹੇਠਲੇ ਸਦਨ ਵਿਚ ਸਿੱਖ ਤੇ ਹਿੰਦੂ ਅਫ਼ਗਾਨ ਨਾਗਰਿਕਾਂ ਲਈ ਵਿਸ਼ੇਸ਼ ਸੀਟ ਰਾਖਵੀਂ ਕਰਨ ਦਾ ਐਲਾਨ ਕੀਤਾ। ਕਰਜ਼ਈ ਨੇ ਕੈਬਨਿਟ ਵੱਲੋਂ 26 ਅਗਸਤ, 2013 ਨੂੰ ਚੋਣ ਕਾਨੂੰਨ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਫ਼ੈਸਲੇ ਤਹਿਤ ਵੋਲੇਸੀ ਜਿਰਗਾ ਵਿਚ ਇਕ ਵਿਸ਼ੇਸ਼ ਸੀਟ ਸਿੱਖ ਤੇ ਹਿੰਦੂ ਨਾਗਰਕਾਂ ਲਈ ਰਾਖਵੀਂ ਐਲਾਨ ਦਿੱਤੀ ਗਈ ਹੈ।

ਰਾਸ਼ਟਰਪਤੀ ਨੇ ਨਿਆਂ ਮੰਤਰੀ ਤੇ ਪਾਰਲੀਮਾਨੀ ਮਾਮਲਿਆਂ ਦੇ ਮੰਤਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਹੈ ਕਿ ਉਹ ਅਫ਼ਗਾਨਿਸਤਾਨ ਅਸੈਂਬਲੀ ਦੇ ਪਹਿਲੇ ਸੈਸ਼ਨ ਦੇ ਜੁੜਨ ਤੋਂ 30 ਦਿਨਾਂ ਦੇ ਅੰਦਰ-ਅੰਦਰ ਵਿਧਾਨਕ ਫ਼ੈਸਲੇ ਦੀ ਡਿਗਰੀ ਪੇਸ਼ ਕਰਨ। ਇਹ ਵੀ ਕਿਹਾ ਗਿਆ ਹੈ ਕਿ ਚੋਣ ਕਾਨੂੰਨ ਵਿਚ ਸੋਧਾਂ, ਰਾਸ਼ਟਰਪਤੀ ਦੇ ਦਸਤਖ਼ਤਾਂ ਨਾਲ ਹੀ ਲਾਗੂ ਹੋ ਗਈਆਂ ਹਨ ਤੇ ਇਹ ਕੈਬਨਿਟ ਦੇ ਸਬੰਧਤ ਮਤੇ ਦੇ ਨਾਲ ਹੀ ਸਰਕਾਰੀ ਗਜ਼ਟ ਵਿਚ ਛਾਪੀਆਂ ਜਾਣਗੀਆਂ।




ਇਸ ਮਹੀਨੇ ਸਪੈਸ਼ਲ ਆਫਰ

2 steer tire
Michellin 22.5 lp
for 1150.00
including
wheel balancing.



Global Multi Services

1950 E. Miner Ave., Stockton, CA 95205

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com

# ਕੁਝ ਹਲਕੀਆਂ ਫੁਲਕੀਆਂ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸ਼ਬਦਾਂ ਬਾਰੇ ਤਕਨੀਕੀ ਜਿਹੇ ਵੇਰਵੇ ਪੜ੍ਹ ਪੜ੍ਹ ਕੇ ਬਹੁਤੇ ਪਾਠਕ ਉਕਤਾ ਗਏ ਹੋਣਗੇ। ਮੈਨੂੰ ਫਿਕਰ ਲੱਗਾ ਰਹਿੰਦਾ ਹੈ, ਕਿਤੇ ਉਹ ਦੌੜ ਹੀ ਨਾ ਜਾਣ। ਇਸ ਲਈ ਸੋਚਿਆ ਉਨ੍ਹਾਂ ਨੂੰ ਬੰਨ੍ਹੀ ਰੱਖਣ ਲਈ ਕੁਝ ਹਲਕੀਆਂ ਫੁਲਕੀਆਂ ਗੱਲਾਂ ਨਾਲ ਬੁੱਤਾ ਸਾਰਿਆ ਜਾਵੇ। ਇਹ ਗੱਲਾਂ ਹਲਕੀਆਂ ਫੁਲਕੀਆਂ ਇਸ ਕਰਕੇ ਵੀ ਹਨ ਕਿ ਇਨ੍ਹਾਂ ਵਿਚ ਜ਼ਿੰਦਗੀ ਦੇ ਅਹਿਮ ਮੋੜਾਂ ਪਿਛੇ ਬਹੁਤ ਹੀ ਤੁਛ ਜਿਹੇ ਕਾਰਕ ਦ੍ਰਿਸ਼ਟੀਗੋਚਰ ਹੁੰਦੇ ਹਨ। ਆਦਤਨ ਸ਼ਬਦਾਂ ਤੇ ਬੋਲਾਂ ਦਾ ਪਿਛੋਕੜ ਫੋਲਣ ਦਾ ਵਿਹਾਰ ਵੀ ਛੱਡਿਆ ਨਹੀਂ ਜਾਵੇਗਾ।

ਇਕ ਕਹਾਵਤ ਹੈ, ਛੰਨਾ ਵਜਾਇਆ ਤੇ ਮੁੰਡਾ ਪਰਨਾਇਆ। ਇਕੀਵੀਂ ਸਦੀ ਦੇ ਪੰਜਾਬੀਆਂ ਦੇ ਕੰਨੀਂ ਸ਼ਾਇਦ ਇਹ ਕਹਾਵਤ ਕਦੇ ਨਾ ਹੀ ਪਈ ਹੋਵੇ। ਚਲੋ ਅੱਜ ਪਤਾ ਲਾ ਦਿੰਦੇ ਹਾਂ। ਇਸ ਕਹਾਵਤ ਦਾ ਅਰਥ ਹੈ ਕੋਈ ਵੱਡਾ ਕੰਮ ਸੌਖਿਆਂ ਹੀ ਕਰ ਲੈਣਾ। ਪਿਛਲੇ ਜ਼ਮਾਨਿਆਂ ਵਿਚ ਮਾਝੇ ਦੇ ਜ਼ਿਲ੍ਹਿਆਂ ਵਿਚ ਅੱਜ ਦੀ ਤਰ੍ਹਾਂ ਬਹੁਤ ਵੱਡੀ ਬਰਾਤ ਲੈ ਜਾਣ ਦਾ ਰਿਵਾਜ ਨਹੀਂ ਸੀ। ਰਸਮ ਏਨੀ ਕੁ ਹੀ ਸੀ ਕਿ ਧੀ ਵਾਲਾ ਆਪਣੇ ਘਰੋਂ ਇਕ ਘੋੜੀ ਲਾੜੇ ਦੀ ਸਵਾਰੀ ਵਾਸਤੇ ਭੇਜ ਦਿੰਦਾ ਸੀ। ਇਸ ਸਵਾਰੀ ਦੇ ਨਾਲ ਲਾੜੇ ਦੀ ਮਾਂ, ਇਕ ਨਾਈ, ਇਕ ਨਾਇਣ ਤੇ ਇਕ ਉਨ੍ਹਾਂ ਦਾ ਪ੍ਰੋਹਤ ਕੁੜੀ ਦੇ ਘਰ ਢੁਕਾਉ ਕਰਦੇ ਸਨ। ਨਾਈ ਇਕ ਸਾਜ਼ ਵਜਾਉਂਦਾ ਜਾਂਦਾ ਸੀ ਜੋ ਸਾਧਾਰਨ ਛੰਨਾ ਹੀ ਹੁੰਦਾ ਸੀ। ਹੋਰ ਕੋਈ ਬੈਂਡ ਵਾਜਾ ਨਹੀਂ ਸੀ ਹੁੰਦਾ। ਇਸੇ ਤੋਂ ਇਹ ਅਖਾਣ ਮਸ਼ਹੂਰ ਹੋ ਗਿਆ, 'ਛੰਨਾ ਵਜਾਇਆ ਤੇ ਮੁੰਡਾ ਪਰਨਾਇਆ।' ਬਰਾਤ ਦਾ ਜਥਾ ਕੁੜਮ ਦੇ ਘਰ ਪਹੁੰਚਦਾ ਸੀ ਤੇ ਸਰਕੜੇ ਦੀਆਂ ਟਾਹਣੀਆਂ ਚੁੱਕੀ ਕੁੜੀਆਂ 'ਸਵਾਗਤ ਕਰਨ' ਆਉਂਦੀਆਂ ਸਨ। ਉਹ ਟਾਹਣੀਆਂ ਨਾਲ ਲਾੜੇ ਦੀ ਖੂਬ ਕੁਟਾਈ ਕਰਦੀਆਂ, ਨਾਲੋ ਨਾਲ ਗਾਲਾਂ ਕਢਦੀਆਂ ਅਤੇ ਧੜਾਧੜ ਸਿੱਠਣੀਆਂ ਦਿੰਦੀਆਂ। ਵਿਆਹੁੰਦੜ ਕੁੜੀ ਨੂੰ ਉਸ ਦਾ ਮਾਮਾ, ਚਾਚਾ, ਤਾਇਆ ਜਾਂ ਭਰਾ ਕੰਬਲ ਵਿਚ ਪੋਟਲੀ ਦੀ ਤਰ੍ਹਾਂ ਵਲੇਟ ਕੇ ਘੋੜੀ ਹੇਠੋਂ ਤਿੰਨ ਵਾਰੀ ਲੰਘਾ ਦਿੰਦਾ ਸੀ। ਇਸ ਕਿਰਿਆ ਉਪਰੰਤ ਸੱਤਾਂ ਵਿਚੋਂ ਤਿੰਨ ਫੇਰੇ ਹੋ ਗਏ ਸਮਝੇ ਜਾਂਦੇ ਸਨ। ਫਿਰ 'ਵਧਾਈ ਜੀ, ਵਧਾਈ ਜੀ' ਦਾ ਦੌਰ ਚਲਦਾ ਸੀ। ਇਸ ਤੋਂ ਬਾਅਦ ਨੀਅਤ ਲਗਨ ਦੇ ਵੇਲੇ ਰਾਤ ਨੂੰ ਚਾਰ ਹੋਰ ਫੇਰੇ ਵੇਦੀ ਨਾਲ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਸੱਤ ਫੇਰੇ ਪੂਰੇ ਕੀਤੇ ਜਾਂਦੇ ਸਨ। ਇਸ ਇਲਾਕੇ ਵਿਚ ਫੇਰੇ ਨੂੰ ਦਾਨ ਕਿਹਾ ਜਾਂਦਾ ਸੀ। ਵਿਆਹ ਦੀ ਇਹ ਸਿਧੀ ਸਾਦੀ ਰੀਤ ਸੁਣ ਕੇ ਕੀ ਤੁਹਾਡਾ ਇਸ ਤਰ੍ਹਾਂ ਦੁਬਾਰਾ ਵਿਆਹ ਕਰਵਾਉਣ ਨੂੰ ਜੀਅ ਨਹੀਂ ਕਰਦਾ?

---

ਅੰਗਰੇਜ਼ੀ ਵਿਚ ਵੱਡੀਆਂ ਵੱਡੀਆਂ ਉਕਤੀਆਂ ਲਈ ਸ਼ਬਦਾਂ ਦੇ ਮੁਢਲੇ ਅੱਖਰਾਂ ਨਾਲ ਹੀ ਸਾਰਨ ਦੀ ਰੀਤ ਬੜੀ ਪੁਰਾਣੀ ਹੈ। ਸੰਸਕ੍ਰਿਤ ਵਿਚ ਵੀ ਅਜਿਹੀ ਰੀਤ ਸੀ ਜਿਵੇਂ ਵਦੀ ਤੇ ਸੁਦੀ ਜੋਤਿਸ਼ ਵਿਚ ਵਰਤੇ ਜਾਂਦੇ ਸੰਖੇਪ ਸ਼ਬਦ ਹਨ। ਦੋਨਾਂ ਦਾ ਸੰਸਕ੍ਰਿਤ ਰੂਪ ਕ੍ਰਮਵਾਰ ਬਦਿ ਅਤੇ ਸੁਦਿ ਹੈ। ਬਦਿ ਸੰਖੇਪ ਹੈ ਬਹੁਲ ਦਿਵਸ ਦਾ।




ਬਹੁਲ ਦਾ ਸੰਸਕ੍ਰਿਤ ਵਿਚ ਇਕ ਅਰਥ ਕਾਲਾ ਜਾਂ ਹਨੇਰਾ ਹੁੰਦਾ ਹੈ। ਸੋ ਬਦਿ ਦਾ ਅਰਥ ਹੋਇਆ ਚੰਦ ਦਾ ਹਨੇਰਾ ਪੱਖ। ਸੁਦਿ ਦਾ ਪੂਰਾ ਰੂਪ ਹੈ ਸੁਕਲ ਦਿਵਸ। ਸੁਕਲ ਦਾ ਅਰਥ ਉਜਲਾ, ਸਫੈਦ ਹੁੰਦਾ ਹੈ। ਅਰਥਾਤ ਚੰਦ ਦਾ ਉਹ ਪੱਖ ਜਦੋਂ ਉਹ ਹਰ ਰੋਜ਼ ਹੋਰ ਹੋਰ ਚਾਨਣਾ ਜਾਂ ਉਜਲਾ ਹੁੰਦਾ ਜਾਂਦਾ ਹੈ। ਪਰ ਸਾਡੀਆਂ ਭਾਸ਼ਾਵਾਂ ਵਿਚ ਇਹ ਸ਼ਬਦ-ਨਿਰਮਾਣ ਕਲਾ ਬਹੁਤੀ ਪ੍ਰਫੁਲਿਤ ਨਾ ਹੋ ਸਕੀ। ਹਰ ਭਾਸ਼ਾ ਦਾ ਆਪਣਾ ਖਾਸਾ ਹੁੰਦਾ ਹੈ। ਅੰਗਰੇਜ਼ੀ ਦੀ ਰੀਸੇ ਅਸੀਂ ਅੱਜ ਵੀ ਕਦੇ ਕਦੇ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ ਪਰ ਗੱਲ ਨਹੀਂ ਬਣਦੀ। ਮਿਸਾਲ ਵਜੋਂ ਭਾਰਤੀ ਜਨਤਾ ਪਾਰਟੀ ਨੂੰ ਅੰਗਰੇਜ਼ੀ ਵਿਚ ਬੀ.ਜੇ.ਪੀ. ਅਤੇ ਪੰਜਾਬੀ ਹਿੰਦੀ ਵਾਲੇ ਭਾਜਪਾ ਕਹਿਣ ਲੱਗ ਪਏ ਹਨ। ਮਾਰਕਸਵਾਦੀ ਕਮਿਊਨਿਸਟ ਪਾਰਟੀ ਨੂੰ ਅੰਗਰੇਜ਼ੀ ਵਿਚ ਸੀ.ਪੀ.ਐਮ. ਤੇ ਪੰਜਾਬੀ ਹਿੰਦੀ ਵਿਚ ਮਾਕਪਾ। ਪਰ ਗੱਲ ਬਹੁਤੀ ਅੱਗੇ ਨਹੀਂ ਤੁਰਦੀ। ਅਸੀਂ ਬਚਪਨ ਵਿਚ ਕਈ ਅੰਗਰੇਜ਼ੀ ਦੀਆਂ ਅਜਿਹੀਆਂ ਸੰਖੇਪ ਉਕਤੀਆਂ ਤੋਂ ਆਪਣੇ ਹੀ ਸ਼ਬਦ ਬਣਾਉਣ ਦੀ ਖੇਡ ਖੇਡਿਆ ਕਰਦੇ ਸਾਂ ਜਿਵੇਂ ਪੀ. ਡਬਲਯੂ. ਡੀ. ਨੂੰ ਪਾਪੜ ਵੜੀਆਂ ਦਾਲ, ਪਾਣੀ ਵਾਲਾ ਡੋਲ ਜਾਂ ਪਿਸ਼ਾਬ ਵਾਲਾ ਡੱਬਾ। ਬੀ.ਐਸ.ਸੀ. ਨੂੰ ਬਾਟਾ ਸ਼ੂ ਕੰਪਨੀ ਦਾ ਸੰਖੇਪ ਸਮਝਿਆ ਜਾਂਦਾ ਸੀ। ਹੋਰ ਬਚਪਨ ਵਿਚ ਅੰਗਰੇਜ਼ੀ ਦੇ ਅੱਖਰਾਂ ਨਾਲ ਖੇਡਣ ਦਾ ਵੀ ਸ਼ੁਗਲ ਕਰਿਆ ਕਰਦੇ ਸਾਂ। ਜਿਵੇਂ ਏ ਬੀ ਸੀ-ਕਿਥੇ ਗਈ ਸੀ? ਡਬਲਯੂ ਮਰ ਗਿਆ ਮੁਕਾਣੇ ਗਈ ਸੀ। ਇਸ ਤਰ੍ਹਾਂ ਦੇ ਸ਼ੁਗਲ ਤੁਸੀਂ ਵੀ ਕਰਦੇ ਰਹੇ ਹੋਵੋਗੇ।

ਇਸ ਸਾਲ ਅਪਰੈਲ-ਮਈ ਮਹੀਨੇ ਮੈਂ ਭਾਰਤ ਗਿਆ ਤਾਂ ਇਕ ਦਿਨ ਦਿੱਲੀ ਰਹਿੰਦੇ ਆਪਣੇ ਸਾਂਢੂ ਸਾਹਿਬ ਨਾਲ ਦਿੱਲੀ ਗੇੜਾ ਮਾਰਨ ਦਾ ਪ੍ਰੋਗਰਾਮ ਬਣਾਇਆ। ਸਾਂਢੂ ਬੜਾ ਕੁਢਬਾ ਜਿਹਾ ਰਿਸ਼ਤੇਦਾਰ ਅਤੇ ਸ਼ਬਦ ਹੈ ਪਰ ਇਸ ਦਾ ਭੇਦ ਵੀ ਕਿਸੇ ਦਿਨ ਖੋਲ੍ਹਾਂਗਾ। ਦਿੱਲੀ ਦੀਆਂ ਸੜਕਾਂ 'ਤੇ ਘੁੰਮਦਿਆਂ ਮੈਨੂੰ ਇਕ ਦੁਕਾਨ ਦੇ ਮੱਥੇ 'ਤੇ BTW ਲਿਖਿਆ ਦਿਸਿਆ। ਥੋੜੀ ਹੈਰਾਨੀ ਹੋਈ, ਇਹ BTW ਕੀ ਬਲਾ ਹੋਈ? ਆਪਣੇ ਕੁਢਬੇ ਰਿਸ਼ਤੇਦਾਰ ਨਾਲ ਹੈਰਾਨੀ ਸਾਂਝੀ ਕੀਤੀ ਤਾਂ ਉਨ੍ਹਾਂ ਕਿਹਾ ਚਲੋ ਹੁਣੇ ਇਸ ਦੇ ਜਲਵੇ ਦਿਖਾ ਦਿੰਦੇ ਹਾਂ। ਮੈਂ ਇਸ BTW ਦੇ ਸਜੀਵ ਜਲਵੇ ਵੀ ਦੇਖੇ ਤੇ ਨਾਲ ਨਾਲ ਇਸ ਦੀ ਕਹਾਣੀ ਵੀ ਸੁਣੀ ਜੋ ਮੈਂ ਆਪਣੇ ਵਲੋਂ ਕੁਝ ਸਾਹਿਤਕ ਢੰਗ ਨਾਲ ਤੁਹਾਡੇ ਲਈ ਲਿਖੀ ਹੈ,

"ਜਾਹ ਉਹ ਸੱਤੇ ਕਪੜਾ ਮਾਰ ਬਾਬੂ ਦੇ ਮੇਜ਼ 'ਤੇ। ਜਾਹ ਨਾਲੇ ਚਾਹ ਦੇ ਗਲਾਸ ਫੜਾ ਸਰਦਾਰ ਸਾਹਿਬ ਨੂੰ।" ਢਾਬੇ ਦੇ ਇਰਦ-ਗਿਰਦ ਭੰਬੀਰੀ ਵਾਂਗ ਘੁੰਮਦੇ ਸੱਤੇ ਦੀ ਜੀਵਨ ਦੀ ਕੀ ਸੱਤਾ ਸੀ? ਢਾਬੇ ਵਿਚ ਨੌਕਰ ਵਜੋਂ ਉਹ ਵਧ ਤੋਂ ਵਧ ਰੋਟੀਆਂ ਲਾਹੁਣ, ਚਾਹ ਬਣਾਉਣ ਜਾਂ ਮਾਂਹ ਦੀ ਦਾਲ ਤੜਕਣ ਵਾਲਾ ਕੁਝ ਉਚੇਰੇ ਦਰਜੇ ਵਾਲਾ ਕੰਮ ਕਰਨ ਦੀ ਉਮੀਦ ਰੱਖ ਸਕਦਾ ਸੀ। ਦਿੱਲੀ ਦੇ ਰਾਣੀ ਬਾਗ ਵਿਚ ਢੇਰ ਸਮੇਂ ਤੋਂ ਨਿਚਲੇ ਦਰਜੇ ਦੇ ਕੰਮ ਕਰ ਰਹੇ ਸੱਤੇ ਦੇ ਮਨ ਵਿਚ ਕੁਝ ਆਪਣਾ ਕਰ ਸਕਣ ਦੀ ਖਾਹਿਸ਼ ਪੈਦਾ ਹੋਈ ਤਾਂ ਉਸ ਨੇ ਇਕ ਦਿਨ ਮਾਲਿਕ ਤੋਂ ਪੱਕੀ ਛੁੱਟੀ ਮੰਗ ਲਈ। ਉਹ ਇਧਰ ਉਧਰ ਭਟਕਿਆ ਤਾਂ ਰਾਣੀ ਬਾਗ ਦੇ ਹੀ ਇਕ ਰੇੜ੍ਹੀ ਵਾਲੇ ਨੇ ਉਸ ਨੂੰ ਦੱਸਿਆ ਕਿ ਔਹ ਇਕ ਬੇਕਾਰ ਜਿਹੀ ਰੇੜੀ ਪਈ ਹੈ, ਇਸ ਨੂੰ ਚੁੱਕ ਲੈ ਤੇ ਰੇੜੀ ਲਾਉਣ ਦਾ ਧੰਦਾ ਕਰ ਲੈ। ਰੇੜੀ ਦੇ ਇਕ ਪਾਸੇ ਲਿਖਿਆ ਹੋਇਆ ਸੀ "ਬਿੱਟੂ।" ਸੱਤੇ ਨੇ ਰੇੜੀ ਨੂੰ ਝਾੜ ਪੂੰਝ ਤੇ ਧੋ ਧਾ ਕੇ ਲਿਸ਼ਕਾ ਦਿੱਤਾ ਪਰ 'ਬਿੱਟੂ' ਨਾਮ ਨਾ ਮਿਟਾ ਸਕਿਆ। ਸੱਤੇ ਨੇ ਉਸ ਰੇੜੀ ਤੇ ਟਿੱਕੀਆਂ ਬਣਾ ਕੇ ਵੇਚਣ ਦਾ ਧੰਦਾ ਸ਼ੁਰੂ ਕਰ ਦਿੱਤਾ। ਉਸ ਦੀਆਂ ਟਿੱਕੀਆਂ ਲੋਕਾਂ ਨੇ ਬਹੁਤ ਪਸੰਦ ਕੀਤੀਆਂ। ਉਹ 'ਬਿੱਟੂ ਟਿੱਕੀ ਵਾਲਾ' ਵਜੋਂ ਮਸ਼ਹੂਰ ਹੋ ਗਿਆ ਹਾਲਾਂ ਕਿ ਉਸ ਦਾ ਅਸਲੀ ਨਾਂ ਸਤੀ ਰਾਮ ਯਾਦਵ ਸੀ। ਦੂਰ ਦੂਰ ਤੋਂ ਲੋਕ ਉਸ ਦੀਆਂ ਟਿੱਕੀਆਂ ਖਾਣ ਲਈ ਆਉਣ ਲੱਗੇ। ਹੌਲੀ ਹੌਲੀ ਉਸ ਨੇ ਟਿੱਕੀਆਂ ਤੋਂ ਬਿਨਾ ਹੋਰ ਭੱਲੇ, ਪਾਪੜੀ ਜਿਹੀਆਂ ਚਟਪਟੀਆਂ ਤੇ ਮਿੱਠੀਆਂ ਚੀਜ਼ਾਂ ਵੀ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦਾ ਕੰਮ ਵਧਦਾ ਗਿਆ। ਨੌਕਰ ਚਾਕਰ ਹੋ ਗਏ। ਦਿੱਲੀ ਦੇ ਕਈ ਦੂਰ-ਦੁਰੇਡੇ ਥਾਂਵਾਂ 'ਤੇ ਉਸ ਦੇ ਪੰਜ ਤੋਂ ਵਧ ਅਊਟਲੈਟ ਖੁਲ੍ਹ ਗਏ। ਹਾਲਤ ਏਥੇ ਤੱਕ ਪਹੁੰਚ ਗਈ ਕਿ ਹਰ ਬਰਾਤ ਦੀ ਸੇਵਾ ਲਈ ਬਿੱਟੂ ਟਿੱਕੀ ਵਾਲੇ ਦੀਆਂ ਟਿੱਕੀਆਂ ਦਾ ਹੋਣਾ ਲਾਜ਼ਮੀ ਹੋ ਗਿਆ। ਸ਼ਹਿਰ ਦੇ ਧਨਾਢ, ਐਮ.ਪੀ., ਮੰਤਰੀ-ਸੰਤਰੀ ਤੇ ਸੰਤਰੀ-ਸੁੰਤਰੀ ਆਪਣੇ ਜਸ਼ਨਾਂ ਵਿਚ ਉਸ ਦੀਆਂ ਟਿੱਕੀਆਂ ਦੀ ਮੰਗ ਕਰਨ ਲੱਗੇ। ਕੰਮ ਦੇ ਬੋਝ ਕਾਰਨ ਉਹ ਕਿਸੇ ਮੰਤਰੀ ਦੀ ਮੰਗ ਨੂੰ ਆਰਾਮ ਨਾਲ ਹੀ ਠੁਕਰਾ ਵੀ ਦਿੰਦਾ ਹੈ। ਕਿਸੇ ਸੁੰਨਸਾਨ ਬਿਲਡਿੰਗ ਦੀਆਂ ਦੁਕਾਨਾਂ ਨਹੀਂ ਚਲਦੀਆਂ, ਉਹ ਬਿੱਟੂ ਟਿੱਕੀ ਵਾਲੇ ਨੂੰ ਸੱਦ ਕੇ ਬਿਲਡਿੰਗ ਦਾ ਬਰਾਂਡਾ ਮੁਫਤ ਕਿਰਾਏ 'ਤੇ ਦੇ ਦਿੰਦੇ ਹਨ। ਸਤੀ ਰਾਮ ਯਾਦਵ ਦਾ ਧੰਦਾ ਹੋਰ ਵਿਸ਼ਾਲ ਹੋ ਜਾਂਦਾ ਹੈ ਤੇ ਬਿਲਡਿੰਗ ਦੀਆਂ ਦੁਕਾਨਾਂ ਵਿਚ ਰੌਣਕ ਹੋਣ ਲਗਦੀ ਹੈ। ਹੈ ਨਾ 'ਆਪ ਤਰੇ ਜੱਗ ਤਾਰੇ' ਵਾਲੀ ਗੱਲ।

ਬਿੱਟੂ ਟਿੱਕੀ ਵਾਲਾ ਖਾਣ-ਪੀਣ ਵਾਲੀਆਂ ਚੀਜ਼ਾਂ ਵਿਚ ਜ਼ੈਤੂਨ ਦਾ ਤੇਲ ਇਸਤੇਮਾਲ ਕਰਦਾ ਹੈ, ਅਤਿ ਦੀ ਸਫਾਈ ਰਖਦਾ ਹੈ ਤੇ ਵਧੀਆ ਡੱਬੇ ਵਰਤਦਾ ਹੈ। ਮਸਾਲਿਆਂ ਬਾਰੇ ਉਸ ਦੇ ਹੋਰ ਗੁਝੇ ਨੁਸਖੇ ਵੀ ਹੋਣਗੇ। ਹੁਣ ਉਸ ਦੀਆਂ ਦੁਕਾਨਾਂ ਦੀ ਲੜੀ 'ਬਿੱਟੂ ਟਿੱਕੀ ਵਾਲਾ' ਦੀ ਥਾਂ 'ਤੇ ਇਸ ਦੇ ਅੰਗਰੇਜ਼ੀਕ੍ਰਿਤ ਬਦਲ BTW ਵਜੋਂ ਮਸ਼ਹੂਰ ਹਨ। ਅੰਗਰੇਜ਼ੀ ਨਾਲ ਸਟੇਟਸ ਵੀ ਬਣਦਾ ਹੈ। ਉਸ ਦੀ ਰੀਸੋ-ਰੀਸੀ ਹੋਰ ਟਿੱਕੀ ਵਾਲਿਆਂ ਨੇ ਵੀ ਨਾਂ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ ਜਿਵੇਂ ਬਿੱਲੂ ਟਿੱਕੀ ਵਾਲਾ ਆਦਿ। ਪਰ ਇਨ੍ਹਾਂ ਵਿਚ ਉਹ ਗੱਲ ਕਿੱਥੇ? ਕਹਿੰਦੇ ਹਨ ਪਿਸ਼ੌਰ ਪਿਸ਼ੌਰ ਹੀ ਹੈ ਭਾਵੇਂ ਚੰਡੀਗੜ੍ਹ ਉਸ ਤੋਂ ਵੀ ਅੱਗੇ ਹੋ ਜਾਵੇ।

# 'ਮਾਣੋ ਬਿੱਲੀ ਆਈ ਆ' ਵਾਲਾ ਬਾਲ ਗਾਇਕ ਕਮਲਜੀਤ ਨੀਲੋਂ

ਦਰਸ਼ਨ ਸਿੰਘ 'ਆਸ਼ਟ' (ਡਾ.)
ਫੋਨ: 91-98144-23703

ਸਾਹਿਤ ਅਕਾਦਮੀ ਦਿੱਲੀ ਵੱਲੋਂ ਇਸ ਵਾਰ ਪੰਜਾਬੀ ਭਾਸ਼ਾ ਲਈ ਬਾਲ ਸਾਹਿਤ ਪੁਰਸਕਾਰ ਜਾਣੇ-ਪਛਾਣੇ ਗਾਇਕ ਅਤੇ ਲੇਖਕ ਕਮਲਜੀਤ ਨੀਲੋਂ ਨੂੰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਕ੍ਰਮਵਾਰ ਜਸਬੀਰ ਭੁੱਲਰ, ਇਨ੍ਹਾਂ ਸਤਰਾਂ ਦੇ ਲੇਖਕ ਅਤੇ ਮਨਮੋਹਨ ਸਿੰਘ ਦਾਊਂ ਨੂੰ ਮਿਲ ਚੁੱਕਾ ਹੈ। ਇਸ ਵਿਚ 50 ਹਜ਼ਾਰ ਰੁਪਏ, ਸ਼ਾਲ ਤੇ ਸਨਮਾਨ ਚਿੰਨ੍ਹ ਸ਼ਾਮਲ ਹੈ।

ਲੁਧਿਆਣਾ-ਚੰਡੀਗੜ੍ਹ ਰੋਡ 'ਤੇ ਪੈਂਦੇ ਨਿਕੇ ਜਿਹੇ ਪਿੰਡ ਨੀਲੋਂ ਵਿਚ 24 ਦਸੰਬਰ 1959 ਨੂੰ ਪ੍ਰਸਿੱਧ ਪੰਜਾਬੀ ਸ਼ਾਇਰ ਕੁਲਵੰਤ ਨੀਲੋਂ ਅਤੇ ਮਾਤਾ ਨਛੱਤਰ ਕੌਰ ਦੇ ਘਰ ਜਨਮੇ ਨੀਲੋਂ ਨੂੰ ਸਾਹਿਤਕ ਗੁੜ੍ਹਤੀ ਵਿਰਸੇ ਵਿਚ ਹੀ ਪ੍ਰਾਪਤ ਹੋਈ ਹੈ। ਉਸ ਦੀ ਬਾਲ ਪ੍ਰਤਿਭਾ ਨੂੰ ਮੁੱਖ ਰੱਖ ਕੇ ਨੀਲੋਂ ਪਿੰਡ ਦੇ ਪ੍ਰਾਇਮਰੀ ਸਕੂਲ ਇੰਚਾਰਜ ਅਧਿਆਪਕ ਨੇ ਉਸ ਨੂੰ ਹਰ ਸਨਿਚਰਵਾਰ ਨੂੰ ਲੱਗਣ ਵਾਲੀ ਬਾਲ ਸਭਾ ਦਾ ਸਕੱਤਰ ਬਣਾਇਆ ਹੋਇਆ ਸੀ। ਪਿਤਾ ਕੁਲਵੰਤ ਨੀਲੋਂ ਕਈ ਵਾਰੀ ਉਸ ਨੂੰ ਆਪਣੇ ਨਾਲ ਸਮਾਗਮਾਂ ਅਤੇ ਮੁਸ਼ਾਇਰਿਆਂ 'ਤੇ ਨਾਲ ਲੈ ਜਾਂਦੇ ਸਨ। ਸਰਕਾਰੀ ਸਕੂਲ ਘੁਲਾਲ, ਮਾਲਵਾ ਕਾਲਜ ਬੌਂਦਲੀ ਅਤੇ ਈਵਨਿੰਗ ਕਾਲਜ ਲੁਧਿਆਣਾ ਤੋਂ ਸਿੱਖਿਆ ਪ੍ਰਾਪਤ ਕਰਕੇ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਪੰਜਾਬੀ ਕੀਤੀ। ਟੈਲੀਫੋਨ ਵਿਭਾਗ ਵਿਚ ਕਲਰਕ ਦੀ ਨੌਕਰੀ ਵੀ ਮਿਲ ਗਈ। ਘਰੇਲੂ ਅਤੇ ਦਫ਼ਤਰੀ ਰੁਝੇਵਿਆਂ ਦੇ ਬਾਵਜੂਦ ਉਸ ਨੇ ਆਪਣੇ ਅੰਦਰਲੇ ਬਾਲ ਗਾਇਕ ਨੂੰ ਮਰਨ ਨਾ ਦਿੱਤਾ। ਉਹ ਵੱਖ ਵੱਖ ਸਕੂਲਾਂ, ਬਾਲ ਸਾਹਿਤ ਸਮਾਗਮਾਂ, ਬਾਲ ਦਰਬਾਰਾਂ ਵਿਚ ਜਾ ਕੇ ਆਪਣੀ ਸਿਰਜਣਾਤਮਕ ਅਤੇ ਗਾਇਨ ਕਲਾ ਦਾ ਪ੍ਰਦਰਸ਼ਨ ਕਰਦਾ ਰਿਹਾ।

ਕਮਲਜੀਤ ਨੀਲੋਂ ਨੇ ਬੱਚਿਆਂ ਲਈ ਜਿੱਥੇ ਪੁਸਤਕਾਂ ਲਿਖੀਆਂ ਉਥੇ ਸੰਗੀਤ ਸੰਸਾਰ ਵਿਚ ਪ੍ਰਵੇਸ਼ ਕਰਕੇ ਪਹਿਲਾ ਪੰਜਾਬੀ ਗਾਇਕ ਬਣਿਆ ਜਿਸ ਨੇ ਪੰਜਾਬੀ ਵਿਚ ਨਿਰੋਲ ਬੱਚਿਆਂ ਦੇ ਗੀਤ ਗਾਏ। ਜਦੋਂ 1986 ਵਿਚ ਜਲੰਧਰ ਦੂਰਦਰਸ਼ਨ ਦੇ ਪ੍ਰਸਿੱਧ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਵਿਚ ਨੀਲੋਂ ਨੂੰ ਪਹਿਲੀ ਵਾਰੀ ਗਾਉਣ ਲਈ ਸੱਦਾ ਆਇਆ ਤਾਂ ਇਸ ਪ੍ਰੋਗਰਾਮ ਵਿਚ ਉਸ ਨੇ ਆਪਣਾ ਲਿਖਿਆ ਗੀਤ 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਐ' ਗਾਇਆ ਜੋ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ। ਇਸ ਗੀਤ ਵਿਚ ਇਕ ਬਾਲੜੀ ਦੇ ਆਪਣੇ ਨੰਨ੍ਹੇ ਮੁੰਨੇ ਵੀਰੇ ਨੂੰ ਸੁਆਉਣ ਲਈ ਤੋਤਲੇ ਬੋਲ ਸੁਣ ਕੇ ਸ੍ਰੋਤੇ ਹੈਰਾਨ ਹੋ ਗਏ। ਉਦੋਂ ਤੋਂ ਲੈ ਕੇ ਹੁਣ ਤੱਕ ਨੀਲੋਂ ਦੀ ਗੀਤਕਾਰੀ ਤੇ ਗਾਇਕੀ ਦਾ ਸਫ਼ਰ ਜਾਰੀ ਹੈ। ਹੁਣ ਤੱਕ ਉਸ ਦੀਆਂ ਬੱਚਿਆਂ ਲਈ ਜਿਹੜੀਆਂ ਆਡੀਓ-ਕੈਸਿਟਾਂ ਅਤੇ ਸੀਡੀਆਂ. ਆ ਚੁੱਕੀਆਂ ਹਨ, ਉਨ੍ਹਾਂ ਵਿਚ 'ਸੌਂ ਜਾ ਬੱਬੂਆ', 'ਹਾਥੀ ਨਾਨਕਿਆਂ ਨੂੰ ਚੱਲਿਆ', 'ਮਤਾਸ਼ਾ ਦੇਖਿਆ', 'ਆਕਾ ਬਾਕਾ ਚਿੜੀ ਚੜਾਕਾ', 'ਬਚਪਨ ਦੇ ਦਿਨ' (ਧੀਆਂ ਮੋਰਨੀਆਂ) ਅਤੇ 'ਰਿਸ਼ਤਾ ਨ੍ਹੀਂ ਮਾਂ ਵਰਗਾ' ਆਦਿ ਅਹਿਮ ਹਨ। ਇਨ੍ਹਾਂ ਨੂੰ ਸੰਗੀਤ ਚਰਨਜੀਤ ਆਹੂਜਾ, ਗੁਲਸ਼ਨ ਕੁਮਾਰ, ਵਰਿੰਦਰ ਬੱਚਨ ਅਤੇ ਅਤੁਲ ਸ਼ਰਮਾ ਜਿਹੇ ਹੰਢੇ ਹੋਏ ਸੰਗੀਤਕਾਰਾਂ ਨੇ ਦਿੱਤਾ ਹੈ। ਉਸ ਦੇ 'ਜਨਮ ਦਿਨ', 'ਰੇਲ ਗੱਡੀ', 'ਨਿੱਕੇ ਨਿੱਕੇ ਬੱਚਿਓ', 'ਜਾਗ ਬੱਬੂਆ', 'ਦਾਦੀ ਮਾਂ ਤੇਰੇ ਦੰਦ ਕੌਣ ਲੈ ਗਿਆ', 'ਮਾਪੇ' ਅਤੇ 'ਦਾਦੀ ਮਾਂ ਮੈਨੂੰ ਸੁਪਨਾ ਆਇਆ' ਆਦਿ ਗੀਤਾਂ ਨੇ ਵੱਡੀ ਗਿਣਤੀ ਵਿਚ ਪੰਜਾਬੀ ਬੱਚਿਆਂ ਨੂੰ ਦੇਸ਼-ਵਿਦੇਸ਼ ਵਿਚ ਮੋਹਿਆ ਹੈ। ਪਿਛਲੇ ਕੁਝ ਅਰਸੇ ਤੋਂ ਉਹ ਧੀਆਂ ਧਿਆਣੀਆਂ ਨੂੰ ਲੜਕਿਆਂ ਵਾਂਗ



*ਕਮਲਜੀਤ ਨੀਲੋਂ*

ਪਿਆਰ-ਮੁਹੱਬਤ ਦੇਣ ਲਈ ਜਜ਼ਬਾਤੀ ਗੀਤ ਸਿਰਜ ਕੇ ਹਾਅ ਦਾ ਨਾਅਰਾ ਮਾਰ ਰਿਹਾ ਹੈ। ਨੰਨੀਆਂ-ਮੁੰਨੀਆਂ ਪ੍ਰਤੀ ਸਮਾਜ ਦਾ ਨਾਕਾਰਾਤਮਕ ਦ੍ਰਿਸ਼ਟੀਕੋਣ ਉਸ ਲਈ ਪ੍ਰੇਸ਼ਾਨੀ ਤੇ ਉਦਾਸੀ ਦਾ ਕਾਰਨ ਵੀ ਬਣਦਾ ਹੈ। ਉਹ ਆਪਣੇ ਗੀਤਾਂ ਵਿਚ ਬਾਲੜੀਆਂ ਨੂੰ ਕਦੇ ਚਿੜੀਆਂ ਅਤੇ ਕਦੇ ਕੋਮਲ ਕਲੀਆਂ ਨਾਲ ਉਪਮਾ ਦਿੰਦਾ ਹੈ। ਆਪਣੇ ਗੀਤਾਂ ਵਿਚ ਲੋਹੜੀ ਦੇ ਪ੍ਰਚਲਿਤ ਗੀਤ 'ਸੁੰਦਰ ਮੁੰਦਰੀਏ' ਨੂੰ ਦਰਦ ਭਰੀ ਭਾਵਨਾ ਨਾਲ ਇੰਜ ਉਲੀਕਦਾ ਹੈ, "ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ? ਆਪੋ ਧਾਪੀ ਪਈ ਹੋਈ ਏ, ਕੌਣ ਭਰਦਾ ਹੁੰਗਾਰਾ ਹੋ?"

ਨੀਲੋਂ ਆਖਦਾ ਹੈ ਕਿ ਬਾਬਲ ਦੀ ਘੂਰ ਬਾਲੜੀ ਦੇ ਕੋਮਲ ਮਨ ਨੂੰ ਤਾਰ-ਤਾਰ ਕਰ ਦਿੰਦੀ ਹੈ। ਬਾਬਲ ਦੀ ਘੂਰ ਤੋਂ ਤ੍ਰਹਿੰਦੀ ਇਕ ਮਾਸੂਮ ਧੀ ਦੀ ਭਾਵਨਾ ਨੂੰ ਨੀਲੋਂ ਇਉਂ ਕਲਮਬੱਧ ਕਰਦਾ ਹੈ, 'ਘੂਰ ਨਾ ਵੇ ਬਾਬਲਾ, ਅਸਾਂ ਬੈਠੇ ਨਾ ਰਹਿਣਾ।' ਸਮਾਜ ਵਿਚ ਮੁੰਡੇ-ਕੁੜੀ ਵਿਚਲੇ ਅੰਤਰ ਨੂੰ ਵੀ ਕਮਲਜੀਤ ਨੀਲੋਂ ਨਾ ਕੇਵਲ ਸ਼ਾਬਦਿਕ ਜਾਮਾ ਪਹਿਨਾਉਂਦਾ ਹੈ ਸਗੋਂ ਸਟੇਜਾਂ 'ਤੇ ਛੋਟੀ ਉਮਰ ਦੀਆਂ ਸਕੂਲੀ ਵਿਦਿਆਰਥਣਾਂ ਨੂੰ ਆਪਣੇ ਨਾਲ ਖੜ੍ਹੀਆਂ ਕਰਕੇ ਸਮੂਹਿਕ ਰੂਪ ਵਿਚ ਮਾਂ ਨੂੰ ਨਿਹੋਰਾ ਦਿੰਦਾ ਹੈ ਅਤੇ ਧੀਆਂ ਦੇ ਹਿੱਸੇ ਆਉਂਦੀਆਂ ਲੋਰੀਆਂ ਅਤੇ ਲੋਹੜੀ ਦੀ ਮੰਗ ਕਰਦਾ ਹੈ, "ਬਹੁਤੀਆਂ ਨਹੀਂ ਸੀ ਤਾਂ ਦੇ ਦਿੰਦੀ ਥੋੜ੍ਹੀਆਂ, ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ।" 'ਚਿੜੀਆਂ ਬਾਬਲਾ ਵੇ ਚਿੜੀਆਂ, ਵਿਹੜੇ ਦੇ ਵਿਚੋਂ ਉਡ ਜਾਣੀਆਂ' ਗੀਤ ਗਾਉਂਦੇ ਸਮੇਂ ਉਸ ਨਾਲ ਸਕੂਲਾਂ ਦੀਆਂ ਕੁੜੀਆਂ ਵੀ ਆਪ ਮੁਹਾਰੇ ਸ਼ਾਮਲ ਹੋ ਜਾਂਦੀਆਂ ਹਨ ਕਿਉਂਕਿ ਇਸ ਗੀਤ ਵਿਚ ਉਨ੍ਹਾਂ ਦੀਆਂ ਆਪਣੀਆਂ ਭਾਵਨਾਵਾਂ ਛੁਪੀਆਂ ਹੋਈਆਂ ਹਨ। ਉਹ ਭਵਿੱਖ ਵਿਚ ਕੁਝ ਨਵੀਆਂ ਬਾਲ ਪੁਸਤਕਾਂ, ਜਿਨ੍ਹਾਂ ਦੇ ਚਿੱਤਰ ਉਸ ਨੇ ਖੁਦ ਬਣਾਏ ਹਨ, ਛਪਾਉਣ ਦੀ ਵਿਉਂਤ ਰੱਖਦਾ ਹੈ।

ਕਮਲਜੀਤ ਨੀਲੋਂ ਨੂੰ ਪ੍ਰਕਾਸ਼ਕਾਂ 'ਤੇ ਵੱਡਾ ਗਿਲਾ ਹੈ ਅਤੇ ਉਹ ਉਨ੍ਹਾਂ ਵਪਾਰਕ ਸੋਚ ਵਾਲੇ ਪ੍ਰਕਾਸ਼ਕਾਂ ਨੂੰ ਨਿਹੋਰਾ ਦਿੰਦਾ ਹੈ ਜਿਹੜੇ ਉਸ ਕੋਲੋਂ ਵੀ ਕਈ ਵਾਰੀ ਕਿਤਾਬਾਂ ਛਾਪਣ ਲਈ ਪੈਸੇ ਦੀ ਮੰਗ ਕਰਦੇ ਹਨ। ਇਸ ਸਮੇਂ ਉਸ ਕੋਲ 12-13 ਬਾਲ ਸਾਹਿਤ ਖਰੜੇ ਅਣਛਪੇ ਪਏ ਹਨ ਪਰੰਤੂ ਬਾਲ ਸਾਹਿਤ ਨੂੰ ਘਾਟੇ ਵਾਲਾ ਸੌਦਾ ਸਮਝ ਕੇ ਪ੍ਰਕਾਸ਼ਕ ਇਨ੍ਹਾਂ ਨੂੰ ਹੱਥ ਨਹੀਂ ਪਾਉਂਦੇ। ਉਂਜ ਉਸ ਦਾ ਬਾਲ ਸਾਹਿਤ ਲਾਹੌਰੋਂ ਛਪਦੇ ਪੰਜਾਬੀ ਰਸਾਲੇ 'ਪਖੇਰੂ' ਵਿਚ ਅਕਸਰ ਛਪਦਾ ਰਹਿੰਦਾ ਹੈ। ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਨੇ ਵੀ ਉਹਦੇ ਲਿਖੇ ਅਤੇ ਗਾਏ ਬਾਲ ਗੀਤਾਂ ਦਾ ਵਿਸ਼ੇਸ਼ ਅੰਕ ਕੱਢਿਆ ਸੀ।

ਕਮਲਜੀਤ ਨੂੰ ਦੇਸ਼-ਵਿਦੇਸ਼ ਵਿਚ ਅਨੇਕ ਸਨਮਾਨ ਪ੍ਰਾਪਤ ਹੋ ਚੁੱਕੇ ਹਨ ਜਿਨ੍ਹਾਂ ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਦਿੱਤਾ ਢਾਈ ਲੱਖ ਰੁਪਏ ਦਾ 'ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ' ਵੀ ਸ਼ਾਮਲ ਹੈ। ਉਹ ਇਨ੍ਹੀਂ ਦਿਨੀਂ ਭਾਰਤ ਸੰਚਾਰ ਮਹਿਕਮੇ ਵਿਚ ਢੋਲੇਵਾਲ (ਲੁਧਿਆਣਾ) ਨੌਕਰੀ ਕਰ ਰਿਹਾ ਹੈ। ਭਾਵੇਂ ਲੁਧਿਆਣਾ ਸ਼ਹਿਰ ਵਿਚ ਨੌਕਰੀ ਕਰਦਿਆਂ ਉਸ ਨੂੰ ਵਰ੍ਹੇ ਹੋ ਗਏ ਹਨ ਪਰ ਸ਼ਹਿਰੀ ਚਕਾਚੌਂਧ ਕਾਰਨ ਉਸ ਨੇ ਆਪਣੇ ਪਿੰਡ ਨੀਲੋਂ ਨੂੰ ਅਲਵਿਦਾ ਨਹੀਂ ਆਖੀ ਤੇ ਰੋਜ਼ ਸਵੇਰ ਸ਼ਾਮ ਆਉਣ ਜਾਣ ਦਾ ਸਫ਼ਰ ਜਾਰੀ ਹੈ। ਉਹ ਆਪਣੇ ਪਿੰਡ ਹੀ ਆਪਣੀ ਮਾਤਾ, ਪਤਨੀ ਪਰਮਜੀਤ ਕੌਰ, ਬੇਟੀ ਮਹਿਕਪ੍ਰੀਤ ਤੇ ਬੇਟੇ ਕੰਵਰਕੁਲਜੋਤ ਸਿੰਘ ਨਾਲ ਰਹਿ ਰਿਹਾ ਹੈ। ਉਹ ਚਾਹੁੰਦਾ ਹੈ ਕਿ ਪੰਜਾਬੀ ਦੀ ਬਾਲ ਗਾਇਕੀ ਦੇਸ਼ ਵਿਦੇਸ਼ ਵਿਚ ਹੋਰ ਪ੍ਰਫੁੱਲਤ ਹੋਵੇ। ਸ਼ਾਲਾ! ਬੱਚਿਆਂ ਦੇ ਇਸ 'ਮਾਣੋ ਬਿੱਲੀ ਅੰਕਲ' ਦਾ ਸੁਪਨਾ ਸਾਕਾਰ ਹੋਵੇ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

LIQUOR STORE GAS STATION INSURANCE

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin



Gas Stations, Repair Shops, Liquor/Grocery Stores, Restaurants, 99 Cent stores, Hotels & Motels

CALIFORNIA ADMITTED COMPANY WITH A RATING (EXCELLENT, A-) BY AM BEST

Give us a Call for a Free Quote

Toll Free 800.954.5409

LiquorStoreGasStationInsurance.com

Ph: 408.272.2500 Fax: 408.272.2670

3750 McKee Rd., Suite A • San Jose, CA 95127

www.LiquorStoreGasStationinsurance.com is wholly owned by Khalsa Insurance Agency, Inc. CA LICENSE #0F89805

# ਔਰਤ ਦੀ ਆਜ਼ਾਦੀ-ਸਮਾਜ ਦਾ ਰਵੱਈਆ



ਡਾ. ਗੁਰਨਾਮ ਕੌਰ, ਕੈਨੇਡਾ

'ਵਾਰ ਆਸਾ ਕੀ' ਇੱਕ ਅਜਿਹੀ ਬਾਣੀ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਨੇ ਧਾਰਮਿਕ, ਸਮਾਜਿਕ, ਰਾਜਨੀਤਕ-ਹਰ ਤਰ੍ਹਾਂ ਦੀਆਂ ਕੁਰੀਤੀਆਂ ਬਾਰੇ ਗੱਲ ਕਰਦਿਆਂ ਮਨੁੱਖ ਨੂੰ ਚੇਤੰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਸਾ ਦੀ ਵਾਰ ਵਿਚ ਹੀ ਗੁਰੂ ਨਾਨਕ ਸਾਹਿਬ ਜਦੋਂ ਇਸਤਰੀ ਦੀ ਗੱਲ ਕਰਦਿਆਂ ਉਸ ਨੂੰ 'ਸੋ ਕਿਉ ਮੰਦਾ ਆਖੀਐ' ਕਹਿੰਦੇ ਹਨ ਤਾਂ ਉਸ ਵੇਲੇ ਦੇ ਸਮਾਜ ਅਤੇ ਜੋਗ-ਮੱਤ ਵਰਗੀਆਂ ਧਾਰਮਿਕ ਪਰੰਪਰਾਵਾਂ ਦਾ ਉਹ ਨਜ਼ਰੀਆ ਪ੍ਰਗਟ ਹੁੰਦਾ ਹੈ ਜੋ ਆਮ ਤੌਰ 'ਤੇ ਇਸਤਰੀ ਪ੍ਰਤੀ ਅਪਨਾਇਆ ਹੋਇਆ ਸੀ। ਸਮੇਂ ਦੇ ਬੀਤਣ ਨਾਲ ਵੀ ਸਮਾਜ ਦੇ ਉਸ ਨਜ਼ਰੀਏ ਵਿਚ ਕੋਈ ਬਹੁਤ ਜ਼ਿਆਦਾ ਬਦਲਾਉ ਨਹੀਂ ਆਇਆ ਭਾਵੇਂ ਕਾਫੀ ਕੁੱਝ ਸਮੇਂ ਦੇ ਨਾਲ ਬਦਲ ਵੀ ਗਿਆ ਹੈ।

ਲੇਖਿਕਾ ਸੁਰਿੰਦਰ ਨੀਰ ਦੇ ਨਾਵਲ 'ਮਾਇਆ' ਦੀ ਅੱਜ ਕਲ੍ਹ ਪੰਜਾਬ ਵਿਚ ਵੀ ਅਤੇ ਇਥੇ ਵੀ ਅਖ਼ਬਾਰਾਂ ਵਿਚ ਨਾਵਲ ਦੇ 'ਰਿਵਿਊ' ਦੇ ਰੂਪ ਵਿਚ ਲੋੜੋਂ ਵੱਧ ਚਰਚਾ ਹੋਈ ਹੈ। ਚਰਚਾ ਕਰਦਿਆਂ ਕਈ ਤਰ੍ਹਾਂ ਦੇ ਸਵਾਲ-ਜਵਾਬ ਉਠੇ ਹਨ। ਇਸ ਲੇਖ ਦਾ ਮਕਸਦ ਉਨ੍ਹਾਂ ਸਵਾਲਾਂ-ਜਵਾਬਾਂ ਵਿਚ ਪੈਣਾ ਜਾਂ ਸੁਰਿੰਦਰ ਨੀਰ ਦੇ ਨਾਵਲ ਦਾ 'ਰਿਵਿਊ' ਕਰਨਾ ਨਹੀਂ ਹੈ ਕਿਉਂਕਿ ਪਹਿਲਾਂ ਹੀ ਇਸ ਨਾਵਲ ਵਾਰੇ ਜਿੰਨਾ ਕੁੱਝ ਕਿਹਾ ਜਾ ਚੁੱਕਾ ਹੈ ਉਹ ਸ਼ਾਇਦ ਕਿਸੇ ਹੋਰ ਲੇਖਕ ਦੀ ਕਿਸੇ ਰਚਨਾ ਬਾਰੇ ਨਾ ਕਿਹਾ ਗਿਆ ਹੋਵੇ। ਇਸ ਲੇਖ ਦਾ ਮਕਸਦ ਉਨ੍ਹਾਂ ਪਹਿਲੂਆਂ ਅਤੇ ਤੱਤਾਂ ਵੱਲ ਸੰਖੇਪ ਜਿਹਾ ਸੰਕੇਤ ਕਰਨ ਦਾ ਹੈ ਜੋ ਇਸਤਰੀ ਦੀ ਆਜ਼ਾਦੀ ਨਾਲ ਜੁੜੇ ਹੋਏ ਹਨ, ਖਾਸ ਕਰਕੇ ਹਿੰਦੁਸਤਾਨੀ ਔਰਤ ਦੀ ਆਜ਼ਾਦੀ ਨਾਲ। ਔਰਤ ਦੀ ਇਸ ਲੰਬੀ ਯਾਤਰਾ ਨੂੰ ਉਸ ਦੇ ਜਨਮ ਤੋਂ ਹੀ ਸ਼ੁਰੂ ਕੀਤਾ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਸਪੱਸ਼ਟ ਕੀਤਾ ਹੈ ਕਿ ਇਸ ਸੰਸਾਰ ਤੇ ਹਰ ਮਨੁੱਖ ਦੇ ਪੈਦਾ ਹੋਣ ਦਾ ਜ਼ਰੀਆ ਇਸਤਰੀ ਹੈ, ਇੱਕੋ-ਇੱਕ ਹਸਤੀ ਅਕਾਲ ਪੁਰਖ ਹੈ ਜੋ 'ਸੈਭੰ' ਹੈ ਅਤੇ ਇਸਤਰੀ ਰਾਹੀਂ ਜਨਮ ਨਹੀਂ ਲੈਂਦਾ। ਫਿਰ ਵੀ ਕਿੰਨੇ ਤਾਜ਼ੁਬ ਦੀ ਗੱਲ ਹੈ ਕਿ ਹਿੰਦੁਸਤਾਨੀ (ਭਾਵੇਂ ਉਹ ਕਿਸੇ ਮੁਲਕ ਵਿਚ ਵੀ ਵੱਸ ਗਏ ਹਨ, ਉਨ੍ਹਾਂ ਦਾ ਨਜ਼ਰੀਆ ਬਹੁਤਾ ਨਹੀਂ ਬਦਲਿਆ) ਕੁੜੀ ਦਾ ਪੈਦਾ ਹੋਣਾ ਹੀ ਅਪਸ਼ਗਨ ਮੰਨਦੇ ਹਨ। ਇਸ ਇੱਕੀਵੀਂ ਸਦੀ ਦੇ ਜ਼ਮਾਨੇ ਵਿਚ ਵੀ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿਚ ਹੀ ਖਤਮ ਕਰ ਦਿੱਤਾ ਜਾਂਦਾ ਹੈ। ਅਮਰੀਕਾ-ਕੈਨੇਡਾ ਵਿਚ ਛਪਦੇ ਪੰਜਾਬੀ ਅਖ਼ਬਾਰਾਂ ਵਿਚ 'ਮੁੰਡਾ ਹੈ ਜਾਂ ਕੁੜੀ-ਮਨ ਚਾਹੀ ਸੰਤਾਨ ਪਾਉਣ ਦਾ ਸਹੀ ਤਰੀਕਾ' ਸਿਰਲੇਖ ਹੇਠ ਛਪਦੇ ਇਸ਼ਤਿਹਾਰ ਇਸ ਦੇ ਗਵਾਹ ਹਨ।

ਗੁਰੂ ਨਾਨਕ ਸਾਹਿਬ ਨੇ ਜਿਸ ਧਰਤੀ ਤੋਂ ਆਪਣੇ ਸਿਧਾਂਤਾਂ ਦੇ ਪ੍ਰਚਾਰ ਦਾ ਆਗਾਜ਼ ਕੀਤਾ ਉਹ ਸੂਬਾ (ਪੰਜਾਬ) ਇਸ ਕੰਮ ਵਿਚ ਸਭ ਤੋਂ ਅੱਗੇ ਹੈ। ਜਿਵੇਂ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਸਮਾਜ ਔਰਤ ਨਾਲ ਹੀ ਅੱਗੇ ਚੱਲਦਾ ਹੈ ਕਿਉਂਕਿ ਔਰਤ ਰਾਹੀਂ ਹੀ ਸਾਰੇ ਸਮਾਜਿਕ ਰਿਸ਼ਤੇ ਬਣਦੇ ਹਨ, ਫਿਰ ਵੀ ਔਰਤ ਦਾ ਜਨਮ ਲੈਣਾ ਹੀ ਕਿਉਂ ਰੋਕਿਆ ਜਾਂਦਾ ਹੈ? ਭਾਵੇਂ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਕੁੜੀਆਂ ਦਾ ਪਾਲਣ-ਪੋਸ਼ਣ ਅਤੇ ਉਨ੍ਹਾਂ ਦੀ ਪੜ੍ਹਾਈ-ਲਿਖਾਈ ਕਰਾਉਣੀ ਮੁੰਡਿਆਂ ਨਾਲੋਂ ਸੌਖੀ ਵੀ ਹੈ ਅਤੇ ਘੱਟ ਖਰਚੀਲੀ ਵੀ, ਕਿਉਂ ਕੁੜੀਆਂ ਅਤੇ ਮੁੰਡਿਆਂ ਦੀ ਪੜ੍ਹਾਈ-ਲਿਖਾਈ ਅਤੇ ਪਾਲਣ-ਪੋਸ਼ਣ ਵੱਲ ਇੱਕੋ ਜਿਹੀ ਤਵੱਜੋ ਨਹੀਂ ਦਿੱਤੀ ਜਾਂਦੀ? ਅੱਜ ਵੀ ਕਾਫ਼ੀ ਗਿਣਤੀ ਵਿਚ ਮੁੰਡਿਆਂ ਦੇ ਪਾਲਣ-ਪੋਸ਼ਣ ਵਿਚ ਅਤੇ ਕੁੜੀਆਂ ਦੇ ਪਾਲਣ-ਪੋਸ਼ਣ ਵਿਚ ਦੁਰੈਤ ਵਰਤੀ ਜਾਂਦੀ ਹੈ।

ਇਸਤਰੀ ਦੀ ਆਜ਼ਾਦੀ ਵੱਲ ਪਹਿਲਾ ਕਦਮ ਹੀ ਇਹ ਹੈ ਕਿ ਉਸ ਨੂੰ ਵੀ ਜਨਮ ਲੈਣ ਦਾ ਓਨਾ ਹੀ ਅਧਿਕਾਰ ਦਿੱਤਾ ਜਾਵੇ ਜਿੰਨਾ ਕਿ ਪੁਰਸ਼ ਨੂੰ ਹੈ। ਉਸ ਨੂੰ ਵੀ ਜ਼ਿੰਦਗੀ ਦਾ ਸਫਰ ਮੁਕੰਮਲ ਕਰਨ ਲਈ ਅਤੇ ਸਫ਼ਲ ਹੋਣ ਲਈ ਉਸੇ ਤਰ੍ਹਾਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ-ਲਿਖਾਈ ਦੀ ਜ਼ਰੂਰਤ ਹੈ ਜਿਹੋ ਜਿਹੀ ਲੜਕਿਆਂ ਨੂੰ। ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਵਰਤਮਾਨ ਯੁੱਗ ਵਿਚ ਇਸਤਰੀ ਪੁਰਸ਼ ਨਾਲੋਂ ਵੱਧ ਜਿੰਮੇਵਾਰੀਆਂ ਨਿਭਾ ਰਹੀ ਹੈ ਅਤੇ ਨਿਭਾਉਣ ਦੇ ਕਾਬਲ ਵੀ ਹੈ, ਕਿਉਂਕਿ ਉਹ ਘਰ-ਗ੍ਰਿਹਸਥੀ ਚਲਾਉਣ ਦੇ ਨਾਲ ਨਾਲ, ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਨੌਕਰੀ ਵੀ ਕਰਦੀ ਹੈ, ਬਾਕੀ ਪਰਿਵਾਰਕ ਅਤੇ ਸਮਾਜਿਕ ਜਿੰਮੇਵਾਰੀਆਂ ਵੀ ਨਿਭਾਉਂਦੀ ਹੈ। ਪਰਿਵਾਰ ਦਾ ਬੋਝ ਪੁਰਸ਼ ਨਾਲੋਂ ਉਸ ਦੇ ਮੋਢਿਆਂ 'ਤੇ ਕਿਧਰੇ ਜ਼ਿਆਦਾ ਹੈ। ਪਰ ਕੀ ਜਿੰਨੀ ਕੁ ਜਿੰਮੇਵਾਰੀ ਉਹ ਨਿਭਾਉਂਦੀ ਹੈ ਉਸ ਦਾ ਬਣਦਾ ਸਤਿਕਾਰ, ਉਸ ਦੀ ਬਣਦੀ ਮਾਨਤਾ ਉਸ ਨੂੰ ਦਿੱਤੀ ਜਾਂਦੀ ਹੈ? ਕੀ ਸਹੁਰੇ ਪਰਿਵਾਰ ਵਿਚ ਉਸ ਨੂੰ ਆਪਣੀ ਗੱਲ ਕਹਿ ਸਕਣ ਦਾ ਉਵੇਂ ਹੀ ਅਧਿਕਾਰ ਦਿੱਤਾ ਜਾਂਦਾ ਹੈ ਜਿਵੇਂ ਦਾ ਉਸ ਦੇ ਪਤੀ ਨੂੰ ਹੁੰਦਾ ਹੈ? ਕੀ ਉਸ ਨੂੰ ਵੀ ਇਹ ਹੱਕ ਹੈ ਕਿ ਉਹ ਗਲਤ ਨੂੰ ਗਲਤ ਅਤੇ ਠੀਕ ਨੂੰ ਠੀਕ ਕਹਿ ਸਕੇ? ਜੇ ਕੋਈ ਪੜ੍ਹੀ-ਲਿਖੀ ਔਰਤ ਆਪਣਾ ਹੱਕ ਸਮਝ ਕੇ ਅਜਿਹੀ ਗਲਤੀ ਕਰ ਲੈਂਦੀ ਹੈ ਤਾਂ ਉਸੇ ਵੇਲੇ ਪਤੀ ਦਹਾੜ ਉਠਦਾ ਹੈ 'ਮੇਰੀ ਮਾਂ; 'ਮੇਰਾ ਭਰਾ' 'ਮੇਰੇ ਰਿਸ਼ਤੇਦਾਰ' ਵਗੈਰਾ ਵਗੈਰਾ। ਜਿਸ ਪਰਿਵਾਰ ਲਈ ਉਹ ਦਿਨ-ਰਾਤ ਮਿਹਨਤ ਕਰਦੀ ਹੈ, ਟੁੱਟ ਮਰਦੀ ਹੈ, ਉਹ ਪਰਿਵਾਰ ਉਸ ਲਈ ਸਾਰੀ ਉਮਰ ਉਸ ਦੇ ਪਤੀ ਦਾ ਪਰਿਵਾਰ ਹੀ ਰਹਿੰਦਾ ਹੈ, ਉਸ ਦਾ ਨਹੀਂ।

ਪੰਜਾਬੀ ਭਾਈਚਾਰੇ ਦਾ ਪੁਰਸ਼ ਮਾਂ-ਭੈਣ ਦੀ ਗਾਲ੍ਹ ਕੱਢਣ ਨੂੰ ਆਪਣਾ ਜੱਦੀ-ਪੁਰਸ਼ੀ ਹੱਕ ਹੀ ਨਹੀਂ ਸਮਝਦਾ ਬਲਕਿ ਇਸ ਨੂੰ ਆਪਣਾ 'ਸਭਿਆਚਾਰ' ਦੱਸਦਾ ਹੈ। ਲੜਾਈ ਦੋ ਪੁਰਸ਼ਾਂ ਵਿਚਕਾਰ ਹੋ ਰਹੀ ਹੁੰਦੀ ਹੈ ਪਰ ਗਾਲ੍ਹਾਂ ਘਰ ਅੰਦਰ ਬੈਠੀਆਂ ਮਾਂਵਾਂ-ਭੈਣਾਂ, ਜਿਨ੍ਹਾਂ ਦਾ ਉਨ੍ਹਾਂ ਦੀ ਲੜਾਈ ਨਾਲ ਦੂਰ ਦਾ ਵੀ ਸਬੰਧ ਨਹੀਂ ਹੁੰਦਾ, ਉਨ੍ਹਾਂ ਨੂੰ ਕੱਢੀਆਂ ਜਾ ਰਹੀਆਂ ਹੁੰਦੀਆਂ ਹਨ। ਪੜ੍ਹਿਆ-ਲਿਖਿਆ ਪਤੀ ਵੀ ਬਹੁਤੀ ਵਾਰ 'ਅਸਭਿਅਕ' ਭਾਸ਼ਾ ਵਰਤਣ ਤੋਂ ਗੁਰੇਜ਼ ਨਹੀਂ ਕਰਦਾ। ਪਤਨੀ ਨੂੰ ਗਾਲ੍ਹ ਕੱਢਣਾ ਆਪਣਾ ਹੱਕ ਸਮਝਦਾ ਹੈ। ਫਿਰ ਕਿਹੜੀ ਆਜ਼ਾਦੀ ਦੀ ਗੱਲ ਕੀਤੀ ਜਾ ਰਹੀ ਹੈ? ਭਾਵੇਂ ਸਦੀਆਂ ਬੀਤ ਚੁੱਕੀਆਂ ਹਨ ਪਰ ਅੱਜ ਵੀ ਸਮਾਜ ਦੇ ਮਨ ਵਿਚ ਮਨੂ ਸਿਮਰਤੀ ਦੀ ਇਹ ਸਿੱਖਿਆ ਕਿ 'ਇਸਤਰੀ ਨੂੰ ਸ਼ਾਦੀ ਤੋਂ ਪਹਿਲਾਂ ਪਿਤਾ ਦੇ ਅਧੀਨ, ਸ਼ਾਦੀ ਤੋਂ ਬਾਅਦ ਪਤੀ ਦੇ ਅਤੇ ਬੁਢਾਪੇ ਵਿਚ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ' ਪੱਕੀ ਤਰ੍ਹਾਂ ਘਰ ਕਰੀ ਬੈਠੀ ਹੈ।

ਕੁੜੀਆਂ ਜੀਨ ਪਾਉਂਦੀਆਂ ਹਨ ਜਾਂ ਸਲਵਾਰ ਕਮੀਜ਼, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਪਹਿਰਾਵਾ ਤਨ ਢਕਣ ਲਈ ਹੈ ਜੋ ਸਮੇਂ ਦੇ ਨਾਲ ਨਾਲ ਬਦਲ ਵੀ ਸਕਦਾ ਹੈ। ਫਰਕ ਪੈਂਦਾ ਹੈ ਪਿਤਾ-ਪੁਰਖੀ ਸਮਾਜ ਵਿਚ ਪੁਰਸ਼ ਦੇ ਇਸਤਰੀ ਪ੍ਰਤੀ ਨਜ਼ਰੀਏ ਦਾ। ਸਵਾਲ ਪਹਿਰਾਵੇ ਦਾ ਨਹੀਂ, ਸਵਾਲ ਇਹ ਹੈ ਕਿ ਲੜਕੀ ਨੂੰ ਵੀ ਇੱਕ ਪੂਰੇ-ਸੂਰੇ ਇਨਸਾਨ ਦੀ ਤਰ੍ਹਾਂ ਸਵੈ-ਨਿਰਭਰ ਹੋਣ, ਆਪਣੇ ਫੈਸਲੇ ਆਪ ਲੈ ਸਕਣ ਦਾ ਹੱਕ ਹੈ ਜਾਂ ਨਹੀਂ? ਕੀ ਅੱਜ ਵੀ ਭਾਰਤੀ ਸਮਾਜ ਵਿਚ ਅੱਜ ਦੀ ਪੜ੍ਹੀ-ਲਿਖੀ ਕੁੜੀ ਨੂੰ ਆਪਣਾ ਜੀਵਨ ਸਾਥੀ ਚੁਣਨ ਦਾ ਅਧਿਕਾਰ ਹੈ, ਜਿਸ ਨਾਲ ਉਸ ਨੇ ਸਾਰੀ ਉਮਰ ਗੁਜ਼ਾਰਨੀ ਹੈ? ਅੱਜ ਵੀ ਰੋਜ਼ ਅਖ਼ਬਾਰਾਂ ਵਿਚ 'ਇਜ਼ਤ ਲਈ ਕਤਲ' ਦੀਆਂ ਖ਼ਬਰਾਂ ਛਪਦੀਆਂ ਹਨ। ਅੱਜ ਵੀ ਇਹ ਸਮਝਿਆ ਜਾਂਦਾ ਹੈ ਕਿ ਲੜਕਾ ਗਲਤੀ ਕਰਦਾ ਹੈ ਤਾਂ ਕੋਈ ਫ਼ਰਕ ਨਹੀਂ ਪੈਂਦਾ ਪਰ ਜੇ ਲੜਕੀ ਗਲਤੀ ਕਰਦੀ ਹੈ ਤਾਂ ਘਰ ਦੀ ਇੱਜ਼ਤ ਮਿੱਟੀ ਵਿਚ ਮਿਲ ਜਾਂਦੀ ਹੈ। ਗਲਤੀ ਤਾਂ ਗਲਤੀ ਹੈ ਉਹ ਭਾਵੇਂ ਪੁੱਤਰ ਕਰੇ ਭਾਵੇਂ ਧੀ। ਨੁਕਸਾਨ ਅਤੇ ਬੇ-ਇਜ਼ਤੀ ਵੀ ਇੱਕੋ ਜਿਹੀ ਹੁੰਦੀ ਹੈ ਪਰ ਲੜਕੀ ਨੂੰ ਹੀ ਕਿਉਂ ਕਸੂਰਵਾਰ ਸਮਝਿਆ ਜਾਂਦਾ ਹੈ?

ਚਾਹੀਦਾ ਤਾਂ ਇਹ ਹੈ ਕਿ ਲੜਕੀ ਨੂੰ ਘਰ ਵਿਚ ਇਸ ਤਰ੍ਹਾਂ ਦਾ ਦੋਸਤਾਨਾ ਮਾਹੌਲ ਦਿੱਤਾ ਜਾਵੇ ਕਿ ਉਹ ਆਪਣੇ ਵਡੇਰਿਆਂ ਤੋਂ ਅਗਵਾਈ ਲੈ ਸਕੇ, ਉਨ੍ਹਾਂ ਨਾਲ ਆਪਣੀ ਪਸੰਦ, ਆਪਣੀਆਂ ਮੁਸ਼ਕਲਾਂ-ਪ੍ਰਾਪਤੀਆਂ, ਆਪਣੀਆਂ ਖੁਸ਼ੀਆਂ-ਗ਼ਮੀਆਂ ਸਾਂਝੀਆਂ ਕਰ ਸਕੇ। ਲੋੜ ਪੈਣ 'ਤੇ ਉਹ ਮਾਂ-ਬਾਪ, ਵੱਡੇ ਭੈਣ-ਭਰਾਵਾਂ ਤੋਂ ਅਗਵਾਈ ਲੈ ਸਕੇ। ਉਸ ਲਈ ਮੁੰਡਿਆਂ ਵਾਂਗ ਖੁਸ਼-ਗਵਾਰ ਅਤੇ ਸੁਖਾਵਾਂ ਮਾਹੌਲ ਪੈਦਾ ਕਰਨਾ ਪਰਿਵਾਰ ਦਾ ਫ਼ਰਜ਼ ਹੈ ਅਤੇ ਇਹ ਉਸ ਦੀ ਮੌਲਿਕ ਆਜ਼ਾਦੀ ਦਾ ਮੁੱਢ ਹੈ। ਸਿਆਣੇ ਬੱਚੇ ਭਾਵੇਂ ਉਹ ਧੀਆਂ ਹੋਣ ਜਾਂ ਪੁੱਤਰ, ਆਪਣੀ ਆਜ਼ਾਦੀ ਦਾ ਗਲਤ ਇਸਤੇਮਾਲ ਘੱਟ ਹੀ ਕਰਦੇ ਹਨ, ਜੇ ਗਲਤੀ ਹੋ ਜਾਂਦੀ ਹੈ ਤਾਂ ਉਸ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ ਪਰ ਫੈਸਲਾ ਕਰਨ ਦਾ ਹੱਕ ਮਿਲਣਾ ਲੜਕੀ ਦਾ ਉਸੇ ਕਿਸਮ ਦਾ ਅਧਿਕਾਰ ਹੈ ਜਿਸ ਕਿਸਮ ਦਾ ਲੜਕੇ ਦਾ।

ਅੱਜ ਹਿੰਦੁਸਤਾਨੀ ਔਰਤ ਸੰਸਾਰ ਭਰ ਦੀਆਂ ਔਰਤਾਂ ਦੀ ਤਰ੍ਹਾਂ ਹੀ ਘਰ ਤੋਂ ਬਾਹਰ ਹਰ ਖੇਤਰ ਵਿਚ ਹੀ ਪੁਰਸ਼ ਦੇ ਬਰਾਬਰ ਪ੍ਰਾਪਤੀਆਂ ਕਰ ਰਹੀ ਹੈ। ਕੰਮ ਦਾ ਕੋਈ ਵੀ ਖੇਤਰ ਜਾਂ ਕਿੱਤਾ ਅਜਿਹਾ ਨਹੀਂ ਹੈ ਜਿਥੇ ਇਸਤਰੀ ਨੇ ਪ੍ਰਵੇਸ਼ ਨਾ ਕੀਤਾ ਹੋਵੇ। ਪਰ ਕੀ ਦਫਤਰਾਂ ਵਿਚ, ਕੰਮ-ਕਾਜ ਦੀਆਂ ਥਾਂਵਾਂ 'ਤੇ ਉਹ ਵੀ ਆਪਣੇ ਕਿੱਤੇ ਨੂੰ ਬਿਨਾਂ ਕਿਸੇ ਭੈ ਦੇ ਉਵੇਂ ਹੀ ਅੱਗੇ ਲੈ ਜਾ ਸਕਣ ਲਈ ਸੁਤੰਤਰ ਹੈ ਜਿਵੇਂ ਪੁਰਸ਼? ਬਹੁਤੀ ਵਾਰ ਆਪਣੇ ਪੁਰਸ਼ ਸਹਿ-ਕਰਮੀਆਂ ਨਾਲੋਂ ਵੱਧ ਨਿਪੁੰਨ ਹੋਣ ਦੇ ਬਾਵਜੂਦ ਵੀ ਉਹ ਤਰੱਕੀ ਪ੍ਰਾਪਤ ਕਰਨ ਲਈ ਇਸ ਵਾਸਤੇ ਪਿੱਛੇ ਰਹਿ ਜਾਂਦੀ ਕਿ ਉਹ ਇਸਤਰੀ ਹੈ। ਕੀ ਭਾਰਤੀ ਇਸਤਰੀ ਆਪਣੇ ਮੁਲਕ ਦੀਆਂ ਸੜਕਾਂ 'ਤੇ ਆਪਣੇ ਪ੍ਰੋਫੈਸ਼ਨ ਦੀ ਖ਼ਾਤਰ ਆਜ਼ਾਦੀ ਨਾਲ ਜਾ ਸਕਦੀ ਹੈ? ਉਸ ਮੁਲਕ ਵਿਚ ਇਸਤਰੀ ਕਿੰਨੀ ਕੁ ਆਜ਼ਾਦ ਹੋ ਸਕਦੀ ਹੈ ਜਿਥੇ ਮੁੰਬਈ ਵਰਗੇ ਆਧੁਨਿਕ ਸ਼ਹਿਰ ਵਿਚ ਵੀ ਇੱਕ ਫੋਟੋ-ਜਰਨਲਿਸਟ ਲੜਕੀ ਨੂੰ ਗੁੰਡੇ ਧੂਹ ਕੇ ਲੈ ਜਾਣ ਅਤੇ ਅਤੇ ਉਸ ਨਾਲ ਜ਼ਬਰ ਜਨਾਹ ਕਰਨ? ਇੱਕ ਪੁਲਿਸ ਅਫਸਰ ਨੂੰ ਹੁਕਮਰਾਨ ਪਾਰਟੀ ਦੇ ਗੁੰਡਿਆਂ ਹੱਥੋਂ ਆਪਣੀ ਧੀ ਦੀ ਇੱਜ਼ਤ ਬਚਾਉਣ ਲਈ ਗੁਰੂ ਕੀ ਨਗਰੀ ਵਿਚ ਆਪਣੀ ਜਾਨ ਦੇਣੀ ਪੈ ਜਾਵੇ? ਰਾਜਧਾਨੀ ਦਿੱਲੀ ਵਿਚ ਫਿਜੀਓਥੈਰੇਪਿਸਟ ਡਾਕਟਰ ਕੁੜੀ ਨੂੰ ਆਪਣੀ ਇੱਜ਼ਤ ਅਤੇ ਜਾਨ ਦੋਵਾਂ ਤੋਂ ਹੱਥ ਧੋਣੇ ਪੈ ਜਾਣ? ਉਸ ਮੁਲਕ ਵਿਚ ਇਸਤਰੀ ਦੀ ਆਜ਼ਾਦੀ ਦੀ ਗੱਲ ਕਿੰਨੀ ਹਾਸੋ-ਹੀਣੀ ਲੱਗਦੀ ਹੈ ਜਿੱਥੇ ਪੰਜ-ਪੰਜ ਸਾਲ ਦੀਆਂ ਫੁੱਲਾਂ ਵਰਗੀਆਂ ਬੱਚੀਆਂ ਨੂੰ ਵੀ ਦਰਿੰਦਿਆਂ ਵਲੋਂ ਵਲੂੰਧਰ ਦਿੱਤਾ ਜਾਂਦਾ ਹੈ? ਇਹ ਸਭ ਮਨੁੱਖ ਦੀ ਇਸਤਰੀ ਪ੍ਰਤੀ ਘਟੀਆਂ ਸੋਚ ਅਤੇ ਨਜ਼ਰੀਏ ਦਾ ਨਤੀਜਾ ਹੈ। ਜਦੋਂ ਤੱਕ ਇਹ ਸੋਚ ਨਹੀਂ ਬਦਲਦੀ ਉਦੋਂ ਤੱਕ ਔਰਤ ਸੰਵਿਧਾਨਕ ਤੌਰ 'ਤੇ ਆਜ਼ਾਦ ਹੋ ਕੇ ਵੀ ਆਜ਼ਾਦ ਨਹੀਂ ਹੈ।

ਔਰਤ ਦੀ ਆਜ਼ਾਦੀ ਸੁਰਿੰਦਰ ਨੀਰ ਦੇ ਨਾਵਲ ਦੀ ਨਾਇਕਾ ਬਲਬੀਰ ਦੇ ਆਪਣੇ ਪੈਸ਼ਨ ਦੀ ਖ਼ਾਤਰ ਘਰੋਂ ਨਿਕਲ ਜਾਣ ਵਿਚ ਜਾਂ ਬਲਬੀਰ ਤੋਂ 'ਮਾਇਆ' ਬਣ ਜਾਣ ਵਿਚ ਨਹੀਂ ਹੈ, ਕਿਉਂਕਿ ਘਰੋਂ ਜਾ ਕੇ ਵੀ ਉਸ ਨੂੰ ਆਪਣੇ ਪੈਸ਼ਨ ਦੀ ਕੀਮਤ ਦੇਣੀ ਪੈਂਦੀ ਹੈ। ਇਹ ਕਿਹੋ ਜਿਹੀ ਇਸਤਰੀ-ਆਜ਼ਾਦੀ ਹੈ ਜਿਸ ਦੀ ਕੀਮਤ ਉਸ ਨੂੰ ਦਿੱਲੀ ਵੜਦਿਆਂ ਹੀ 'ਰੇਪ' ਰਾਹੀਂ ਦੇਣੀ ਪੈਂਦੀ ਹੈ? ਦਿੱਲੀ ਤੋਂ ਚੰਡੀਗੜ੍ਹ ਆਉਂਦੀ ਹੈ ਤਾਂ ਕਿਸੇ 'ਸਮੀਰ' ਦਾ ਆਸਰਾ ਲੈਂਦੀ ਹੈ। ਸਮੀਰ ਤੋਂ ਬਚਣ ਲਈ ਅਤੇ ਆਪਣੇ ਪ੍ਰੋਫੈਸ਼ਨ ਨੂੰ ਅੱਗੇ ਵਧਾਉਣ ਲਈ ਮੈਨਨ ਦਾ ਆਸਰਾ ਲੈਂਦੀ ਹੈ। ਮੈਨਨ ਤੋਂ ਖਹਿੜਾ ਅਮਰੀਕਾ ਜਾ ਕੇ ਛੁੱਟਦਾ ਹੈ।

ਜੇ ਗੱਲ ਪੱਛਮੀ ਦੁਨੀਆਂ ਦੀ ਕਰਨੀ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਥੇ ਔਰਤ ਆਜ਼ਾਦ ਹੈ ਪਰ ਪੱਛਮੀ ਦੁਨੀਆਂ ਵਿਚ ਵੀ ਔਰਤ ਦੀ ਆਜ਼ਾਦੀ ਦੇ ਨਾਮ 'ਤੇ ਉਸ ਨੂੰ ਮਹਿਜ 'ਗਲੈਮਰ' ਦੀ ਵਸਤੂ ਬਣਾ ਦਿੱਤਾ ਗਿਆ ਹੈ, ਜਿਸ ਨੂੰ ਸ਼ੋ-ਪੀਸ ਵਾਂਗ ਇਸ਼ਤਿਹਾਰਬਾਜੀ ਲਈ ਵਰਤਿਆ ਜਾ ਸਕਦਾ ਹੈ।

ਨੀਰ ਦੇ ਨਾਵਲ ਦੀ ਚਰਚਾ ਬਹੁਤ ਹੋ ਰਹੀ ਹੈ ਪਰ ਕੀ ਏਦਾਂ ਸਮਾਜ ਦਾ ਨਜ਼ਰੀਆ ਬਦਲਿਆ ਜਾ ਸਕਦਾ ਹੈ? ਬਹੁਤ ਚੰਗਾ ਹੋਵੇਗਾ ਜੇ ਇਸ ਨਾਲ ਕੋਈ ਇਸਤਰੀ-ਇਨਕਲਾਬ ਆ ਜਾਵੇ? ਜੇ ਸਮਾਜ ਨੂੰ ਮਹਿਜ ਫਿਕਸ਼ਨ ਰਾਹੀਂ ਬਦਲਨਾ ਸੌਖਾ ਹੁੰਦਾ ਤਾਂ ਜਸਵੰਤ ਸਿੰਘ ਕੰਵਲ ਦੇ 'ਰਾਤ ਬਾਕੀ ਹੈ' ਨੇ ਵੀ ਕੋਈ ਇਨਕਲਾਬ ਲਿਆ ਦਿੱਤਾ ਹੁੰਦਾ।

#

# ਸੁਰੱਖਿਆ ਦਾ ਘੇਰਾ

ਕੋਮਲ ਮਾਪਿਆਂ ਦੀ ਇਕਲੌਤੀ ਧੀ ਸੀ। ਉਹਦੀ ਹਰ ਖੁਸ਼ੀ ਵਿਚ ਮਾਪੇ ਆਪਣੀ ਖੁਸ਼ੀ ਸਮਝਦੇ। ਉਨ੍ਹਾਂ ਨੂੰ ਕੋਈ ਇਤਰਾਜ਼ ਨਾ ਹੋਇਆ ਜਦੋਂ ਕੋਮਲ ਨੇ ਆਪਣੇ ਲਈ ਆਪ ਹੀ ਮੁੰਡਾ ਲੱਭ ਲਿਆ ਤੇ ਲਵ ਮੈਰਿਜ ਕਰਵਾ ਲਈ।

## ਮਿੰਨੀ ਕਹਾਣੀ

ਮੇਜਰ ਕੁਲਾਰ ਬੋਪਾਰਾਏ ਕਲਾਂ
ਫੋਨ: 916-273-2856

ਮਾਪਿਆਂ ਨੇ ਵੀ ਹੱਸ ਕੇ ਕੋਮਲ ਦੀ ਡੋਲੀ ਤੋਰ ਦਿੱਤੀ। ਅਜੇ ਕੋਮਲ ਨੇ ਰੰਗ-ਬਰੰਗੇ ਸੂਟਾਂ ਦੇ ਰੰਗ ਵੀ ਨਹੀਂ ਹੰਢਾਏ ਸਨ ਕਿ ਉਹਨੂੰ ਚਿੱਟੇ ਸੂਟ ਨੇ ਆ ਲਪੇਟਾ ਮਾਰ ਲਿਆ। ਜਵਾਨੀ ਵਿਚ ਧੀ ਦਾ ਸਿਰੋਂ ਨੰਗੇ ਹੋ ਜਾਣਾ ਮਾਪਿਆਂ ਲਈ ਮਰਨ ਬਰਾਬਰ ਹੋ ਜਾਂਦਾ ਹੈ। ਥੋੜ੍ਹੇ ਸਮੇਂ ਬਾਅਦ ਮਾਪਿਆਂ ਨੇ ਕੋਮਲ ਦੇ ਬਾਹੀਂ ਰੰਗਲਾ ਚੂੜਾ ਪਾਉਣਾ ਚਾਹਿਆ, ਪਰ ਉਹ ਨਾ ਮੰਨੀ। ਉਹ ਆਪਣੇ ਪਤੀ ਨਾਲ ਬਿਤਾਏ ਕੁਝ ਦਿਨਾਂ ਦੇ ਸਹਾਰੇ ਹੀ ਉਮਰ ਲੰਘਾਉਣਾ ਚਾਹੁੰਦੀ ਸੀ। ਉਸ ਦੀ ਗੋਦੀ ਵਿਚ ਪਤੀ ਦੀ ਨਿਸ਼ਾਨੀ ਉਸ ਦੀ ਹਿੱਕ ਦਾ ਸੀਰ ਚੁੰਘ ਰਹੀ ਸੀ। ਕੋਮਲ ਦੀ ਜ਼ਿਦ ਅੱਗੇ ਮਾਪੇ ਹਾਰ ਗਏ।

ਕੋਮਲ ਦੀ ਜ਼ਿੰਦਗੀ ਵਿਚ ਇਕ ਵਾਰ ਫਿਰ ਸੁਨਾਮੀ ਆ ਗਈ। ਮਾਤਾ-ਪਿਤਾ ਦੋਵੇਂ ਯਾਤਰਾ ਨੂੰ ਗਏ, ਉਸ ਬੱਸ ਵਿਚ ਸਵਾਰ ਸਨ ਜੋ ਨਦੀ ਵਿਚ ਡਿੱਗ ਪਈ। ਮਾਪਿਆਂ ਦੇ ਘਰ ਵਿਚ ਉਹ ਆਪਣੇ ਦਿਲ ਦੇ ਟੁਕੜੇ ਨਾਲ ਸਮਾਂ ਕੱਢਣ ਲੱਗੀ। ਰੋਟੀ ਦੇ ਆਹਰ ਲਈ ਉਸ ਨੇ ਨੇੜੇ ਦੇ ਪਬਲਿਕ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਚਿੱਟੇ ਸੂਟ ਵਿਚ ਵੀ ਕੋਮਲ ਦਾ ਹੁਸਨ ਚੜ੍ਹਦੇ ਸੂਰਜ ਵਾਂਗ ਸੀ। ਭਰੂਣ ਹੱਤਿਆ ਵਿਰੁੱਧ ਨਾਅਰੇ ਲਾਉਣ ਵਾਲੇ ਉਸ ਪਿੱਛੇ ਤਲੀ 'ਤੇ ਦਿਲ ਰੱਖ ਕੇ ਤੁਰਨ ਲੱਗੇ। ਕਈਆਂ ਨੇ ਫਰੈਂਡਸ਼ਿਪ ਦੀਆਂ ਔਫਰਾਂ ਕੀਤੀਆਂ ਤੇ ਕਈਆਂ ਨੇ ਵਿਆਹ ਕਰਵਾਉਣ ਦੇ ਪ੍ਰਸਤਾਵ ਰੱਖੇ। ਮਰਦਾਂ ਦੇ ਗੇੜ੍ਹਿਆਂ ਨੇ ਉਸ ਨੂੰ ਘਰੋਂ ਨਿਕਲਣਾ ਔਖਾ ਕਰ ਦਿੱਤਾ।

ਫਿਰ ਉਸ ਨੇ ਇਕ ਨੌਜਵਾਨ ਨੂੰ ਆਪਣੇ ਨਜ਼ਦੀਕ ਲਿਆਉਂਦਿਆਂ ਮਿਲਣ ਦੀ ਤਾਰੀਖ ਮਿਥ ਲਈ। ਪਹਿਲੀ ਮਿਲਣੀ ਵਿਚ ਹੀ ਨੌਜਵਾਨ ਕੋਮਲ 'ਤੇ ਜਾਨ ਵਾਰਨ ਲਈ ਤਿਆਰ ਹੋ ਗਿਆ। ਕੋਮਲ ਨੇ ਕਿਹਾ, "ਜੇ ਤੂੰ ਮੇਰੇ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ ਤਾਂ ਮੈਂ ਤੈਨੂੰ ਹੁਣੇ ਹੀ ਸੱਚ ਦੱਸ ਦਿੰਦੀ ਹਾਂ ਕਿ ਮੈਂ ਏਡਜ਼ ਤੋਂ ਪੀੜਤ ਹਾਂ।" ਇਹ ਸੁਣ ਕੇ ਨੌਜਵਾਨ ਦੀ ਜ਼ੁਬਾਨ ਕੰਬਣ ਲੱਗ ਪਈ ਤੇ ਉਹ ਉਥੋਂ ਖਿਸਕ ਗਿਆ। ਮੁੜ ਕੇ ਕਦੇ ਉਹ ਕੋਮਲ ਦੇ ਰਸਤੇ ਵਿਚ ਨਾ ਆਇਆ ਤੇ ਕਿਸੇ ਹੋਰ ਨੂੰ ਵੀ ਨਾ ਆਉਣ ਦਿੱਤਾ। ਕੋਮਲ ਨੇ ਦੋ ਸ਼ਬਦਾਂ ਦਾ ਝੂਠ ਬੋਲ ਕੇ ਆਪਣੀ ਇੱਜ਼ਤ ਦੁਆਲੇ ਸੁਰੱਖਿਆ ਦਾ ਘੇਰਾ ਬਣਾ ਲਿਆ ਸੀ।

# ਜਿਨਾ ਬਾਤ ਕੋ ਬਹੁਤੁ ਅੰਦੇਸਰੋ

## ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਜਿਨਾ ਬਾਤ ਕੋ ਬਹੁਤੁ ਅੰਦੇਸਰੋ
ਤੇ ਮਿਟੇ ਸਭਿ ਗਇਆ॥
ਸਹਜ ਸੈਨ ਅਰੁ ਸੁਖਮਨ ਨਾਰੀ
ਊਧ ਕਮਲ ਬਿਗਸਇਆ॥੧॥
ਦੇਖਹੁ ਅਚਰਜੁ ਭਇਆ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ
ਸੋ ਰਿਦੈ ਗੁਰਿ ਦਇਆ॥ ਰਹਾਉ॥
ਜੋਇ ਦੂਤ ਮੋਹਿ ਬਹੁਤੁ ਸੰਤਾਵਤ
ਤੇ ਭਇਆਨਕ ਭਇਆ॥
ਕਰਹਿ ਬੇਨਤੀ ਰਾਖੁ ਠਾਕੁਰ
ਤੇ ਹਮ ਤੇਰੀ ਸਰਨਇਆ॥੨॥
ਜਹ ਭੰਡਾਰੁ ਗੋਬਿੰਦ ਕਾ ਖੁਲਿਆ
ਜਿਹ ਪ੍ਰਾਪਤਿ ਤਿਹ ਲਇਆ॥
ਏਕੁ ਰਤਨੁ ਮੋ ਕਉ ਗੁਰਿ ਦੀਨਾ
ਮੇਰਾ ਮਨੁ ਤਨੁ ਸੀਤਲੁ ਥਿਆ॥੩॥
ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ
ਤਾ ਅਟਲੁ ਅਮਰੁ ਨ ਮੁਆ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਬਖਸ਼ਿਸ਼ ਕਰਦੇ ਹਨ ਕਿ ਜਿਨਾ ਬਾਤ ਕੋ ਬਹੁਤੁ ਅੰਦੇਸਰੋ, ਭਾਵ ਜਿਨ੍ਹਾਂ ਗੱਲਾਂ ਦਾ ਮੈਨੂੰ ਹਰ ਵੇਲੇ ਹੀ ਫਿਕਰ ਲੱਗਾ ਰਹਿੰਦਾ ਸੀ, ਗੁਰੂ ਦੀ ਬਖ਼ਸ਼ਿਸ਼ ਸਦਕਾ ਉਹ ਸਾਰੇ ਹੀ ਫਿਕਰ ਮਿਟ ਗਏ ਹਨ। ਸਹਿਜ, ਆਤਮਿਕ ਅਡੋਲਤਾ, ਸੈਨ, ਸਹਿਜ ਵਿਚ ਲੀਨਤਾ, ਸੁਖਮਨ ਨਾਰੀ, ਭਾਵ ਸਾਰੀਆਂ ਇੰਦਰੀਆਂ ਹੁਣ ਆਤਮਿਕ ਸੁਖ ਦੇ ਰਹੀਆਂ ਹਨ ਅਤੇ ਮੇਰਾ ਪੁੱਠਾ ਹੋਇਆ ਹਿਰਦਾ ਰੂਪੀ ਕਵਲ ਭੀ ਖਿੜ ਉਠਿਆ ਹੈ।

ਦੇਖਹੁ ਅਚਰਜੁ ਭਇਆ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ
ਸੋ ਰਿਦੈ ਗੁਰਿ ਦਇਆ॥ ਰਹਾਉ॥

ਹੁਣ ਗੁਰਦੇਵ ਜੀ ਉਸ ਅਨੰਦਮਈ ਅਵਸਥਾ ਦਾ ਜ਼ਿਕਰ ਕਰਦੇ ਹਨ ਜੋ ਪ੍ਰਭੂ ਦੇ ਮਿਲਾਪ ਤੋਂ ਮਗਰੋਂ ਦੀ ਹੈ। ਦੇਖਹੁ ਅਚਰਜੁ ਭਇਆ, ਭਾਵ ਹੇ ਭਾਈ! ਦੇਖ ਇਕ ਅਚਰਜ ਕੌਤਕ ਹੋਇਆ ਹੈ; ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਭਾਵ ਜਿਸ ਪਾਰਬ੍ਰਹਮ ਪਰਮੇਸ਼ਰ ਦੀਆਂ ਕਦੀ ਗੱਲਾਂ ਸੁਣਦੇ ਸਾਂ ਕਿ ਉਹ ਸੰਸਾਰ ਦੀ ਸਮਝ ਤੋਂ ਬਹੁਤ ਦੂਰ ਹੈ, ਉਹ ਠਾਕੁਰ ਪ੍ਰਭੂ ਨੇ ਆਪਣੀ ਕਿਰਪਾ ਕਰ ਕੇ ਮੇਰੇ ਹਿਰਦੇ ਅੰਦਰ ਹੀ ਮੈਨੂੰ ਦਿਖਾ ਦਿੱਤਾ ਹੈ। ਇਹ ਗੁਰੂ ਦੀ ਮਿਹਰ ਹੈ।

ਜੋਇ ਦੂਤ ਮੋਹਿ ਬਹੁਤੁ ਸੰਤਾਵਤ
ਤੇ ਭਇਆਨਕ ਭਇਆ॥
ਕਰਹਿ ਬੇਨਤੀ ਰਾਖੁ ਠਾਕੁਰ ਤੇ
ਹਮ ਤੇਰੀ ਸਰਨਇਆ॥੨॥

ਹੇ ਭਾਈ! ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਹ ਜੀਵ ਦੇ ਦੁਸ਼ਮਣ ਹਨ ਅਤੇ ਮੈਨੂੰ ਬਹੁਤ ਸਤਾਉਂਦੇ ਰਹਿੰਦੇ ਸਨ, ਮੇਰੇ ਜੀਵਨ ਨੂੰ ਬਰਬਾਦ ਕਰ ਰਹੇ ਸਨ, ਉਹ ਹੁਣ ਮੇਰੇ ਨੇੜੇ ਵੀ ਨਹੀਂ ਆਉਂਦੇ। ਕਰਹਿ ਬੇਨਤੀ ਰਾਖੁ ਠਾਕੁਰ ਤੇ, ਭਾਵ ਡਰਦੇ ਹੋਏ ਮੇਰੇ ਕੋਲ ਤਰਲੇ ਮਿੰਨਤਾਂ ਕਰਦੇ ਹਨ ਕਿ ਸਾਨੂੰ ਆਪਣੇ ਮਾਲਕ ਜਗਤ ਪਿਤਾ ਜੀ ਦੇ ਕਰੋਪ ਤੋਂ ਬਚਾ ਲੈ, ਅਸੀਂ ਸਦਾ ਤੇਰੀ ਸ਼ਰਨ ਵਿਚ ਅਤੇ ਤੇਰੇ ਅਧੀਨ ਹੋ ਕੇ ਹੀ ਰਹਾਂਗੇ।

ਜਹ ਭੰਡਾਰੁ ਗੋਬਿੰਦ ਕਾ ਖੁਲਿਆ
ਜਿਹ ਪ੍ਰਾਪਤਿ ਤਿਹ ਲਇਆ॥
ਏਕੁ ਰਤਨੁ ਮੋ ਕਉ ਗੁਰਿ ਦੀਨਾ
ਮੇਰਾ ਮਨੁ ਤਨੁ ਸੀਤਲੁ ਥਿਆ॥੩॥

ਜਹ ਭੰਡਾਰ ਗੋਬਿੰਦ ਕਾ ਖੁਲਿਆ, ਭਾਵ ਹੇ ਭਾਈ! ਇਕ ਐਸਾ ਕੌਤਕ ਹੋਇਆ ਹੈ ਕਿ ਗੁਰੂ ਦੀ ਕਿਰਪਾ ਸਦਕਾ ਮੇਰੇ ਅੰਦਰ ਭਗਤੀ ਦਾ ਭੰਡਾਰ ਖ਼ਜ਼ਾਨਾ ਹੀ ਖੁੱਲ੍ਹ ਗਿਆ ਹੈ; ਜਿਹ ਪ੍ਰਾਪਤਿ ਤਿਹ ਲਇਆ, ਭਾਵ ਹੇ ਭਾਈ! ਭਗਤੀ ਦਾ ਖ਼ਜ਼ਾਨਾ ਉਸੇ ਜੀਵ ਨੂੰ ਪ੍ਰਾਪਤ ਹੁੰਦਾ ਹੈ ਜਿਸ ਦੇ ਭਾਗਾਂ ਵਿਚ ਪ੍ਰਭੂ ਨੇ ਲਿਖਿਆ ਹੋਵੇ; ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲ ਥਿਆ, ਭਾਵ ਜਦ ਦਾ ਗੁਰੂ ਜੀ ਨੇ ਪ੍ਰਭੂ ਦਾ ਨਾਮ ਰੂਪੀ ਰਤਨ ਦਿੱਤਾ ਹੈ, ਮੇਰਾ ਮਨ ਤਨ ਠੰਢਾ ਠਾਰ ਹੋ ਗਿਆ ਹੈ।

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ
ਤਾ ਅਟਲੁ ਅਮਰੁ ਨ ਮੁਆ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ॥੪॥

ਹੇ ਭਾਈ! ਗੁਰੂ ਨੇ ਮਿਹਰ ਵਿਚ ਆ ਕੇ ਨਾਮ ਰੂਪੀ ਅੰਮ੍ਰਿਤ ਦੀ ਇਕ ਬੂੰਦ ਮੈਨੂੰ ਦਿੱਤੀ ਹੈ ਜਿਸ ਨਾਲ ਮੇਰਾ ਆਤਮਿਕ ਜੀਵਨ ਉਚਾ ਸੁਚਾ ਹੋ ਗਿਆ ਹੈ; ਤਾ ਅਟਲੁ ਅਮਰੁ ਨ ਮੁਆ, ਭਾਵ ਹੁਣ ਮੇਰਾ ਅੰਦਰ ਆਤਮਾ ਵਿਕਾਰਾਂ ਵੱਲੋਂ ਅਡੋਲ ਹੋ ਗਿਆ ਹੈ ਅਤੇ ਮੈਂ ਆਤਮਿਕ ਮੌਤ ਤੋਂ ਵੀ ਬਚ ਗਿਆ ਹਾਂ। ਹੁਣ ਮੌਤ ਮੇਰੀ ਆਤਮਾ ਨੂੰ ਕਦੀ ਨਹੀਂ ਮਾਰ ਸਕੇਗੀ। ਹੇ ਭਾਈ! ਜਦ ਤੋਂ ਗੁਰੂ ਨੇ ਭਗਤੀ ਦੇ ਭੰਡਾਰ ਨਾਨਕ ਨੂੰ ਸੌਂਪ ਦਿੱਤੇ ਹਨ, ਫਿਰ ਮਿਹਰਬਾਨ ਸਤਿਗੁਰੂ ਨੇ ਕਦੀ ਵੀ ਹਿਸਾਬ ਨਹੀਂ ਮੰਗਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੰਦਾ ਬਹਾਦਰ ਬਾਰੇ ਇਤਿਹਾਸਕ ਤੱਥ: ਕੁਝ ਸਵਾਲ

**ਵਿਚਾਰ-ਚਰਚਾ**

***ਹਾਲ ਹੀ ਵਿਚ ਪ੍ਰੋ. ਹਰਪਾਲ ਸਿੰਘ ਦੀ ਬਾਬਾ ਬੰਦਾ ਬਹਾਦਰ ਬਾਰੇ ਇਕ ਲੇਖ ਲੜੀ ਛਪੀ ਸੀ। ਇਨ੍ਹਾਂ ਲੇਖਾਂ ਵਿਚ ਦਿੱਤੇ ਗਏ ਤੱਥਾਂ ਅਤੇ ਵਿਚਾਰਾਂ ਨਾਲ ਕਈ ਲੋਕ ਸਹਿਮਤ ਨਹੀਂ ਹਨ। ਇਸੇ ਸਿਲਸਿਲੇ ਵਿਚ ਗਿਆਨ ਸਿੰਘ ਬਿਲਗਾ ਹੋਰਾਂ ਦੀ ਇਹ ਪ੍ਰਤੀਕ੍ਰਿਆ ਛਾਪੀ ਜਾ ਰਹੀ ਹੈ। ਪੰਜਾਬ ਟਾਈਮਜ਼ ਦਾ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

'ਪੰਜਾਬ ਟਾਈਮਜ਼' ਵਿਚ ਲੇਖਕ ਹਰਪਾਲ ਸਿੰਘ ਦੀ ਬੰਦਾ ਬਹਾਦਰ ਬਾਰੇ ਲਿਖੀ ਲੇਖ ਲੜੀ ਪੜ੍ਹੀ। ਲੜੀ ਨੰਬਰ 8 'ਬੰਦਾ ਬਹਾਦਰ ਨੇ ਘਰ ਕਿਉਂ ਛੱਡਿਆ?' ਅਤੇ 9 'ਕੀ ਬੰਦਾ ਬਹਾਦਰ ਅੰਮ੍ਰਿਤਧਾਰੀ ਸੀ?' ਬਾਰੇ ਇਤਿਹਾਸਕ ਤੱਥਾਂ ਦੀ ਪੁਣ-ਛਾਣ ਕਰਨੀ ਬਣਦੀ ਹੈ।

27 ਜੁਲਾਈ ਦੇ ਅੰਕ ਵਿਚ ਸੰਪਾਦਕ ਦੀ ਇਹ ਟਿੱਪਣੀ ਪੜ੍ਹ ਕੇ ਹੈਰਾਨੀ ਹੋਈ ਕਿ ਕੁਝ ਭੁੱਲੜ ਵੀਰਾਂ ਨੇ ਲੇਖ ਲੜੀ ਵਿਚ ਛਪੇ ਇਤਿਹਾਸਕ ਤੱਥਾਂ ਅਤੇ ਬੰਦੇ ਬਹਾਦਰ ਬਾਰੇ ਕੁਝ ਲੇਖਕਾਂ ਵੱਲੋਂ ਲਿਖੇ ਅਪ-ਸ਼ਬਦਾਂ 'ਤੇ ਗੁੱਸੇ ਵਿਚ ਆ ਕੇ ਪਰਚਾ

**ਗਿਆਨ ਸਿੰਘ ਬਿਲਗਾ**
**ਫੋਨ: 661-397-7330**

ਸੁੱਟ ਦਿੱਤਾ। ਲੇਖਕ ਦੇ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਸਭ ਦਾ ਜਮਹੂਰੀ ਹੱਕ ਹੈ। ਉਨ੍ਹਾਂ ਦਾ ਗੁੱਸਾ ਪਰਚੇ ਜਾਂ ਲੇਖਕ ਨਾਲੋਂ ਵੱਧ ਉਨ੍ਹਾਂ ਪੰਥਕ ਆਗੂਆਂ, ਇਤਿਹਾਸਕਾਰਾਂ, ਪੰਥ ਦੋਖੀਆਂ ਵਿਰੁਧ ਹੋਣਾ ਚਾਹੀਦਾ ਸੀ ਜੋ ਲੰਬੇ ਸਮੇਂ ਤੋਂ ਬੰਦਾ ਬਹਾਦਰ ਦੀ ਕਦਰ ਘਟਾਈ ਕਰ ਰਹੇ ਸਨ। ਇਨ੍ਹਾਂ ਦੀ ਸਰਪ੍ਰਸਤੀ ਭਾਵੇਂ ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਸੁੰਦਰੀ ਜੀ ਹੀ ਕਿਉਂ ਨਾ ਕਰ ਰਹੇ ਹੋਣ? ਤਰਕ-ਰਹਿਤ, ਇਤਿਹਾਸਕ ਤੱਥਾਂ ਨਾਲ ਮੇਲ ਨਾ ਖਾਂਦੀ, ਮਨਘੜਤ ਦੂਸ਼ਣਬਾਜ਼ੀ ਨਾਲ ਬੰਦਾ ਬਹਾਦਰ ਨੂੰ ਅਸਿੱਖ, ਕੁਰਾਹੀਆ, ਮਨਮਤੀਆ ਤੇ ਜ਼ਾਲਮ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਗਿਆ। ਅਸਲ ਵਿਚ ਪੰਥ 'ਚ ਫੁੱਟ ਦੇ ਬੀਜ ਗੁਰੂ ਗੋਬਿੰਦ ਸਿੰਘ ਦੇ ਸਮੇਂ ਬੰਦਾ ਬਹਾਦਰ ਨੂੰ ਦੱਖਣ ਤੋਂ ਪੰਜਾਬ ਵੱਲ ਤੋਰਨ ਵੇਲੇ ਹੀ ਪੈਦਾ ਹੋ ਗਏ ਸਨ, ਜਦੋਂ ਦਸਮ ਗੁਰੂ ਵੱਲੋਂ ਬੰਦੇ ਨੂੰ ਪੰਥ ਦਾ ਆਗੂ ਨੀਯਤ ਕਰਨ ਸਮੇਂ ਪਾਈ ਗਾਤਰੇ ਦੀ ਕ੍ਰਿਪਾਨ ਕੁਝ ਕੁ ਨਾਰਾਜ਼ ਆਗੂਆਂ ਨੇ ਗਲੋਂ ਲੁਹਾ ਲਈ ਸੀ। ਇਸ ਦਾ ਸਿੱਟਾ ਬਾਬਾ ਵਿਨੋਦ ਸਿੰਘ, ਕਾਹਨ ਸਿੰਘ, ਮੀਰੀ ਸਿੰਘ ਵਰਗੇ ਜਰਨੈਲਾਂ ਦਾ ਬੰਦੇ ਬਹਾਦਰ ਦਾ ਸਾਥ ਛੱਡ ਜਾਣ ਵਿਚ ਨਿਕਲਿਆ। ਪੰਥ, ਬੰਦਈ ਖਾਲਸਾ ਤੇ ਤੱਤ ਖਾਲਸਾ ਵਿਚ ਦੋਫਾੜ ਹੋ ਗਿਆ।

ਇਰਾਦੇ ਦੇ ਪੱਕੇ, ਦ੍ਰਿੜ, ਪ੍ਰਤੀਬੱਧ, ਸਿਰੜੀ, ਕੁਰਬਾਨੀ ਦੇ ਪੁੰਜ ਬੰਦਾ ਬਹਾਦਰ ਨੇ ਤਾਂ ਮੁਗਲ ਸਰਕਾਰ ਦੇ ਜ਼ੁਲਮ ਜਬਰ ਵਿਰੁਧ ਆਮ ਵਾਹੀਕਾਰ ਤੇ ਗਰੀਬ ਲੋਕਾਂ ਦੀ ਲੜਾਈ ਜਾਰੀ ਰੱਖੀ। ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਅਨਿਨ ਭਗਤ ਸਾਬਤ ਕਰਦਿਆਂ ਬਹਾਦਰੀ ਨਾਲ ਸ਼ਹਾਦਤ ਦਾ ਜਾਮ ਪੀਤਾ। ਸੀਅਰੁਲ ਮੁਖਾਤਬੀਨ ਦਾ ਕਰਤਾ ਗੁਲਾਮ ਹੁਸੈਨ ਤੇ ਖਫੀ ਖਾਨ ਇਸ ਲਾਸਾਨੀ ਸ਼ਹਾਦਤ ਦੇ ਚਸ਼ਮਦੀਦ ਗਵਾਹ ਸਨ। ਜੌਹਨ ਸਰਮਨ, ਐਡਵਰਡ ਸਟੀਫਸਨ ਦੀ ਰਿਪੋਰਟ ਤੇ ਬਰਤਾਨਵੀ ਭਾਰਤ ਦਾ ਰਿਕਾਰਡ ਵੀ ਇਸ ਦੀ ਸ਼ਾਹਦੀ ਭਰਦੇ ਹਨ। ਇਹ ਬੰਦਾ ਬਹਾਦਰ ਦੀ ਮਹਾਨ ਸ਼ਹਾਦਤ ਦਾ ਹੀ ਨਤੀਜਾ ਹੈ ਕਿ ਪੰਥ ਦੀ ਮੁੱਖਧਾਰਾ ਵਾਲੇ ਆਗੂ ਤੇ ਵਰਤਮਾਨ ਇਤਿਹਾਸਕਾਰ ਉਸ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਸੋਧਣ ਲਈ ਮਜਬੂਰ ਹੋਏ ਹਨ। ਪੁਰਾਤਨ ਰਿਕਾਰਡ ਦੀ ਫੋਲਾ-ਫਾਲੀ ਹੋ ਰਹੀ ਹੈ।

ਬੰਦਾ ਬਹਾਦਰ ਦੀ ਕਦਰ ਘਟਾਈ ਕਰਨ ਵਿਚ ਉਸ ਦੇ ਆਪਣੇ ਹੀ ਸਾਥੀਆਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ। ਵੱਖਰਾ ਕੌਮਾਂਤਰੀ ਵੈਰਾਗੀ ਮੰਡਲ ਜਥੇਬੰਦ ਕਰ ਕੇ ਰਾਜਸੀ ਲਾਹਾ ਲੈਣ ਲਈ ਉਸ ਨੂੰ ਵੱਖਰੇ ਪੰਥ ਦਾ ਆਗੂ ਸਾਬਤ ਕਰ ਕੇ ਪੰਥ ਦੀ ਮੁਖਧਾਰਾ ਤੋਂ ਵੱਖਰਿਆਉਣ ਦਾ ਯਤਨ ਵੀ ਕੀਤਾ ਗਿਆ। ਜੇ ਮੁਹੰਮਦ ਸਫੀ ਵਾਰਿਦ ਵਰਗੇ ਲੇਖਕਾਂ ਜੋ ਮੁਸਲਿਮ ਫਿਰਕਾਪ੍ਰਸਤੀ, ਸਾਮੰਤਵਾਦੀ ਰਾਜ ਦੀ ਪਿੱਠੂ ਸਨ, ਨੇ ਬੰਦੇ ਬਹਾਦਰ ਬਾਰੇ ਕਿਹਾ, "ਉਸ ਸ਼ਿਕਾਰੀ ਕੁੱਤੇ ਦੀ ਬਗਾਵਤ ਨਾਲ ਮੁਸਲਮਾਨਾਂ ਦਾ ਖ਼ੂਨ ਸ਼ਹਿਰ ਸ਼ਹਿਰ ਜੰਗਲ ਜੰਗਲ ਧਰਤੀ 'ਤੇ ਡੁੱਲ੍ਹਿਆ" ਅਤੇ ਅਸਰਾਰਿ ਸਮਦੀ (1728-29 ਈਸਵੀ) ਨੇ "ਕਿਸੇ ਵਿਅਕਤੀ ਦੀ ਉਸ ਦੇ ਪੰਜੇ ਵਿਚੋਂ ਰਿਹਾਈ ਨਾ ਵੇਖੀ ਗਈ, ਸੰਸਾਰ ਵਿਚ ਪਰਲੋਅ ਪ੍ਰਗਟ ਹੋ ਗਈ" ਵਰਗੀਆਂ ਟਿੱਪਣੀਆਂ ਕੀਤੀਆਂ ਹਨ ਤਾਂ ਜ਼ਾਹਰ ਹੈ ਕਿ ਬੰਦਾ ਬਹਾਦਰ ਦੀ ਲੜਾਈ ਕੱਟੜ ਮੁਸਲਮਾਨ ਤੁਅੱਸਬੀ ਜਗੀਰਦਾਰੀ, ਸਾਮੰਤਵਾਦੀ ਰਾਜ ਪ੍ਰਬੰਧ ਖਤਮ ਕਰਕੇ ਜਨਤਕ ਖਾਲਸਈ ਲਹਿਰ ਰਾਹੀਂ ਜ਼ਮੀਨ ਹਲਵਾਹਕ ਦੀ, ਹਰ ਧਰਮ ਨੂੰ ਯੋਗ ਸਨਮਾਨ ਤੇ ਆਮ ਗਰੀਬ ਲੋਕਾਂ ਦੇ ਨਿਆਂਇਕ ਗੁਰੂ ਗੋਬਿੰਦ ਸਿੰਘ ਦੇ ਖਾਲਸਈ ਅਸੂਲਾਂ ਅਨੁਸਾਰ ਰਾਜ ਸਥਾਪਤ ਕਰਨ ਵੱਲ ਸੇਧਤ ਸੀ। ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ ਦੀ ਟਿੱਪਣੀ ਹੈ,

ਜਿਸ ਗੁਰ ਜੀ ਸੋਂ ਵੈਰ ਕਮਾਯੋ,
ਬਦਲੇ ਲੈਣ ਤਿਸੀ ਮੈਂ ਆਇਯੋ।
ਤਿੰਨ ਤਿੰਨ ਕੋ ਮੈਂ ਮਾਰ ਮਕਾਊਂ,
ਤਊ ਸਤਿਗੁਰੂ ਕੋ ਬੰਦਾ ਕਹਾਊਂ।

ਦੌਲਤ ਰਾਏ ਇਤਿਹਾਸਕਾਰ ਅਨੁਸਾਰ, "ਬੰਦਾ ਬਹਾਦਰ ਇਸ ਮਿਸ਼ਨ ਨੂੰ ਪੂਰਾ ਕਰਨ ਵਿਚ ਸਫਲ ਹੋਇਆ। ਉਸ ਆਮ ਲੋਕਾਂ ਦੀ ਰਾਜਸੀ ਧਾਰਮਿਕ ਸ਼ਕਤੀ ਪੈਦਾ ਕਰ ਕੇ ਕੌਮੀਅਤ ਦਾ ਜਜ਼ਬਾ ਪੈਦਾ ਕੀਤਾ ਤੇ ਆਜ਼ਾਦੀ ਦੀ ਚਿਣਗ ਜਗਾਈ ਜੋ ਉਸ ਦੀ ਮੌਤ ਪਿੱਛੋਂ ਸਿੱਖ ਰਾਜ ਦੇ ਰੂਪ ਵਿਚ ਲਟ ਲਟ ਕਰ ਕੇ ਬਲੀ।"

ਲੜੀ ਨੰਬਰ 8 ਦੇ ਲੇਖ 'ਬੰਦਾ ਬਹਾਦਰ ਨੇ ਘਰ ਕਿਉਂ ਛੱਡਿਆ' ਵਿਚ ਲੇਖਕ ਹਰਪਾਲ ਸਿੰਘ ਫਾਰਸੀ ਵਿਦਵਾਨ ਬੁੱਧ ਸਿੰਘ ਤੇ ਅਜੈਬ ਸਿੰਘ ਮਲੇਰਕੋਟਲਾ ਦੀ ਕਿਤਾਬ 'ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼' (1783) ਦੇ ਹਵਾਲੇ ਨਾਲ ਬੰਦੇ ਦੇ ਜੀਵਨ ਕਾਲ ਦੇ ਨੇੜੇ ਦੇ ਇਤਿਹਾਸਕਾਰਾਂ ਦੇ ਹਵਾਲਿਆਂ ਨੂੰ ਪਲਟਦਿਆਂ (ੳ) ਬੰਦਾ ਬਹਾਦਰ ਦਾ ਜਨਮ ਪੁਣਛ ਖੇਤਰ ਵਿਚ ਤੱਛਲ ਦੇ ਕਿਲੇ ਦੇ ਕਿਲੇਦਾਰ ਸ੍ਰੀ ਰਾਮਦਾਸ ਦੇ ਘਰ ਦੀ ਬਜਾਏ ਪੰਡੋਰੀ ਕਰਤਾਰਪੁਰ ਨੇੜੇ ਬਿਸਤ ਦੁਆਬ (ਜਲੰਧਰ) ਵਿਖੇ ਬਾਜ਼ੀਗਰ ਬਰਾਦਰੀ ਵਿਚ ਹੋਇਆ ਸਿੱਧ ਕਰਨ 'ਤੇ ਜ਼ੋਰ ਦਿੰਦਾ ਹੈ। ਲੇਖਕ ਉਸ ਨੂੰ ਹਿੰਦੂ ਵੈਰਾਗੀ ਤੋਂ ਬਾਜ਼ੀਗਰ ਬਣਾ ਦਿੰਦਾ ਹੈ ਅਤੇ ਐਚ.ਐਸ. ਸਿੰਘ ਦੇ 'ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਦੇ ਕੇਵਲ ਇਕ ਫੁਟਨੋਟ ਨੂੰ ਆਧਾਰ ਬਣਾਉਂਦਾ ਹੈ; (ਅ) ਬੰਦਾ ਬਹਾਦਰ ਦੇ ਸ਼ਿਕਾਰੀ ਦੇ ਰੂਪ ਵਿਚ ਹਿਰਨੀ ਦਾ ਪੇਟ ਚਾਕ ਕਰਨ ਤੇ ਉਸ ਦੇ ਬੱਚਿਆਂ ਦਾ ਉਸ ਦੀਆਂ ਅੱਖਾਂ ਸਾਹਮਣੇ ਤੜਫ ਤੜਫ ਕੇ ਮਰ ਜਾਣ ਤੋਂ ਬਿਹਬਲ ਹੋ ਕੇ ਸਾਧ ਬਣ ਕੇ ਘਰ-ਬਾਰ ਛੱਡ ਜਾਣ ਦੀ ਕਹਾਣੀ ਨੂੰ ਮਨ-ਘੜਤ, ਅਜੋਕੇ ਇਤਿਹਾਸਕਾਰਾਂ ਵੱਲੋਂ ਪ੍ਰਾਚੀਨ ਇਤਿਹਾਸਕਾਰਾਂ ਦੇ ਨਕਸ਼ੇ ਕਦਮ 'ਤੇ ਚਲਦਿਆਂ ਲਕੀਰ ਪਿੱਟਣ ਵਾਲੀ ਮੰਨਦਾ ਹੈ। ਲੇਖਕ ਦੇ 1783 ਈਸਵੀ ਦੇ ਹਵਾਲੇ ਨਾਲੋਂ ਸ੍ਰੀ ਗੁਰੂ ਸੋਭਾ (1711 ਈਸਵੀ), ਗੁਰਬਿਲਾਸ ਪਾਤਸ਼ਾਹੀ ਦਸਵੀਂ (1751 ਈਸਵੀ), ਬੰਸਾਵਲੀਨਾਮਾ ਦਸ ਪਾਤਸ਼ਾਹੀਆਂ (1769 ਈਸਵੀ), ਗੁਰੂ ਕੀਆਂ ਸਾਖੀਆਂ (1790 ਈਸਵੀ) ਦੇ ਦਿੱਤੇ ਵੇਰਵਿਆਂ ਨੂੰ ਵਧੇਰੇ ਸਾਰਥਕ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਵੇਰਵੇ ਵਾਪਰੀਆਂ ਘਟਨਾਵਾਂ ਦੇ ਵਧ ਨੇੜੇ ਦੇ ਸਮੇਂ ਦੇ ਪ੍ਰਤੱਖ ਪ੍ਰਮਾਣ ਹਨ। ਸਾਨੂੰ ਕਰਮ ਸਿੰਘ ਹਿਸਟੋਰੀਅਨ ਦੇ ਇਨ੍ਹਾਂ ਸ਼ਬਦਾਂ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ, "ਇਤਿਹਾਸਕ ਤੱਥਾਂ ਨੂੰ ਖੋਜਦਿਆਂ ਮਿਤੀਆਂ ਸਥਾਨਾਂ ਆਦਿ ਦੇ ਥੋੜ੍ਹੇ-ਬਹੁਤ ਫਰਕ ਨੂੰ ਜੇ ਉਹ ਸਿੱਖੀ ਦੇ ਮੁੱਢਲੇ ਅਸੂਲਾਂ ਦੀ ਅਵੱਗਿਆ ਨਾ ਕਰਦੇ ਹੋਣ, ਤਾਂ ਲੋਕ ਧਾਰਨਾਵਾਂ ਨੂੰ ਸਹੀ ਮੰਨਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਅਤੇ ਬੇਲੋੜੀ ਬਹਿਸ ਦਾ ਵਿਸ਼ਾ ਨਹੀਂ ਬਣਾਉਣਾ ਚਾਹੀਦਾ।"

ਲੇਖਕ ਅਨੁਸਾਰ ਪੰਡੋਰੀ (ਜਲੰਧਰ) ਦਾ ਯਤੀਮ ਬਾਜ਼ੀਗਰਾਂ ਦਾ ਨੌਜਵਾਨ ਬੰਦਾ ਬਹਾਦਰ ਆਪਣੇ ਨੇੜੇ ਦੇ ਸਬੰਧੀਆਂ ਚਾਚੇ-ਤਾਇਆਂ ਦਾ ਸਤਾਇਆ ਗੁਰੂ ਘਰ ਕਰਤਾਰਪੁਰ ਨੂੰ ਆਪਣਾ ਆਸਰਾ ਬਣਾਉਂਦਾ ਹੈ। ਗੁਰਦੁਆਰੇ ਦੇ ਭਾਈ ਜੀ ਜਿਸ ਦਾ ਲੇਖਕ ਨੇ ਨਾਉਂ ਨਹੀਂ ਲਿਖਿਆ, ਨੇ ਬੰਦੇ ਨੂੰ ਸਿੱਖੀ ਦੇ ਮੁੱਢਲੇ ਅਸੂਲਾਂ, ਬਾਣੀ ਤੇ ਗੁਰੂ ਘਰ ਦੀ ਸੇਵਾ ਵਰਗੇ ਚੰਗੇ ਗੁਣਾਂ ਦਾ ਧਾਰਨੀ ਬਣਾਇਆ। ਇਥੇ ਲੇਖਕ ਬੰਦੇ ਦੇ ਸੰਗਤ ਨਾਲ ਗੁਰੂ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਚਾਲੇ ਪਾ ਦੇਣ ਦੀ ਕਹਾਣੀ ਬਿਆਨ ਕਰਦਾ ਹੈ। ਲੇਖਕ ਭੁੱਲ ਜਾਂਦਾ ਹੈ ਕਿ ਕਰਤਾਰਪੁਰ ਦਾ ਗੁਰੂ ਘਰ ਉਸ ਸਮੇਂ ਕਿਸ ਦੇ ਪ੍ਰਬੰਧ ਹੇਠ ਸੀ? ਕਰਤਾਰਪੁਰ ਦੀ ਗੱਦੀ 'ਤੇ ਉਹੀ ਧੀਰਮੱਲੀਏ ਕਾਬਜ਼ ਸਨ ਜਿਨ੍ਹਾਂ ਬਾਬੇ ਬਕਾਲੇ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੇ ਪ੍ਰਗਟ ਹੋਣ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਵਲੋਂ ਗੁਰੂ ਲਾਧੋ ਰੇ ਦਾ ਹੋਕਾ ਦੇਣ ਪਿਛੋਂ ਸ਼ੀਹੇਂ ਮਸੰਦ ਨੂੰ ਤੁੱਖਣਾ ਦਿੱਤੀ ਜਿਸ ਨੇ ਗੁਰੂ ਤੇਗ ਬਹਾਦਰ ਉਤੇ ਗੋਲੀ ਚਲਾਈ ਸੀ। ਇਹ ਧੀਰਮੱਲੀਏ ਸੰਗਤਾਂ ਵੱਲੋਂ ਭੇਟ ਕੀਤਾ ਸਾਰਾ ਚੜ੍ਹਾਵਾ ਚੁੱਕ ਕੇ ਲੈ ਗਏ ਸਨ। ਇਸ ਘਟਨਾ ਦੇ ਵਿਰੋਧ ਵਿਚ ਮੱਖਣ ਸ਼ਾਹ ਲੁਬਾਣੇ ਦੇ ਆਦਮੀ ਧੀਰਮਲੀਆਂ ਦੇ ਡੇਰੇ ਤੋਂ ਸਾਰੇ ਸਾਮਾਨ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਲੈ ਆਏ ਸਨ। ਗੁਰੂ ਜੀ ਦੀ ਪ੍ਰੇਰਨਾ ਨਾਲ ਹੀ ਬਾਬਾ ਮੱਖਣ ਸ਼ਾਹ ਦੇ ਆਦਮੀ ਲਿਆਂਦਾ ਸਾਮਾਨ ਤੇ ਚੜ੍ਹਾਵਾ ਮੋੜ ਆਏ ਸਨ। ਧੀਰਮਲ ਆਪਣਾ ਡੇਰਾ-ਡੰਡਾ ਚੁੱਕ ਕੇ ਕਰਤਾਰਪੁਰ ਮੁੜ ਗਿਆ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਉਹੀ ਧੀਰਮਲ ਬੰਦਾ ਬਹਾਦਰ ਨੂੰ ਪ੍ਰੇਰ ਕੇ ਅਨੰਦਪੁਰ ਵਿਚ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਬੇਨਤੀ ਕਰਦਾ ਹੋਵੇ!

ਨੌਂਵੇ ਗੁਰੂ ਤੇਗ ਬਹਾਦਰ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਪੀੜ੍ਹਾ ਸਾਹਿਬ ਸਮੇਤ ਬਿਆਸ ਦਰਿਆ ਕੰਢੇ ਸੁਭਾਇਮਾਨ ਕਰ ਕੇ ਧੀਰਮਲੀਆਂ ਨੂੰ ਵਾਪਸ ਲੈ ਜਾਣ ਲਈ ਸੁਨੇਹਾ ਭੇਜਿਆ ਸੀ ਅਤੇ ਆਖਿਆ ਸੀ ਕਿ ਧੀਰਮਲ ਦੀ ਕੋਈ ਚੀਜ਼ ਵੀ ਅਸੀਂ ਆਪਣੇ ਕੋਲ ਨਹੀਂ ਰੱਖਾਂਗੇ। ਇਹ ਉਹੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੈ ਜੋ ਅੱਜਕੱਲ੍ਹ ਧੀਰਮਲੀਆਂ ਦੇ ਘਰ ਸ਼ੀਸ਼ਮਹਿਲ ਵਿਖੇ ਬਿਰਾਜਮਾਨ ਹੈ। ਹਰ ਸੰਗਰਾਂਦ ਧੀਰਮਲੀਏ ਸੰਗਤਾਂ ਨੂੰ ਉਸ ਦੇ ਦਰਸ਼ਨ ਕਰਵਾਉਂਦੇ ਤੇ ਚੜ੍ਹਾਵਾ ਪ੍ਰਾਪਤ ਕਰਦੇ ਹਨ। (ਜੀਵਨ ਬਿਰਤਾਂਤ ਦਸ ਪਾਤਸ਼ਾਹੀਆਂ, ਸਫਾ 334-335)। ਇਸ ਲਈ ਬੰਦੇ ਬਹਾਦਰ ਦੇ ਕਰਤਾਰਪੁਰ ਠਹਿਰਨ ਅਤੇ ਅਨੰਦਪੁਰ ਪੁੱਜਣ ਦਾ ਵਿਚਾਰ ਇਤਿਹਾਸਕ ਤੱਥਾਂ ਅਨੁਸਾਰ ਦਰੁਸਤ ਸਾਬਤ ਨਹੀਂ ਹੁੰਦਾ।

ਹਰਪਾਲ ਸਿੰਘ ਅੱਗੇ ਲਿਖਦਾ ਹੈ ਕਿ ਅਨੰਦਪੁਰ ਪੁੱਜ ਕੇ ਬੰਦਾ ਬਹਾਦਰ ਗੁਰੂ ਦਾ ਬੰਦਾ ਹੋ ਕੇ ਗੁਰੂ ਚਰਨਾਂ ਵਿਚ ਟਿਕ ਜਾਂਦਾ ਹੈ ਤੇ ਪੰਥ ਦਾ ਅੰਗ ਬਣ ਜਾਂਦਾ ਹੈ। ਉਸ ਵਿਚ ਪੂਰਨ ਸੰਤ ਸਿਪਾਹੀ ਦੇ ਗੁਣਾਂ ਦਾ ਸੰਚਾਰ ਹੋ ਜਾਂਦਾ ਹੈ।

ਇਥੇ ਲੇਖਕ ਦੱਸਦਾ ਹੈ ਕਿ ਭੰਗਾਣੀ ਦਾ ਯੁੱਧ ਪਹਾੜੀ ਰਾਜਿਆਂ ਭੀਮ ਚੰਦ ਗੜਵਾਲ ਦੇ ਰਾਜਾ ਫਤਿਹ ਸ਼ਾਹ ਵਿਚਕਾਰ 15 ਸਤੰਬਰ 1688 ਨੂੰ ਹੋਇਆ। ਇਸ ਵਿਚ ਬੰਦਾ ਬਹਾਦਰ ਵੱਲੋਂ ਨਿਭਾਈ ਅਹਿਮ ਭੂਮਿਕਾ ਦਾ ਜ਼ਿਕਰ ਹੈ ਕਿ ਬੰਦੇ ਬਹਾਦਰ ਤੇ ਹਰੀ ਚੰਦ ਵਿਚਕਾਰ ਗਹਿ-ਗੱਚ ਲੜਾਈ ਵਿਚ ਹਰੀ ਚੰਦ ਮਾਰਿਆ ਗਿਆ ਜਿਸ ਦਾ ਸਿੱਟਾ ਗੁਰੂ ਜੀ ਦੀ ਜਿੱਤ ਵਿਚ ਨਿਕਲਿਆ। ਲੇਖਕ ਗੁਰੂ ਗੋਬਿੰਦ ਸਿੰਘ ਰਚਿਤ 'ਬਚਿਤਰ ਨਾਟਕ' ਦੀਆਂ ਇਨ੍ਹਾਂ ਤੁਕਾਂ ਨੂੰ ਬੰਦੇ ਬਹਾਦਰ ਨਾਲ ਜੋੜਨ ਦਾ ਹੀਲਾ ਕਰਦਾ ਹੈ,

ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ।
ਕਰੀ ਲੈ ਕਮਾਣੈ, ਹਨਿਯੋ ਇਹ ਜੁਆ ਨੇ।
ਸਭੈ ਵੀਰ ਧਾਏ, ਸਰੋਘੇ ਚਲਾਏ।
ਹਰੀ ਚੰਦ ਮਾਰੇ, ਸੋ ਯੋਧਾ ਲਤਾਰੇ।
ਭਈ ਜੀਤ ਮੇਰੀ, ਕ੍ਰਿਪਾ ਨਾਲ ਤੇਰੀ।
ਰਣ ਜੀਤ ਆਏ, ਜਯੋ ਗੀਤ ਗਾਏ।

ਲੇਖਕ ਨੇ ਇਨ੍ਹਾਂ ਸਤਰਾਂ ਨੂੰ ਬੇਤੁਕੇ ਢੰਗ ਨਾਲ ਬੰਦਾ ਬਹਾਦਰ ਨਾਲ ਜੋੜਿਆ ਹੈ। ਇਥੇ 'ਗੁਰੂ ਕੀਆਂ ਸਾਖੀਆਂ' (1790) ਦਾ ਪੰਨਾ 101 ਵਾਚਣਾ ਜ਼ਰੂਰੀ ਹੈ, "ਫਤਿਹ ਸ਼ਾਹ ਨੇ ਭੱਜੀ ਜਾਂਦੀ ਫੌਜ ਨੂੰ ਦੇਖ ਕੇ ਹਰੀ ਚੰਦ ਨੂੰ ਤਾਅਨਾ ਮਾਰਿਆ, ਇਸ ਨੂੰ ਬੜੀ ਤਮਕ ਲਾਗੀ ਕਮਾਨ ਪਕੜ ਸਾਹਮਣੇ ਦੇਖ ਗੁਰੂ ਜੀ ਤੇ ਯਕੇ ਬਾਦ ਦੀਗਰੇ ਇਸੇ ਬੜੀ ਤੇਜ਼ੀ ਸੇ ਤੱਕ ਤੱਕ ਤੀਰ ਮਾਰੇ ਜਿਸ ਮੇਂ ਦੋ ਵਾਰ ਖਾਲੀ ਗਏ ਤੀਜਾ ਵਾਰ ਗੁਰੂ ਜੀ ਦੀ ਪੇਟੀ ਮੇਂ ਲਗਾ ਜਿਸ ਸੇ ਸਤਿਗੁਰਾਂ ਕੋ ਮਾਮੂਲੀ ਸਾ ਘਾਓ ਆਇਆ। ਗੁਰੂ ਜੀ ਨੇ ਇਸੇ ਦੇਖ ਕਮਾਨ ਪਕੜ ਐਸਾ ਖੀਂਚ ਕੇ ਤੀਰ ਮਾਰਾ ਜਿਸ ਦੇ ਲਾਗਨੇ ਸੇ ਹਰੀ ਚੰਦ ਘੋੜੇ ਸੇ ਨੀਚੇ ਆਇ ਗਿਰਾ ਇਸ ਕੇ ਮਰਨ ਦੀ ਦੇਰੀ ਸੀ ਫਤਿਹ ਸ਼ਾਹ ਕੀ ਫੌਜ ਕਾ ਹੌਸਲਾ ਪਸਤ ਹੋਇ ਗਿਆ, ਸਭ ਨੇ ਭਾਗ ਕਰ ਜਾਨ ਬਚਾਈ।"

ਇਤਿਹਾਸਕ ਤੱਥਾਂ ਦੇ ਵਿਪਰੀਤ ਹਰਪਾਲ ਸਿੰਘ ਨੇ ਤਰਕ-ਵਿਹੂਣੇ ਢੰਗ ਨਾਲ ਭੰਗਾਣੀ ਦੇ ਯੁੱਧ ਵਿਚ ਬੰਦੇ ਬਹਾਦਰ ਦੀ ਸ਼ਮੂਲੀਅਤ ਨੂੰ ਨਰੜਨ ਦਾ ਯਤਨ ਕੀਤਾ ਹੈ।

ਨਦੌਣ ਦੀ ਲੜਾਈ ਮੁਗਲ ਜਰਨੈਲ ਅਲਫ ਖਾਂ ਅਤੇ ਭੀਮ ਚੰਦ ਤੇ ਪਹਾੜੀ ਰਾਜਿਆਂ ਨਾਲ ਵਿਚਕਾਰ ਹੋਈ। ਭੀਮ ਚੰਦ ਨੇ ਗੁਰੂ ਤੋਂ ਸਹਾਇਤਾ ਮੰਗੀ। ਇਸ ਯੁੱਧ ਵਿਚ ਵੀ ਲੇਖਕ ਇਹ ਦੱਸਣ ਦੇ ਆਹਰ ਵਿਚ ਹੈ ਕਿ ਪਹਾੜੀ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦਿਆਂ, ਗੁਰੂ ਜੀ ਨੇ ਬੰਦਾ ਬਹਾਦਰ ਦੀ ਅਗਵਾਈ ਵਿਚ ਦੀਵਾਨ ਨੰਦ ਚੰਦ, ਧਰਮ ਚੰਦ, ਭਾਈ ਮਨੀ ਰਾਮ, ਭਾਈ ਆਲਮ ਚੰਦ ਨਚਣਾ ਨੂੰ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਭੇਜਿਆ। ਹੋਰ ਕਿਸੇ ਵੀ ਇਤਿਹਾਸਕਾਰ ਨੇ ਇਸ ਜੰਗ ਵਿਚ ਬੰਦਾ ਬਹਾਦਰ ਦੀ ਸ਼ਮੂਲੀਅਤ ਦਾ ਜ਼ਿਕਰ ਨਹੀਂ ਕੀਤਾ। ਕੀ ਵਿਦਵਾਨ ਲੇਖਕ ਦੱਸ ਸਕਦਾ ਹੈ ਕਿ ਅਨੰਦਪੁਰ ਦੀ ਪਹਿਲੀ ਲੜਾਈ (1682 ਵਿਚ ਰਾਜਾ ਭੀਮ ਚੰਦ ਅਤੇ ਗੁਰੂ ਪੰਥ ਵਿਚਕਾਰ), ਅਨੰਦਪੁਰ ਦੀ ਦੂਜੀ ਲੜਾਈ (1685 ਵਿਚ ਦਸਵੇਂ ਪਾਤਸ਼ਾਹ ਅਤੇ ਭੀਮ ਚੰਦ, ਕਾਂਗੜਾ ਤੇ ਗਲੇਰ ਦੇ ਰਾਜਿਆਂ ਵਿਚਕਾਰ), ਵਸਾਲੀ ਦੀ ਲੜਾਈ, ਹਸੈਨੀ ਯੁੱਧ (1696 ਵਿਚ ਦਲਾਵਰ ਖਾਂ, ਹਸੈਨ ਖਾਂ ਅਤੇ ਗੁਰੂ ਜੀ ਦਰਮਿਆਨ) ਵਿਚ ਬੰਦੇ ਬਹਾਦਰ ਦੀ ਭੂਮਿਕਾ ਸੀ?

30 ਮਾਰਚ 1699 ਨੂੰ ਅਨੰਦਪੁਰ ਕੇਸਗੜ੍ਹ ਦੀ ਧਰਤੀ 'ਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਾਜਨਾ ਕੀਤੀ। ਲੇਖਕ ਪ੍ਰਮਾਣੀਕ ਇਤਿਹਾਸਕ ਤੱਥਾਂ ਦੇ ਉਲਟ ਬੰਦਾ ਬਹਾਦਰ ਨੂੰ ਕੇਸਗੜ੍ਹ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤਧਾਰੀ ਬਣ ਜਾਣਾ ਸਿੱਧ ਕਰਨ ਦੇ ਆਹਰ ਵਿਚ ਹੈ। ਸੁਰਜੀਤ ਸਿੰਘ ਪੰਛੀ ਦੀ ਪੁਸਤਕ 'ਬੰਦਾ ਸਿੰਘ ਬਹਾਦਰ ਜੀਵਨ ਸੰਘਰਸ਼ ਤੇ ਪ੍ਰਾਪਤੀਆਂ' ਵਿਚ ਬੰਦਾ ਸਿੰਘ ਬਹਾਦਰ ਦੇ ਅੰਮ੍ਰਿਤਧਾਰੀ ਹੋਣ ਬਾਰੇ ਵਿਸਥਾਰ ਪੂਰਵਕ ਚਰਚਾ ਹੈ। ਬੰਦੇ ਬਹਾਦਰ ਦੀ ਜੌਨਪੁਰ ਦੀ ਸੰਗਤ ਨੂੰ 12 ਦਸੰਬਰ 1710 ਨੂੰ ਲਿਖੀ ਚਿੱਠੀ ਦਾ ਹਵਾਲਾ ਦੇਣਾ ਬਣਦਾ ਹੈ, "ਸਰਬਤ ਖਾਲਸਾ ਜਾਉਨਪੁਰ ਕਾ ਗੁਰੂ ਰਖੇਗਾ। ਗੁਰੂ ਗੁਰੂ ਜਪਣਾ, ਤੁਸੀਂ ਅਕਾਲ ਪੁਰਖ ਕਾ ਖਾਲਸਾ ਹੋ, ਮੇਰਾ ਹੁਕਮ ਹੈ ਜੋ ਖਾਲਸੇ ਦੀ ਰਹਿਤ ਰਹੇਗਾ ਤਿਸ ਕੀ ਗੁਰੂ ਬਹੁੜੀ ਕਰੇਗਾ।" ਜਿਹੜਾ ਬੰਦਾ ਸਿੰਘ ਬਹਾਦਰ ਖਾਲਸੇ ਦੀ ਰਹਿਤ ਰਹਿਣ ਦਾ ਹੁਕਮ ਸੰਗਤ ਨੂੰ ਦਿੰਦਾ ਹੈ, ਕੀ ਉਹ ਆਪ ਅੰਮ੍ਰਿਤਧਾਰੀ ਖਾਲਸਾ ਨਹੀਂ ਹੋਵੇਗਾ? ਕੀ ਸੰਗਤ, ਬਿਨਾਂ ਅੰਮ੍ਰਿਤਧਾਰੀ ਬੰਦਾ ਸਿੰਘ ਦਾ ਹੁਕਮ ਮੰਨੇਗੀ? ਕੀ ਬਿਨਾਂ ਅੰਮ੍ਰਿਤ ਧਾਰਨ ਕੀਤੇ ਕੋਈ ਬੰਦਾ ਖਾਲਸੇ ਦੀ ਰਹਿਤ ਰਹਿਣ ਦਾ ਉਪਦੇਸ਼ ਦੇ ਸਕਦਾ ਹੈ? ਇਹ ਕਦਾਚਿਤ ਨਹੀਂ ਹੋ ਸਕਦਾ।

ਇਸ ਘਟਨਾ ਤੋਂ ਬਾਅਦ ਲੇਖਕ ਬੰਦਾ ਸਿੰਘ ਬਹਾਦਰ ਨੂੰ ਇਤਿਹਾਸਕ ਘਟਨਾਕ੍ਰਮ 'ਚੋਂ ਗਾਇਬ ਕਰ ਕੇ ਪਿਛੋਕੜ ਵਿਚ ਧੱਕ ਦਿੰਦਾ ਹੈ। ਕੀ ਲੇਖਕ ਦੱਸ ਸਕਦਾ ਹੈ ਕਿ ਕੇਸਗੜ੍ਹ ਸਾਹਿਬ ਗੁਰੂ ਜੀ ਵੱਲੋਂ ਖਾਲਸਾ ਪੰਥ ਸਾਜਣ ਸਮੇਂ ਬੰਦਾ ਬਹਾਦਰ ਦੀ ਕੀ ਭੂਮਿਕਾ ਸੀ? ਅਨੰਦਪੁਰ ਛੱਡਣ ਸਮੇਂ ਸਰਸਾ ਕੰਢੇ ਹੋਏ ਯੁੱਧ ਅਤੇ ਚਮਕੌਰ ਸਾਹਿਬ ਦੀ ਬੇਮੇਚਵੀਂ ਲੜਾਈ ਸਮੇਂ ਉਹ ਕਿੱਥੇ ਸੀ? ਖਿਦਰਾਣੇ ਦੀ ਢਾਬ 'ਤੇ 40 ਸਿੰਘ ਸ਼ਹੀਦੀਆਂ ਪਾ ਰਹੇ ਸਨ ਤੇ ਆਪਣੀ ਭੁੱਲ ਬਖਸ਼ਾ ਰਹੇ ਸਨ, ਉਸ ਸਮੇਂ ਬੰਦਾ ਕਿਸ ਸਥਾਨ 'ਤੇ ਠਹਿਰਿਆ ਹੋਇਆ ਸੀ? ਲੇਖਕ ਵੱਲੋਂ ਇਸ ਖੱਪੇ ਨੂੰ ਭਰਨ ਦਾ ਕੀ ਯਤਨ ਹੈ?

ਸੁਰਜੀਤ ਸਿੰਘ ਪੰਛੀ 'ਗੁਰੂ ਗੋਬਿੰਦ ਸਿੰਘ ਜੀ ਦਾਦੂ ਮਾਜਰੇ' ਸਿਰਲੇਖ ਹੇਠ ਲਿਖਦੇ ਹਨ, "ਦਾਦੂ ਮਾਜਰਾ ਜੈਪੁਰ (ਰਾਜਸਥਾਨ) ਵਿਚ ਪਿੰਡ ਨਰਾਇਣਾ ਵਿਚ ਹੈ। ਗੁਰੂ ਜੀ ਦਾਦੂ ਮਾਜਰੇ ਜੈਤ ਰਾਮ ਨੂੰ ਮਿਲੇ ਅਤੇ ਰਾਜਸਥਾਨ ਦੇ ਰਾਜਪੂਤ ਰਾਜਿਆਂ ਨੂੰ ਗੁਰੂ ਜੀ ਦੇ ਮੁਗਲ ਰਾਜ ਵਿਰੁਧ ਸੰਘਰਸ਼ ਵਿਚ ਪ੍ਰੇਰ ਕੇ ਸ਼ਾਮਿਲ ਕਰਵਾਉਣ ਲਈ ਕਿਹਾ ਪਰ ਜੈਤ ਰਾਮ ਨੇ ਮੁਗਲਾਂ ਤੇ ਰਠੌਰਾਂ ਵਿਚਕਾਰ ਭੀਸ਼ਣ ਲਹੂ ਵੀਟਵੇਂ ਸੰਘਰਸ਼ ਚਲ ਰਹੇ ਹੋਣ ਕਰ ਕੇ ਆਪਣੀ ਅਸਮਰਥਾ ਪ੍ਰਗਟ ਕੀਤੀ ਪਰ ਮਾਧੋਦਾਸ ਦੀ ਦੱਸ ਪਾਈ ਜੋ ਉਸ ਸਮੇਂ ਦੱਖਣ ਵਿਚ ਸੀ। ਉਹ ਗੁਰੂ ਜੀ ਦੀ ਸਹਾਇਤਾ ਕਰਨ ਦੇ ਯੋਗ ਤੇ ਸਮਰੱਥ ਸੀ।

20 ਫਰਵਰੀ, 1707 ਈਸਵੀ ਨੂੰ ਔਰੰਗਜ਼ੇਬ ਦੀ ਮੌਤ ਭਾਰਤ ਦੇ ਇਤਿਹਾਸ ਵਿਚ ਮਹੱਤਵਪੂਰਨ ਘਟਨਾ ਸੀ। ਗੁਰੂ ਜੀ ਨੂੰ ਇਹ ਖਬਰ 12 ਮਾਰਚ 1707 ਨੂੰ ਬਘੌਰ (ਰਾਜਸਥਾਨ) ਵਿਖੇ ਮਿਲੀ। ਇਸ ਨਾਲ ਭਾਰਤ ਦੀ ਰਾਜਨੀਤੀ ਵਿਚ ਕੋਈ ਜਮਾਤੀ ਸਿਫ਼ਤੀ ਤਬਦੀਲੀ ਆਉਣ ਦੀ ਆਸ ਨਹੀਂ ਕੀਤੀ ਜਾ ਸਕਦੀ ਸੀ ਪਰ ਦਿੱਲੀ ਤਖ਼ਤ ਦੀ ਪ੍ਰਾਪਤੀ ਲਈ ਤਿੰਨ ਦਾਅਵੇਦਾਰ ਪੁੱਤਰਾਂ ਵਿਚ ਖੂਨੀ ਟਕਰਾਉ ਸੁਨਿਸਚਿਤ ਸੀ। ਵੱਡਾ ਮੁਅੱਜ਼ਮ ਉਸ ਸਮੇਂ ਕਾਬਲ ਦਾ ਗਵਰਨਰ ਸੀ। ਉਸ ਨੇ ਆਪਣੇ ਇਕ ਭਰੋਸੇਯੋਗ ਮੁਨਿਅਮ ਖਾਂ ਨੂੰ ਲਾਹੌਰ ਦਾ ਸਰਬਾ-ਸਰਬ ਬਣਾਇਆ ਹੋਇਆ ਸੀ। ਦੂਜਾ ਮੁਹੰਮਦ ਆਜ਼ਮ ਸ਼ਾਹ ਔਰੰਗਜ਼ੇਬ ਦੇ ਨਾਲ ਸੀ। ਤੀਜਾ ਕਾਮ ਬਖ਼ਸ਼ ਬੀਜਾਪੁਰ ਵਿਖੇ ਸੀ। ਮੁਅਜ਼ਮ ਬਾਕੀ ਦੋ ਭਰਾਵਾਂ ਤੋਂ ਘੱਟ ਤੁਅੱਸਬੀ ਸੀ ਅਤੇ ਧਾਰਮਿਕ ਅਮਨ ਸਹਿਹੋਂਦ ਵਿਚ ਯਕੀਨ ਰੱਖਦਾ ਸੀ। ਨੰਦ ਲਾਲ ਗੋਇਆ ਉਸ ਲਈ ਸਹਾਇਤਾ ਪ੍ਰਾਪਤ ਕਰਨ ਲਈ ਇੱਕ ਸਿੱਖ ਹਾਕਮ ਰਾਏ ਨੂੰ ਨਾਲ ਲੈ ਕੇ ਆਪਣੇ ਡਿਪਲੋਮੈਟਿਕ ਮਿਸ਼ਨ 'ਤੇ ਬਘੌਰ ਵਿਖੇ ਗੁਰੂ ਜੀ ਨੂੰ ਆ ਮਿਲਿਆ।

ਜੰਜੂਆ ਦੇ ਸਥਾਨ 'ਤੇ ਦਿੱਲੀ ਤਖ਼ਤ ਲਈ ਭਰਾਵਾਂ ਵਿਚ ਗਹਿਗਚ ਲੜਾਈ ਹੋਈ। ਗੁਰੂ ਜੀ ਦੀ ਸਰਗਰਮ ਸ਼ਮੂਲੀਅਤ ਰਾਹੀਂ ਹੀ ਮੁਅਜ਼ਮ (ਬਹਾਦਰ ਸ਼ਾਹ) ਦੀ ਜਿੱਤ ਹੋਈ। ਗੁਰੂ ਜੀ ਦੇ ਤੀਰ ਨਾਲ ਹੀ ਆਜ਼ਮ ਮਾਰਿਆ ਗਿਆ ਸੀ।

ਇਥੇ ਲੇਖਕ ਬਿਲਕੁਲ ਵੱਖਰਾ ਰਾਹ ਅਖ਼ਤਿਆਰ ਕਰਦਾ ਹੈ ਕਿ ਮੁਨਿਅਮ ਖਾਂ ਨੇ ਮੁਅੱਜ਼ਮ (ਗਵਰਨਰ ਕਾਬਲ) ਦੇ ਕਹਿਣ 'ਤੇ ਪੰਜਾਬ ਤੋਂ ਫੌਜ ਵਿਚ ਸਿੱਖਾਂ ਦੀ ਭਰਤੀ ਦਾ ਅਭਿਆਨ ਚਲਾਇਆ। ਇਕ ਵੱਖਰੀ ਫੌਜੀ ਟੁਕੜੀ ਦਾ ਗਠਨ ਕੀਤਾ ਜਿਸ ਨੂੰ ਗੁਰੂ ਦੀ ਸੰਗਤ ਕਹਿੰਦੇ ਸਨ। ਬੰਦਾ ਬਹਾਦਰ ਇਸ ਦਾ ਆਗੂ ਸੀ। ਲੇਖਕ ਇਤਿਹਾਸਕ ਤੱਥਾਂ ਦੇ ਉਲਟ ਲਿਖਦਾ ਹੈ ਕਿ ਗੁਰੂ ਜੀ ਤਾਂ ਜੰਜੂਆ ਦੇ ਸਥਾਨ 'ਤੇ ਹੋਈ ਲੜਾਈ ਵਿਚ ਸ਼ਾਮਲ ਹੀ ਨਹੀਂ ਸਨ। ਉਹ ਲਿਖਦਾ ਹੈ, "ਇਤਿਹਾਸਕਾਰ ਭੁਲੇਖਾ ਖਾ ਗਏ ਕਿਉਂਕਿ ਬੰਦੇ ਬਹਾਦਰ ਦਾ ਕੱਦ-ਕਾਠ ਗੁਰੂ ਜੀ ਨਾਲ ਮੇਲ ਖਾਂਦਾ ਸੀ।" ਹੈਰਾਨੀ ਹੁੰਦੀ ਹੈ ਕਿ ਕੀ ਇਤਿਹਾਸਕਾਰ ਐਡੇ ਹੀ ਕਮ-ਅਕਲ ਸਨ ਕਿ ਦੋ ਅਹਿਮ ਸ਼ਖ਼ਸੀਅਤਾਂ ਜੋ ਆਪਣੀ ਵੱਖੋ-ਵੱਖਰੀ ਪ੍ਰਤਿਭਾ ਰੱਖਦੀਆਂ ਸਨ, ਵਿਚ ਫਰਕ ਨਾ ਕਰ ਸਕੇ।

ਡਾ. ਸੁਖਦਿਆਲ ਸਿੰਘ ਤਾਂ ਇੱਥੋਂ ਤੱਕ ਕਹਿਣ ਚਲਿਆ ਗਿਆ ਕਿ "ਸੈਨਿਕਾਂ ਦੀ ਟੁਕੜੀ ਪਹਿਲਾਂ ਹੀ ਬਹਾਦਰ ਸ਼ਾਹ ਕੋਲ ਸੀ ਜਿਸ ਦਾ ਕਮਾਂਡਰ ਬੰਦਾ ਸਿੰਘ ਬਹਾਦਰ ਸੀ, ਕੋਈ ਨਵੇਂ ਸੈਨਿਕ ਗੁਰੂ ਜੀ ਨੇ ਨਹੀਂ ਦਿੱਤੇ ਸਨ।" ਡਾ. ਸੁਖਦਿਆਲ ਲਿਖਦਾ ਹੈ, "ਬੰਦਾ ਬਹਾਦਰ ਨਾਲ ਨਾਂਦੇੜ ਸਾਹਿਬ ਤੋਂ ਹੀ ਬਹੁਤ ਵੱਡੀ ਫੌਜ ਸੀ। ਇਸ ਵਿਚ ਉਹ ਸਿੱਖ ਫੌਜ ਵੀ ਸੀ ਜੋ ਬਾਦਸ਼ਾਹ ਬਹਾਦਰ ਸ਼ਾਹ ਨਾਲ ਸੀ। ਗੁਰੂ ਜੀ ਉਪਰ ਮਾਰੂ ਹਮਲਾ ਹੋ ਜਾਣ ਦੀ ਖ਼ਬਰ ਸੁਣ ਕੇ ਬਾਦਸ਼ਾਹ ਵਿਚਲੀ ਸਿੱਖ ਫੌਜ ਗੁਰੂ ਜੀ ਕੋਲ ਪੁੱਜ ਗਈ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਇਸ ਫੌਜ ਨੇ ਨਾਂਦੇੜ ਸਾਹਿਬ ਵਿਖੇ ਤਰਥੱਲੀ ਮਚਾ ਦਿੱਤੀ। ਤੱਥਾਂ ਨੂੰ ਦੱਸਣ ਵਾਲੇ ਸਪਸ਼ਟ ਸਰੋਤ ਭਾਵੇਂ ਅਜੇ ਤੱਕ ਸਾਨੂੰ ਮਿਲੇ ਨਹੀਂ, ਪਰ ਕੁਝ ਅਸਪਸ਼ਟ ਸਰੋਤਾਂ ਤੋਂ ਇਸ ਦੀ ਪੁਸ਼ਟੀ ਹੁੰਦੀ ਲਗਦੀ ਹੈ।" ਡਾ. ਸੁਖਦਿਆਲ ਸਿੰਘ ਆਪਣੇ ਹੀ ਸਰੋਤਾਂ ਨੂੰ ਅਸਪਸ਼ਟ ਤੇ ਅਪੁਸ਼ਟ ਕਹਿੰਦਾ ਹੈ, ਉਸ 'ਤੇ ਹਰਪਾਲ ਸਿੰਘ ਕਿਉਂ ਐਵੇਂ ਕਲਮ ਘਸਾਈ ਕਰ ਰਿਹਾ ਹੈ?

ਰਾਜ ਹਮੇਸ਼ਾ ਹੀ ਜਮਾਤੀ ਹੁੰਦਾ ਹੈ। ਇਹ ਆਪਣੀ ਜਮਾਤ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਉਸ ਦੇ ਹੱਕ ਵਿਚ ਭੁਗਤਦਾ ਹੈ। ਬੰਦਾ ਬਹਾਦਰ ਦਾ ਰਾਜ ਗੁਰੂ ਗੋਬਿੰਦ ਸਿੰਘ ਦੇ ਖਾਲਸਈ ਆਸ਼ੇ ਤੇ ਮਨਸ਼ੇ ਅਨੁਸਾਰ ਪਾਤਸ਼ਾਹੀ ਦੇ ਸੰਕਲਪ ਨਾਲ ਸਮਾਜ ਦੇ ਨਿਤਾਣੇ, ਹਾਸ਼ੀਏ 'ਤੇ ਧੱਕੇ ਰਾਏ ਅਸਮਰਥ ਵਰਗ ਦੀ ਪ੍ਰਤੀਨਿਧਤਾ ਕਰਦਿਆਂ ਕਿਰਤ ਕਰ ਕੇ ਖਾਣ ਵਾਲੇ ਵਾਹੀਕਾਰਾਂ, ਕਾਸ਼ਤਕਾਰਾਂ, ਕਿਰਤੀਆਂ, ਹਰ ਧਰਮ ਦੀ ਕਦਰ ਕਰਨ ਵਾਲਿਆਂ ਦਾ ਰਾਜ ਸੀ। ਇਹੀ ਲੋਕ ਸਨ ਜੋ ਉਸ ਨੂੰ ਆਪਣਾ ਮਸੀਹਾ ਮੰਨਦੇ ਸਨ- ਇਨਹੂੰ ਕੋ ਦਊ ਪਾਤਸ਼ਾਹੀ। ਇਹ ਗੁਰੂ ਗੋਬਿੰਦ ਸਿੰਘ ਵੱਲੋਂ ਜਥੇਬੰਦ ਕੀਤੇ ਖਾਲਸਾ ਪੰਥ ਦੇ ਅਸੂਲਾਂ ਅਨੁਸਾਰ ਸੀ। ਤੁਅੱਸਬੀ ਕੱਟੜ ਤੇ ਜ਼ਾਲਮ ਮੁਗਲ ਸ਼ਾਸਕ ਜੋ ਜਗੀਰਦਾਰੀ, ਸਮੰਤਵਾਦੀਆਂ, ਲੁਟੇਰਿਆਂ ਦੀਆਂ ਹੀ ਸੁੱਖ-ਸਹੂਲਤਾਂ ਤੇ ਐਸ਼ੋ-ਇਸ਼ਰਤ ਦਾ ਧਿਆਨ ਰੱਖਦੇ ਸਨ, ਉਨ੍ਹਾਂ ਲਈ ਬੰਦਾ ਬਹਾਦਰ ਜਮਦੂਤ ਤੇ ਜ਼ਾਲਮ ਸੀ।

ਵਿਦਵਾਨ ਇਤਿਹਾਸਕਾਰਾਂ ਤੇ ਇਤਿਹਾਸ ਦੇ ਖੋਜੀਆਂ ਨੂੰ ਬੇਨਤੀ ਹੈ ਕਿ ਉਹ ਮਨ-ਇੱਛਤ ਨਤੀਜੇ ਕੱਢਣ ਲਈ ਪਾਠਕਾਂ ਸਾਹਮਣੇ ਅਸਪਸ਼ਟ, ਅਪੁਸ਼ਟ ਇਤਿਹਾਸਕ ਘਟਨਾਵਾਂ, ਮਿਤੀਆਂ, ਮਿਥਾਂ ਅਤੇ ਵੇਰਵੇ ਨਾ ਰੱਖਣ। ਇਸ ਨਾਲ ਹੋਰ ਵਿਗਾੜ ਪੈਦਾ ਹੁੰਦਾ ਹੈ, ਧੁੰਦਲਕਾ ਫੈਲਦਾ ਹੈ।

### ਸੁਰਿੰਦਰ ਨੀਰ ਦੀ 'ਮਾਇਆ' ਬਨਾਮ ਜ਼ਿੰਦਗੀ ਦਾ ਜਸ਼ਨ (6)

# ਅਨੰਤ ਤਲਾਸ਼ ਦੀ ਮਾਇਆ

***ਜੰਮੂ ਵੱਸਦੀ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਵੱਡ-ਅਕਾਰੀ ਨਾਵਲ 'ਮਾਇਆ' ਨੇ ਪੰਜਾਬੀ ਸਾਹਿਤ ਜਗਤ ਵਿਚ ਚੋਖੀ ਹਲਚਲ ਕੀਤੀ ਹੈ। ਸਾਹਿਤ ਜਗਤ ਵਿਚ ਚਿਰਾਂ ਬਾਅਦ ਅਜਿਹੀ ਰਚਨਾ ਸਾਹਮਣੇ ਆਈ ਹੈ ਜਿਸ ਬਾਰੇ ਇਸ ਤਰ੍ਹਾਂ ਦੀ ਚਰਚਾ ਅਰੰਭ ਹੋਈ ਹੈ। ਮੋਟੇ ਤੌਰ 'ਤੇ ਤਾਂ ਇਸ ਰਚਨਾ ਦਾ ਸਵਾਗਤ ਹੀ ਹੋਇਆ ਹੈ, ਪਰ ਕੁਝ ਪਾਠਕਾਂ/ਬੁੱਧੀਜੀਵੀਆਂ ਨੇ ਇਸ ਨਾਵਲ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। ਇਸ ਨਾਵਲ ਬਾਰੇ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਅਤੇ ਮਿੱਤਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਨਿਰਾ-ਪੁਰਾ ਇਸ ਨਾਵਲ ਬਾਰੇ ਹੀ ਨਹੀਂ, ਬਲਕਿ ਇਸ ਵਿਚ ਸੰਸਾਰ ਸਾਹਿਤ ਦੀਆਂ ਉਹ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ ਜੋ ਜ਼ਿੰਦਗੀ ਨੂੰ ਸਮਝਣ/ਸਮਝਾਉਣ ਲਈ ਨਾਮੀ ਲੇਖਕਾਂ ਨੇ ਵੱਖ-ਵੱਖ ਸਮਿਆਂ ਵਿਚ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈਆਂ ਸਨ। -ਸੰਪਾਦਕ***

'ਮਾਇਆ' ਨਾਵਲ ਵਿਚ ਆਏ ਮਾਨਵੀ ਜੀਵਨ ਦੇ ਤ੍ਰਾਸਦਿਕ ਅਤੇ ਸੁਖਾਂਤਕ ਆਯਾਮਾਂ ਬਾਰੇ ਸੋਚਦਿਆਂ ਮੈਨੂੰ ਕਈ ਸਾਲ ਵੱਡੇ ਪਰ ਕਾਲਜ ਦੇ ਦਿਨਾਂ ਦੇ ਦਿਲਚਸਪ ਦੋਸਤ ਮਰਹੂਮ ਕੁਲਬੀਰ ਹੁੰਦਲ ਦੀਆਂ ਗੱਲਾਂ ਯਾਦ ਆ ਗਈਆਂ ਹਨ। 1970 'ਚ ਜਲੰਧਰ ਮੈਂ ਅਤੇ ਉਹ ਇਕੱਠੇ ਰਹਿ ਰਹੇ ਸਾਂ। ਉਥੇ ਹੀ ਉਹਨੇ ਇਰਵਿੰਗ ਸਟੋਨ ਦੀ ਰਚਨਾ 'ਲਸਟ ਫਾਰ ਲਾਈਫ' ਦਾ ਲਗਾਤਾਰ ਦੋ ਵਾਰ ਪੜ੍ਹੀ ਸੀ। ਉਹ ਵਾਨਗੌਗ ਦੇ ਆਪਣਾ ਕੰਨ ਕੱਟ ਕੇ ਗਸ਼ੇਲ ਨਾਂ ਦੀ ਮੁਟਿਆਰ ਵੇਸਵਾ ਨੂੰ ਤੋਹਫੇ ਵਜੋਂ ਦੇਣ ਅਤੇ ਬਾਅਦ ਵਿਚ ਆਤਮ-ਹੱਤਿਆ ਕਰ ਜਾਣ ਬਾਰੇ ਗੱਲ ਅਕਸਰ ਕਰਦਾ ਸੀ। ਦੋ ਗੱਲਾਂ ਹੋਰ ਜੋ ਉਹ ਆਮ ਹੀ ਕਰਦਾ ਸੀ। ਉਨ੍ਹਾਂ 'ਚੋਂ ਇਕ ਤਾਂ ਸੀ ਸ਼ੈਕਸਪੀਅਰ ਦੇ ਕਿਸੇ ਕਿਰਦਾਰ ਦਾ ਇਹ ਕਥਨ ਕਿ 'ਇਨਸਾਨ ਉਪਰ ਦੁੱਖ ਜਦੋਂ ਆਉਂਦੇ ਹਨ ਤਾਂ ਉਹ ਇਕੱਲੇ-ਦੁਕੱਲੇ ਸਿਪਾਹੀ ਦੇ ਰੂਪ ਵਿਚ ਨਹੀਂ ਆਉਂਦੇ, ਦੁੱਖਾਂ ਦੀਆਂ ਬਟਾਲੀਅਨਾਂ ਚਲੀਆਂ ਆਉਂਦੀਆਂ ਹਨ।' ਤੇ ਜਾਂ ਫਿਰ ਉਹ ਹਾਰਡੀ



**ਗੁਰਦਿਆਲ ਸਿੰਘ ਬੱਲ**

ਦੇ ਨਾਵਲ 'ਦਿ ਮੇਅਰ ਆਫ ਕੈਸਟਰਬ੍ਰਿਜ' ਦਾ ਇਹ ਕਥਨ ਦੁਹਰਾਉਂਦਾ, 'ਇਨਸਾਨੀ ਜੀਵਨ ਦੇ ਨਿਰੰਤਰ ਦੁੱਖਾਂ ਦੇ ਨਾਟਕ ਵਿਚ ਖੁਸ਼ੀ ਦਾ ਪਲ ਕਦੀ ਕਦੀ ਹੀ ਨਸੀਬ ਹੁੰਦਾ ਹੈ।' ਕੰਵਲ ਗਾਲਿਬ ਦਾ ਇਹ ਸ਼ੇਅਰ ਅਕਸਰ ਦੁਹਰਾਉਂਦਾ,

ਕੈਦੇ ਹਯਾਤ ਓ ਬੰਦੇ ਗਮ ਅਸਲ ਮੇਂ ਦੋਨੋ ਏਕ ਹੈਂ
ਮਰਨੇ ਸੇ ਪਹਿਲੇ ਆਦਮੀ ਗਮ ਸੇ ਨਿਜ਼ਾਤ ਪਾਏ ਕਿਉਂ।

ਸੁਰਿੰਦਰ ਨੀਰ ਦੇ ਨਾਵਲੀ ਜਗਤ ਵਿਚ ਹਰ ਤਰ੍ਹਾਂ ਦੇ ਦੁੱਖਾਂ ਅਤੇ ਸੁੱਖਾਂ ਦਾ ਚੱਕਰ ਤਾਂ ਬੱਝਾ ਰਹਿੰਦਾ ਹੈ, ਪਰ ਉਹ ਵਿਕਰਾਲ ਨਹੀਂ ਹੈ; ਕਤਈ ਤੌਰ 'ਤੇ ਬੋਝਲ ਨਹੀਂ। ਨਾਵਲ ਦਾ 71ਵਾਂ ਕਾਂਡ ਬਹੁਤ ਦਿਲਚਸਪ ਹੈ। ਇਸ ਮੋੜ 'ਤੇ ਸੁਰਿੰਦਰ ਨੀਰ ਦੀ ਸੰਵੇਦਨਾ ਮੈਨੂੰ ਜ਼ਿੰਦਗੀ ਪ੍ਰਤੀ ਅਪਣੱਤ ਦੀ ਸਿਖਰ ਛੂੰਹਦੀ ਮਲੂਮ ਹੁੰਦੀ ਹੈ। ਇਸ ਕਾਂਡ ਵਿਚ ਜੈ ਦੇਵ ਦੇ ਨਵੀਂ ਦਿੱਲੀ ਸਥਿਤ ਵਿਸ਼ਾਲ ਫਾਰਮ ਹਾਊਸ 'ਤੇ ਬਲਬੀਰ ਸਾਹਿਬਜੀਤ ਦੇ ਰੂਪ ਵਿਚ ਆਪਣੇ ਬਚਪਨ ਦੇ ਪਿਆਰ ਦਾ ਬੱਚਾ ਕਨਸੀਵ ਕਰਦੀ ਹੈ। ਇਸੇ ਕਾਂਡ ਦੇ ਪੰਨਾ 519 ਉਪਰ ਬਲਬੀਰ ਅਤੇ ਮਾਇਆ ਦੀ ਇਕ-ਦੂਜੇ ਪ੍ਰਤੀ ਸਮਰਪਣ ਭਾਵਨਾ ਇਸ ਪ੍ਰਕਾਰ ਦਰਸਾਈ ਗਈ ਹੈ,

"ਮੈਨੂੰ ਤਾਂ (ਤੇਰੇ ਚਿਹਰੇ 'ਤੇ ਡੂੰਘੀਆਂ ਹੋ ਗਈਆਂ) ਇਨ੍ਹਾਂ ਲਕੀਰਾਂ 'ਤੇ ਪਿਆਰ ਆ ਰਿਹਾ ਸੀ ... ਬਹੁਤ ਪਿਆਰ...।" ਆਖਦਿਆਂ ਸਾਹਿਬ ਨੇ ਫਿਰ ਉਸ ਦੇ ਹੋਠਾਂ ਦੇ ਕਿਨਾਰਿਆਂ ਕੋਲ ਡੂੰਘੀਆਂ ਪੈ ਗਈਆਂ ਲਕੀਰਾਂ 'ਤੇ ਗਹਿਰੀ ਸ਼ਿੱਦਤ ਨਾਲ ਆਪਣੇ ਭਖਦੇ ਹੋਂਠ ਰੱਖ ਦਿੱਤੇ। ਉਹ ਦੋਵੇਂ ਪਿਆਰ ਹੀ ਨਹੀਂ ਸੀ ਕਰ ਰਹੇ, ਸਗੋਂ ਇੰਜ ਲਗਦਾ ਸੀ ਕਿ ਜਿਵੇਂ ਕੁਦਰਤ ਵਲੋਂ ਵਜਾਏ ਜਾ ਰਹੇ ਕਿਸੇ ਆਲੌਕਿਕ ਸਾਜ਼ ਉਤੇ ਕੋਈ ਰੂਹਾਨੀ ਨ੍ਰਿਤ ਕਰ ਰਹੇ ਹੋਣ। ਮੈਨੂੰ ਇਹ ਪੜ੍ਹਦਿਆਂ ਮੁੜ ਜ਼ੋਰਬਾ ਦੀ ਸੰਤੂਰੀ ਸੁਣਾਈ ਦੇਣ ਲੱਗਦੀ ਹੈ।

ਹੁਣ ਨਾਵਲ ਦੀ ਕਹਾਣੀ ਦਾ ਜ਼ਰਾ ਤਵਾਜ਼ਨ ਵੇਖੋ। ਕੁਦਰਤ ਦਾ ਉਪਰ ਬਿਆਨ ਕੀਤਾ ਕ੍ਰਿਸ਼ਮਾ ਲਗਭਗ ਉਨ੍ਹਾਂ ਦਿਨਾਂ ਵਿਚ ਹੀ ਵਾਪਰ ਰਿਹਾ ਹੈ ਜਦੋਂ ਬਲਬੀਰ ਦੇ ਭਾਈ ਸੰਦੀਪ ਸਿੰਘ ਦੀਆਂ ਹਿੰਸਕ/ਖਰੂਦੀ ਕਰਤੂਤਾਂ ਕਾਰਨ ਬਲਬੀਰ ਦੀ ਮਾਂ ਆਪਣੀ ਧੀ ਨੂੰ ਮਿਲਣ ਦੀ ਸਿੱਕ ਮਨ ਵਿਚ ਲੈ ਕੇ ਹਾਰਟ ਅਟੈਕ ਨਾਲ ਕਿਸੇ ਅਗਲੀ ਦੁਨੀਆਂ ਵਿਚ ਜਾ ਚੁੱਕੀ ਹੈ।

ਜੈ ਦੇਵ ਦੇ ਫਾਰਮ ਹਾਊਸ ਤੋਂ ਬਲਬੀਰ ਅਤੇ ਸਾਹਿਬਜੀਤ ਜਦੋਂ ਸੂਖਮ ਦੀ ਮਾਤਾ ਜਸਬੀਰ ਕੋਲ ਵਾਪਸ ਪਰਤਦੇ ਹਨ ਤਾਂ ਕੁਝ ਪਲਾਂ ਬਾਅਦ ਹੀ ਫੋਨ ਉਪਰ ਮਾਤਾ ਰੁਕੋ ਦੇ ਅਗਲੇ ਘਰ ਤੁਰ ਜਾਣ ਦੀ ਤ੍ਰਾਸਦਿਕ ਸੋਅ ਮਿਲ ਜਾਂਦੀ ਹੈ। ਅਗਲੇ ਦਿਨ ਸਵੇਰੇ ਹੀ ਬਲਬੀਰ, ਸਾਹਿਬਜੀਤ, ਜਸਬੀਰ; ਸਾਰੇ ਬਲਬੀਰ ਦੀ ਬਚਪਨ ਦੀ ਸਹੇਲੀ, ਭਰਜਾਈ ਸਪੱਰਸ਼ ਦਾ ਦੁੱਖ ਵੰਡਾਉਣ ਜੰਮੂ ਚੱਲ ਪੈਂਦੇ ਹਨ।

ਨਾਵਲ ਦੇ ਸਫਾ 528 ਉਪਰ ਸੁਰਿੰਦਰ ਨੀਰ, ਬਲਬੀਰ ਦੇ ਦੁੱਖ ਨੂੰ ਇੰਜ ਬਿਆਨ ਕਰਦੀ ਹੈ, "ਮਾਇਆ ਨੂੰ ਲੱਗਾ ਜਿਵੇਂ ਬਚਪਨ ਤੋਂ ਜਿਸ ਰੱਬ ਦੀ ਕੋਮਲ, ਦਯਾਵਾਨ ਤੇ ਕ੍ਰਿਪਾਲੂ ਛਵੀ ਉਸ ਨੇ ਆਪਣੇ ਮਨ ਵਿਚ ਵਸਾ ਕੇ ਰੱਖੀ ਹੋਈ ਸੀ; ਹਰ ਦੁੱਖ ਤੇ ਸੁੱਖ ਵਿਚ ਉਹ ਜਿਸ ਰੱਬ ਨਾਲ ਆਪਣੀਆਂ ਸਾਰੀਆਂ ਮਨ ਦੀਆਂ ਗੱਲਾਂ ਕਰਦੀ ਸੀ ਤੇ ਉਸ ਨੂੰ ਵਿਸ਼ਵਾਸ ਸੀ ਕਿ ਉਹ ਉਸ ਦੀਆਂ ਗੱਲਾਂ ਸੁਣ ਕੇ ਰੱਬ ਹੁੰਗਾਰਾ ਭਰਦਾ ਤੇ ਆਪਣਾ ਅਸ਼ੀਰਵਾਦ ਦਿੰਦਾ ਹੈ, ਉਹੀ ਰੱਬ ਅਚਾਨਕ ਉਸ ਨੂੰ ਪੱਥਰ ਦੀ ਮੂਰਤ ਜਾਂ ਫਿਰ ਫਜ਼ੂਲ ਜਿਹੇ ਭਰਮ ਤੋਂ ਸਿਵਾ ਕੁਝ ਨਾ ਜਾਪਿਆ।"

ਹੁਣ ਬਲਬੀਰ ਦਾ ਆਪਣਾ ਬਿਆਨ ਪੜ੍ਹੋ, "ਕੋਈ ਰੱਬ ਨਹੀਂ ਹੈ ਕਿਧਰੇ...। ਰੱਬ ਭਰਮ, ਡਰ, ਸਹਿਮ, ਬਿਮਾਰ ਤੇ ਲਾਚਾਰ ਲੋਕਾਂ ਨੇ ਆਪਣੇ ਮਨ ਨੂੰ ਤਸੱਲੀ ਦੇਣ ਲਈ ਪੈਦਾ ਕੀਤਾ ਹੋਇਆ ਹੈ। ਸੱਚ ਤਾਂ ਇਹੀ ਹੈ ਕਿ ਨਾ ਕੋਈ ਰੱਬ ਹੈ, ਨਾ ਉਸ ਦੀ ਕੋਈ ਕਰਾਮਾਤ। ਜੋ ਕੁਝ ਹੁੰਦਾ ਹੈ, ਉਹ ਸਾਰਾ ਵਿਧੀ ਦਾ ਵਿਧਾਨ ਹੈ। ਪ੍ਰਕਿਰਤੀ ਦੀ ਖੇਡ ...।"

ਬਲਬੀਰ ਨੂੰ ਲਗਦਾ ਹੈ ਕਿ ਹੁਣ ਤੱਕ ਅਗਰ ਉਸ ਦਾ ਕੋਈ ਰੱਬ ਹੈ ਵੀ ਸੀ, ਤਾਂ ਅੱਜ ਉਹ ਵੀ ਮਾਂ ਦੇ ਨਾਲ ਹੀ ਮਰ ਗਿਆ ਹੈ। ਅੱਗੇ ਦਰਜ ਹੈ, "ਮਾਂ ਅਤੇ ਰੱਬ ਇਕੋ ਵਾਰੀ ਉਸ ਦੀ ਜ਼ਿੰਦਗੀ 'ਚੋਂ ਮਨਫੀ ਹੋ ਕੇ ਫਨਾਹ ਹੋ ਗਏ ਸਨ। ਫਰਕ ਕੇਵਲ ਇਤਨਾ ਸੀ ਕਿ ਮਾਂ ਦੀਆਂ ਯਾਦਾਂ ਉਸ ਦੇ ਮਨ ਵਿਚ ਜ਼ਿੰਦਾ ਸਨ ਜਦੋਂ ਕਿ ਰੱਬ ਨੂੰ ਉਸ ਨੇ ਕੂੜੇ ਵਾਂਗੂੰ ਹੂੰਝ-ਬੁਹਾਰ ਕੇ ਆਪਣੇ ਮਨ ਵਿਚੋਂ ਬਾਹਰ ਸੁੱਟ ਦਿੱਤਾ।"

ਦਿੱਲੀਉਂ ਸਵੇਰ ਦੀ ਚੱਲੀ ਬੱਸ ਪਠਾਨਕੋਟ ਪਹੁੰਚਦੀ ਹੈ। ਬਲਬੀਰ ਸਾਰਾ ਰਾਹ ਆਪਣੀਆਂ ਹੀ ਸੋਚਾਂ ਵਿਚ ਗਲਤਾਨ ਰਹੀ ਹੈ, ਪਰ ਪਠਾਨਕੋਟ ਪਹੁੰਚਦਿਆਂ ਉਹ ਅਚਾਨਕ ਪਰਿਵਾਰ ਆਪਣੇ ਦਾ ਸਾਥ ਛੱਡ ਕੇ ਜੰਮੂ ਜਾਣ ਦੀ ਜਗ੍ਹਾ ਵਾਪਸ ਰਾਣੀਖੇਤ ਜਾਣ ਦਾ ਦੋ-ਟੁੱਕ ਫੈਸਲਾ ਉਨ੍ਹਾਂ ਨੂੰ ਸੁਣਾ ਦਿੰਦੀ ਹੈ। ਸ਼ਾਮ ਨੂੰ ਉਹ ਵਾਪਸ ਰਾਣੀਖੇਤ ਪਹੁੰਚ ਜਾਂਦੀ ਹੈ। ਬਲਬੀਰ ਵੱਡੇ ਦੁੱਖ 'ਚੋਂ ਲੰਘ ਕੇ ਆ ਰਹੀ ਹੈ, ਪਰ ਅੱਗਿਉਂ ਰਾਣੀਖੇਤ ਵਿਚ ਤਾਂ ਚੁਫੇਰੇ ਸੁਖਾਂਤ ਪਸਰਿਆ ਹੋਇਆ ਹੈ। ਅੰਜ਼ੁਮ ਕਾਜ਼ਮੀ, ਸਿੰਥੀਆ, ਕਾਵੇਰੀ; ਸਾਰੇ ਹੀ ਉਸ ਨੂੰ ਧਾਹ ਕੇ ਮਿਲਦੇ ਹਨ, ਜਿਵੇਂ ਸਦੀਆਂ ਤੋਂ ਉਸੇ ਦੀ ਉਡੀਕ ਹੋ ਰਹੀ ਹੋਵੇ। ਚਾਹ ਆ ਜਾਂਦੀ ਹੈ। ਚਾਹ ਪੀਂਦਿਆਂ ਸਾਰੇ ਜੱਗ-ਜਹਾਨ ਦੀਆਂ ਗੱਲਾਂ ਕਰਦੇ ਰਹੇ, ਪਰ ਕਾਜ਼ਮੀ ਨੂੰ ਤਾਂ ਬੱਸ ਆਪਣੀ ਕਿਸਮਤ ਦਾ ਫੈਸਲਾ ਸੁਣਨ ਦੀ ਉਤਸੁਕਤਾ ਲੱਗੀ ਹੋਈ ਸੀ (ਕਿ ਬਲਬੀਰ ਦੇ ਬਾਕੀ ਪਰਿਵਾਰ ਨੇ ਕੀ ਤਾਬਿੰਦਾ ਨਾਲ ਉਸ ਦੇ ਵਿਆਹ ਦੀ ਤਜਵੀਜ਼ ਮੰਨ ਲਈ ਸੀ)।

ਬਲਬੀਰ ਨੂੰ ਉਥੇ ਸਾਰੇ ਮਾਂ ਕਹਿ ਕੇ ਬੁਲਾ ਰਹੇ ਹਨ।... "ਮਾਂ, ਜੇ ਜ਼ਿਆਦਾ ਥਕਾਵਟ ਹੋ ਗਈ ਹੋਵੇ ਤਾਂ ਕਾਜ਼ਮੀ ਤੇਰੇ ਪੈਰ ਦਬਾਵੇ।" ਕਾਵੇਰੀ ਨੇ ਮਜ਼ਾਕ ਕੀਤਾ, ਪਰ ਕਾਜ਼ਮੀ ਨੇ ਸੱਚਮੁੱਚ ਹੀ ਉਸ ਦੇ ਪੈਰ ਦਬਾਉਣੇ ਸ਼ੁਰੂ ਕਰ ਦਿੱਤੇ। ਬੜੀ ਜਲਦੀ ਬਲਬੀਰ, ਮਾਂ ਦੀ ਮੌਤ ਦੇ ਸਦਮੇ ਵਿਚੋਂ ਬਾਹਰ ਆ ਜਾਂਦੀ ਹੈ।

---

ਨਾਵਲ ਦੇ ਕਾਂਡ 74 ਵਿਚ ਬਲਬੀਰ ਅਤੇ ਗੁਰੂ ਸਿਧਾਰਥ ਵਿਚਾਲੇ ਨਵੇਂ ਸਿਰਿਉਂ ਅਰੰਭ ਹੋਣ ਵਾਲਾ ਸੰਵਾਦ ਸੁਣਾਉਣ ਤੋਂ ਪਹਿਲਾਂ ਜ਼ਰਾ ਰਾਣੀਖੇਤ 'ਚ ਕੁਦਰਤ ਦਾ ਵਰਣਨ ਦੇਖੋ: ਹਲਕੀ-ਹਲਕੀ ਬਾਰਸ਼ ਹੋਣ ਕਰ ਕੇ ਸਭ ਕੁਝ ਨਿਖਰਿਆ-ਨਿਖਰਿਆ ਲੱਗ ਰਿਹਾ ਸੀ। ਮੂੰਹ ਹਨੇਰੇ ਅੱਖਾਂ ਖੋਲ੍ਹਦਿਆਂ ਹੀ ਜਦ ਮਾਇਆ ਦੀ ਨਜ਼ਰ ਹਾਲ ਦੀ ਖਿੜਕੀ 'ਚੋਂ ਬਾਹਰ ਆ ਰਹੇ ਸੇਬ ਦੇ ਬੂਟਿਆਂ 'ਤੇ ਪਈ ਤਾਂ ਉਹ ਖੁਸ਼ੀ ਨਾਲ ਉਛਲ ਪਈ। ਪੱਤਿਆਂ 'ਚੋਂ ਬਾਰਸ਼ ਦੀਆਂ ਬੂੰਦਾਂ ਮੋਤੀਆਂ ਵਾਂਗ ਡਿੱਗ ਰਹੀਆਂ ਸਨ।

ਹਵਾ ਸਾਰੇ ਸਰੀਰ ਨੂੰ ਕੁਤ-ਕੁਤਾਰੀਆਂ ਜਿਹੀਆਂ ਕੱਢਦੀ ਸੀ। ਉਹ ਇਕਦਮ ਕੰਬਲ ਸੁੱਟ ਆਪਣੇ ਤਸਮੇ ਕੱਸ ਕੇ ਬਾਹਰ ਨਿਕਲ ਆਈ। ਜੰਗਲ ਸ਼ਰਾਬੀ ਹੋਇਆ ਜਾਪ ਰਿਹਾ ਸੀ। ਬੂੰਦ-ਬੂੰਦ 'ਚੋਂ ਮਾਦਕਤਾ ਛਲਕ ਰਹੀ ਸੀ ਤੇ ਗਿੱਲੀ ਮਿੱਟੀ ਜੰਗਲ ਨੂੰ ਮੁਹੱਬਤ ਕਰਨ ਵਾਲਿਆਂ ਦੀਆਂ ਪੈੜਾਂ ਚੁੰਮਣ ਲਈ ਜਿਵੇਂ ਵਿਆਕੁਲ ਸੀ। ... (ਬਲਬੀਰ ਨੂੰ ਲੱਗਾ) ਜਿਵੇਂ ਪ੍ਰਕਿਰਤੀ ਵੀ ਉਸੇ ਵਾਂਗ ਗਰਭ ਧਾਰਨ ਕਰ ਕੇ ਮੌਲਣ ਦੇ ਨਸ਼ੇ ਵਿਚ ਨਸ਼ਿਆਈ ਹੋਈ ਹੈ। ਉਸ ਨੂੰ ਆਪਣਾ ਆਪ ਜੰਗਲ ਦੇ ਕਣ-ਕਣ ਵਿਚ ਅਭੇਦ ਹੁੰਦਾ ਮਹਿਸੂਸ ਹੋਇਆ।

ਔਰਤ ਨੂੰ ਪ੍ਰਕਿਰਤੀ ਦੀ ਉਪਮਾ ਠੀਕ ਹੀ ਦਿੱਤੀ ਗਈ ਹੈ,

ਮਉਲੀ ਧਰਤੀ ਮਉਲਿਆ ਅਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥

ਉਸ ਨੂੰ ਗੁਰਬਾਣੀ ਦੀ ਤੁਕ ਯਾਦ ਆਈ ਤਾਂ ਲੱਗਾ ਜਿਵੇਂ ਉਸ ਦਾ ਅੰਗ-ਅੰਗ ਪ੍ਰਕਿਰਤੀ ਵਾਂਗ ਹੀ ਮੌਲਣ ਲਈ ਆਤੁਰ ਹੋਇਆ ਪਿਆ




ਸੀ। ਆਪਣੇ ਸਰੀਰ ਵਿਚ ਉਸ ਨੂੰ ਕੁਝ ਤਰਲ ਜਿਹਾ ਭਿੱਜਦਾ ਮਹਿਸੂਸ ਹੋਇਆ ਜਿਵੇਂ ਅੰਗ-ਅੰਗ 'ਚੋਂ ਦੁੱਧ ਦੇ ਫੁਹਾਰੇ ਫੁੱਟ ਪੈਣ ਲਈ ਉਤਾਵਲੇ ਹੋ ਰਹੇ ਹੋਣ।

ਅਗਾਂਹ ਕੁਝ ਵੀ ਕਹਿਣ ਤੋਂ ਪਹਿਲਾਂ ਦੋ ਹੋਰ ਜਗਤ ਪ੍ਰਸਿੱਧ ਨਾਵਲਾਂ-ਹਾਰਡੀ ਦੇ 'ਜੂਡ' ਅਤੇ ਵਿਕਟਰ ਹਿਊਗੋ ਦੇ 'ਲਾ ਮਿਜ਼ਰੇਬਲ' ਵਿਚ ਨਾਇਕਾਂ ਦੀ ਤਲਾਸ਼ ਦੀਆਂ ਕਹਾਣੀਆਂ ਬਾਰੇ ਕੁਝ ਧੁੰਦਲੇ ਜਿਹੇ ਵੇਰਵੇ ਯਾਦ ਆ ਰਹੇ ਹਨ, ਪਰ 'ਜੂਡ' ਦੀ ਤਲਾਸ਼, ਬਲਬੀਰ ਦੀ ਤਲਾਸ਼ ਦੀ ਕਥਾ ਦੇ ਮੁਕਾਬਲੇ ਨੀਰਸ ਪ੍ਰਤੀਤ ਹੋ ਰਹੀ ਹੈ। 'ਲਾ ਮਿਜ਼ਰੇਬਲ' ਠੀਕ ਹੈ। ਮਾਨਵੀ ਹੋਂਦ ਦੇ ਅਰਥਾਂ ਦੀ ਤਲਾਸ਼ ਦੇ ਮਾਮਲੇ ਵਿਚ ਹਰਮੈਨ ਹੈਸ ਦੇ ਨਾਵਲ 'ਸਿਧਾਰਥ' ਦਾ ਮੁਕਾਮ ਕਾਫੀ ਉਚਾ ਸੁਣੀਂਦਾ ਹੈ। ਇਹ ਨਾਵਲ ਹੈਸ ਨੇ ਲਿਖਿਆ ਤਾਂ 1922 ਵਿਚ ਸੀ, 1960 'ਚ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਵਿਚ ਬੀਟਲਜ਼ ਦੀ ਪ੍ਰੇਰਨਾ ਨਾਲ ਚੱਲੀ ਹਿੱਪੀ ਲਹਿਰ ਦੌਰਾਨ ਇਹ ਇਕਦਮ ਮਸ਼ਹੂਰ ਹੋ ਗਿਆ।

'ਸਿਧਾਰਥ' ਨਾਵਲ ਦੇ ਨਾਇਕ ਸਿਧਾਰਥ ਅਤੇ 'ਮਾਇਆ' ਦੀ ਨਾਇਕਾ ਬਲਬੀਰ ਦੀ ਇਕ ਗੱਲ ਸਾਂਝੀ ਹੈ ਕਿ ਬਲਬੀਰ ਵਾਂਗ ਸਿਧਾਰਥ ਵੀ ਬਚਪਨ ਵਿਚ ਬਹੁਤ ਹੋਣਹਾਰ ਹੈ। ਦੁਨੀਆਂ ਭਰ ਦੇ ਸਾਹਿਤ ਅਤੇ ਦਰਸ਼ਨ ਦੀਆਂ ਕਿਤਾਬਾਂ ਉਸ ਨੇ ਚੜ੍ਹਦੀ ਉਮਰੇ ਹੀ ਪੜ੍ਹ ਲਈਆਂ ਹੋਈਆਂ ਹਨ। ਅੰਗਰੇਜ਼ੀ ਦੀ ਐਮ.ਏ. ਕਰ ਕੇ ਉਹ ਵੀ ਚਾਹੇ ਤਾਂ ਸਹਿਜੇ ਹੀ ਕਿਸੇ ਕਾਲਜ 'ਚ ਪ੍ਰੋਫੈਸਰ ਲੱਗ ਸਕਦਾ ਹੈ, ਪਰ ਉਹ ਅਜਿਹਾ ਕਰੇਗਾ ਨਹੀਂ। ਬਲਬੀਰ ਵੀ ਪੇਂਟਿੰਗ ਦੇ ਆਪਣੇ ਸ਼ੌਂਕ ਦੀ ਪੂਰਤੀ ਲਈ ਖਤਰਿਆਂ ਨਾਲ ਭਰੇ ਰਾਹਾਂ ਦੀ ਪਾਂਧੀ ਬਣਦੀ ਹੈ। 'ਸਿਧਾਰਥ' ਵਿਚ ਭਾਸ਼ਾ ਅਤੇ ਬਿਆਨ ਦਾ ਸੰਜਮ ਕਮਾਲ ਦਾ ਹੈ। ਨਾਵਲ ਦਾ ਅੰਤਿਮ ਭਾਗ ਤਾਂ ਕਿਸੇ ਮਹਾਨ ਸੰਗੀਤਕਾਰ ਦੀ ਸਿੰਫ਼ਨੀ ਵਾਂਗ ਹੈ। ਇਸ ਨਾਵਲ ਦੀ ਸਭ ਤੋਂ ਵੱਡੀ ਖੂਬਸੂਰਤੀ ਨਾਵਲੀ ਪ੍ਰਵਚਨ ਦੀ ਤਾਰਕਿਕ ਇਮਾਨਦਾਰੀ ਵਿਚ ਹੈ। ਭਗਵਾਨ ਬੁੱਧ ਦੀਆਂ ਸਿੱਖਿਆਵਾਂ ਬਾਰੇ ਪੂਰਬ ਅਤੇ ਪੱਛਮ ਵਿਚ ਵਿਦਵਾਨਾਂ ਨੇ ਕਿਤਾਬਾਂ ਦੇ ਗੱਡਿਆਂ ਦੇ ਗੱਡੇ ਲਿਖੇ ਹੋਏ ਹਨ, ਪਰ ਨਾਵਲ ਦਾ ਨਾਇਕ ਸਿਧਾਰਥ ਕਿਧਰੇ ਵੀ ਅਤੇ ਕਿਸੇ ਸਟੇਜ 'ਤੇ ਵੀ ਕਿਸੇ ਵੀ ਕਿਸਮ ਦੇ ਰਹੱਸਵਾਦੀ ਪ੍ਰਪੰਚ ਦੇ ਮਾਇਆਜਾਲ ਵਿਚ ਗ੍ਰਿਫਤਾਰ ਨਹੀਂ ਹੁੰਦਾ। ਮੇਰੀ ਜਾਚੇ ਸਿਧਾਰਥ ਦੀ ਬੋਧੀ ਜਾਂ ਈਸਾਈ ਰਹੱਸਵਾਦੀ ਪ੍ਰਪੰਚ ਦੀ ਕਿਸੇ ਵੀ ਐਨਕ ਦੇ ਆਸਰੇ ਤੋਂ ਬਗੈਰ ਅਨੰਤ ਅਕਾਸ਼ ਦੇ ਖਾਲੀਪਣ ਵਿਚ ਝਾਕਣ ਅਤੇ ਜੀਵਨ ਨੂੰ ਪਿਆਰ ਕਰਨ ਦੀ ਇਹੋ ਜ਼ੁਰਅੱਤ ਹੈ ਜੋ ਮਾਇਆ ਦੀ ਨਾਇਕਾ ਬਲਬੀਰ ਦੇ ਨਾਲ ਸਾਡੇ ਮਾਣਮੱਤੇ ਅੰਦਾਜ਼ ਇਕੋ ਐਕਸਿਜ਼ 'ਤੇ ਖੜ੍ਹਾ ਕਰਦੀ ਹੈ।

---

ਹੁਣ ਕਰਦੇ ਹਾਂ ਬਲਬੀਰ ਅਤੇ ਗੁਰੂ ਸਿਧਾਰਥ ਦੇ ਆਖਰੀ ਸੰਵਾਦਾਂ ਦੀ ਚਰਚਾ... ਉਹ (ਬਲਬੀਰ) ਆਪਣੇ ਕਮਰੇ ਵਿਚੋਂ ਸਵੇਰੇ-ਸਵੇਰੇ ਸੈਰ ਲਈ ਨਿਕਲ ਕੇ ਉਸੇ ਪਥਰਾਟ ਉਪਰ ਬੈਠ ਕੇ ਯੋਗ ਸਾਧਨਾ ਕਰਦੀ ਨਜ਼ਰ ਆ ਰਹੀ ਹੈ ਜਿਥੇ ਉਸ ਦਾ ਸਭ ਤੋਂ ਪਹਿਲੀ ਵਾਰ ਗੁਰੂ ਸਿਧਾਰਥ ਨਾਲ ਸੰਵਾਦ ਹੋਇਆ ਸੀ। ਉਹ ਅੱਖਾਂ ਬੰਦ ਕਰ ਕੇ ਨੱਕ ਦੇ ਇਕ ਪਾਸੇ ਉਂਗਲੀ ਰੱਖ ਕੇ ਦੂਜੇ ਪਾਸਿਉਂ ਸਾਹ ਛੱਡ ਰਹੀ ਹੈ, ਪਰ ਪਤਾ ਨਹੀਂ ਕੀ ਗਲਤੀ ਹੋ ਜਾਂਦੀ ਹੈ।

ਅਜੀਬ ਇਤਫਾਕ ਹੈ ਕਿ ਅਚਾਨਕ ਉਸੇ ਜਗ੍ਹਾ ਗੁਰੂ ਸਿਧਾਰਥ ਬਹੁੜ ਪੈਂਦੇ ਹਨ ਅਤੇ ਬਲਬੀਰ ਦੇ ਕੰਨੀਂ ਇਹ ਸ਼ਬਦ ਪੈਂਦੇ ਹਨ, "ਪਹਿਲਾਂ ਆਪਣੇ ਸਾਹਾਂ 'ਤੇ ਕਾਬੂ ਰੱਖਣਾ ਸਿੱਖਣਾ ਪਵੇਗਾ।...ਅਗਰ ਮਨ ਨੂੰ 12 ਸੈਕਿੰਡ ਲਈ ਨਿਰਵਿਘਨ ਕਿਸੇ ਚੀਜ਼ 'ਤੇ ਕੇਂਦਰਿਤ ਕੀਤਾ ਜਾਵੇ ਤਾਂ ਉਸ ਨੂੰ ਇਕਾਗਰਤਾ ਕਿਹਾ ਜਾਂਦਾ ਹੈ। ਅਗਰ ਸਾਡਾ ਜ਼ਿਹਨ ਉਸੇ ਇਕਾਗਰਤਾ ਨੂੰ 2 ਮਿੰਟ 24 ਸੈਕਿੰਡ ਤੱਕ ਬਰਕਰਾਰ ਰੱਖ ਸਕੇ ਤਾਂ ਇਸ ਨੂੰ ਅਸੀਂ ਮੈਡੀਟੇਸ਼ਨ, ਯਾਨਿ ਧਿਆਨ ਕਹਿ ਸਕਦੇ ਹਾਂ। ਅਗਰ ਸਾਡਾ ਮਨ ਉਸੇ ਸਥਿਤੀ ਵਿਚ 28 ਮਿੰਟ ਅਤੇ 48 ਸੈਕਿੰਡ ਤਕ ਸਥਿਰ ਰਹਿੰਦਾ ਹੈ ਤਾਂ ਇਸ ਨੂੰ ਅਸੀਂ ਨਿੱਕੀ ਸਮਾਧੀ ਕਹਿੰਦੇ ਹਾਂ। ... ਅਤੇ ਅਗਰ ਇਹ ਨਿੱਕੀ ਸਮਾਧੀ 5 ਘੰਟੇ, 45 ਮਿੰਟ ਅਤੇ 36 ਸੈਕਿੰਡ ਤੱਕ ਕਾਇਮ ਰਹਿ ਸਕਦੀ ਹੈ ਤਾਂ ਇਹ ਸਾਨੂੰ ਨਿਰਵਿਕਲਪ ਸਮਾਧੀ ਤੱਕ ਲੈ ਜਾਂਦੀ ਹੈ।"

ਮਾਇਆ ਹੈਰਾਨੀ ਨਾਲ ਗੁਰੂ ਸਿਧਾਰਥ ਦੇ ਚਿਹਰੇ ਵੱਲ ਵੇਖ ਰਹੀ ਸੀ...। (ਗੁਰੂ ਜੀ ਉਸ ਦੀ ਹੈਰਤ ਵੱਲ ਧਿਆਨ ਦਿੱਤੇ ਬਗੈਰ ਹੀ ਆਪਣਾ ਪ੍ਰਵਚਨ ਜਾਰੀ ਰੱਖਦੇ ਹਨ।)

"ਕਰਦੇ ਰਹੋ ਅਭਿਆਸ। ਮਿਹਨਤ ਅਤੇ ਲਗਨ ਨਾਲ ਸਭ ਕੁਝ ਹੋ ਜਾਂਦਾ ਹੈ। ਸ਼ਾਇਦ ਤੁਸੀਂ ਕੋਈ ਯੋਗ ਦੀ ਕਲਾਸ ਅਟੈਂਡ ਨਹੀਂ ਕੀਤੀ ਹੁਣ ਤੱਕ।"

ਕਥਾ ਦੇ ਇਸੇ ਮੋੜ 'ਤੇ ਅੱਗਿਉਂ ਬਲਬੀਰ ਵੱਲੋਂ ਗੁਰੂ ਸਿਧਾਰਥ ਦੇ ਬਣਾਏ ਜਾ ਰਹੇ ਉਸ ਚਿੱਤਰ ਦੀ ਕਹਾਣੀ ਜਾਂ ਉਸ ਬਾਰੇ ਗੱਲਬਾਤ ਸ਼ੁਰੂ ਹੋ ਜਾਂਦੀ ਹੈ ਜਿਸ ਨੇ 'ਅਪੂਰਨ' ਹੀ ਰਹਿਣਾ ਹੈ!

ਬਲਬੀਰ ਗੁਰੂ ਸਿਧਾਰਥ ਅੱਗੇ ਇਹ ਕਹਿੰਦਿਆਂ ਸਿੱਧਾ ਚੈਲਿੰਜ ਸੁੱਟ ਦੇਵੇਗੀ, "ਗੁਰੂ ਜੀ, ਜਦੋਂ ਮੈਂ ਤੁਹਾਨੂੰ ਪਹਿਲੀ ਵਾਰ ਜੰਗਲ ਵਿਚ ਮਿਲੀ ਸਾਂ, ਉਦੋਂ ਤੁਸੀਂ ਬੇਹੱਦ ਸਰਲ, ਸਹਿਜ ਅਤੇ ਰੀਚੇਬਲ ਇਨਸਾਨ ਲੱਗੇ ਸੀ; ਪਰ ਉਸ ਤੋਂ ਪਿੱਛੋਂ ਜਦੋਂ ਵੀ ਮੈਂ ਤੁਹਾਨੂੰ ਸਰੋਤਿਆਂ ਨੂੰ ਸੰਬੋਧਨ ਕਰਦੇ ਵੇਖਿਆ ਤਾਂ ਅਜੀਬ ਵਿਰੋਧਾਭਾਸ ਮਹਿਸੂਸ ਹੋਇਆ। ਤੁਹਾਡੇ ਹਾਵ ਭਾਵ ... ਤੁਹਾਡੇ ਜੈਸਚਰ, ਤੁਹਾਡੇ ਲਿਬਾਸ ਦੀ ਨਫਾਸਤ, ਇਥੋਂ ਤੱਕ ਕਿ ਸਲੀਕੇ ਨਾਲ ਵਾਹੇ ਤੁਹਾਡੇ ਵਾਲ ਵੀ ਇਲੀਟ ਅਤੇ ਅਨ-ਰੀਚੇਬਲ ਜਿਹੀ ਹੋਂਦ ਦਾ ਅਹਿਸਾਸ ਕਰਾਉਂਦੇ ਰਹੇ।"

"ਤਾਂ ਹੀ ਤੁਹਾਡੇ ਕੋਲੋਂ (ਮੇਰੇ ਵਾਲਾ) ਚਿੱਤਰ ਮੁਕੰਮਲ ਨਹੀਂ ਹੋ ਰਿਹਾ।" ਗੁਰੂ ਜੀ ਨੇ ਗੰਭੀਰਤਾ ਨਾਲ ਬਲਬੀਰ ਦੇ ਚਿਹਰੇ ਵੱਲ ਤੱਕਦਿਆਂ ਕਿਹਾ।

---

ਸਾਨੂੰ ਪਤਾ ਹੈ ਕਿ ਬਲਬੀਰ ਗਰਭਵਤੀ ਹੈ। ਉਸ ਨੂੰ ਮਮਤਾ ਦੇ ਅਹਿਸਾਸ ਨੂੰ ਆਸ਼ਕਾਰ ਕਰਨ ਲਈ ਨਵੇਂ ਸਿਰਿਉਂ ਪੇਂਟਿੰਗਾਂ ਦੀ ਪੂਰੀ ਲੜੀ ਬਣਾਉਣ ਦੀ ਵਿਆਕੁਲਤਾ ਜਾਗੇਗੀ। ਇਸ ਸਟੇਜ 'ਤੇ ਉਹ ਕਿਸ ਉਚੀ ਪ੍ਰੇਰਨਾਮਈ ਮਨੋਸਥਿਤੀ ਵਿਚ ਵਿਚਰ ਰਹੀ ਹੈ, ਉਸ ਦਾ ਪਤਾ ਉਸ ਦੀ ਸਹੇਲੀ ਸਿੰਥੀਆ ਨਾਲ ਉਸ ਦੇ ਸੰਵਾਦ ਤੋਂ ਲੱਗੇਗਾ। ਨਾਵਲ ਦੇ ਪੰਨਾ 549 ਉਪਰ ਬਲਬੀਰ, ਸਿੰਥੀਆ ਨੂੰ ਦੱਸ ਰਹੀ ਹੈ: "ਪਤਾ ਹੈ ਸਿੰਥੀਆ ... ਜਦੋਂ ਮੈਂ ਪੈਦਾ ਹੋਣ ਵਾਲੀ ਸਾਂ ਤੇ ਮੇਰੀ ਅੰਮਾ, ਯਾਨਿ ਪੜਨਾਨੀ ਨੇ ਮੇਰੀ ਮਾਂ ਦੇ ਪੇਟ 'ਤੇ ਰੰਗਾਂ ਦਾ ਤਿਲਕ ਲਗਾਉਂਦਿਆਂ ਕਿਹਾ ਸੀ, ਲੈ ਨੀ ਪਾਰਬਤੀਏ, ਮੈਂ ਤੇਰੇ ਬੱਚੇ ਕੋ ਰੰਗਾਂ ਦੇ ਹਵਾਲੇ ਕਰ ਦਿੱਤਾ ਵਾ। ਇਸ ਦੇ ਨਸੀਬ ਇਨ੍ਹਾਂ ਰੰਗਾਂ ਨਾਲ ਹੀ ਮੈਂ ਰੰਗ ਛੋੜਨੇ।"

---

"ਤੇ ਹੁਣ ਮੈਂ ਵੀ ਇਨ੍ਹਾਂ ਰੰਗਾਂ ਦਾ ਅਸ਼ੀਰਵਾਦ ਆਪਣੇ ਬੱਚੇ ਨੂੰ ਦਿਆਂਗੀ ਤੇ ਪਹਿਲੀ ਆਵਾਜ਼ ਜੋ ਉਸ ਦੇ ਕੰਨ ਸੁਣਨਗੇ, ਉਹ ਮੇਰੀ ਅੰਮਾਂ ਦੇ ਕਬੀਲੇ ਦਾ ਗੀਤ ਹੋਵੇਗਾ ਜੋ ਮੇਰੇ ਪੈਦਾ ਹੋਣ 'ਤੇ ਮੈਨੂੰ ਲੋਰੀ ਵਾਂਗ ਸੁਣਾਇਆ ਗਿਆ ਸੀ।"

"ਕਿਹੜਾ?"

"ਤੈਨੂੰ ਸਮਝ ਨਹੀਂ ਆਵੇਗਾ, ਪਰ ਮੈਂ ਤੈਨੂੰ ਗਾ ਕੇ ਤੇ ਨੱਚ ਕੇ ਵਿਖਾਵਾਂਗੀ।"

ਤੇ ਬਲਬੀਰ ਆਪਣੇ ਲੱਕ ਦੁਆਲੇ ਦੁਪੱਟਾ ਬੰਨ੍ਹ ਕੇ ਗੋਲ-ਗੋਲ ਘੁੰਮ ਕੇ ਦੋ ਉਂਗਲਾਂ ਦੀ ਚੁਟਕੀ ਮਾਰਦੀ ਹੋਈ ਗੀਤ ਗਾਉਂਦੀ ਹੈ, ਉਹੋ ਸੰਮੀ ਵਾਲਾ ਗੀਤ,

ਮੈਂ ਵਾਰੀ ਮੈਂ ਵਾਰੀ ਨੀ ਸੰਮੀਏ
ਸੰਮੀ ਮੇਰੀ ਵਾਰ ...
ਮੈਂ ਵਾਰੀ ਮੈਂ ਵਾਰੀ ਨੀ ਸੰਮੀਏ
ਸੰਮੀ ਸਵੇਂਦੀ, ਸਮੇਂ ਜਗੇਂਦੀ
ਮਾਣ ਕਰੇਂਦੀ ... ਸੰਮੀ ਮੇਰੀ ਵਾਰ
ਮੈਂ ਵਾਰੀ ਨੀ ਵਾਰੀ ਮੇਰੀ ਸੰਮੀਏ...।

ਬਲਬੀਰ ਬੇਸੁੱਧ ਜਿਹੀ ਹੋ ਕੇ ਨੱਚ ਰਹੀ ਹੈ ਕਿ ਸਿੰਥੀਆ ਵੀ ਜੋਸ਼ ਵਿਚ ਆ ਕੇ ਨੱਚਣ ਲੱਗ ਪੈਂਦੀ ਹੈ। ਦੋਵੇਂ ਜਿਵੇਂ ਕਿਸੇ ਦਰਗਾਹ 'ਤੇ ਮੁਰਸ਼ਦ ਸਾਹਵੇਂ ਨੱਚਦੀਆਂ ਉਸ ਨੂੰ ਖੁਸ਼ ਕਰ ਰਹੀਆਂ ਸਨ।

ਸੁਰਿੰਦਰ ਨੀਰ ਨੇ ਇਥੇ ਆ ਕੇ ਵੱਖਰਾ ਹੀ ਜਲਵਾ ਖੜ੍ਹਾ ਕੀਤਾ ਹੈ। ਮਾਇਆ ਦੇ ਕਾਲੇ ਲੰਮੇ ਵਾਲ ਤੇ ਸਿੰਥੀਆ ਦੀਆਂ ਸੁਨਹਿਰੀ ਜ਼ੁਲਫਾਂ ਹਵਾ ਵਿਚ ਲਹਿਰਾਉਂਦੀਆਂ ਉਨ੍ਹਾਂ ਦੇ ਗੋਲ ਚੱਕਰਾਂ ਨੂੰ ਹੋਰ ਵੀ ਸੁਹਜਮਈ ਬਣਾ ਰਹੀਆਂ ਹਨ। ਨੱਚਦੀਆਂ-ਨੱਚਦੀਆਂ ਝੱਲੀਆਂ ਹੋ ਕੇ ਉਹ ਇਕ-ਦੂਜੀ ਦੀਆਂ ਬਾਹਾਂ ਵਿਚ ਸਮਾ ਜਾਂਦੀਆਂ ਹਨ।

"ਇਹੀ ਤਾਂ ਵਜੂਦ ਹੈ। ਜਦ ਕੋਈ ਫਕੀਰ ਆਪਣਾ ਆਪ ਭੁੱਲ ਕੇ ਅੰਤਰ ਧਿਆਨ ਹੋ ਨੱਚ ਉਠਦਾ ਹੈ ਤਾਂ ਸਮਝੋ ਉਸ ਦੀ ਲਿਵ ਕਿਤੇ ਜੁੜ ਗਈ ਹੈ।" ਮਿਸਟਰ ਸਵਾਮੀਨਾਥਨ ਗੁਰੂ ਸਿਧਾਰਥ ਨੂੰ ਮੁਖਾਤਬ ਹੁੰਦਿਆਂ ਕਹਿ ਰਹੇ ਹਨ। ਗੁਰੂ ਸਿਧਾਰਥ ਕੁਝ ਨਹੀਂ ਬੋਲ ਪਾਉਂਦੇ, ਬਸ ਮੁਸਕਰਾ ਕੇ ਰਹਿ ਜਾਂਦੇ ਹਨ।

---

ਹੁਣ ਅਸੀਂ ਪਾਠਕਾਂ ਨੂੰ ਮੈਕਲੌਡਗੰਜ ਨਿਮਨਾਂ ਦੇ ਵਿਹੜੇ ਜਾਣ ਤੋਂ ਪਹਿਲਾਂ ਬਲਬੀਰ ਦੀ ਯਾਤਰਾ ਦੇ ਉਸ ਪੜਾਅ 'ਤੇ ਜ਼ਰਾ ਲੈ ਕੇ ਚੱਲਦੇ ਹਾਂ ਜਿਥੇ ਸੁਰਿੰਦਰ ਨੀਰ ਆਪਣੀ ਨਾਇਕਾ ਨੂੰ ਇਕ ਵਾਰ ਮੁੜ ਗੁਰੂ ਸਿਧਾਰਥ ਦੇ ਸਾਹਮਣੇ ਖੜ੍ਹਾ ਕਰਦੀ

*(ਬਾਕੀ ਅਗਲੇ ਸਫੇ 'ਤੇ)*

## ਛਾਤੀ ਅੰਦਰਲੇ ਥੇਹ (1)

# ਸਟੇਜ 'ਤੇ ਪਹਿਲਾ ਰੋਲ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

1955 ਦੀ ਗੱਲ ਹੈ। ਮੈਂ ਸਰਕਾਰੀ ਪ੍ਰਾਇਮਰੀ ਸਕੂਲ, ਚਮਕੌਰ ਸਾਹਿਬ ਵਿਚ ਚੌਥੀ ਜਮਾਤ ਦਾ ਵਿਦਿਆਰਥੀ ਸਾਂ। ਸਕੂਲ ਦੇ ਇਕ ਪਾਸੇ ਕਾਫ਼ੀ ਉਚਾਈ ਉਤੇ ਗੁਰਦੁਆਰਾ ਗੜ੍ਹੀ ਸਾਹਿਬ ਅਤੇ ਦੂਜੇ ਪਾਸੇ ਨਿਵਾਣ ਵਿਚ ਗੁਰਦੁਆਰਾ ਬਾਬਾ ਜੀਵਨ ਸਿੰਘ ਸੀ। ਉਚਾਈ ਵਾਲੇ ਨੂੰ ਉਚੀਆਂ ਜਾਤਾਂ ਅਤੇ ਨਿਵਾਣ ਵਾਲੇ ਨੂੰ ਨੀਵੀਆਂ ਜਾਤਾਂ ਦਾ ਸਮਝਿਆ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਜਾਤ-ਪਾਤ ਅਤੇ ਛੂਆ-ਛੂਤ ਦਾ ਕਾਫੀ ਬੋਲਬਾਲਾ ਸੀ, ਪਰ ਇਨ੍ਹਾਂ ਦੋਹਾਂ ਗੁਰਦੁਆਰਿਆਂ ਵਿਚ ਸਾਰੀਆਂ ਜਾਤਾਂ ਦੇ ਬੱਚੇ ਜਾ ਸਕਦੇ ਸਨ। ਮੇਰੇ ਆਪਣੇ ਨਾਨਕੇ ਪਿੰਡ ਰਾਇਪੁਰ ਵਿਚ ਨੀਵੀਂ



**ਗੁਰਦਿਆਲ ਦਲਾਲ**
**ਫੋਨ: 91-98141-85363**

ਜਾਤ ਦੇ ਲੋਕਾਂ ਨੂੰ ਗੁਰਦੁਆਰੇ ਦੇ ਬਰਾਂਡੇ ਵਿਚ ਹੀ ਬੈਠਣਾ ਪੈਂਦਾ ਸੀ। ਉਨ੍ਹਾਂ ਨੂੰ ਅੰਦਰ ਜਾ ਕੇ ਮੱਥਾ ਟੇਕਣ ਦੀ ਮਨਾਹੀ ਸੀ। ਉਨ੍ਹਾਂ ਨੂੰ ਸਭ ਤੋਂ ਮਗਰੋਂ ਕੜਾਹ ਪ੍ਰਸਾਦਿ ਦਿੱਤਾ ਜਾਂਦਾ ਸੀ ਤੇ ਭਾਈ ਜੀ ਭਿੱਟੇ ਜਾਣ ਦੇ ਡਰੋਂ ਉਨ੍ਹਾਂ ਦੇ ਬੁੱਕਾਂ ਵਿਚ ਦੂਰੋਂ ਹੀ ਕੜਾਹ ਸੁੱਟਦਾ। ਚਾਹ ਪੀਣ ਲਈ ਵੀ ਇਹ ਦਲਿਤ ਲੋਕ ਆਪਣੇ ਗਿਲਾਸ ਘਰੋਂ ਹੀ ਲੈ ਕੇ ਆਉਂਦੇ। ਕਿਸੇ ਗੁਰਪੁਰਬ ਜਾਂ ਸੰਗਰਾਂਦ ਦੇ ਦਿਹਾੜੇ 'ਤੇ ਗੜ੍ਹੀ ਸਾਹਿਬ ਵਿਚ ਹਰ ਬੱਚੇ ਨੂੰ ਅਖਰੋਟ ਕੁ ਜਿੰਨਾ ਕੜਾਹ ਮਿਲਦਾ, ਪਰ ਬਾਬਾ ਜੀਵਨ ਸਿੰਘ ਦੇ ਗੁਰਦੁਆਰੇ ਵਿਚ ਕੜਾਹ ਦਾ ਖੁੱਲ੍ਹਾ ਗੱਫਾ ਮਿਲਦਾ। ਅਸੀਂ ਮੁੜ-ਮੁੜ ਹੱਥ ਪੂੰਝ ਕੇ ਜੀਵਨ ਸਿੰਘ ਦੇ ਗੁਰਦੁਆਰੇ ਵਿਚੋਂ ਕੜਾਹ ਲੈਣ ਜਾਂਦੇ। ਉਚੀਆਂ ਜਾਤਾਂ ਵਾਲੇ ਹੋਰ ਮੁੰਡੇ ਇਸ ਗੱਲੋਂ ਹੈਰਾਨ ਹੁੰਦੇ ਕਿ ਸਾਨੂੰ ਉਥੋਂ ਦਾ ਕੜਾਹ ਖਾ ਕੇ ਉਲਟੀ ਕਿਉਂ ਨਹੀਂ ਆਉਂਦੀ!

ਸਾਡੇ ਅਧਿਆਪਕ ਲਛਮਣ ਦਾਸ ਅਤੇ ਧਰਮ ਚੰਦ ਭਾਵੇਂ ਉਚੀਆਂ ਜਾਤਾਂ ਦੇ ਸਨ, ਪਰ ਉਹ ਹਮੇਸ਼ਾ ਸਾਰੇ ਬੱਚਿਆਂ ਨੂੰ ਸਿੱਖਿਆ ਦਿੰਦੇ ਕਿ ਰੱਬ ਦੇ ਬਣਾਏ ਸਾਰੇ ਮਨੁੱਖ ਬਰਾਬਰ ਹਨ। ਕੋਈ ਵੱਡਾ-ਛੋਟਾ ਨਹੀਂ ਹੁੰਦਾ ਤੇ ਨਾ ਹੀ ਛੂਹਣ ਨਾਲ ਕੋਈ ਭਿੱਟਿਆ ਜਾਂਦਾ ਹੈ। ਤਨਖਾਹ ਵਾਲੇ ਦਿਨ ਉਹ ਸਕੂਲ ਦੇ ਸਾਰੇ ਮੁੰਡਿਆਂ ਨੂੰ ਲਾਈਨਾਂ ਵਿਚ ਬਿਠਾ ਕੇ ਦੋ-ਦੋ ਪੈਸੇ (ਗਲੀ ਵਾਲੇ ਤੇ ਡਬਲ) ਵੰਡਦੇ ਅਤੇ ਮਨੁੱਖੀ ਕਦਰਾਂ-ਕੀਮਤਾਂ ਪੈਦਾ ਕਰਨ ਲਈ ਚੰਗੇ-ਚੰਗੇ ਭਾਸ਼ਣ ਦਿੰਦੇ। ਸਾਡੀ ਜਮਾਤ ਦਾ ਇਕ ਨੰਬਰ ਮਨੀਟਰ ਜੋਗਿੰਦਰ ਸੀ ਜੋ ਨੀਵੀਂ ਸਮਝੀ ਜਾਣ ਵਾਲੀ ਜਾਤ ਦਾ ਸੀ। ਉਸ ਦੇ ਘਰ ਵਾਲੇ ਮਲੀਨ ਧੰਦਾ ਕਰਦੇ ਸਨ ਅਤੇ ਸੂਰ ਪਾਲਦੇ ਸਨ। ਦੋ ਨੰਬਰ ਮਨੀਟਰ ਮੈਂ ਸਾਂ। ਸਾਡੀ ਦੋਹਾਂ ਦੀ ਐਨੀ ਆੜੀ ਪੈ ਗਈ ਕਿ ਅਸੀਂ ਗੰਗਾ ਰਾਮ ਤੋਂ ਛੋਲੇ ਅਤੇ ਬਲੌਰੀ ਇਕੋ ਡੂੰਨੇ ਵਿਚ ਪਵਾ ਕੇ ਖਾਂਦੇ। ਮੇਰੇ ਪਿੰਡ ਦੇ ਮੁੰਡੇ ਇਸ ਗੱਲ ਨੂੰ ਠੀਕ ਨਾ ਸਮਝਦੇ ਅਤੇ ਮੇਰੇ ਮਾਮੇ ਨੂੰ ਦੱਸ ਕੇ ਮੈਨੂੰ ਕੁੱਟ ਪਵਾ ਦਿੰਦੇ।

ਮੈਂ ਕਈ ਵਾਰੀ ਜੋਗਿੰਦਰ ਨਾਲ ਉਸ ਦੇ ਘਰ ਵੀ ਚਲਾ ਜਾਂਦਾ। ਉਸ ਦੀ ਬੇਬੇ ਨੂੰ ਬੇਬੇ, ਚਾਚੀ ਨੂੰ ਚਾਚੀ, ਬਾਪੂ ਨੂੰ ਬਾਪੂ ਕਹਿ ਕੇ ਬੁਲਾਉਂਦਾ ਤਾਂ ਉਹ ਬੇਅੰਤ ਪਿਆਰ ਕਰਦੇ। ਮੈਨੂੰ ਲੱਡੂ, ਪਕੌੜੀਆਂ, ਕੁਲਫੀਆਂ ਖੁਆਉਂਦੇ, ਪਰ ਮੈਂ ਜੋਗਿੰਦਰ ਨੂੰ ਆਪਣੇ ਘਰ ਨਹੀਂ ਸਾਂ ਲਿਜਾ ਸਕਦਾ ਕਿਉਂਕਿ ਮੇਰੇ ਮਾਮੇ ਨੂੰ ਭਿੱਟੇ ਜਾਣ ਦਾ ਬੜਾ ਡਰ ਰਹਿੰਦਾ ਸੀ। ਇਕ ਵਾਰੀ ਡਾਕੀਆ ਖੁਸ਼ੀ ਵਾਲਾ ਕੋਈ ਕਾਰਡ ਲੈ ਕੇ ਆਇਆ ਤਾਂ ਮਾਮੇ ਨੇ ਉਸ ਨੂੰ ਮੰਜੇ 'ਤੇ ਦਰੀ, ਚਾਦਰ ਵਿਛਾ ਕੇ ਬਿਠਾਇਆ ਅਤੇ ਚਾਹ-ਪਾਣੀ ਪਿਆ ਕੇ ਪੁੱਛਣ ਲੱਗਾ, "ਸੁੱਖ ਨਾਲ ਕੌਣ ਹੁੰਦੇ ਹੋ?" ਡਾਕੀਆ ਬੋਲਿਆ, "ਮੈਂ ਤਾਂ ਜੀ ਚੌਥੇ ਪੌੜੇ ਵਾਲਾ ਹਾਂ।" ਮਾਮੇ ਨੇ ਗੁੱਸੇ ਹੋ ਕੇ ਕਿਹਾ, "ਤੂੰ ਤਾਂ ਯਾਰ ਗੱਠੇ ਹੀ ਗਾਲ ਦਿੱਤੇ। ਪਹਿਲਾਂ ਦੱਸੀਦਾ ਹੁੰਦਾ ਏ। ਚੜ੍ਹ ਕੇ ਬਹਿ ਗਿਆ ਮੰਜੇ 'ਤੇ।"

ਡਾਕੀਏ ਦੇ ਜਾਣ ਮਗਰੋਂ ਉਸ ਨੇ ਕੱਪੜੇ ਰੇਹੀ ਵਾਲੇ ਉਬਲਦੇ ਪਾਣੀ ਵਿਚ ਸੁੱਟ ਕੇ ਧੋਤੇ। ਮੰਜੇ ਉਤੇ ਗਰਮ ਪਾਣੀ ਸੁੱਟਿਆ ਅਤੇ ਗੰਗਾ ਜਲ ਦਾ ਛਿੜਕਾ ਕੀਤਾ, ਤਾਂ ਇਹ ਸਭ ਕੁਝ ਮੁੜ ਵਰਤੋਂ ਯੋਗ ਹੋਇਆ। ਮੈਂ ਭਾਵੇਂ ਛੋਟਾ ਸਾਂ, ਪਰ ਇਨ੍ਹਾਂ ਗੱਲਾਂ ਨੂੰ ਟਿੱਚ ਕਰ ਕੇ ਜਾਣਦਾ ਸਾਂ। ਪਿੰਡ ਵਿਚ ਵੀ ਮੇਰੀ ਆੜੀ ਤੇਲੀਆਂ ਦੇ ਮੁੰਡੇ ਬੀਰੂ ਜੋ ਮੁਸਲਮਾਨ ਸਨ, ਨਾਲ ਹੀ ਸਭ ਤੋਂ ਵੱਧ ਸੀ। ਮਾਮੇ ਤੋਂ ਜ਼ਰਾ ਬਚ ਕੇ ਅਸੀਂ ਇਕ ਥਾਲੀ ਵਿਚ ਖਾਂਦੇ ਸਾਂ। ਵਿਹੜੇ ਵਾਲੇ ਅਰਜਨ ਅਮਲੀ ਦੀ ਛੰਨ ਹੇਠ ਜਾ ਕੇ ਤਾਂ ਮੈਂ ਅਨੇਕਾਂ ਵਾਰੀ ਉਸ ਦੇ ਹੁੱਕੇ ਦੀ ਗੁੜਗੁੜ ਬੁਲਾਈ ਸੀ।

ਖੈਰ, ਉਨ੍ਹੀਂ ਦਿਨੀਂ ਸਕੂਲ ਵਿਚ ਘਟਨਾ ਵਾਪਰ ਗਈ। ਸਕੂਲ ਇੰਸਪੈਕਟਰ ਦੀ ਆਉ ਭਗਤ ਲਈ ਸਮਾਗਮ ਕੀਤਾ ਜਾਣਾ ਸੀ। ਮਾਸਟਰ ਲਛਮਣ ਦਾਸ ਨੇ ਛੂਤ-ਛਾਤ ਦੀ ਕੁਰੀਤੀ ਬਾਰੇ ਸਕਿੱਟ ਲਿਖੀ ਜਿਸ ਵਿਚ ਰੋਲ ਕਰਨ ਲਈ ਜੋਗਿੰਦਰ, ਮੈਨੂੰ ਤੇ ਦੋ-ਤਿੰਨ ਹੋਰ ਮੁੰਡਿਆਂ ਨੂੰ ਲੈ ਲਿਆ ਗਿਆ। ਇਸ ਸਕਿੱਟ ਵਿਚ ਜਿਹੜਾ ਰੋਲ ਮੈਨੂੰ ਦਿੱਤਾ ਗਿਆ, ਉਸ ਵਿਚ ਮੈਨੂੰ ਜੋਗਿੰਦਰ ਦਾ ਪੁੱਤ ਬਣਨਾ ਪੈਣਾ ਸੀ। ਸਾਰੇ ਮੁੰਡਿਆਂ ਅਤੇ ਮਾਸਟਰਾਂ ਦੇ ਸਾਹਮਣੇ ਨੀਵੀਂ ਜਾਤ ਦੇ ਮੁੰਡੇ ਦਾ ਪੁੱਤ ਬਣਨਾ ਮੈਨੂੰ ਅਸਹਿ ਲੱਗਾ। ਉਸ ਮਗਰੋਂ ਮੇਰੇ ਪਿੰਡ ਦੇ ਮੁੰਡਿਆਂ ਨੇ ਮੈਨੂੰ ਉਸੇ ਜਾਤ ਨਾਲ ਸੱਦਣਾ ਸੀ ਤੇ ਸਾਰੇ ਪਿੰਡ ਵਿਚ ਰੌਲਾ ਪੈ ਜਾਣਾ ਸੀ। ਪਤਾ ਨਹੀਂ ਮੇਰੇ ਵਿਚੋਂ ਕਿਵੇਂ ਅਤੇ ਕਿੱਥੋਂ ਉਚ ਜਾਤੀ ਦੇ ਘੁਮੰਡੀ ਸੱਪ ਨੇ ਫਨ ਚੁੱਕ ਲਿਆ। ਮੈਂ ਮਾਸਟਰ ਜੀ ਕੋਲ ਗਿਆ ਤੇ ਬੜੀ ਹਲੀਮੀ ਨਾਲ ਬੇਨਤੀ ਕੀਤੀ ਕਿ ਮੈਂ ਸਕਿੱਟ ਵਿਚ ਭਾਗ ਨਹੀਂ ਲੈਣਾ ਚਾਹੁੰਦਾ। ਉਨ੍ਹਾਂ ਦੇ 'ਕਿਉਂ?' ਦਾ ਜਵਾਬ ਮੈਂ ਨਾ ਦੇ ਸਕਿਆ। ਉਨ੍ਹਾਂ ਨੇ ਮੈਨੂੰ ਕੁੱਝ ਚਿਰ ਮੁਰਗਾ ਬਣਾਇਆ, ਦੋ ਚਾਰ ਡੰਡੇ ਠੋਕੇ; ਫਿਰ ਮੈਂ ਗਾਚਣੀ ਚੁੱਕੀ ਅਤੇ ਚੁਬੱਚੇ ਵਿਚ ਫੱਟੀ ਧੋਣ ਚਲਾ ਗਿਆ। ਉਥੇ ਹੋਰ ਮੁੰਡੇ ਵੀ ਫੱਟੀਆਂ ਧੋ ਰਹੇ ਸਨ। ਮੈਥੋਂ ਕਿਹਾ ਗਿਆ, "... (ਜਾਤ ਦਾ ਨਾਂ) ਦਾ ਪੁੱਤ ਬਣਨਾ ਏਂ!"

ਉਨ੍ਹਾਂ ਦਿਨਾਂ ਵਿਚ ਜੇ ਕੋਈ ਮੁੰਡਾ ਕਿਸੇ ਹੋਰ ਜਾਤ ਦਾ ਨਾਂ ਲੈ ਕੇ ਕਹਿੰਦਾ, ਤਾਂ ਮਾਸਟਰ ਉਸ ਦਾ ਪੂਰਾ ਕੁਟਾਪਾ ਕਰਦੇ। ਬੱਸ ਗੱਲ ਮੇਰੇ ਮੂੰਹੋਂ ਡਿੱਗਣ ਦੀ ਦੇਰ ਸੀ ਕਿ ਬਾਹਮਣਾਂ ਦੇ ਖੇਮਰਾਜ ਨੇ ਮਾਸਟਰ ਲਛਮਣ ਦਾਸ ਨੂੰ ਜਾ ਦੱਸੀ। ਉਨ੍ਹਾਂ ਮੈਨੂੰ ਬੁਲਾ ਕੇ, ਮੁਰਗਾ ਬਣਾ ਕੇ ਮੇਰੀ ਪਿੱਠ ਉਤੇ ਇੱਟਾਂ ਧਰ ਦਿੱਤੀਆਂ ਤੇ ਖੇਮਰਾਜ ਨੂੰ ਡੰਡਾ ਫੜਾ ਕੇ ਮੇਰੇ ਪਿੱਛੇ ਖੜ੍ਹਾ ਦਿੱਤਾ। ਜਦੋਂ ਇੱਟ ਡਿੱਗਦੀ ਖੇਮਰਾਜ ਮੇਰੀ ਪਿੱਠ ਉਤੇ ਜ਼ੋਰ ਨਾਲ ਡੰਡਾ ਮਾਰਦਾ। ਮੈਂ ਚੀਕਦਾ। ਉਹ ਇੱਟ ਮੁੜ ਮੇਰੀ ਪਿੱਠ ਉਤੇ ਧਰ ਦਿੰਦਾ। ਲੱਤਾਂ ਵਿਚੋਂ ਭਾਫ ਨਿਕਲਣ ਲੱਗੀ। ਮੈਂ ਰੋਣ ਲੱਗਾ। ਫਿਰ ਮਾਸਟਰ ਜੀ ਆਏ। ਡੰਡਾ ਚੁੱਕ ਲਿਆ। ਪੈਣ ਦੇ ਜਿੱਥੇ ਪੈਂਦੀ ਏ। ਨਾਲ ਦੀ ਨਾਲ ਕਹੀ ਜਾਣ, "ਬੋਲ ਬਣੇਂਗਾ ... (ਜਾਤ ਦਾ ਨਾਂ ਲੈ ਕੇ) ਦਾ ਪੁੱਤ?" "ਜੀ ਬਣੂੰਗਾ! ਮਾਫ਼ ਕਰ ਦੋ ਜੀ, ਬਣੂੰਗਾ", ਮੈਂ ਹਰ ਡੰਡੇ 'ਤੇ ਉਚੀ ਦੇਣੇ ਕਹਿੰਦਾ। ਸਾਰੀ ਜਮਾਤ ਹੱਸਦੀ ਰਹੀ ਤੇ ਸੈਕੰਡ ਮਨੀਟਰ ਭੁੱਬਾਂ ਮਾਰ-ਮਾਰ ਰੋਂਦਾ ਰਿਹਾ। ਮੈਨੂੰ ਮੁੜ ਜੋਗਿੰਦਰ ਦੇ ਪੁੱਤ ਦਾ ਰੋਲ ਦੇ ਦਿੱਤਾ ਗਿਆ।



*ਚਮਕੌਰ ਸਾਹਿਬ ਵਿਚ ਸਥਿਤ ਗੁਰਦੁਆਰਾ ਭਾਈ ਜੀਵਨ ਸਿੰਘ।*

ਸਮਾਗਮ ਵਾਲੇ ਦਿਨ ਬਰੋਟੇ ਹੇਠ ਸਟੇਜ ਲਾਈ ਗਈ। ਧੋਤੇ ਹੋਏ ਕੱਪੜੇ ਪਾਈ ਸਾਰੇ ਮੁੰਡੇ ਤੱਪੜਾਂ 'ਤੇ ਬੈਠ ਗਏ। ਅਧਿਆਪਕ ਅਤੇ ਇੰਸਪੈਕਟਰ ਕੁਰਸੀਆਂ 'ਤੇ ਸਜ ਗਏ। ਸਾਡੀ ਸਕਿੱਟ ਸ਼ੁਰੂ ਹੋਈ। ਮੇਰੇ ਨੰਗੇ ਸਿਰ ਉਤੇ ਮੀਢੀਆਂ ਵਾਲੇ ਖੁੱਲ੍ਹੇ ਜੂੜੇ ਦੀ ਪੂਛ ਲਮਕ ਰਹੀ ਸੀ। ਮੈਂ ਟਾਕੀਆਂ ਵਾਲਾ ਕਮੀਜ਼ ਅਤੇ ਕੱਛਾ ਪਾਇਆ ਹੋਇਆ ਸੀ ਜਿਸ ਦਾ ਨਾਲਾ ਲਟਕ ਰਿਹਾ ਸੀ। ਮੇਰੀ ਸ਼ਕਲ ਦੇਖ ਕੇ ਹੀ ਸਾਰੇ ਮੁੰਡਿਆਂ ਦਾ ਹਾਸਾ ਮਚ ਗਿਆ। ਮੈਂ ਆਪਣੇ 'ਪਿਉ' ਜੋਗਿੰਦਰ ਤੋਂ ਖਾਣ ਲਈ ਬਾਤੀ ਮੰਗਦਿਆਂ ਸਚਮੁੱਚ ਹੀ ਰੋਣਾ ਸ਼ੁਰੂ ਕਰ ਦਿੱਤਾ। ਸਾਰੇ ਮੁੰਡੇ 'ਹਾ-ਹਾ' ਕਰ ਕੇ ਹੱਸਦੇ ਤਾੜੀਆਂ ਮਾਰਨ ਲੱਗ ਪਏ। ਜਿਸ ਭੈੜੇ ਤਰੀਕੇ ਨਾਲ ਮੈਂ ਆਪਣਾ ਰੋਲ ਨਿਭਾਇਆ, ਜਿਵੇਂ ਮੈਂ ਹਰ ਡਾਇਲਾਗ ਮਗਰੋਂ ਚੀਕ ਜਿਹੀ ਮਾਰ ਕੇ ਸਚਮੁੱਚ ਰੋਂਦਾ ਰਿਹਾ, ਮੈਨੂੰ ਲੱਗਦਾ ਸੀ ਕਿ ਸਮਾਗਮ ਤੋਂ ਬਾਅਦ ਸਾਰੇ ਮਾਸਟਰ ਮੈਨੂੰ ਭੂਤਾਂ ਵਾਲੇ ਕਮਰੇ ਵਿਚ ਹੁੜਬ (ਡੱਕ) ਕੇ ਐਨਾ ਕੁਟਾਪਾ ਚਾੜ੍ਹਨਗੇ ਕਿ ਮੈਂ ਮਰ ਜਾਵਾਂਗਾ; ਪਰ ਅਜਿਹਾ ਕੁਝ ਵੀ ਨਾ ਹੋਇਆ।

ਇਨਾਮ ਵੰਡੇ ਜਾਣ ਲੱਗੇ। ਇੰਸਪੈਕਟਰ ਨੇ ਕਿਤਾਬਾਂ-ਕਾਪੀਆਂ ਦਾ ਇਕ ਬੰਡਲ ਮੈਨੂੰ ਇਨਾਮ ਵਿਚ ਦੇ ਕੇ ਮੇਰੀ ਪਿੱਠ ਥਾਪੜੀ। ਮਾਸਟਰ ਲਛਮਣ ਦਾਸ ਕਹਿਣ ਲੱਗੇ, "ਬਈ ਛੋਟੂ ਰਾਮ (ਮੇਰਾ ਬਚਪਨ ਦਾ ਨਾਂ) ਨੇ ਤਾਂ ਅੱਜ ਕਮਾਲ ਹੀ ਕਰ ਦਿੱਤੀ। ਅਸੀਂ ਇਸ ਨੂੰ ਬੈਸਟ ਐਕਟਰ ਦਾ ਇਨਾਮ ਦੇ ਰਹੇ ਹਾਂ। ਇਕ ਰੁਪਿਆ ਮੈਂ ਵੀ ਇਨਾਮ ਦਿੰਦਾ ਹਾਂ। ਵੱਡਾ ਹੋ ਕੇ ਇਹ ਮੁੰਡਾ ਬਹੁਤ ਨਾਮਣਾ ਖੱਟੇਗਾ।" ਮੁੰਡਿਆਂ ਨੇ ਤਾੜੀਆਂ ਮਾਰੀਆਂ, ਮੈਂ ਫਿਰ ਰੋਣ ਲੱਗ ਪਿਆ। ਮੇਰੀਆਂ ਅੱਖਾਂ ਵਿਚੋਂ ਮੋਟੇ-ਮੋਟੇ ਹੰਝੂ ਡਿੱਗਦੇ ਦੇਖ ਸਾਰੇ ਹੈਰਾਨ ਸਨ, ਬਈ ਇਹ ਮੂਰਖ ਭਲਾਂ ਹੁਣ ਕਿਉਂ ਰੋਂਦਾ ਏ!

---

ਸੰਨ 1986 ਵਿਚ ਜਦੋਂ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਿਆਲੀ ਵਿਚ ਗਣਿਤ ਦੇ ਲੈਕਚਰਾਰ ਵਜੋਂ ਸੇਵਾ ਨਿਭਾ ਰਿਹਾ ਸਾਂ ਤਾਂ ਸਾਡੇ ਸ਼ਹਿਰ ਦੋਰਾਹਾ ਦੇ ਕਲਾਕਾਰ ਮੁੰਡੇ-ਕੁੜੀਆਂ ਨੇ ਇਕੱਠੇ ਹੋ ਕੇ ਨਾਟਕ ਮੰਡਲੀ 'ਨਵਰੰਗ ਕਲਾ ਮੰਚ' ਬਣਾਈ ਅਤੇ ਮੈਨੂੰ ਸਰਬਸੰਮਤੀ ਨਾਲ ਇਸ ਦਾ ਪ੍ਰਧਾਨ ਚੁਣਿਆ। ਵੱਖ-ਵੱਖ ਸ਼ਹਿਰਾਂ ਵਿਚ ਅਸੀਂ ਅਨੇਕਾਂ ਨਾਟਕ ਖੇਡੇ। ਕਈ ਥਾਂਵਾਂ ਉਤੇ ਨਾਟਕ ਮੇਲਿਆਂ ਦਾ ਪ੍ਰਬੰਧ ਕੀਤਾ। ਅਨੇਕਾਂ ਨਾਮਵਰ ਸ਼ਖਸੀਅਤਾਂ ਦਾ ਸਨਮਾਨ ਕੀਤਾ। ਇਕ ਵਾਰੀ ਅਜਿਹੇ ਇਕ ਪ੍ਰੋਗਰਾਮ ਵਿਚ ਗੁਰਸ਼ਰਨ ਭਾਅ ਜੀ ਨੇ ਮੇਰੀ ਪਿੱਠ ਥਾਪੜ ਕੇ ਕਿਹਾ, "ਗੁਰਦਿਆਲ, ਤੂੰ ਜਦੋਂ ਮਰਜ਼ੀ ਨਾਟਕ ਮੇਲਾ ਰੱਖ ਲਵੀਂ, ਸਾਰਾ ਖਰਚਾ ਅਸੀਂ ਅਕੈਡਮੀ (ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਜਿਸ ਦੇ ਉਦੋਂ ਉਹ ਪ੍ਰਧਾਨ ਸਨ) ਵੱਲੋਂ ਕਰਾਂਗੇ।" ਉਦੋਂ ਵੀ ਮੇਰੀਆਂ ਅੱਖਾਂ ਵਿਚੋਂ ਹੰਝੂ ਨਿਕਲ ਆਏ ਸਨ।

***(ਚਲਦਾ)***

# ਅਨੰਤ ਤਲਾਸ਼ ਦੀ ਮਾਇਆ

ਹੈ। ਨਾਵਲ ਦੇ ਪੰਨਾ 602 ਉਪਰ ਬਲਬੀਰ ਆਪਣੀ ਸਹੇਲੀ ਸਿੰਥੀਆ ਦੇ ਘਰ ਵੱਲ ਜਾ ਰਹੀ ਹੈ ਕਿ ਅਚਾਨਕ ਸਾਹਮਣੇ ਉਸ ਨੂੰ ਗੁਰੂ ਸਿਧਾਰਥ ਟੱਕਰ ਜਾਂਦੇ ਹਨ।

"ਚਲੋ ਮੈਂ ਤੁਹਾਨੂੰ ਉਥੇ ਤੱਕ ਛੱਡ ਦਿੰਦਾ ਹਾਂ।" ਆਖਦਿਆਂ ਉਹ ਕਾਰ ਦੀ ਬਾਰੀ ਖੋਲ੍ਹ ਕੇ ਬਲਬੀਰ ਨੂੰ ਆਪਣੇ ਨਾਲ ਬਿਠਾ ਲੈਂਦੇ ਹਨ। ਹੁੰਦਾ ਇਹ ਹੈ ਕਿ ਗੁਰੂ ਜੀ ਉਸ ਨੂੰ ਸਿੰਥੀਆ ਦੇ ਘਰ ਛੱਡ ਕੇ ਆਉਣ ਦੀ ਬਜਾਏ ਆਪਣੀ ਕੁਟੀਆ ਵਿਚ ਲੈ ਆਉਂਦੇ ਹਨ। ਨਾਵਲ ਦੇ ਪੰਨਾ 606 ਉਪਰ ਰਾਤ ਦੇ ਖਾਣੇ ਸਮੇਂ ਟੇਬਲ 'ਤੇ ਬੈਠਿਆਂ ਬਲਬੀਰ ਅਤੇ ਗੁਰੂ ਸਿਧਾਰਥ ਵਿਚਾਲੇ ਜ਼ਰਾ ਇਕ-ਦੋ ਸੰਵਾਦ ਸੁਣੋ,

ਗੁਰੂ ਸਿਧਾਰਥ ਬਲਬੀਰ ਨੂੰ ਸਮਝਾਉਂਦੇ ਹਨ ਕਿ "ਸਾਧਾਰਨ ਇਨਸਾਨ ਵੀ ਕਲਾਕਾਰ ਹੀ ਹੁੰਦਾ ਹੈ, ਪਰ ਫਰਕ ਇਹੀ ਹੈ ਕਿ ਅਸੀਂ ਕਲਾਕਾਰ ਉਸੇ ਨੂੰ ਮੰਨ ਲੈਂਦੇ ਹਾਂ ਜਿਹੜਾ ਐਸੀ ਕਲਾ ਦਾ ਨਿਰਮਾਤਾ ਹੋਵੇ, ਜਿਹੜੀ ਬਾਜ਼ਾਰ ਵਿਚ ਵਿਕਦੀ ਅਤੇ ਮੁੱਲ ਵੱਟਦੀ ਹੈ।"

ਬਲਬੀਰ ਦਾ ਜਵਾਬ ਹੈ, "ਨਹੀਂ, ਗੁਰੂ ਜੀ, ਮੈਂ ਐਸਾ ਨਹੀਂ ਮੰਨਦੀ। ਮੇਰੀ ਨਜ਼ਰ ਵਿਚ ਤਾਂ ਚਰਖੇ ਤੇ ਪੂਣੀ ਕੱਤਣ ਵਾਲੀ ਤੇ ਘਰ ਦੀਆਂ ਕੰਧਾਂ 'ਤੇ ਚਿਤਰਕਾਰੀ ਕਰਦੀ ਔਰਤ, ਮਿੱਟੀ ਦੇ ਭਾਂਡੇ ਬਣਾਉਂਦੇ ਘੁਮਾਰ, ਇਥੋਂ ਤੱਕ ਕਿ ਘਰਾਂ ਦੀਆਂ ਚਾਰ ਦੀਵਾਰੀਆਂ ਅੰਦਰ ਛੁਪ ਕੇ ਝੁਰਮਟ ਪਾਉਂਦੀਆਂ ਔਰਤਾਂ ਵੀ ਕਲਾਕਾਰ ਹੀ ਹਨ ਜਿਨ੍ਹਾਂ ਦੀ ਕਲਾ ਸਿਰਫ ਉਨ੍ਹਾਂ ਦੇ ਆਪਣੇ ਮਨੋਰੰਜਨ ਲਈ ਹੁੰਦੀ ਹੈ, ਬਜ਼ਾਰ ਲਈ ਨਹੀਂ।"

"ਹੂੰ ... ਅ।" ਆਖਦਿਆਂ ਗੁਰੂ ਜੀ ਮਰਿਆ ਜਿਹਾ ਹੁੰਗਾਰਾ ਭਰਦੇ ਹਨ।

ਨਾਵਲ ਦੇ 87ਵੇਂ ਕਾਂਡ ਵਿਚ ਬਲਬੀਰ ਗੁਰੂ ਸਿਧਾਰਥ ਦੇ ਘਰੋਂ ਜਾਣ ਲਈ ਉਨ੍ਹਾਂ ਤੋਂ ਇਜਾਜ਼ਤ ਦੀ ਤਵੱਕੋ ਕਰਦੀ ਨਜ਼ਰ ਆਉਣ ਲਗ ਜਾਂਦੀ ਹੈ। ਗੁਰੂ ਸਿਧਾਰਥ ਬੇਵਸ ਵੀ ਹਨ, ਉਦਾਸ ਵੀ ਹਨ। ਗੁਰੂ ਜੀ ਦੀ ਹਾਲਤ ਡਾਢੀ ਪਤਲੀ ਹੈ, ਪਰ ਬਲਬੀਰ ਕੀ ਕਰ ਸਕਦੀ ਹੈ। ਉਹ ਗੁਰੂ ਜੀ ਦੇ ਘਰੋਂ ਨਿਕਲ ਕੇ ਪਹਿਲੀ ਵਾਰ ਜੰਗਲ ਵਿਚ ਦੂਰ ਕਿਸੇ ਘੁਮਾਰ ਬਸਤੀ ਵਿਚ ਪਹੁੰਚਦੀ ਹੈ ਜਿਥੇ ਉਸ ਦਾ ਸਾਹਮਣਾ ਬੁਢੜੀ ਘੁਮਿਆਰਨ ਅਤੇ ਸਾਂਵਲ ਨਾਲ ਹੋਵੇਗਾ, ਪਰ ਗੁਰੂ ਜੀ ਨਾਲ ਕੀਤੇ ਵਾਅਦੇ ਅਨੁਸਾਰ ਇਕ ਦਿਨ ਲਈ ਉਹ 'ਕੁਟੀਆ' ਵਿਚ ਪਰਤ ਆਵੇਗੀ। ਬਲਬੀਰ ਅਤੇ ਗੁਰੂ ਸਿਧਾਰਥ ਵਿਚਾਲੇ ਜੀਵਨ ਦੇ ਸੁਭਾਅ ਬਾਰੇ, ਯੋਗ ਬਾਰੇ ਅਤੇ ਪ੍ਰਕਿਰਤੀ ਦੇ ਰਹੱਸ ਬਾਰੇ ਇਕ ਹੋਰ ਬੜਾ ਅਹਿਮ ਸੰਵਾਦ ਹੁੰਦਾ ਹੈ। ਗੁਰੂ ਸਿਧਾਰਥ ਆਖ ਰਹੇ ਹਨ, "ਯੋਗੀ ਤਾਂ ਹਰ ਸਮੇਂ ਹੀ ਸਮਾਧੀ ਵਿਚ ਹੁੰਦਾ ਹੈ ਮਾਇਆ। ਉਹ ਭੀੜ ਵਿਚ ਵੀ ਇਕੱਲਾ ਹੀ ਹੁੰਦਾ ਹੈ ਅਤੇ ਸ਼ੋਰ ਵਿਚ ਵੀ ਆਪਣੇ ਅੰਦਰਲਾ ਸੰਗੀਤ ਸੁਣਦਾ ਹੈ, ਪਰ ਕੁਦਰਤ ਨਾਲ ਇਕਮਿਕ ਹੋਣ ਦਾ ਸਮਾਂ ਸਹੀ ਅਰਥਾਂ ਵਿਚ ਰਾਤ ਦਾ ਹੀ ਹੁੰਦਾ ਹੈ। ਮੈਂ ਤਾਂ ਹਨੇਰੇ ਨੂੰ ਨਤਮਸਤਕ ਹੁੰਦਾ ਹਾਂ।"

ਗੁਰੂ ਜੀ ਨੇ ਮਾਇਆ ਦੇ ਚਿਹਰੇ 'ਤੇ ਇਸ ਮੱਧਮ ਚਾਨਣੀ 'ਚ ਚਮਕ ਰਹੇ ਨੂਰ ਨੂੰ ਅਸਚਰਜਤਾ ਨਾਲ ਵੇਖਿਆ ਪਰ ਮਾਇਆ ਤਾਂ ਪ੍ਰਕਿਰਤੀ ਨੂੰ ਰਬਾਬ ਵਜਾਉਂਦਿਆਂ ਸੁਣ ਰਹੀ ਸੀ। ਹੌਲੀ-ਹੌਲੀ ਉਸ ਦੇ ਮੂੰਹੋਂ ਲੈਅਬੱਧ ਸੰਗੀਤਕ ਆਵਾਜ਼ ਆਬਸ਼ਾਰਾਂ ਵਾਂਗ ਵਹਿ ਰਹੀ ਸੀ,

ਗਾਵਹਿ ਤੁਹਨੋ ਪਉਣ ਪਾਣੀ
ਬੈਸੰਤਰ ਗਾਵੈ ਰਾਜਾ ਧਰਮ ਦੁਆਰੇ॥
ਗਾਵਹਿ ਚਿਤ ਗੁਪਤ ਲਿਖਿ ਜਾਣਹਿ
ਲਿਖਿ ਲਿਖਿ ਧਰਮ ਵੀਚਾਰੇ॥
ਗਾਵਹਿ ਈਸਰ ਬਰਮਾ ਦੇਵੀ
ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇੰਦਾਸਣ ਬੈਠੇ
ਦੇਵਤਿਆ ਦਰ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰ
ਗਾਵਨਿ ਸਾਧ ਵਿਚਾਰੇ॥

ਉਹ ਗਾ ਰਹੀ ਸੀ ਅਤੇ ਗੁਰੂ ਸਿਧਾਰਥ ਨੂੰ ਉਸ ਤਲਿਸਮ ਵਿਚ ਹਵਾ, ਰੁੱਖ, ਪੱਤੇ, ਪੰਛੀ, ਧਰਤ, ਪਾਣੀ, ਸਭ ਕੁਝ ਟਿਕ ਕੇ ਖੜੋਤੇ ਮਾਇਆ ਦੇ ਨਾਲ ਹੀ ਜਾਪ ਜਪਦੇ ਮਹਿਸੂਸ ਹੋ ਰਹੇ ਸਨ।

ਸੁਰਿੰਦਰ ਨੀਰ ਦੱਸਦੀ ਹੈ ਕਿ "ਮਾਇਆ ਗੁਰੂ ਸਿਧਾਰਥ ਲਈ ਬੁਝਾਰਤ ਸੀ। ਉਸ ਦੀ ਜਾਤ ਤੋਂ ਲੈ ਕੇ ਉਸ ਦੇ ਪੇਟ ਵਿਚ ਪਲ ਰਹੇ ਬੱਚੇ ਤੱਕ ਰਹੱਸ ਹੀ ਰਹੱਸ। ਤੇ ਦੁਨੀਆਂ ਦਾ ਸਭ ਤੋਂ ਜੀਨੀਅਸ ਰਹੱਸਵਾਦੀ ਵੀ ਇਸ 'ਰਹੱਸ' ਨੂੰ ਸਮਝ ਨਹੀਂ ਸਕੇਗਾ।" ਲਾਲੀ ਬਾਬਾ, ਸੁਰਿੰਦਰ ਨੀਰ ਅਤੇ 'ਮਾਇਆ' ਨਾਵਲ ਦੀ ਨਾਇਕਾ ਬਲਬੀਰ ਜ਼ਿੰਦਾਬਾਦ! ਜ਼ਿੰਦਾਬਾਦ!!

ਅੱਨਾ ਕਾਰੇਨਿਨਾ ਆਊਟਸਾਈਡਰ ਹੈ, 'ਵੁਦਰਿੰਗ ਰਾਈਟਸ' ਦੀ ਕੈਥੀ ਆਊਟਸਾਈਡਰ ਹੈ, ਵਾਨਗੌਗ ਆਊਟਸਾਈਡਰ ਹੈ, ਜ਼ੋਰਬਾ ਆਊਟਸਾਈਡਰ ਹੈ, 'ਮਾਇਆ' ਦੀ ਨਾਇਕਾ ਬਲਬੀਰ ਆਊਟਸਾਈਡਰ ਹੈ, ਬਾਬਾ ਸੁਖਜੀਤ ਆਊਟਸਾਈਡਰ ਹੈ, ਸਾਡਾ ਵੀਰ ਕਰਮਜੀਤ ਆਪਣੇ ਰੰਗ ਦਾ ਆਊਟਸਾਈਡਰ ਹੈ ਅਤੇ ਅਖੀਰ ਵਿਚ ਸਾਡਾ ਪਿਆਰਾ ਮਨਿੰਦਰ ਕਾਂਗ ਵੀ ਅਦਭੁਤ ਆਊਟਸਾਈਡਰ ਸੀ।

ਮਨਿੰਦਰ ਕਾਂਗ ਦਾ ਮੈਨੂੰ ਪਤਾ ਨਹੀਂ ਸੀ। ਉਸ ਦੀ ਕਹਾਣੀ 'ਭਾਰ' 'ਹੁਣ' ਮੈਗਜ਼ੀਨ ਵਿਚ ਛਪਣ ਤੋਂ ਕਿੰਨੀ ਦੇਰ ਤੱਕ ਮੈਂ ਪੜ੍ਹੀ ਨਾ। ਗਰਮੀਆਂ ਦੇ ਦਿਨ ਸਨ। ਮੈਂ ਬਾਹਰ ਅਨਾਰ ਦੇ ਦਰੱਖਤ ਹੇਠ ਬੈਠਾ ਕੋਈ ਅਖਬਾਰ ਵੇਖ ਰਿਹਾ ਸਾਂ ਕਿ ਅਚਾਨਕ ਗੁਰਨਾਮ (ਮੇਰੀ ਪਤਨੀ) ਨੇ ਮੇਰੇ ਅੱਗੇ ਮੈਗਜ਼ੀਨ ਇਹ ਕਹਿੰਦਿਆਂ ਲਿਆ ਸੁੱਟਿਆ ਕਿ ਐਹ ਵੇਖ ਲਓ, ਜ਼ਰਾ ਪੰਜਾਬ ਪੁਲਿਸ ਦੀਆਂ ਕਰਤੂਤਾਂ। ਮੇਰੇ ਮਨ ਵਿਚ ਇਕਦਮ ਉਤਸੁਕਤਾ ਜਾਗ ਪਈ ਕਿ ਛੇਤੀ ਨਾਲ ਪੜ੍ਹ ਕੇ ਵੇਖਾਂ, ਗੱਲ ਜ਼ਰੂਰ ਕੋਈ ਹੋਰ ਵੀ ਨਿਕਲੇਗੀ। ਜਿਉਂ-ਜਿਉਂ ਕਹਾਣੀ ਮੈਂ ਪੜ੍ਹੀ ਗਿਆ, ਬੱਸ ਧੰਨ-ਧੰਨ ਹੁੰਦੀ ਗਈ। ਅਗਲੇ ਦੋ ਦਿਨ ਪੁੱਛ-ਪੁਛਾ ਕੇ ਮਨਿੰਦਰ ਦਾ ਫੋਨ ਨੰਬਰ ਲੱਭਦਿਆਂ ਲੱਗ ਗਏ। ਫੋਨ ਮਿਲਦਿਆਂ ਹੀ ਮੈਂ ਉਸ ਦਾ ਅਤਾ-ਪਤਾ ਪੁੱਛਿਆ ਕਿ ਮੈਂ ਉਸ ਨੂੰ ਮੱਥਾ ਟੇਕਣ ਲਈ ਕਦੋਂ ਤੇ ਕਿਸ ਜਗ੍ਹਾ ਆਵਾਂ।

ਇਸੇ ਤਰ੍ਹਾਂ ਦਾ ਅਹਿਸਾਸ ਮੈਨੂੰ ਗੁਰਬਚਨ ਦੇ ਪਰਚੇ 'ਫਿਲਹਾਲ' ਵਿਚ ਸੁਖਜੀਤ ਦੀਆਂ ਯਾਦਾਂ ਪੜ੍ਹ ਕੇ ਹੋਇਆ ਸੀ ਅਤੇ ਇਸੇ ਤਰ੍ਹਾਂ ਮੈਂ ਸਵੇਰੇ 10 ਵੱਜਦੇ ਨੂੰ ਮਾਛੀਵਾੜੇ ਉਸ ਦੇ ਚਰਨਾਂ ਨੂੰ ਜਾ ਹੱਥ ਲਗਾਇਆ ਸੀ। ਸੁਖਜੀਤ ਨੂੰ ਪਹਿਲਾਂ ਕਦੀ ਮਿਲਿਆ ਨਹੀਂ ਸਾਂ, ਪਰ ਉਸ ਦੀ ਸ਼ਾਹਕਾਰ ਕਹਾਣੀ 'ਅੰਤਰਾ' ਪੜ੍ਹੀ ਹੋਈ ਸੀ। ... ਜਾਂ ਫਿਰ ਕਈ ਵਰ੍ਹੇ ਪਹਿਲਾਂ 'ਸ਼ਵੇਤਾਂਬਰ ਨੇ ਕਿਹਾ ਸੀ' ਨਾਂ ਦੀ ਅਦਭੁਤ ਕਥਾ ਪੜ੍ਹ ਕੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਦਰਾਂ 'ਤੇ ਜਾ ਹਾਜ਼ਰ ਹੋਣਾ ਪਿਆ ਸੀ, ਪਰ ਉਦੋਂ ਮੈਂ ਉਨ੍ਹਾਂ ਕੋਲ ਆਪਣੇ ਅਜਿਹੇ ਭਾਵ ਪ੍ਰਗਟਾਏ ਨਹੀਂ ਸਨ। 20-22 ਵਰ੍ਹੇ ਪਹਿਲਾਂ ਵਰਿਆਮ ਸੰਧੂ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਪੜ੍ਹ ਕੇ ਵੀ ਇੰਜ ਹੀ ਮਹਿਸੂਸ ਹੋਇਆ ਸੀ। ... ਤੇ ਹੁਣ 'ਮਾਇਆ' ਨਾਵਲ ਦੇ ਪਾਠ ਨਾਲ ਆਤਮਾ ਧੰਨ ਹੋ ਗਈ ਹੈ।

***(ਸਮਾਪਤ)***

# ਪੁਲਸਰਾਤ ਦਾ ਸਫਰ

ਚੇਤਿਆਂ 'ਚ ਵਸੇ ਲੋਕ

ਸੁਰਿੰਦਰ ਸੋਹਲ

ਦੀਸ਼ੋ ਦੀ ਗੱਲ ਸੁਣ ਕੇ ਸਮਝ ਨਹੀਂ ਸੀ ਪੈ ਰਹੀ ਕਿ ਮੈਨੂੰ ਹੱਸਣਾ ਚਾਹੀਦਾ ਹੈ ਜਾਂ ਗੰਭੀਰ ਹੋਣਾ।

ਠੰਢ ਕਾਫ਼ੀ ਉਤਰ ਆਈ ਸੀ। ਸੂਰਜ ਡੁੱਬ ਗਿਆ ਸੀ, ਜਦ ਆਖ਼ਰੀ ਬਸ ਆਈ। ਬਸ ਵੱਲ ਦੇਖ ਕੇ ਸਾਡੀ ਜਾਨ ਵਿਚ ਜਾਨ ਆਈ। ਕਿਸੇ ਤਰ੍ਹਾਂ ਜਲੰਧਰ ਪਹੁੰਚ ਜਾਈਏ, ਫਿਰ ਕੋਈ ਚਿੰਤਾ ਨਹੀਂ। ਉਥੋਂ ਪਿੰਡ ਤਕ ਜਾਣ ਦਾ ਸੌ ਸਬਬ ਬਣ ਸਕਦਾ ਸੀ। ਬਸ ਰੁਕੀ। ਉਡੀਕ ਦੀਆਂ ਮਾਰੀਆਂ ਗੁੱਥਮ-ਗੁੱਥਾ ਹੁੰਦੀਆਂ ਸਵਾਰੀਆਂ ਨਾਲ ਅਸੀਂ ਵੀ ਬੱਸ ਵਿਚ ਘੁਸੜ ਗਏ।

ਗਲਪਕਾਰ ਪ੍ਰੇਮ ਗੋਰਖੀ, ਦੇਵਿੰਦਰ ਮੰਡ ਅਤੇ ਦੇਸ ਰਾਜ ਕਾਲੀ ਤੇ ਮੈਂ ਤਲਵਾੜਿਓਂ ਆ ਰਹੇ ਸਾਂ। ਗੁਰਮੀਤ ਹੇਅਰ ਨੇ ਗੋਰਖੀ ਨੂੰ ਗਿਆਰਾਂ ਸੌ ਦੀ ਥੈਲੀ ਭੇਟ ਕਰਨ ਲਈ ਸਮਾਗਮ ਕੀਤਾ ਸੀ। ਗੋਰਖੀ ਨੇ ਸਾਨੂੰ ਵੀ ਸੱਦ ਲਿਆ ਕਿ ਨਾਲੇ ਫੰਕਸ਼ਨ ਦੇਖ ਲੈਣਾ ਨਾਲੇ ਤਲਵਾੜੇ ਦੀਆਂ ਮਧਰੀਆਂ ਮਧਰੀਆਂ ਪਹਾੜੀਆਂ ਦੀ ਸੈਰ ਕਰ ਲਵਾਂਗੇ। ਡੈਮ ਤੋਂ ਦਰਿਆ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਸੀ। ਗੋਰਖੀ ਉਨ੍ਹੀਂ ਦਿਨੀਂ ਪੰਜਾਬੀ ਟ੍ਰਿਬਿਊਨ ਵਿਚ ਨੌਕਰੀ ਕਰਦਾ ਸੀ।

ਕਹਾਣੀ ਲੇਖਕ ਦੇਵਿੰਦਰ ਮੰਡ ਦਾ ਜੀਜਾ ਜੋਗਿੰਦਰ ਵੀ ਤਲਵਾੜੇ ਡੈਮ 'ਤੇ ਹੀ ਨੌਕਰੀ ਕਰਦਾ ਸੀ। ਉਹ ਅਕਸਰ ਸਾਨੂੰ ਆਖਦਾ, 'ਤਲਵਾੜੇ ਆਇਓ ਕਿਤੇ। ਕਦੇ ਕਦੇ ਤਾਜ਼ੀ ਹਵਾ ਵੀ ਖਾ ਲਿਆ ਕਰੋ। ਘਰ ਬੈਠੇ ਏਧਰੋਂ ਲੈਦਰ ਕੰਪਲੈਕਸ ਦੇ ਚਮੜੇ ਦੇ ਮੁਸ਼ਕ ਨਾਲ ਤੇ ਓਧਰੋਂ ਹਮੀਰੇ ਦੀ ਮਿਲ੍ਹ ਦੀ ਲਾਹਣ ਦੇ ਮੁਸ਼ਕ ਨਾਲ ਬੀਮਾਰ ਹੋਈ ਜਾਨੇ ਓਂ।'

ਤਲਵਾੜੇ ਜਾਣ ਦੇ ਕਈ ਬਹਾਨੇ ਬਣ ਗਏ ਸਨ। ਦੋ ਦਿਨ ਤਲਵਾੜੇ ਰਹਿ ਕੇ ਜਦੋਂ ਸ਼ਾਮ ਨੂੰ ਵਾਪਸ ਮੁੜਨ ਲੱਗੇ ਤਾਂ ਜੋਗਿੰਦਰ ਜੀਜੇ ਨੇ ਬੜਾ ਜ਼ੋਰ ਲਾਇਆ, 'ਸਵੇਰ ਨੂੰ ਪਹਿਲੀ ਬੱਸੇ ਨਿਕਲ ਜਾਇਓ। ਭਲਾ ਆਹ ਵੇਲਾ ਹੁਣ ਜਾਣ ਦਾ! ਦਸੂਹੇ ਜਾਂਦੇ ਜਾਂਦੇ ਨ੍ਹੇਰਾ ਹੋ ਜਾਣਾ। ਆਖ਼ਰੀ ਬਸ ਵੀ ਨਿਕਲ ਗਈ ਤਾਂ ਕਿਹਦੀ ਮਾਂ ਨੂੰ ਮਾਸੀ ਕਹੋਗੇ। ਉੱਤੋਂ ਸਿਆਲੂ ਦਿਨ ਤੇ ਨਾਲੇ ਜ਼ਮਾਨਾ ਕਿਹੜਾ....ਵਕਤ ਤਾਂ ਵਿਚਾਰੋ!' ਪਰ ਸਾਡੀ ਹੂੜ ਮਤ। ਅਸੀਂ ਮੰਨੇ ਨਹੀਂ ਸਾਂ।

ਦਸੂਹੇ ਪਹੁੰਚਦਿਆਂ ਨੂੰ ਹੀ ਦਿਨ ਡੁੱਬਣ ਡੁੱਬਣ ਕਰ ਲੱਗ ਪਿਆ ਸੀ। ਬਸ ਆਈ ਤੇ ਬਿਨਾ ਰੁਕੇ ਹੀ ਚਲੀ ਗਈ। ਬਾਕੀ ਸਵਾਰੀਆਂ ਦੇ ਨਾਲ ਅਸੀਂ ਵੀ ਨਿੰਮੋਝੂਣ ਹੋ ਗਏ। ਕਦੀ ਦੂਰ ਤਕ ਸੁੰਨੀ ਨਜ਼ਰ ਆਉਂਦੀ ਸੜਕ 'ਤੇ ਨਿਗਾਹ ਟਿਕਾਉਂਦੇ, ਕਦੇ ਘਸਮੈਲੇ ਹੁੰਦੇ ਜਾ ਰਹੇ ਵਾਤਾਵਰਨ ਵਲ ਉਦਾਸ ਜਿਹਾ ਝਾਕਦੇ।

ਠੰਢ ਕਾਫ਼ੀ ਉਤਰ ਆਈ ਸੀ। ਸੂਰਜ ਡੁੱਬ ਗਿਆ ਸੀ, ਜਦ ਆਖ਼ਰੀ ਬਸ ਆਈ। ਸਭ ਦੇ ਚਿਹਰੇ 'ਤੇ ਉਤਸ਼ਾਹ ਝਲਕਿਆ। ਉਡੀਕ ਦੀਆਂ ਮਾਰੀਆਂ ਗੁੱਥਮ-ਗੁੱਥਾ ਹੁੰਦੀਆਂ ਸਵਾਰੀਆਂ ਨਾਲ ਅਸੀਂ ਵੀ ਬੱਸ ਵਿਚ ਘੁਸੜ ਗਏ। ਟਿਕਟ ਲੈਣ ਵੇਲੇ ਹੀ ਪਤਾ ਲੱਗਾ ਕਿ ਬਸ ਜਲੰਧਰ ਤਕ ਨਹੀਂ ਸੀ ਜਾਣੀ। ਆਖ਼ਰੀ ਸਟਾਪ ਟਾਂਡਾ ਉੜਮੁੜ ਸੀ। ਹੁਣ ਸਾਡੀ ਹਾਲਤ ਉਸ ਮਲਾਹ ਵਰਗੀ ਸੀ, ਦਰਿਆ ਦੇ ਅੱਧ ਵਿਚਕਾਰ ਜਾ ਕੇ ਜਿਸ ਦੇ ਹੱਥੋਂ ਚੱਪੂ ਪਾਣੀ ਵਿਚ ਜਾ ਪਵੇ ਤੇ ਉਤੋਂ ਤੂਫ਼ਾਨ ਦੇ ਆਸਾਰ ਵੀ ਬਣਦੇ ਨਜ਼ਰ ਆ ਰਹੇ ਹੋਣ।

ਗੋਰਖੀ ਨੇ ਹੌਸਲਾ ਦਿੱਤਾ, 'ਕੋਈ ਗੱਲ ਨਹੀਂ ਟਾਂਡਿਓਂ ਆਪਾਂ ਰੇਲ ਗੱਡੀ ਫੜ ਲਵਾਂਗੇ।'

ਰਤਾ ਦਿਲ ਨੂੰ ਧਾਰਸ ਬੱਝੀ। ਟਾਂਡੇ ਤਕ ਜਾਂਦੇ ਜਾਂਦੇ ਅੱਠ ਵੱਜ ਗਏ। ਹਨ੍ਹੇਰਾ ਬਹੁਤ ਸੰਘਣਾ ਸੀ ਤੇ ਡਰਾਉਣ ਵੀ ਲੱਗ ਪਿਆ ਸੀ। ਕੋਈ ਕੋਈ ਸਿਪਾਹੀ ਨਜ਼ਰ ਪੈ ਰਿਹਾ ਸੀ। ਸਵਾਰੀਆਂ ਆਪੋ ਆਪਣੇ ਰਾਹ ਪੈ ਗਈਆਂ। ਅਸੀਂ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਏ। ਬਾਜ਼ਾਰਾਂ ਵਿਚ ਸ਼ਮਸ਼ਾਨ ਵਰਗੀ ਚੁੱਪ ਸੀ। ਢਾਬਿਆਂ ਦੇ ਤੰਦੂਰ ਸਾਡੇ ਜਿਸਮਾਂ ਵਾਂਗ ਠਰੇ ਹੋਏ ਧੁਆਂਖੇ ਪਏ ਸਨ। ਸਟੇਸ਼ਨ 'ਤੇ ਸਾਡੇ ਤੋਂ ਇਲਾਵਾ ਇਕ ਅੱਧੀ ਸਵਾਰੀ ਹੋਰ ਸੀ।

ਟਿਕਟਾਂ ਲੈ ਕੇ ਅਸੀਂ ਪਲੇਟਫਾਰਮ 'ਤੇ ਬਹਿ ਗਏ। ਵਕਤ ਬੀਤਦਾ ਹੀ ਨਹੀਂ ਸੀ। ਅਸੀਂ ਸਾਹਿਤਕ ਸਮਾਗਮ ਦੀਆਂ ਗੱਲਾਂ ਛੇੜਦੇ, ਕਦੇ ਕਹਾਣੀਆਂ ਦੀਆਂ। ਗੋਰਖੀ ਸਮਾਗਮ ਵੇਲੇ ਸੁਣਾਈਆਂ ਮੇਰੀਆਂ ਗ਼ਜ਼ਲਾਂ ਦੀ ਬਹੁਤ ਤਾਰੀਫ਼ ਕਰ ਰਿਹਾ ਸੀ। ਪਰ ਮੈਨੂੰ ਜਾਪ ਰਿਹਾ ਸੀ ਕਿ ਉਸ ਦਾ ਮਕਸਦ ਮੇਰੀਆਂ ਗ਼ਜ਼ਲਾਂ ਦੀ ਤਾਰੀਫ਼ ਕਰਨਾ ਨਹੀਂ ਸੀ, ਸਗੋਂ ਮੇਰੇ ਉਤਰੇ ਹੋਏ ਚਿਹਰੇ 'ਤੇ ਹੌਸਲੇ ਦੀ ਝਲਕ ਲਿਆਉਣਾ ਸੀ। ਮੇਰੀ ਚਿੰਤਾ ਦਾ ਕਾਰਨ ਸਪੱਸ਼ਟ ਸੀ। ਘਰ ਅੱਜ ਦੇ ਦਿਨ ਆਉਣ ਦਾ ਕਹਿ ਕੇ ਆਏ ਸਾਂ। ਹਾਲਾਤ ਇਹੋ ਜਿਹੇ ਸਨ ਕਿ ਨਾ ਚਾਹੁੰਦੇ ਹੋਏ ਵੀ ਮਾੜੇ ਮਾੜੇ ਖ਼ਿਆਲ ਆਉਣ ਲੱਗ ਪੈਂਦੇ ਸਨ।

ਗੱਡੀ ਦੀ ਚੀਕ ਨੇ ਸਾਡੀਆਂ ਗੱਲਾਂ ਹਨੇਰੇ ਵਿਚ ਖਿਲਾਰ ਦਿੱਤੀਆਂ। ਗੱਡੀ ਰੁਕੀ। ਅਸੀਂ ਬੜੇ ਉਤਸ਼ਾਹ ਨਾਲ ਬਾਰੀਆਂ ਕੋਲ ਗਏ। ਪਰ ਮੁਸਾਫ਼ਰਾਂ ਨੇ ਅੰਦਰੋਂ ਕੁੰਡੀਆਂ ਲਾਈਆਂ ਹੋਈਆਂ ਸਨ। ਜ਼ੋਰ ਜ਼ੋਰ ਨਾਲ ਬਾਰੀਆਂ ਭੰਨਣ ਦੇ ਬਾਵਜੂਦ ਕਿਸੇ ਨੇ ਕੁੰਡੀ ਨਾ ਖੋਲ੍ਹੀ। ਗੱਡੀ ਜਿਵੇਂ ਪਿਛਿਓਂ ਆਈ ਸੀ, ਪਿਛਲੇ ਡੱਬੇ 'ਚੋਂ ਦੋ ਕੁ ਸੁਆਰੀਆਂ ਉਤਾਰ ਕੇ, ਸੁੱਚੇ ਮੂੰਹ ਹੀ ਤੁਰ ਗਈ।

ਅਸੀਂ ਖਿਝੇ ਹੋਏ ਸਿਰਫ਼ ਮੁਠੀਆਂ ਹੀ ਮੀਚ



ਪੌਂਗ ਡੈਮ ਤਲਵਾੜੇ 'ਤੇ ਖੜ੍ਹੇ (ਖੱਬਿਓਂ ਸੱਜੇ) ਸੁਰਿੰਦਰ ਸੋਹਲ, ਪ੍ਰੇਮ ਗੋਰਖੀ, ਦੇਸ ਰਾਜ ਕਾਲੀ ਤੇ ਦਵਿੰਦਰ ਮੰਡ। ਜੀਜੇ ਜੋਗਿੰਦਰ ਦੀ ਬੇਟੀ ਨੂੰ ਗੋਰਖੀ ਨੇ ਚੁੱਕਿਆ ਹੋਇਆ ਹੈ।

ਸਕੇ। ਕਹਾਣੀਕਾਰ ਦੇਸ ਰਾਜ ਕਾਲੀ ਬੋਲਿਆ, 'ਗੋਰਖੀ ਭਾਜੀ, ਰੇਲ ਮਹਿਕਮੇ ਦੀ ਖ਼ਬਰ ਛਾਪੋ ਅਖ਼ਬਾਰ ਆਪਣੀ 'ਚ। ਸਵਾਹ ਇਨ੍ਹਾਂ ਦਾ ਕੰਟਰੋਲ ਐ।' ਗੋਰਖੀ ਬੁੱਲ੍ਹ ਚਿੱਥਦਾ ਜਾਂਦੀ ਗੱਡੀ ਨੂੰ ਦੇਖਦਾ ਰਿਹਾ।

ਹਨੇਰਾ ਹੋਰ ਗੂੜ੍ਹਾ ਹੋ ਰਿਹਾ ਸੀ। ਮੰਡ ਨੇ ਆਸ ਦਾ ਇਕ ਹੋਰ ਦੀਵਾ ਬਾਲਿਆ, 'ਐਥੋਂ ਮੀਲ-ਡੇਢ ਮੀਲ 'ਤੇ ਚਾਚੇ ਦੀ ਕੁੜੀ ਐ। ਤਲਵਾੜੇ ਆਲੀ ਨਾਲੋਂ ਛੋਟੀ। ਓਥੇ ਚਲਦੇ ਆਂ।'

ਉਹ ਮੂਹਰੇ ਮੂਹਰੇ ਹੋ ਗਿਆ, ਅਸੀਂ ਪਿੱਛੇ ਪਿੱਛੇ। ਸੜਕ ਟੱਪ ਕੇ ਉਹ ਇਕ ਉਜਾੜ ਜਿਹੀ ਸੜਕੇ ਪੈ ਤੁਰਿਆ। ਆਲੇ ਦੁਆਲੇ ਝੱਲ ਸਨ। ਉੱਤੋਂ ਕਹਿਰ ਦੀ ਠੰਢ ਤੇ ਤਲਖ਼ ਮਾਹੌਲ। ਸਾਡੀ ਪੈੜਚਾਲ ਸੁਣ ਕੇ ਦਰਖ਼ਤਾਂ ਦੇ ਪਰਿੰਦੇ ਪਰ ਫੜਫੜਾਉਂਦੇ ਤਾਂ ਸਾਡੀ ਗੱਲਬਾਤ ਚੁੱਪ ਵਟ ਜਾਂਦੀ।

ਹਲਕੀ ਹਲਕੀ ਧੁੰਦ ਪੈਣੀ ਸ਼ੁਰੂ ਹੋ ਗਈ। ਗੋਰਖੀ ਕਹਿਣ ਲੱਗਾ, 'ਜੇ ਪੁਲਿਸ ਦੀ ਗੱਡੀ ਆਵੇ ਤਾਂ ਡਰਿਓ ਨਾ। ਮੈਂ ਆਪੇ ਪ੍ਰੈਸ ਦਾ ਕਾਰਡ ਦਿਖਾ ਕੇ ਗੱਲਬਾਤ ਕਰ ਲਊਂ।'

'...ਤੇ ਜੇ ਭਾਊ ਟੱਕਰ ਗਏ?' ਮੈਂ ਮਨ ਹੀ ਮਨ ਵਿਚ ਸੋਚ ਕੇ ਆਪਣੀ ਰੇਸ਼ਮੀ ਦਾਹੜੀ ਨੂੰ ਪਲੋਸਿਆ।

ਦੂਰੋਂ ਨਿਸ਼ਾਨ ਸਾਹਿਬ ਦਾ ਬਲਬ ਧੁੰਦ ਵਿਚ ਨਿੰਮੇ ਜਿਹੇ ਚਰਾਗ਼ ਵਾਂਗ ਜਗ ਰਿਹਾ ਸੀ।

'ਆਹੀ ਪਿੰਡ ਆ,' ਮੰਡ ਦੇ ਕਦਮ ਕੁਝ ਤੇਜ਼ ਹੋ ਗਏ। ਕਾਲੀ ਵੀ ਛੋਹਲੇ ਪੈਰ ਪੁੱਟਣ ਲੱਗ ਪਿਆ। ਮੈਂ ਕੁੱਤਿਆਂ ਤੋਂ ਡਰਦਾ ਇਨ੍ਹਾਂ ਦੇ ਵਿਚਕਾਰ ਹੁੰਦਾ ਜਾ ਰਿਹਾ ਸਾਂ। ਸ਼ੁਕਰ ਸੀ ਕਿ ਸਿਆਲ ਸੀ ਤੇ ਕੁੱਤੇ ਪਰਾਲੀ ਦੇ ਘੁਰਨਿਆ ਵਿਚ ਬੈਠੇ ਹੋਣਗੇ।

ਮੇਰੀ ਹਾਲਤ ਸਮਝ ਕੇ ਗੋਰਖੀ ਬੋਲਿਆ, 'ਚਿੰਤਾ ਨਾ ਕਰ। ਮੇਰੇ ਕੋਲ ਰਹਿ। ਕੁੱਤਾ ਤੈਨੂੰ ਵੱਢਣ ਲੱਗੂ ਤਾਂ ਮੈਂ ਲੱਤ ਮੋਹਰੇ ਕਰ ਦਊਂ। ਪਤਾ, ਮੇਰੇ ਮੱਖੀ ਮੱਛਰ ਦੰਦੀ ਵੱਢੇ ਤਾਂ ਨਾਲ ਹੀ ਮਰ ਜਾਂਦੈ। ਪਤਾ ਨਹੀਂ ਮੇਰੇ ਖ਼ੂਨ ਵਿਚ ਕੀ ਐ। ਇਕ ਵਾਰ ਚੰਡੀਗੜ੍ਹ ਸਾਡੇ ਗਵਾਂਢੀਆਂ ਦੇ ਕੁੱਤੇ ਨੇ ਖੇਲ੍ਹਦੇ ਖੇਲ੍ਹਦੇ ਨੇ ਮੇਰੇ ਦੰਦੀ ਵੱਢ ਦਿਤੀ। ਘਰ ਦੇ ਕਹਿਣ ਲੱਗੇ, 'ਗੋਰਖੀ ਸਾਬ! ਅਸੀਂ ਕੁੱਤੇ ਦੇ ਇਨਫੈਕਸ਼ਨ ਦੇ ਟੀਕੇ ਨਹੀਂ ਲਗਵਾਏ। ਖਿਆਲ ਰੱਖਣਾ ਆਪਣਾ।' ਮੈਂ ਕਿਹਾ, ਮੇਰਾ ਕੋਈ ਨਹੀਂ ਤੁਸੀਂ ਕੁੱਤੇ ਦਾ ਖਿਆਲ ਰੱਖਣਾ। ਤੇ ਤੀਜੇ ਦਿਨ ਕੁੱਤਾ ਮਰ ਗਿਆ।'

ਮੈਂ ਗੋਰਖੀ ਤੋਂ ਵੀ ਪਰ੍ਹਾਂ ਹੋ ਕੇ ਤੁਰਨ ਲੱਗ ਪਿਆ।

'ਆਹੀ ਘਰ ਐ।' ਮੰਡ ਨੇ ਹਨੇਰੇ ਵਿਚ ਅੱਖਾਂ ਪਾੜਦੇ ਨੇ ਕਿਹਾ, 'ਵਿਆਹ ਵੇਲੇ ਇਕ ਵਾਰੀ ਮੈਂ ਆਇਆ ਸੀ।'

ਉਸ ਨੇ ਦਰਵਾਜ਼ੇ 'ਤੇ ਹਲਕੀ ਜਿਹੀ ਦਸਤਕ ਦਿੱਤੀ, ਕੁੰਡੇ ਦੀ ਸੰਗਲੀ ਖੜਕਾਈ। ਦੂਰ ਕਿਤੇ ਕੁੱਤਾ ਭੌਂਕਿਆ। ਕਾਲੀ ਨੇ ਦਰਵਾਜ਼ੇ ਵਿਚ ਠੁੱਡ ਮਾਰਿਆ। ਵਿਹੜੇ ਤੋਂ ਪਾਰ ਬਣੇ ਕਮਰੇ ਵਿਚ ਪਹਿਲਾਂ ਬੱਤੀ ਜਗੀ। ਫਿਰ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ। ਕੋਈ ਬਾਹਰ ਦੇ ਦਰਵਾਜ਼ੇ ਕੋਲ ਆ ਕੇ ਬੋਲਿਆ, 'ਕੌਣ?'

'ਮੈਂ ਆਂ ਕਾਕਾ' ਮੰਡ ਨੇ ਕਾਹਲੀ ਨਾਲ ਕਿਹਾ। ਉਸ ਦੀ ਆਵਾਜ਼ ਕੰਬ ਰਹੀ ਸੀ। ਪਤਾ ਨਹੀਂ ਪਾਲੇ ਨਾਲ ਜਾਂ ਦਰਵਾਜ਼ਾ ਖੁੱਲ੍ਹਣ-ਨਾ ਖੁੱਲ੍ਹਣ ਦੀ ਦੁਬਿਧਾ ਨਾਲ।

'ਕਿਹੜਾ ਕਾਕਾ?' ਅੰਦਰੋਂ ਘਬਰਾਈ ਹੋਈ ਆਵਾਜ਼ ਆਈ।

'ਮੰਡਾਂ ਆਲਾ। ਮਾਹਟਰ ਦਾ ਮੁੰਡਾ।'

'ਕਿਹੜਾ ਮਾਹਟਰ?'

'ਸ਼ੰਕਰ ਦਾਸ...। ਦੀਸ਼ੋ ਘਰ ਆ।'

'ਉਹ ਹੈਨੀ। ਵਿਆਹ ਗਏ ਆ।'

'ਪਰ ਭਾਅ ਦਰਵਾਜ਼ਾ ਤਾਂ ਖੋਲ੍ਹ।' ਗੋਰਖੀ ਨੇ ਬੜੇ ਹੀ ਠਰੰਮੇ ਨਾਲ ਕਿਹਾ।

ਉਹ ਬੂਹਾ ਖੋਲ੍ਹ ਕੇ ਦਰ ਮਲ ਕੇ ਖੜ੍ਹ ਗਿਆ। ਬਾਹਰ ਚਾਰ ਜਣੇ ਦੇਖ ਕੇ ਇਕ ਵਾਰ ਤਾਂ ਉਹ ਚੁੱਪ ਹੀ ਰਹਿ ਗਿਆ। ਮੈਂ ਉਸ ਦੀਆਂ ਲੱਤਾਂ ਵਿਚ ਦੀ ਲੰਘ ਕੇ ਠੰਢੇ ਠੰਢੇ ਲਿੱਪੇ ਪੋਚੇ ਵਿਹੜੇ ਵਿਚ ਬੈਠ ਗਿਆ। ਹਾਰ ਕੇ ਉਸ ਨੂੰ ਬੂਹਾ ਛੱਡਣਾ ਪਿਆ। ਸਾਡੇ ਅੰਦਰ ਵੜਦੇ ਹੀ ਇਕ ਦਮ ਦਰਵਾਜ਼ਾ ਬੰਦ ਕਰਦਾ ਉਹ ਛਟਪਟਾ ਕੇ ਰਹਿ ਗਿਆ, 'ਭਾਜੀ ਦੀਸ਼ੋ ਹੋਣੀ ਘਰ ਨਈਂ।'

ਮੈਂ ਹੰਭੀ ਹੋਈ ਆਵਾਜ਼ ਵਿਚ ਕਿਹਾ, 'ਬਸ ਭਾਅ ਰਾਤ ਕੱਟਣੀ ਆਂ।'

'ਪਰ ਉਨ੍ਹਾਂ ਦੇ ਅੰਦਰ ਨੂੰ ਤਾਂ ਜਿੰਦਾ ਲੱਗਾ ਹੋਇਆ।' ਉਸ ਨੇ ਬੇਬਸੀ ਪ੍ਰਗਟਾਈ। ਮੈਂ ਦੇਖਿਆ ਸਾਹਮਣੇ ਵਾਲੇ ਕਮਰੇ ਦੇ ਖੁੱਲ੍ਹੇ ਦਰਵਾਜ਼ੇ ਥਾਣੀਂ ਨਿਆਣੇ ਰਜਾਈਆਂ ਵਿਚ ਲੰਮੇ ਪਏ ਰਜਾਈਆਂ ਦੇ ਮਘੋਰੇ ਬਣਾ ਕੇ ਬਾਹਰ ਦੇਖ ਰਹੇ ਸਨ, ਜਿਵੇਂ ਪਿੰਡਾਂ ਵਿਚ ਤਮਾਸ਼ਾ ਦਿਖਾਉਣ ਵਾਲੇ ਮਘੋਰੇ ਥਾਣੀਂ ਦਿਖਾਉਂਦੇ ਹਨ-ਦਿੱਲੀ ਕੀ ਕੁਤਬ ਮੀਨਾਰ, ਆਗਰੇ ਕਾ ਤਾਜ ਮਹੱਲ।

'ਕੋਈ ਨਈਂ ਜਿੰਦਾ ਭੰਨ ਲੈ ਨੇ ਆਂ।' ਗੋਰਖੀ ਨੇ ਕੰਧ ਤੋਂ ਇੱਟ ਚੁੱਕੀ ਤੇ ਜਿੰਦੇ ਦੁਆਲੇ ਹੋ ਗਿਆ। ਸੁੰਨੀ ਰਾਤ ਵਿਚ ਠੱਕ ਠੱਕ ਦੀ ਆਵਾਜ਼ ਕੰਧਾਂ ਨਾਲ ਟਕਰਾ ਕੇ ਵਾਪਸ ਆ ਰਹੀ ਸੀ। ਨਾਲ ਹੀ ਦਿਲ ਨੂੰ ਝੁਣਝਣੀ ਛਿੜਦੀ ਸੀ। ਜਿੰਦਾ ਭੱਜਣ ਦੀ ਥਾਂ ਖੱਦੀ ਤਖ਼ਤੇ ਵਿਚੋਂ ਕੁੰਡਾ ਉਖੜ ਗਿਆ।

ਉਸ ਬੰਦੇ ਦੀ ਪੇਸ਼ ਨਹੀਂ ਸੀ ਜਾ ਰਹੀ। ਅਸੀਂ ਬੱਤੀ ਜਗਾਈ। ਬਿਸਤਰੇ ਠੀਕ ਕੀਤੇ ਤੇ ਰਜਾਈਆਂ ਵਿਚ ਵੜ ਗਏ।

'ਰੋਟੀ..।' ਉਸ ਨੇ ਪਤਲੀਆਂ ਬਾਹਾਂ ਸੰਗੋੜਦੇ ਹੋਏ ਕੱਛਾਂ ਵਿਚ ਹੱਥ ਦੇ ਕੇ ਪੁੱਛਿਆ।

'ਨਈਂ ਭਾਅ ਅਸੀਂ ਤਲਵਾੜਿਓਂ ਖਾ ਕੇ ਆਏ ਸੀ।' ਮੰਡ ਨੇ ਕਿਹਾ, 'ਬੱਸ ਟਾਂਡੇ ਤਕ ਈ ਲੱਭੀ। ਗੱਡੀ ਦੀਆਂ ਤਾਕੀਆਂ ਨਈਂ ਖੋਲ੍ਹੀਆਂ ਕਿਸੇ ਨੇ। ਹੁਣ ਕੁਝ ਨਈਂ ਖਾਣਾ-ਪੀਣਾ। ਤੁਸੀਂ ਸੌਂਵੋਂ ਹੁਣ ਆਰਾਮ ਨਾਲ।'

'ਇਹ ਕਿੱਦਾਂ ਹੋ ਸਕਦਾ। ਰੋਟੀ ਤਾਂ ਖਾਣੀ ਪਊ।' ਉਹ ਗੋਰਖੀ ਦੇ ਸੂਟ-ਕੇਸ ਵੱਲ ਸ਼ੱਕੀ ਨਜ਼ਰਾਂ ਨਾਲ ਦੇਖਦਾ ਬੋਲਿਆ। ਪਰ ਸਾਡੇ 'ਨਾਂਹ ਨਾਂਹ' ਕਰਦਿਆਂ ਵੀ ਦੂਜੇ ਕਮਰੇ ਵਿਚ ਸਟੋਵ ਦੀ 'ਛੂੰ ਛੂੰ' ਹੋਣ ਲੱਗ ਪਈ।

ਬਾਹਰ ਸਾਈਕਲ ਖੜਕਿਆ। ਬਾਹਰ ਦਾ ਦਰਵਾਜ਼ਾ ਖੁੱਲ੍ਹਿਆ ਤੇ ਫਿਰ ਬੰਦ ਹੋ ਗਿਆ। ਅਸੀਂ ਗੱਲਾਂ ਵਿਚ ਰੁਝ ਗਏ। ਥੋੜ੍ਹੀ ਦੇਰ ਬਾਅਦ ਬਾਹਰ ਦਾ ਦਰਵਾਜ਼ਾ ਖੁੱਲ੍ਹਿਆ ਤੇ ਬੰਦ ਹੋਇਆ। ਸਾਈਕਲ ਕੰਧ ਨਾਲ ਲੱਗਣ ਦੀ ਆਵਾਜ਼ ਆਈ।

ਰੋਟੀ ਤੋਂ ਮਗਰੋਂ ਚਾਹ ਵੀ ਮੱਲੋ ਮੱਲੀ ਪੀਣੀ ਪਈ। ਸੌਂਦੇ ਕਰਦਿਆਂ ਨੂੰ ਬਾਰਾਂ ਵੱਜ ਗਏ।

—

ਗੋਲੀ ਚੱਲਣ ਦੀ ਆਵਾਜ਼ ਨਾਲ ਮੇਰੀ ਅੱਖ ਖੁੱਲ੍ਹ ਗਈ। ਮੈਂ ਭੁਲੇਖਾ ਹੀ ਸਮਝਿਆ। ਆਵਾਜ਼ ਫਿਰ ਆਈ। ਮੈਂ ਰਜਾਈ ਵਿਚ ਹੀ ਦੇਖਿਆ। ਢਾਈ ਵਜੇ ਸਨ। ਪਰ ਕਾਲੀ, ਮੰਡ ਤੇ ਗੋਰਖੀ ਤਾਂ ਘੂਕ ਸੁੱਤੇ ਪਏ ਸਨ।

ਫਿਰ ਗੋਲੀਆਂ ਲਗਾਤਾਰ ਚਲੀਆਂ। ਮੈਂ ਪਾਸਾ ਪਰਤਿਆ। ਗੋਰਖੀ ਨੇ ਘੰਗੂਰਾ ਮਾਰਿਆ। ਕਾਲੀ ਦੀ ਸਹਿਮੀ ਹੋਈ ਆਵਾਜ਼ ਆਈ, 'ਗੋਲੀ ਲਗਦੀ ਐ।'

'ਚਿਰਾਂ ਦੀ ਚਲਦੀ ਐ।' ਮੰਡ ਉਠ ਬੈਠਾ।

'ਤੂੰ ਵੀ ਜਾਗਦਾ ਈ ਸੀ?' ਗੋਰਖੀ ਟੇਢਾ ਹੋ ਗਿਆ। ਮੈਂ ਵੀ ਮੂੰਹ ਨੰਗਾ ਕਰ ਲਿਆ।

ਬਿਨਾਂ ਬੱਤੀ ਜਗਾਏ ਅਸੀਂ ਗੋਲੀ ਚੱਲਣ ਦੀਆਂ ਕਿਆਸਅਰਾਈਆਂ ਲਾਉਂਦੇ ਰਹੇ। ਆਵਾਜ਼ ਤੋਂ ਲੱਗਦਾ ਸੀ ਜਿਵੇਂ ਗੋਲੀ ਘਰਾਂ ਦੇ ਬਿਲਕੁਲ ਹੀ ਕੋਲ ਚਲ ਰਹੀ ਹੋਵੇ। ਕੁਝ ਦੇਰ ਬਾਦ ਸਭ ਸ਼ਾਂਤ ਹੋ ਗਿਆ। ਅਸੀਂ ਫੇਰ ਸੌਂ ਗਏ।

ਸਵੇਰੇ ਘਰ ਦਾ ਮਾਲਕ ਭੱਜਾ ਹੀ ਫਿਰਦਾ ਸੀ। ਘਾਬਰਿਆ ਘਾਬਰਿਆ। ਸਾਡੇ ਹੱਥਾਂ ਵਿਚ ਚਾਹ ਦੇ ਗਲਾਸ ਫੜਾ ਗਿਆ। ਜਦੋਂ ਅਸੀਂ ਬਾਹਰੋਂ ਘੁੰਮ ਕੇ ਆਏ ਤਾਂ ਰੋਟੀ ਤਿਆਰ ਕਰੀ ਬੈਠਾ ਸੀ। ਰਾਤ ਦੀ ਗਾਜਰਾਂ ਦੀ ਸਬਜ਼ੀ ਗਰਮਾ ਗਰਮ।

ਸੂਰਜ ਧੁੰਦ ਕਾਰਨ ਨਜ਼ਰ ਨਹੀਂ ਸੀ ਆ ਰਿਹਾ। ਅਸੀਂ ਉਸ ਦਾ ਧੰਨਵਾਦ ਕਰਕੇ ਬਸ ਅੱਡੇ ਵੱਲ ਨੂੰ ਤੁਰ ਪਏ।

ਕੁਝ ਦਿਨਾਂ ਬਾਦ ਮੈਂ ਮੰਡਾਂ ਨੂੰ ਦੇਵਿੰਦਰ ਮੰਡ ਦੇ ਘਰ ਗਿਆ। ਇਤਫ਼ਾਕਨ ਜਾਂਦੇ ਨੂੰ ਦੀਸ਼ੋ ਵੀ ਆਈ ਬੈਠੀ ਸੀ। ਉਹ ਭਾਵੁਕ ਹੋਈ ਮੈਨੂੰ ਗਲ ਨਾਲ ਲਾ ਕੇ ਬੋਲੀ, 'ਲੈ ਮੇਰੇ ਵੀਰ ਆਏ। ਮੇਰੀ ਮਾੜੀ ਕਿਸਮਤ ਮੈਂ ਘਰ ਈ ਹੈ ਨਾ।...ਮੈਂ ਤਾਂ ਏਨਾ ਪਛਤਾਈ...ਜਦੋਂ ਪਤਾ ਲੱਗਾ।'

'ਚੱਲ ਕੋਈ ਨਈਂ,' ਮੈਂ ਉਂਜ ਹੀ ਪੁਛਿਆ, 'ਹੋਰ ਭੈਣੇ ਤੇਰੇ ਜੇਠ ਦਾ ਕੀ ਹਾਲ ਐ? ਸਾਡੀ ਬੜੀ ਸੇਵਾ ਕੀਤੀ ਓਹਨੇ।'

'ਸੋਹਲ! ਉਹ ਬਚਾਰਾ,' ਦੀਸ਼ੋ ਬਹੁਤ ਗੰਭੀਰ ਹੋ ਕੇ ਬੋਲੀ, 'ਤੁਸੀਂ ਤਾਂ ਬੜ ਗਏ ਅੰਦਰ। ਉਹਨੂੰ ਚੈਨ ਕਿਥੇ? ਜਠਾਣੀ ਮੇਰੀ ਨੂੰ ਕਹਿਣ ਲੱਗਾ ਬਈ ਇਹ ਤਾਂ ਰਾਤਾਂ ਨੂੰ ਰੋਟੀਆਂ ਖਾਣ ਆਲੇ ਮੁੰਡੇ ਆ। ਘਰ ਦੁੱਧ ਹੈ ਨਾ। ਸੈਕਲ 'ਤੇ ਜਾ ਕੇ ਨਾਲ ਦੇ ਪਿੰਡੋਂ ਦੁੱਧ ਲੈ ਕੇ ਆਇਆ। ਨਾਲੇ ਤੁਰਿਆ ਫਿਰੇ ਨਾਲੇ ਕਰਦਾ ਫਿਰੇ ਪਤਾ ਨਈਂ ਅੱਜ ਕੀ ਕਰਨਾ ਇਨ੍ਹਾਂ। ਜਾਂ ਅੱਜ ਸਰਪੰਚ ਹੈ ਨ੍ਹੀਂ ਜਾਂ ਲੰਬੜ ਹੈ ਨ੍ਹੀਂ। ਉਤੋਂ ਤੜਕੇ ਨੂੰ ਜਦੋਂ ਚਲੀ ਗੋਲੀ, ਕਹਿੰਦਾ-ਲੈ ਇਨ੍ਹੀਂ ਕੰਮ ਕਰਤਾ। ਹੁਣ ਪੁਲਿਸ ਆਈ ਕਿ ਆਈ। ਤੁਸੀਂ ਘਰੋਂ ਨਿਕਲੇ ਸਵੇਰ ਨੂੰ ਤੇ ਉਹ ਮੰਜੇ ਪੈ ਗਿਆ। ਚੜ੍ਹ ਗਿਆ ਤਾਪ ਡਮਾਕੇ। ਰੌਲਾ ਪਾਵੇ। ਆਖੇ, 'ਮੈਂ ਨਈਂ ਗੋਲੀਆਂ ਚਲਾਈਆਂ...ਮੈਂ ਨਈਂ ਗੋਲੀਆਂ ਚਲਾਈਆਂ, ਮੈਨੂੰ ਨਈਂ ਪਤਾ ਮੁੰਡੇ ਕੌਣ ਸੀ।'

ਦੀਸ਼ੋ ਦੀ ਗੱਲ ਸੁਣ ਕੇ ਸਮਝ ਨਹੀਂ ਸੀ ਪੈ ਰਹੀ ਕਿ ਮੈਨੂੰ ਹੱਸਣਾ ਚਾਹੀਦਾ ਹੈ ਜਾਂ ਗੰਭੀਰ ਹੋਣਾ।

# ਫੇਸਬੁਕ ਦਾ ਰੋਲ ਘਚੌਲਾ-ਫਾਇਦੇ ਤੇ ਨੁਕਸਾਨ

ਇੰਟਰਨੈਟ ਨੇ ਸਾਰੀ ਦੁਨੀਆਂ ਨੂੰ ਛੋਟੇ ਜਿਹੇ ਸ਼ਹਿਰ ਵਿਚ ਬਦਲ ਦਿੱਤਾ ਹੈ। ਕੋਈ ਖ਼ਬਰ ਦੁਨੀਆਂ ਦੇ ਇਕ ਤੋਂ ਦੂਜੇ ਖੂੰਜੇ ਤੱਕ ਪੁੱਜਣ ਲਈ ਹੁਣ ਹਫ਼ਤੇ ਜਾਂ ਮਹੀਨੇ ਨਹੀਂ ਲੱਗਦੇ, ਸਿਰਫ ਸੈਕਿੰਡ ਲਗਦੇ ਹਨ। ਇਸ ਨਾਲ ਜ਼ਿੰਦਗੀ ਦੀ ਰਫ਼ਤਾਰ ਹੋਰ ਵੀ ਤੇਜ਼ ਹੋ ਗਈ ਹੈ। ਫੇਸਬੁਕ ਹੀ ਲੈ ਲਉ। ਦੋਸਤਾਂ-ਮਿੱਤਰਾਂ ਨੂੰ ਸੁਨੇਹਾ ਦੇਣ ਹੁੰਦਾ ਹੈ ਤਾਂ ਫੋਨ ਕਰਨ ਦੀ ਵੀ ਲੋੜ ਨਹੀਂ। ਕੋਈ ਵੀ ਗੱਲ ਸਾਂਝੀ ਕਰਨੀ ਹੋਵੇ ਤਾਂ ਬੜਾ ਸੌਖਾ ਕੰਮ ਹੈ ਪਰ ਦੂਜੇ ਪਾਸੇ ਇਸ ਦਾ ਗਲਤ ਕੰਮਾਂ ਲਈ ਵੀ ਇਸਤੇਮਾਲ ਹੋ ਰਿਹਾ ਹੈ। ਸਾਡੇ ਵਿਚ ਸਹਿਣ ਸ਼ਕਤੀ ਦੀ ਪਹਿਲਾਂ ਹੀ ਘਾਟ ਸੀ, ਫੇਸਬੁਕ ਨੇ ਬਿਲਕੁਲ ਹੀ ਖ਼ਤਮ ਕਰ ਦਿੱਤੀ ਹੈ। ਕਿਸੇ ਨੇ ਕੋਈ ਖ਼ਬਰ ਲਾਈ ਨਹੀਂ, ਬਸ ਕਲਿਕ ਸ਼ੁਰੂ ਹੋਏ ਨਹੀਂ! ਸਾਰੇ ਇਕ ਪਾਸੇ ਹੀ ਹੋ ਜਾਂਦੇ ਹਨ। ਕਿਸੇ ਵੀ ਘਟਨਾ ਬਾਰੇ ਇੰਨੀ ਛੇਤੀ ਫੈਸਲਾ? ਉਫ਼!.. ਅਸੀਂ ਆਪ ਹੀ ਜੱਜ ਬਣ ਜਾਂਦੇ ਹਾਂ। ਜੇ ਕਿਸੇ ਨੇ ਵੀਡੀਓ ਲਾ ਦਿੱਤੀ ਕਿ ਪੁਲਿਸ ਕਿਸੇ ਨੂੰ ਸੜਕ 'ਤੇ ਕੁੱਟ ਰਹੀ ਹੈ ਤਾਂ ਸਾਰੇ ਬਿਆਨ ਦੇਣ ਲਈ ਉਤਾਵਲੇ ਹੋ ਜਾਂਦੇ ਹਨ ਕਿ ਦੇਖੋ! ਪੰਜਾਬ ਪੁਲਿਸ ਦਾ ਇੰਨਾ ਮਾੜਾ ਹਾਲ ਹੈ। ਕਿਵੇਂ ਕੁੱਟ ਰਹੇ ਹਨ? ਕੇਸ ਕਿਉਂ ਨਹੀਂ ਪਾਇਆ? ਪਤਾ ਨਹੀਂ ਹੋਰ ਵੀ ਕਿੰਨਾ ਕੁਝ। ਦੂਜੇ ਪਾਸੇ ਜੇ ਪੁਲਿਸ ਨੇ ਕਿਸੇ ਨੂੰ ਫੜਿਆ ਹੋਵੇ ਕਿਉਂਕਿ ਉਸ ਨੇ ਕਿਸੇ ਕੁੜੀ ਨੂੰ ਛੇੜਿਆ ਸੀ, ਤਾਂ ਕੁਮੈਂਟ ਆਉਣਗੇ- ਲਾਓ ਸਾਲੇ ਦੇ ਛਿੱਤਰ... ਸਾਲੇ ਨੂੰ ਘੱਟ ਕੁੱਟਿਆ... ਹੋਰ ਲਾਉਣੀਆ ਚਾਹੀਦੀਆਂ ਸੀ। ਉਦੋਂ ਕੋਈ ਨਹੀਂ ਕਹੇਗਾ ਕਿ ਇਸ ਨੂੰ ਨਹੀਂ ਕੁੱਟਣਾ ਚਾਹੀਦਾ, ਇਸ ਉਤੇ ਕੇਸ ਪਾਓ 'ਤੇ ਜੱਜ ਆਪੇ ਸਜ਼ਾ ਕਰੇਗਾ।

ਇਸ ਤਰ੍ਹਾਂ ਅਸੀਂ ਇਕ ਪਾਸੇ ਤਾਂ ਕਾਨੂੰਨ ਦੇ ਰਾਖੇ ਬਣ ਜਾਂਦੇ ਹਾਂ, ਦੂਜੇ ਪਾਸੇ ਆਪ ਹੀ ਕਾਨੂੰਨ ਦੀਆਂ ਧੱਜੀਆਂ ਉਡਾਉਣ ਤੋਂ ਗੁਰੇਜ਼ ਨਹੀਂ ਕਰਦੇ।

ਫੇਸਬੁਕ ਦਾ ਦੂਜਾ ਪਾਸਾ ਕਈ ਸਿੱਖ ਵੀਰਾਂ ਨੇ ਸਾਂਭਿਆ ਹੋਇਆ ਹੈ। ਗੁਰੂਆਂ ਦੀਆਂ ਫੋਟੋਆਂ ਪਾ ਕੇ ਕਹਿਣਗੇ- ਇਸ ਨੂੰ ਕਲਿਕ ਕਰੋ ਜੀ, ਜੇ ਤੁਸੀਂ ਆਪਣੇ ਗੁਰੂ ਨੂੰ ਪਿਆਰ ਕਰਦੇ ਹੋ! ਬਈ ਦੱਸੋ, ਮੈਂ ਆਪਣੇ ਗੁਰੂ ਨੂੰ ਪਿਆਰ ਕਰਦਾ ਹਾਂ, ਮੈਨੂੰ ਇਨ੍ਹਾਂ ਤੋਂ ਕੋਈ ਪ੍ਰਮਾਣ ਪੱਤਰ ਲੈਣਾ ਪੈਣਾ? ਕਈਆਂ ਨੇ ਤਾਂ ਸਿੱਖੀ ਦਾ ਜਿਵੇਂ ਠੇਕਾ ਹੀ ਲਿਆ

## ਅਜੋਕੀ ਗੱਲ

ਹੋਇਆ ਹੈ। ਕਈ ਸਿਰਫ ਇਹੀ ਲਿਖਣਗੇ- ਬੋਲੋ ਜੀ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ਮੈਨੂੰ ਨਹੀਂ ਪਤਾ, ਆਪਾਂ ਕਹਿਣਾ ਕੀ ਚਾਹੁੰਦੇ ਹਾਂ? ਬੰਦਾ ਤੁਹਾਡੇ ਸਾਹਮਣੇ ਹੈ ਨਹੀਂ, ਉਸ ਨੂੰ ਉਦਾਂ ਹੀ ਫਤਿਹ ਲਿਖ ਦੇਵਾਂ? ਹਰ ਗੱਲ ਬਾਅਦ ਅਸੀਂ ਧਰਮ ਪਹਿਲਾਂ ਖੜ੍ਹਾ ਕਰ ਦਿੰਦੇ ਹਾਂ। ਇਸ ਲਈ ਜਾਪਦਾ ਹੈ ਕਿ ਆਪਣੇ ਮਸਲੇ ਕਦੇ ਹੱਲ ਨਹੀਂ ਹੋਣਗੇ। ਕੋਈ ਸਾਧਾਂ ਪਿੱਛੇ ਪਿਆ ਹੋਇਆ ਹੈ। ਅਸਲ ਤੱਥਾਂ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ। ਜੇ ਕਿਸੇ ਸਾਧ ਦਾ ਕੇਸ, ਕੋਰਟ ਵਿਚ ਚਲਿਆ ਜਾਂਦਾ ਹੈ ਤਾਂ ਲੋਕ ਆਪਸ ਵਿਚ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਹਨ। ਭਲਾ ਜੇ ਤੁਸੀਂ ਦੂਜੇ ਨੂੰ ਮਾਰਨ ਜਾਂਦੇ ਹੋ ਤਾਂ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਸਾਧ ਨੇ ਤੁਹਾਨੂੰ ਕੀ ਸਿੱਖਿਆ ਦਿੱਤੀ? ਕੋਰਟ ਦੇ ਫੈਸਲੇ ਬਾਰੇ ਕਿਉਂ ਉਡੀਕ ਨਹੀਂ ਕਰਦੇ?

ਕਈ ਫੇਸਬੁਕ ਉਤੇ ਗੁਰਬਾਣੀ ਦੀਆਂ ਤੁਕਾਂ ਹੀ ਲਾਈ ਜਾਣਗੇ, ਆਪ ਭਾਵੇਂ ਬਾਣੀ ਬਾਰੇ ਪਤਾ ਨਾ ਹੋਵੇ, ਪਰ ਹੋਛੇਪਣ ਵਿਚ ਫੇਸਬੁਕ 'ਤੇ ਜ਼ਰੂਰ ਲਾ ਦੇਣੀ ਹੈ। ਕਈ ਵੀਰ ਗੁਰਬਾਣੀ ਦੀ ਵਿਆਖਿਆ ਕਰਦੇ ਨੇ, ਚੰਗੀ ਗੱਲ ਹੈ; ਸਾਡੇ ਵਰਗਿਆਂ ਨੂੰ ਵੀ ਪਤਾ ਲੱਗ ਜਾਂਦਾ ਹੈ ਬਾਣੀ ਬਾਰੇ। ਅਸਲ ਵਿਚ ਦੂਜਿਆਂ ਨੂੰ ਸਿੱਖਿਆ ਦੇਣੀ ਬੜੀ ਚੰਗੀ ਲੱਗਦੀ ਹੈ, ਅਸੀਂ ਆਪ ਭਾਵੇਂ ਉਸ 'ਤੇ ਅਮਲ ਕਰੀਏ ਜਾਂ ਨਾ। ਜਿਵੇਂ ਬਿਮਾਰ ਦਾ ਹਾਲ ਪੁੱਛਣ ਗਿਆ ਹਰ ਕੋਈ ਬੰਦਾ ਹੀ ਡਾਕਟਰ ਬਣ ਬਹਿੰਦਾ ਹੈ, ਕਈ ਤਾਂ ਡਾਕਟਰ ਨੂੰ ਵੀ ਗਲਤ ਸਾਬਤ ਕਰਨ ਲਈ ਪੂਰਾ ਟਿਲ ਲਾ ਦਿੰਦੇ ਹਨ। ਇਸੇ ਤਰ੍ਹਾਂ ਫੇਸਬੁਕ 'ਤੇ ਸਿੱਖਿਆ ਵਾਲੇ ਪੋਸਟਰ ਬਹੁਤ ਲੱਗਦੇ ਨੇ। ਸਿੱਖਿਆ ਦੇਣ ਨਾਲੋਂ ਆਪ ਪਹਿਲਾਂ ਸਿੱਖਿਅਤ ਹੋਣਾ ਜ਼ਰੂਰੀ ਹੈ। ਫੇਰ ਜ਼ਰੂਰ ਲੋਕ ਤੁਹਾਨੂੰ ਦੇਖ ਕੇ ਜਾਂ ਮਿਲ ਕੇ ਤੁਹਾਡੀ ਸ਼ਖ਼ਸੀਅਤ ਤੋਂ ਆਪੇ ਸਿੱਖ ਲੈਣਗੇ। ਫਿਰ ਕਿਸੇ ਨੂੰ ਇਉਂ ਦੱਸਣ ਦੀ ਲੋੜ ਵੀ ਨਹੀਂ ਰਹਿੰਦੀ।

ਅਸੀਂ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਨ ਲਈ ਫੇਸਬੁਕ 'ਤੇ ਫੋਟੋਆਂ ਲਾਉਂਦੇ ਹਾਂ। ਦੋਸਤਾਂ ਨਾਲ ਖ਼ੁਸ਼ੀਆਂ ਸਾਂਝੀਆਂ ਕਰਨ ਨਾਲ ਹੋਰ ਖ਼ੁਸ਼ੀ ਮਿਲਦੀ ਹੈ, ਪਰ ਇਕ ਬਿਨਤੀ ਜ਼ਰੂਰ ਕਰਾਂਗਾ ਕਿ ਜਦੋਂ ਤੁਸੀਂ ਘੁੰਮਣ-ਫਿਰਨ ਜਾਂਦੇ ਹੋ ਤਾਂ ਉਸੇ ਸਮੇਂ ਫੇਸਬੁਕ 'ਤੇ ਫੋਟੋਆਂ ਨਾ ਲਾਇਆ ਕਰੋ, ਕਿਉਂਕਿ ਸਭ ਨੂੰ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਘਰ ਤੋਂ ਬਾਹਰ ਹੋ ਅਤੇ ਤੁਹਾਡੇ ਘਰ ਚੋਰੀ ਦਾ ਡਰ ਜ਼ਰੂਰ ਬਣ ਜਾਂਦਾ ਹੈ। ਇੱਦਾਂ ਦੀਆਂ ਵਾਰਦਾਤਾਂ ਖ਼ਬਰਾਂ ਵਿਚ ਵੀ ਆਉਂਦੀਆਂ ਰਹਿੰਦੀਆਂ ਹਨ।

-ਬਲਜੀਤ ਸਿੱਧੂ, ਸ਼ਿਕਾਗੋ

# ਬਾਤ ਦਾ ਬਤੰਗੜ ਬਣ ਸਕਦੈ ਕੁਝ ਸ਼ਬਦਾਂ ਨਾਲ

ਅਮਰੀਕਾ ਵਿਚ ਦੋ ਮੁਹਾਵਰੇ ਜੋ ਪਿਛਲੇ ਕੁਝ ਦਹਾਕਿਆਂ ਤੋਂ ਕਾਫੀ ਪ੍ਰਚਲਿਤ ਹੋਏ ਹਨ ਅਤੇ ਆਮ ਵਰਤੇ ਜਾਣ ਲੱਗੇ ਹਨ ਉਹ ਹਨ-ਪੋਲੀਟੀਕਲੀ ਕੁਰੈਕਟ (ਸਿਆਸੀ ਤੌਰ 'ਤੇ ਸਹੀ) ਅਤੇ ਪੋਲੀਟੀਕਲੀ ਇਨਕੁਰੈਕਟ (ਸਿਆਸੀ ਤੌਰ 'ਤੇ ਗਲਤ)। ਸੰਖੇਪ ਮੁਹਾਵਰੇ ਦੇ ਤੌਰ 'ਤੇ ਇਨ੍ਹਾਂ ਨੂੰ ਪੀ ਸੀ ਅਤੇ ਪੀ ਆਈ ਬੋਲਿਆ ਜਾਂਦਾ ਹੈ। ਇਨ੍ਹਾਂ ਦਾ ਪੰਜਾਬੀ ਵਿਚ ਸਹੀ ਤਰਜਮਾ ਕਰਨਾ ਸੌਖਾ ਨਹੀਂ ਪਰ ਮੋਟੇ ਤੌਰ 'ਤੇ ਅਸੀਂ ਇਨ੍ਹਾਂ ਲਈ ਸਿਆਸੀ ਤੌਰ 'ਤੇ ਸਹੀ ਅਤੇ ਸਿਆਸੀ ਤੌਰ 'ਤੇ ਗਲਤ ਸ਼ਬਦਾਂ ਦੀ ਵਰਤੋਂ ਕਰ ਸਕਦੇ ਹਾਂ।



**ਪ੍ਰੇਮ ਮਾਨ**
ਫੋਨ: 860-983-5002

ਇੱਥੇ ਪੋਲੀਟੀਕਲੀ ਦਾ ਨਾ ਹੀ ਸਿਆਸਤ ਨਾਲ ਕੋਈ ਸਬੰਧ ਹੈ ਅਤੇ ਨਾ ਹੀ ਕਾਨੂੰਨ ਨਾਲ। ਜੇ ਅਸੀਂ ਆਪਣੇ ਭਾਸ਼ਣਾਂ ਵਿਚ ਜਾਂ ਲਿਖਤਾਂ ਵਿਚ ਕਿਸੇ ਵਰਗ ਦਾ ਮਜ਼ਾਕ ਉਡਾਈਏ ਜਾਂ ਨਿਰਾਦਰ ਕਰੀਏ ਤਾਂ ਇਸ ਨੂੰ ਪੀ ਆਈ ਕਿਹਾ ਜਾਂਦਾ ਹੈ। ਜਿਵੇਂ ਕੋਈ ਵੀ ਵਿਅੰਗ, ਲਤੀਫਾ ਜਾਂ ਗੱਲਬਾਤ ਜਿਸ ਵਿਚ ਔਰਤਾਂ, ਗਰੀਬਾਂ, ਕਾਲਿਆਂ, ਬੋਲਿਆਂ, ਨੇਤਰਹੀਣਾਂ, ਅਪਾਹਜਾਂ, ਬੀਮਾਰਾਂ, ਗੰਜਿਆਂ, ਸਮਲਿੰਗੀਆਂ ਦਾ ਜਾਂ ਮੋਟਿਆਂ-ਪਤਲਿਆਂ, ਬੌਣਿਆਂ-ਲੰਮਿਆਂ, ਬਜ਼ੁਰਗਾਂ ਦਾ ਰੰਗ, ਧਰਮ, ਜਾਤ, ਨਸਲ ਜਾਂ ਕਿਸੇ ਹੋਰ ਆਧਾਰ 'ਤੇ ਕਿਸੇ ਵਰਗ ਦਾ ਖੁੱਲ੍ਹੇ ਤੌਰ 'ਤੇ ਮਜ਼ਾਕ ਉਡਾਇਆ ਜਾਣਾ ਅਮਰੀਕਾ ਵਿਚ ਸਵੀਕਾਰ ਨਹੀਂ ਕੀਤਾ ਜਾਂਦਾ। ਇਹੋ ਜਿਹੇ ਮਜ਼ਾਕ ਨਿਰਾਦਰ ਵਾਲੇ ਅਤੇ ਬੇਸੁਆਦੇ ਸਮਝੇ ਜਾਂਦੇ ਹਨ। ਇਹੋ ਜਿਹੇ ਮਜ਼ਾਕਾਂ ਨੂੰ ਪੀ ਆਈ ਸਮਝਿਆ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਪੀ ਸੀ ਅਤੇ ਪੀ ਆਈ ਸ਼ਬਦ ਸਭ ਤੋਂ ਪਹਿਲਾਂ ਅਠਾਰਵੀਂ ਸਦੀ ਵਿਚ ਇੱਥੋਂ ਦੇ ਸੁਪਰੀਮ ਕੋਰਟ ਵਲੋਂ ਇਕ ਮੁਕੱਦਮੇ ਦੇ ਫੈਸਲੇ ਵਿਚ ਵਰਤੇ ਗਏ ਸਨ। ਪਰ ਅਸਲ ਵਿਚ ਇਹ ਮੁਹਾਵਰੇ ਪਿਛਲੇ ਤੀਹਾਂ-ਚਾਲੀਆਂ ਸਾਲਾਂ ਵਿਚ ਹੀ ਜ਼ਿਆਦਾ ਪ੍ਰਚਲਿਤ ਹੋਏ ਹਨ। ਇਸ ਦਾ ਇਹ ਅਰਥ ਨਹੀਂ ਕਿ ਇਹ ਸ਼ਬਦ ਇੱਥੋਂ ਦੇ ਸਾਰੇ ਲੋਕਾਂ ਵਲੋਂ ਮਨਜ਼ੂਰ ਕਰ ਲਏ ਗਏ ਹਨ। ਕਈ ਲੋਕ ਇਸ ਦੀ ਆਲੋਚਨਾ ਵੀ ਕਰਦੇ ਹਨ ਕਿ ਇਹ ਮੁਹਾਵਰੇ ਇੱਥੋਂ ਦੇ ਬੋਲਣ ਦੀ ਅਜ਼ਾਦੀ ਦੇ ਬੁਨਿਆਦੀ ਹੱਕ ਦੀ ਉਲੰਘਣਾ ਕਰਦੇ ਹਨ। ਇਸ ਆਲੋਚਨਾ ਦੇ ਬਾਵਜੂਦ ਇਨ੍ਹਾਂ ਮੁਹਾਵਰਿਆਂ ਨੂੰ ਲੋਕ ਬੋਲਣ ਅਤੇ ਲਿਖਣ ਵੇਲੇ ਬਹੁਤ ਧਿਆਨ ਰੱਖਦੇ ਹਨ। ਇਹ ਮੁਹਾਵਰੇ ਬਹੁਤ ਸਾਰੇ ਹੋਰ ਮੁਲਕਾਂ 'ਚ ਵੀ ਪ੍ਰਚਲਿਤ ਹੋ ਗਏ ਹਨ।

ਜੇ ਪੰਜਾਬੀ ਮੁਹਾਵਰੇ ਦੀ ਗੱਲ ਕਰੀਏ ਤਾਂ ਅੱਜ ਵੀ ਕਾਫੀ ਸ਼ਬਦ ਅਤੇ ਫਿਕਰੇ ਅਜਿਹੇ ਵਰਤੇ ਜਾਂਦੇ ਹਨ ਜੋ ਅਮਰੀਕੀ ਲਿਹਾਜ ਨਾਲ ਪੀ ਆਈ ਹਨ। ਅਜਿਹੇ ਸ਼ਬਦਾਂ ਜਾਂ ਲਿਖਤ ਨੂੰ ਅਮਰੀਕਾ ਵਿਚ ਕੋਈ ਵੀ ਜ਼ਿੰਮੇਵਾਰ ਅਖਬਾਰ ਜਾਂ ਮੈਗਜ਼ੀਨ ਨਹੀਂ ਛਾਪੇਗਾ ਅਤੇ ਨਾ ਹੀ ਕੋਈ ਜ਼ਿੰਮੇਵਾਰ ਲੇਖਕ ਲਿਖੇਗਾ। ਅਜਿਹੀਆਂ ਗੱਲਾਂ ਸਿਰਫ ਉਨ੍ਹਾਂ ਅਖਬਾਰਾਂ ਵਿਚ ਹੀ ਛਾਪੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਇਥੇ ਟੈਬਲਾਇਡ (Tabloid) ਕਹਿੰਦੇ ਹਨ। ਜੇ ਗਲਤੀ ਨਾਲ ਕੋਈ ਲੇਖਕ ਅਜਿਹਾ ਮਜ਼ਾਕ ਲਿਖ ਦੇਵੇ, ਕੋਈ ਪਰਚਾ ਛਾਪ ਦੇਵੇ ਜਾਂ ਕੋਈ ਬੁਲਾਰਾ ਅਜਿਹਾ ਮਜ਼ਾਕ ਆਪਣੇ ਭਾਸ਼ਣ ਵਿਚ ਕਰ ਬੈਠੇ ਤਾਂ ਮੀਡੀਆ ਉਸ ਦਾ ਜੀਣਾ ਹਰਾਮ ਕਰ ਦਿੰਦਾ ਹੈ ਅਤੇ ਉਸ ਨੂੰ ਝੱਟ ਮੁਆਫੀ ਮੰਗਣੀ ਪੈ ਜਾਂਦੀ ਹੈ। ਅਜਿਹੀਆਂ ਬਥੇਰੀਆਂ ਮਿਸਾਲਾਂ ਮਿਲ ਜਾਂਦੀਆਂ ਹਨ। ਹਾਰਵਰਡ ਯੂਨੀਵਰਸਿਟੀ ਦੇ ਪਿਛਲੇ ਪ੍ਰਧਾਨ ਡਾ. ਸਮਰਜ਼ ਦੇ ਮੂੰਹੋਂ ਕੁਝ ਸਾਲ ਪਹਿਲਾਂ ਸਰਸਰੀ ਹੀ ਕੁਝ ਅਜਿਹਾ ਨਿਕਲ ਗਿਆ ਸੀ ਕਿ ਔਰਤਾਂ ਹਿਸਾਬ ਅਤੇ ਸਾਇੰਸ ਵਿਚ ਆਦਮੀਆਂ ਦੇ ਬਰਾਬਰ ਨਹੀਂ ਹੁੰਦੀਆਂ। ਇੰਨਾ ਕਹਿਣ ਖਾਤਰ ਉਸ ਦੀ ਉਹ ਮਿੱਟੀ ਪਲੀਤ ਕੀਤੀ ਗਈ ਕਿ ਉਸ ਨੂੰ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਪਿਆ। ਇਸੇ ਤਰ੍ਹਾਂ ਕੁਝ ਸਾਲ ਪਹਿਲਾਂ ਅਮਰੀਕਾ ਦੇ ਸਭ ਤੋਂ ਵੱਧ ਦੇਖੇ ਜਾਣ ਵਾਲੇ ਕਾਮੇਡੀ ਸ਼ੋਅ 'ਸਾਈਨਫੈਲਡ' ਦੇ ਇਕ ਐਕਟਰ ਨੇ ਮਜ਼ਾਕ ਨਾਲ ਇਕ ਕਲੱਬ ਵਿਚ ਸਮਲਿੰਗੀਆਂ ਵਿਰੁਧ ਇਕ ਗੱਲ ਕਹਿ ਦਿਤੀ। ਮੀਡੀਏ ਨੇ ਉਸ ਦਾ ਜੀਣਾ ਹਰਾਮ ਕਰ ਦਿੱਤਾ। ਉਸ ਨੂੰ ਕਈ ਵਾਰੀ ਮੁਆਫੀ ਮੰਗਣੀ ਪਈ।

ਵਰਜੀਨੀਆ ਸਟੇਟ ਦਾ ਸਾਬਕਾ ਗਵਰਨਰ ਅਤੇ ਸਾਬਕਾ ਸੈਨੇਟਰ ਜਾਰਜ ਐਲਨ ਕੁਝ ਸਾਲ ਪਹਿਲਾਂ ਸੈਨੇਟਰ ਦੀ ਚੋਣ ਮੁੜ ਲੜ ਰਿਹਾ ਸੀ। ਉਸ ਨੇ ਇਕ ਪ੍ਰੈਸ ਕਾਨਫਰੰਸ ਵਿਚ ਮਜ਼ਾਕ ਨਾਲ ਹਿੰਦੋਸਤਾਨੀ ਵਿਰਸੇ ਦੇ ਇਕ ਲੜਕੇ ਨੂੰ 'ਮਕਾਕਾ' ਕਹਿ ਦਿੱਤਾ, ਜਿਸ ਦਾ ਮਤਲਬ ਇਕ ਤਰ੍ਹਾਂ ਦਾ ਬਾਂਦਰ ਹੈ। ਜਾਰਜ ਐਲਨ ਵਾਰ ਵਾਰ ਮੁਆਫੀ ਮੰਗਣ ਦੇ ਬਾਵਜੂਦ ਚੋਣ ਹਾਰ ਗਿਆ। ਇੰਜ ਭਵਿੱਖ ਵਿਚ ਅਮਰੀਕਾ ਦਾ ਰਾਸ਼ਟਰਪਤੀ ਬਣਨ ਦੀ ਉਸ ਦੀ ਇਛਾ ਹਮੇਸ਼ਾ ਵਾਸਤੇ ਮਿੱਟੀ ਵਿਚ ਰੁਲ ਗਈ-ਸਿਰਫ ਇਸ ਇਕ ਸ਼ਬਦ ਕਾਰਨ। ਕੁਝ ਸਾਲ ਪਹਿਲਾਂ ਇਕ ਬਹੁਤ ਪ੍ਰਸਿੱਧ ਸੱਜੇ-ਪੱਖੀ ਹੋਸਟ ਡਾਨ ਆਈਮਸ ਨੇ ਰਟਗਰਜ਼ ਯੂਨੀਵਰਸਿਟੀ, ਨਿਊ ਜਰਸੀ ਦੀ ਬਾਸਕਟਬਾਲ ਟੀਮ ਦੀਆਂ ਲੜਕੀਆਂ ਵਿਰੁਧ ਕੁਝ ਭੈੜੇ ਨਸਲੀ ਵਿਤਕਰੇ ਵਾਲੇ ਸ਼ਬਦ ਕਹਿ ਦਿੱਤੇ। ਅਮਰੀਕੀ ਮੀਡੀਏ ਨੇ ਇਹ ਗੱਲ ਉਦੋਂ ਤੱਕ ਨਹੀਂ ਛੱਡੀ ਜਦੋਂ ਤੱਕ ਐਨ. ਸੀ. ਬੀ. ਅਤੇ ਸੀ. ਬੀ. ਐਸ. ਦੋਹਾਂ ਕੰਪਨੀਆਂ ਨੇ ਆਈਮਸ ਨੂੰ ਕੰਮ ਤੋਂ ਕੱਢ ਨਹੀਂ ਦਿੱਤਾ। ਇਸ ਦੇ ਬਾਵਜੂਦ ਕਿ ਆਈਮਸ ਨੇ ਕਈ ਦਿਨ ਮੁੜ ਮੁੜ ਮੁਆਫੀ ਮੰਗੀ।

ਪੰਜਾਬੀ ਮੁਹਾਵਰੇ ਅਤੇ ਲਤੀਫਿਆਂ ਵਿਚ ਜੋ ਜੋ ਗੱਲਾਂ ਕਹੀਆਂ ਅਤੇ ਲਿਖੀਆਂ ਜਾਂਦੀਆਂ ਹਨ ਉਹ ਅਮਰੀਕਾ ਵਿਚ ਕਦੇ ਵੀ ਕਹੀਆਂ ਜਾਂ ਲਿਖੀਆਂ ਨਹੀਂ ਜਾਣਗੀਆਂ। ਜੇ ਕੋਈ ਅਜਿਹੀ ਗੱਲ ਕਹਿ ਦੇਵੇ ਜਾਂ ਲਿਖ ਦੇਵੇ ਤਾਂ ਉਸ ਨੂੰ ਤੁਰੰਤ ਹੀ ਮੁਆਫੀ ਮੰਗਣੀ ਪਵੇਗੀ। ਸਾਲ 2006 ਵਿਚ ਪੰਜਾਬੀ ਦੇ ਇਕ ਮਸ਼ਹੂਰ ਗਾਇਕ ਨੇ ਨਿਊ ਜਰਸੀ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਇਕ ਭਾਰੇ ਜਿਹੇ ਬੰਦੇ ਵਲੋਂ ਸਵਾਲ ਪੁੱਛਣ 'ਤੇ ਕੁਝ ਇਸ ਤਰ੍ਹਾਂ ਆਖ ਦਿੱਤਾ, "ਖਾ ਖਾ ਕੇ ਬੜਾ ਫੁੱਲਿਆ ਲਗਦਾਂ।" ਜੇਕਰ ਉਹ ਇਨਸਾਨ ਕਿਸੇ ਬਿਮਾਰੀ ਕਾਰਨ ਮੋਟਾ ਹੋਇਆ ਹੋਵੇ ਤਾਂ ਇਹ ਸੁਣ ਕੇ ਉਸ ਉਤੇ ਕੀ ਬੀਤੀ ਹੋਵੇਗੀ? ਇਹ ਤਾਂ ਸਿਰਫ ਉਸ ਇਨਸਾਨ ਨੂੰ ਹੀ ਪਤਾ ਹੋਵੇਗਾ। ਜੇ ਕੋਈ ਅਮਰੀਕੀ ਗਾਇਕ ਅਜਿਹੀ ਗੱਲ ਆਖ ਬਹਿੰਦਾ ਤਾਂ ਮੁੜ ਮੁੜ ਮੁਆਫੀ ਮੰਗਣ 'ਤੇ ਵੀ ਉਸ ਦੀ ਜਾਨ ਨਹੀਂ ਸੀ ਛੁਟਣੀ। ਅਪਰੈਲ 2007 ਵਿਚ ਮੈਂ ਇਕ ਉਘੇ ਪੰਜਾਬੀ ਗਾਇਕ ਨੂੰ ਨਿਊ ਯਾਰਕ ਨੇੜੇ ਇਕ ਸ਼ਹਿਰ ਵਿਚ ਸੁਣਨ ਗਿਆ। ਆਪਣੇ ਪ੍ਰੋਗਰਾਮ ਦੌਰਾਨ ਇਕ ਗੀਤ ਵਿਚਾਲੇ ਉਹ ਕਹਿਣ ਲੱਗਾ, "ਅੰਨਿਆਂ ਨੂੰ ਕੀ ਦਿਸਣਾ। ਅੰਨਿਆਂ ਨੂੰ ਕਿਵੇਂ ਇਸ ਦਾ ਪਤਾ ਲੱਗ ਸਕਦਾ?" ਹੁਣ ਇਹ ਸ਼ਬਦ ਵੀ ਪੀ ਆਈ ਹਨ। ਜੇ ਉਸ ਸਮਾਗਮ ਵਿਚ ਕੋਈ ਘੱਟ ਨਜ਼ਰ ਵਾਲਾ ਇਨਸਾਨ ਬੈਠਾ ਹੋਵੇ ਤਾਂ ਉਸ ਨੂੰ ਇਹ ਸੁਣ ਕੇ ਆਪਣਾ ਨਿਰਾਦਰ ਜ਼ਰੂਰ ਮਹਿਸੂਸ ਹੋਇਆ ਹੋਵੇਗਾ।




ਇਕ ਸਾਹਿਤਕ ਮੀਟਿੰਗ ਵਿਚ ਇਕ ਪੰਜਾਬੀ ਵਿਅੰਗਕਾਰ ਨੇ ਇਕ ਵਿਅੰਗ ਲੇਖ ਪੜ੍ਹਿਆ ਜਿਸ ਵਿਚ ਉਸ ਨੇ ਕੁਝ ਇਸ ਤਰ੍ਹਾਂ ਦੀ ਸਤਰ ਲਿਖੀ ਹੋਈ ਸੀ, "ਸਿਆਣੇ ਐਵੇਂ ਤਾਂ ਨਹੀਂ ਕਹਿੰਦੇ ਕਿ ਜਨਾਨੀਆਂ ਦੀ ਮੱਤ ਗੁੱਤ ਪਿੱਛੇ ਹੁੰਦੀ ਹੈ।" ਭਾਵੇਂ ਇਹ ਗੱਲ ਮਿਰਜ਼ਾ-ਸਾਹਿਬਾਂ ਦੇ ਕਿੱਸੇ ਵਿਚ ਸੈਂਕੜੇ ਸਾਲ ਪਹਿਲਾਂ ਲਿਖੀ ਗਈ ਸੀ ਪਰ ਉਹ ਜ਼ਮਾਨੇ ਹੋਰ ਸਨ। ਜੇਕਰ ਕੋਈ ਅਮਰੀਕੀ ਅਜਿਹੀ ਗੱਲ ਬੋਲ ਜਾਂ ਲਿਖ ਬਹਿੰਦਾ ਭਾਵੇਂ ਵਿਅੰਗ ਵਿਚ ਹੀ, ਉਸ ਨੂੰ ਝੱਟ ਮੁਆਫੀ ਮੰਗਣੀ ਪੈ ਜਾਂਦੀ। ਪੰਜਾਬੀ ਵਿਅੰਗ ਵਿਚ ਹੋਰ ਵੀ ਬਹੁਤ ਸਾਰੀਆਂ ਪੀ ਆਈ ਗੱਲਾਂ ਹੁੰਦੀਆਂ ਹਨ। ਅਸੀਂ ਬਹੁਤ ਸਾਰੇ ਹਿੰਦੋਸਤਾਨੀ ਇਹੋ ਜਿਹੀਆਂ ਗੱਲਾਂ 'ਤੇ ਸਿਰਫ ਹੱਸ ਛੱਡਦੇ ਹਾਂ, ਕਿੰਤੂ ਨਹੀਂ ਕਰਦੇ। ਸਾਨੂੰ ਚਾਹੀਦਾ ਹੈ ਕਿ ਅਸੀਂ ਅਜਿਹੀਆਂ ਗੱਲਾਂ ਉਤੇ ਕਿੰਤੂ ਕਰੀਏ।

ਅਮਰੀਕਾ ਵਿਚ ਕੁਝ ਸਾਲ ਪਹਿਲਾਂ ਕਾਲਿਆਂ ਨੂੰ ਕਾਲੇ ਕਹਿਣਾ ਵੀ ਪੀ ਆਈ ਸਮਝਿਆ ਜਾਣ ਲੱਗਾ ਸੀ। ਉਨ੍ਹਾਂ ਨੂੰ ਉਦੋਂ ਅਫਰੀਕਨ ਅਮੈਰਿਕਨ ਕਿਹਾ ਜਾਣ ਲੱਗਾ ਸੀ ਪਰ ਫਿਰ ਕੁਝ ਕਾਲਿਆਂ ਨੇ ਕਿਹਾ ਕਿ ਸਾਰੇ ਕਾਲੇ ਅਫਰੀਕਾ ਤੋਂ ਨਹੀਂ। ਉਨ੍ਹਾਂ ਦੇ ਇਤਰਾਜ਼ 'ਤੇ ਉਨ੍ਹਾਂ ਨੂੰ ਫਿਰ ਕਾਲੇ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਹੈ ਭਾਵੇਂ ਹਾਲੇ ਵੀ ਬਹੁਤ ਸਾਰੇ ਲੋਕ ਇਨ੍ਹਾਂ ਨੂੰ ਅਫਰੀਕਨ ਅਮੈਰਿਕਨ ਹੀ ਕਹਿੰਦੇ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਅਮਰੀਕਾ ਵਿਚ ਕੋਈ ਵੀ ਸ਼ਬਦ ਜੋ ਕਿਸੇ ਵਰਗ ਦਾ ਮਜ਼ਾਕ ਉਡਾਵੇ, ਉਸ ਨੂੰ ਨੀਵਾਂ ਦਿਖਾਵੇ ਜਾਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਵੇ ਵਰਤਣਾ ਪੀ ਆਈ ਸਮਝਿਆ ਜਾਂਦਾ ਹੈ। ਵਿਅੰਗ ਦੀ ਆੜ ਲੈ ਕੇ ਕਿਸੇ ਵੀ ਵਰਗ ਦਾ ਮਖੌਲ ਉਡਾਉਣਾ ਗਲਤ ਹੈ। ਅਸੀਂ ਸਿਰਫ ਹਿੰਦੋਸਤਾਨ ਵਰਗੇ ਮੁਲਕਾਂ ਵਿਚ ਹੀ ਇਸ ਨੂੰ ਠੀਕ ਸਮਝਦੇ ਹਾਂ। ਕਈ ਵਾਰੀ ਅਸੀਂ ਆਮ ਗੱਲਬਾਤ ਦੌਰਾਨ ਬੇਧਿਆਨੇ ਹੀ ਅਜਿਹੀਆਂ ਗੱਲਾਂ ਕਹਿ ਜਾਂਦੇ ਹਾਂ ਜਿਨ੍ਹਾਂ ਦੇ ਗਲਤ ਹੋਣ ਦਾ ਸਾਨੂੰ ਬਾਅਦ ਵਿਚ ਹੀ ਅਹਿਸਾਸ ਹੁੰਦਾ ਹੈ। ਉਸ ਵੇਲੇ ਮੁਆਫੀ ਮੰਗ ਲੈਣ ਨਾਲ ਅਸੀਂ ਛੋਟੇ ਨਹੀਂ ਹੁੰਦੇ, ਸਗੋਂ ਅਜਿਹਾ ਕਰਨ ਨਾਲ ਅਸੀਂ ਆਪਣੀ ਇੱਜ਼ਤ ਵਧਾਉਂਦੇ ਹੀ ਹਾਂ। ਪਰ ਸਾਡੀਆਂ ਲਿਖਤਾਂ ਵਿਚ ਇਹੋ ਜਿਹੀ ਗੱਲ ਨਹੀਂ ਵਾਪਰਨੀ ਚਾਹੀਦੀ।

ਪੰਜਾਬੀ ਦੇ ਵਿਅੰਗ ਲੇਖਾਂ ਵਿਚ ਮੈਂ ਆਮ ਹੀ ਇਹੋ ਜਿਹੇ ਵਾਕ ਸੁਣੇ ਜਾਂ ਪੜ੍ਹੇ ਹਨ ਜੋ ਕਿ ਪੀ ਆਈ ਹਨ ਅਤੇ ਨਹੀਂ ਲਿਖੇ ਜਾਣੇ ਚਾਹੀਦੇ, ਜਿਵੇਂ "ਕਾਸ਼ ਮੇਰੀ ਜ਼ਨਾਨੀ ਅੰਨੀ ਹੁੰਦੀ ਤਾਂ ਜੋ

## ਚਲਦੇ-ਚਲਦੇ

ਉਹ ਮੇਰੀਆਂ ਕਰਤੂਤਾਂ ਨਾ ਦੇਖ ਸਕਦੀ।" "ਕਿੰਨਾ ਚੰਗਾ ਹੁੰਦਾ ਜੇ ਮੈਂ ਬੋਲਾ ਹੁੰਦਾ। ਮੈਂ ਆਪਣੀ ਜ਼ਨਾਨੀ ਨੂੰ ਚੌਵੀ ਘੰਟੇ ਸੁਣਨ ਤੋਂ ਬਚ ਜਾਂਦਾ।" "ਮੇਰੀ ਮੋਟੀ ਜ਼ਨਾਨੀ ਜਦੋਂ ਘਰ ਵਿਚ ਘੁੰਮਦੀ ਹੈ ਤਾਂ ਫਰਸ਼ ਹਿਲਾ ਸੁੱਟਦੀ ਹੈ।" "ਮੇਰੇ ਸੱਸ ਸਹੁਰੇ ਨੂੰ ਤਾਂ ਹੋਰ ਕੋਈ ਕੰਮ ਹੀ ਨਹੀਂ। ਆਮ ਹੀ ਸਾਡੇ ਘਰ ਆ ਧਮਕਦੇ ਹਨ, ਵਿਹਲੀਆਂ ਖਾਣ ਨੂੰ।" "ਸਾਡੀ ਜ਼ਨਾਨੀ ਨੂੰ ਤਾਂ ਕੋਈ ਅਕਲ ਹੀ ਨਹੀਂ। ਹਮੇਸ਼ਾ ਹੀ ਕਮਲਿਆਂ ਵਾਂਗ ਉਟ-ਪਟਾਂਗ ਬਕਦੀ ਰਹਿੰਦੀ ਹੈ।" ਇਹ ਸਭ ਗਲਤ ਗੱਲਾਂ ਅਸੀਂ ਵਿਅੰਗ ਦੀ ਆੜ ਵਿਚ ਕਹਿੰਦੇ ਹਾਂ।

ਬਜ਼ੁਰਗਾਂ ਨੂੰ 'ਬਜ਼ੁਰਗ' ਕਹਿ ਲੈਣਾ ਤਾਂ ਪੀ ਸੀ ਹੈ ਪਰ 'ਬੁੱਢੇ ਜਾਂ ਬੁੜ੍ਹੇ' ਕਹਿਣਾ ਪੀ ਆਈ ਹੈ। ਪੰਜਾਬ ਵਿਚ ਛਪਦੇ ਇਕ ਪੰਜਾਬੀ ਅਖਬਾਰ ਨੇ ਇਕ ਵਾਰ ਇਕ ਖਬਰ ਦੀ ਸੁਰਖੀ ਲਾਈ ਸੀ, "62 ਸਾਲ ਦਾ ਬੁੱਢਾ ਤਿੰਨ ਕਿਲੋ ਅਫੀਮ ਸਮੇਤ ਗ੍ਰਿਫਤਾਰ" ਪਹਿਲੀ ਗੱਲ ਇਹ ਕਿ ਅੱਜ ਕੱਲ ਜਦੋਂ ਇਨਸਾਨ 100 ਸਾਲ ਤੋਂ ਵੀ ਵੱਧ ਉਮਰ ਜੀਉਂਦੇ ਹਨ, ਇਕ 62 ਸਾਲ ਦੇ ਇਨਸਾਨ ਨੂੰ ਬੁੱਢਾ ਕਹਿਣਾ ਗਲਤ ਹੈ। ਅਮਰੀਕਾ ਵਿਚ 62 ਸਾਲ ਦੀ ਉਮਰ ਦਾ ਇਨਸਾਨ ਅੱਧਖੜ ਹੀ ਸਮਝਿਆ ਜਾਂਦਾ ਹੈ। ਦੂਜੇ, ਬੁੱਢਾ ਸ਼ਬਦ ਨਿਰਾਦਰ ਵਾਲਾ ਹੈ। ਇਸ ਦੀ ਥਾਂ 62 ਸਾਲ ਦਾ ਬੰਦਾ ਵਰਤਿਆ ਜਾਂਦਾ ਤਾਂ ਚੰਗਾ ਲਗਦਾ।

ਕਈ ਮਾਂ-ਪਿਉ ਆਪਣੇ ਬੱਚੇ ਨੂੰ ਆਮ ਹੀ ਕਹਿ ਛੱਡਦੇ ਹਨ, "ਤੂੰ ਤਾਂ ਮੂਰਖ ਹੀ ਰਿਹਾ। ਤੈਨੂੰ ਅਕਲ ਕਦੇ ਨਹੀਂ ਆਉਣੀ। ਤੂੰ ਤਾਂ ਜ਼ਿੰਦਗੀ ਵਿਚ ਭੁੱਖਾ ਮਰੇਂਗਾ।" ਇਹ ਸਭ ਪੀ ਆਈ ਹਨ। ਇਸੇ ਤਰ੍ਹਾਂ "ਆ ਐਵੇਂ ਮਰਾਸੀਆਂ ਵਾਂਗੂ ਕੀ ਗਾਉਣ ਦਾ ਕਿੱਤਾ ਫੜ ਲਿਆ?" "ਅੰਨਾਂ? ਦੇਖ ਕੇ ਨਹੀਂ ਤੁਰ ਹੁੰਦਾ? ਐਵੇਂ ਵਿਚ ਵੱਜੀ ਜਾਂਦਾ?" "ਇਹ ਐਵੇਂ ਕੀ ਉਲੂਆਂ ਵਾਲੀ ਸ਼ਕਲ ਬਣਾਈ ਫਿਰਦਾਂ?" "ਐਧਰ ਆ ਓਏ ਲੰਗਿਆ ਜਿਹਾ।" "ਤੇਰੇ ਦਿਮਾਗ ਵਿਚ ਕੋਈ ਅਕਲ ਵੀ ਹੈ ਕਿ ਐਵੇਂ ਹੀ ਵਧ ਕੇ ਅਸਮਾਨ ਨਾਲ ਲੱਗਿਆ ਫਿਰਦਾਂ?" ਆਦਿ ਸਾਰੇ ਹੀ ਵਾਕ ਪੀ ਆਈ ਹਨ ਯਾਨਿ ਇਖਲਾਕੀ ਤੌਰ 'ਤੇ ਗਲਤ ਹਨ। ਅਸੀਂ ਪੰਜਾਬੀ ਲੋਕ ਇਕ ਦੂਜੇ ਨੂੰ ਆਖ ਦਿੰਦੇ ਹਾਂ, 'ਤੇਰੀ ਕੁੜੀ ਦਾ ਨੱਕ ਬਹੁਤ ਫੀਨਾ।' 'ਤੇਰਾ ਮੁੰਡਾ ਪੈਰ ਵਿੰਗੇ ਕਾਹਤੋਂ ਰੱਖਦਾ?' 'ਤੇਰੀ ਕੁੜੀ ਦੀਆਂ ਅੱਖਾਂ ਬਹੁਤ ਛੋਟੀਆਂ।' 'ਤੇਰੇ ਮੁੰਡੇ ਦੇ ਕੰਨ ਬਹੁਤ ਵਿੰਗੇ ਆ।' 'ਤੇਰੀ ਕੁੜੀ ਇੰਨੀ ਪੀਲੀ ਕਾਹਤੋਂ ਹੈ?' 'ਤੇਰਾ ਮੁੰਡਾ ਇੰਨਾ ਪਤਲਾ ਕਿਉਂ ਹੈ?' ਇਹ ਸਭ ਗੱਲਾਂ ਕਹਿਣੀਆਂ ਗਲਤ ਹਨ ਅਤੇ ਪੀ ਆਈ ਹਨ। ਪਤਾ ਨਹੀਂ ਸਾਡੇ ਦੇਸੀ ਸਭਿਆਚਾਰ ਵਿਚੋਂ ਅਜਿਹੀਆਂ ਗੱਲਾਂ ਕਦੋਂ ਮਨਫੀ ਹੋਣਗੀਆਂ।

# ਜਾਦੂ ਟੂਣਾ, ਅੰਧ-ਵਿਸ਼ਵਾਸ ਤੇ ਅੱਜ ਦਾ ਮਨੁੱਖ

'ਪੰਜਾਬ ਟਾਈਮਜ਼' ਦੇ 27 ਜੁਲਾਈ ਦੇ ਅੰਕ ਵਿਚ ਬੌਬ ਖਹਿਰਾ ਦਾ ਲੇਖ 'ਜਾਦੂ ਟੂਣਾ ਕੀ ਹੈ?' ਪੜ੍ਹਿਆ। ਬੌਬ ਖਹਿਰਾ ਨੇ ਤਰਕਸ਼ੀਲ ਢੰਗ ਨਾਲ ਵਾਰ ਵਾਰ ਆਪਣੇ ਲੇਖਾਂ ਵਿਚ ਜਾਦੂ-ਟੂਣੇ ਅਤੇ ਅੰਧਵਿਸ਼ਵਾਸ ਦਾ ਖੰਡਨ ਕੀਤਾ ਹੈ। ਮੈਂ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਜਾਦੂ ਟੂਣਾ ਵਹਿਮ, ਭਰਮ-ਭੁਲੇਖਾ, ਮਾਨਸਿਕ

**ਦਲਵਿੰਦਰ ਸਿੰਘ ਅਜਨਾਲਾ**
ਫੋਨ: 661-834-9770

ਭਟਕਣ ਅਤੇ ਅੰਧ-ਵਿਸ਼ਵਾਸ ਤੋਂ ਵੱਧ ਹੋਰ ਕੁਝ ਨਹੀਂ ਹੈ। ਇਸ ਅੰਧ-ਵਿਸ਼ਵਾਸ ਦੀ ਜਕੜ ਵਿਚ ਪੜ੍ਹੇ-ਅਨਪੜ੍ਹੇ, ਅਮੀਰ-ਗਰੀਬ ਅਤੇ ਸਭ ਕਿਸਮਾਂ ਤੇ ਧਰਮਾਂ ਦੇ ਲੋਕ ਹਨ। ਬੰਗਾਲ ਦਾ ਜਾਦੂ ਜਾਂ ਕਾਲਾ ਜਾਦੂ ਕੋਈ ਨਹੀਂ। ਤਾਂਤਰਿਕਾਂ, ਬਾਬਿਆਂ ਜਾਂ ਜਾਦੂਗਰਾਂ, ਪੰਡਤਾਂ ਨੇ ਚਲਾਕੀ, ਖਚਰੇਪਨ ਅਤੇ ਮੱਕਾਰੀ ਨਾਲ ਖਲਕਤ ਦੇ ਮਨਾਂ ਵਿਚ ਇਹ ਡੂੰਘੀ ਧਾਰਨਾ ਤੇ ਡਰ ਬਿਠਾ ਛੱਡਿਆ ਹੈ ਕਿ ਉਨ੍ਹਾਂ ਕੋਲ ਕਾਲਾ ਜਾਦੂ ਹੈ ਤੇ ਉਹ ਇਸ ਨਾਲ ਕੋਈ ਵੀ ਕਰਾਮਾਤ ਕਰ ਸਕਦੇ ਹਨ, ਨਿਰਾ ਝੂਠ ਹੈ। ਮੈਂ ਚਾਰ ਸੰਸਾਰ ਪ੍ਰਸਿੱਧ ਜਾਦੂਗਰਾਂ ਦੇ ਸ਼ੋਅ ਵੇਖੇ ਹਨ। ਦੋਹ ਦੇ ਨਾਮ ਮੈਂ ਜਾਣਦਾ ਹਾਂ। ਇਕ ਸੀ ਚੀਨ ਦਾ ਜਾਦੂਗਰ ਚਿੰਗ ਫੂੰਗ ਲੀ ਜਿਸ ਦਾ ਸ਼ੋਅ ਮੈਂ ਚੰਡੀਗੜ੍ਹ ਵੇਖਿਆ ਅਤੇ ਦੂਜਾ ਸ਼ੰਕਰ ਸਮਰਾਟ ਸੀ ਜਿਸ ਦੇ ਸ਼ੋਅ ਅੰਮ੍ਰਿਤਸਰ ਵੇਖੇ। ਇਨ੍ਹਾਂ ਚਾਰਾਂ ਜਾਦੂਗਰਾਂ ਨੇ ਆਪਣੇ ਸ਼ੋਅ ਸ਼ੁਰੂ ਕਰਨ ਤੋਂ ਪਹਿਲਾਂ ਇਹ ਐਲਾਨ ਕੀਤਾ ਕਿ ਸਾਡੇ ਕੋਲ ਕੋਈ ਕਾਲਾ ਜਾਦੂ, ਗੈਬੀ ਸ਼ਕਤੀ ਜਾਂ ਕੋਈ ਹੋਰ ਐਸੀ ਚਮਤਕਾਰੀ ਤਾਕਤ ਨਹੀਂ ਹੈ। ਇਹ ਤਾਂ ਇਕ ਕਲਾ ਹੈ ਜਿਹੜੀ ਬਾਕੀ ਕਲਾਵਾਂ ਵਾਂਗ ਸਿੱਖੀ ਜਾ ਸਕਦੀ ਹੈ। ਕਬੀਰ ਸਾਹਿਬ ਵੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ, 'ਜੰਤਰ ਮੰਤਰ ਸਭ ਝੂਠ ਹੈ ਮਤ ਭਰਮੋ ਜਗ ਕੋਇ॥'

ਲੋਕਾਂ ਵਿਚ ਇਹੋ ਜਿਹੇ ਵਹਿਮ, ਭਰਮ ਅਤੇ ਡਰ ਦੂਰ ਕਰਨ ਲਈ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੀ ਇਕ ਯਾਤਰਾ ਦੌਰਾਨ ਇਕ ਭੇਖੀ ਪਾਂਡੇ ਦੇ ਪਾਖੰਡ ਨੂੰ ਨੰਗਿਆਂ ਕੀਤਾ। ਇਹ ਘਟਨਾ ਪੁਰੀ ਵਿਚ ਵਾਪਰੀ ਜਿਥੇ ਇਹ ਪੰਡਿਤ ਆਪਣੇ ਸ਼ਰਧਾਲੂਆਂ ਵਿਚ ਘਿਰਿਆ ਸਮਾਧੀ ਮੁਦਰਾ ਵਿਚ ਕਦੇ ਅੱਖਾਂ ਮੀਟਦਾ ਅਤੇ ਕਦੇ ਖੋਲ੍ਹਦਾ। ਨਾਲ ਹੀ ਸ਼ਰਧਾਲੂਆਂ ਨੂੰ ਦੱਸਦਾ ਕਿ ਉਸ ਨੂੰ ਬੈਕੁੰਠ ਵਿਚ ਬੈਠੇ ਵਿਸ਼ਨੂੰ ਭਗਵਾਨ ਦੇ ਦਰਸ਼ਨ ਹੋ ਰਹੇ ਹਨ। ਇਸ ਪਾਂਡੇ ਅੱਗੇ ਇਕ ਪਾਤਰ (ਭਾਂਡਾ) ਪਿਆ ਸੀ ਜਿਸ 'ਚ ਸ਼ਰਧਾਲੂ ਭੇਟਾ ਵਜੋਂ ਪੈਸੇ ਪਾਉਂਦੇ ਸਨ। ਗੁਰੂ ਨਾਨਕ ਨੇ ਉਸ ਦੇ ਅੱਖਾਂ ਮੀਟਣ 'ਤੇ ਭਾਂਡਾ ਚੁੱਕ ਕੇ ਉਸ ਦੇ ਪਿੱਛੇ ਰੱਖ ਦਿੱਤਾ। ਪਾਂਡਾ ਪ੍ਰੇਸ਼ਾਨ ਹੋ ਕੇ ਪੁੱਛਦਾ ਹੈ, 'ਮੇਰਾ ਪਾਤਰ ਕਿਥੇ ਹੈ?'

ਗੁਰੂ ਜੀ ਨੇ ਸਗੋਂ ਪਾਂਡੇ ਨੂੰ ਹੀ ਪੁੱਛ ਲਿਆ ਕਿ ਤੈਨੂੰ ਤਾਂ ਬੈਕੁੰਠ ਦੇ ਸਭ ਹਾਲਾਤ ਦਿਸ ਰਹੇ ਹਨ, ਪਰ ਹੁਣ ਤੈਨੂੰ ਆਪਣੇ ਪਿੱਛੇ ਪਏ ਪਾਤਰ ਦਾ ਭੀ ਪਤਾ ਨਹੀਂ ਲੱਗ ਰਿਹਾ। ਇਹ ਘਟਨਾ ਗੁਰੂ ਜੀ ਦੀ ਬਾਣੀ ਵਿਚ ਇਉਂ ਦਰਜ ਹੈ,

ਅਖੀ ਤ ਮੀਟਹਿ ਨਾਕ ਪਕੜਹਿ
ਠਗਣ ਕਉ ਸੰਸਾਰੁ॥
ਆਂਟ ਸੇਤੀ ਨਾਕੁ ਪਕੜਹਿ
ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ
ਇਹੁ ਪਦਮੁ ਅਲੋਅ॥

ਮੈਨੂੰ ਯਾਦ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਸਮੇਂ ਦੇ ਦੋ ਮਸ਼ਹੂਰ ਤਾਂਤਰਿਕ ਧਰਿੰਦਰ ਬ੍ਰਹਮਚਾਰੀ ਅਤੇ ਚੰਦਰਾ ਸਵਾਮੀ ਆਪਣੇ ਦਰਬਾਰੀ ਬਾਬੇ ਰੱਖੇ ਹੋਏ ਸਨ ਜਿਹੜੇ ਉਹਦੇ ਵਾਸਤੇ ਜਾਦੂ ਟੂਣੇ ਕਰਦੇ ਰਹਿੰਦੇ ਸਨ। ਭਾਰਤ ਦੇ ਸਭ ਤੋਂ ਵੱਧ ਪੜ੍ਹੇ-ਲਿਖੇ, ਚੌਦਾਂ ਭਾਸ਼ਾਵਾਂ ਦੇ ਗਿਆਤਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਆਪਣੀ ਰਾਜਸੀ ਕਾਮਯਾਬੀ ਵਾਸਤੇ ਇਸੇ ਜਾਦੂ ਟੂਣੇ ਦਾ ਸਹਾਰਾ ਲੈਂਦਿਆਂ ਕਿਸੇ ਉਚੇ ਥਾਂ 'ਤੇ ਬੈਠੇ ਸਾਧ ਕੋਲੋਂ ਆਪਣੇ ਸਿਰ ਵਿਚ ਪੈਰ ਮਰਵਾਇਆ ਸੀ। ਉਨ੍ਹਾਂ ਮੁਤਾਬਕ ਇਹ ਸ਼ੁਭ ਸ਼ਗਨ ਸੀ। ਤੁਸੀਂ ਇਹ ਵੀ ਜ਼ਰੂਰ ਪੜ੍ਹਿਆ, ਸੁਣਿਆ ਅਤੇ ਵੇਖਿਆ ਹੋਵੇਗਾ ਕਿ ਭਨਿਆਰੇ ਵਾਲੇ ਸਾਧ ਕੋਲੋਂ ਅਸ਼ੀਰਵਾਦ ਲੈਣ ਲਈ ਸਭ ਪਾਰਟੀਆਂ ਦੇ ਵੱਡੇ-ਵੱਡੇ ਸਿਆਸਤਦਾਨ, ਸਿਵਲ ਅਤੇ ਪੁਲਿਸ ਅਫਸਰਾਂ ਤੋਂ ਇਲਾਵਾ ਰੋਪੜ ਦਾ ਸੈਸ਼ਨ ਜੱਜ ਮੱਘਰ ਦਾਸ ਵੀ ਜਾਂਦਾ ਸੀ। ਅਜੇ ਕੱਲ੍ਹ ਦੀ ਗੱਲ ਹੈ ਕਿ ਭਾਰਤ ਦਾ ਰੇਲ ਮੰਤਰੀ ਪਵਨ ਬਾਂਸਲ ਆਪਣੀ ਕੁਰਸੀ ਬਚਾਉਣ ਲਈ ਘਰ ਵਿਚ ਕਾਲੇ ਬਕਰੇ ਨਾਲ ਕੋਈ ਟੂਣਾ-ਟੰਬਰ ਕਰਵਾ ਰਿਹਾ ਸੀ। ਜੈਸਾ ਰਾਜਾ ਤੈਸੀ ਪਰਜਾ, ਤੇ ਜੈਸੀ ਪਰਜਾ ਤੈਸਾ ਰਾਜਾ। ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਵਿਚ ਲੋਕਤੰਤਰ ਸਿਰਫ ਨਾਂ ਦਾ ਹੀ ਹੈ। ਅਸਲ ਵਿਚ ਹਕੂਮਤ ਕੁਲੀਨ ਤੰਤਰ, ਰਾਜਾਸ਼ਾਹੀ, ਰਾਜਵਾੜਾਸ਼ਾਹੀ ਅਤੇ ਜਾਗੀਰਦਾਰੀ ਤਰਜ਼ 'ਤੇ ਚੱਲ ਰਹੀ ਹੈ। ਇਸ ਲਈ ਇਹ ਜਾਦੂ ਟੂਣੇ, ਬਾਬਾਵਾਦ, ਸੰਤ, ਸਾਧ ਤੇ ਪ੍ਰੋਹਿਤਵਾਦ, ਅੰਧ-ਵਿਸ਼ਵਾਸ ਅਤੇ ਅਨਪੜ੍ਹਤਾ, ਅਗਿਆਨਤਾ ਸਰਮਾਏਦਾਰੀ ਨਿਜ਼ਾਮ ਦੀਆਂ ਅਲਾਮਤਾਂ ਅਤੇ ਹੱਥ-ਕੰਡੇ ਹਨ। ਟੈਲੀਵਿਜ਼ਨ, ਰੇਡੀਓ, ਅਖਬਾਰਾਂ ਅਤੇ ਸਾਇੰਸ ਦੀਆਂ ਕਾਢਾਂ ਉਪਰ ਵੀ ਸਰਮਾਏਦਾਰਾਂ ਦਾ ਕਬਜ਼ਾ ਹੈ ਅਤੇ ਇਨ੍ਹਾਂ ਦੇ ਹੁਕਮਾਂ ਅਨੁਸਾਰ ਹੀ ਇਹ ਕਾਢਾਂ ਕੰਮ ਕਰਦੀਆਂ ਹਨ।

ਪੰਜਾਬ ਵਿਚ ਤਰਕਸ਼ੀਲ ਸੁਸਾਇਟੀਆਂ ਨੇ ਬਹੁਤ ਵਾਹ ਲਾਈ ਹੈ ਕਿ ਲੋਕ ਜਾਦੂ ਟੂਣੇ ਵਾਲੇ ਕੁ-ਚੱਕਰਾਂ ਵਿਚੋਂ ਆਜ਼ਾਦ ਹੋ ਕੇ ਸਿਆਣੇ ਹੋਣ, ਪਰ ਨਹੀਂ! ਟੂਣੇਹਾਰੇ ਠੱਗ ਤਾਂ ਹਰ ਗਲੀ ਮੁਹੱਲੇ ਵਿਚ ਬੈਠੇ ਹਨ ਅਤੇ ਤਰਕਸ਼ੀਲ ਤਾਂ ਆਟੇ ਵਿਚ ਲੂਣ ਵੀ ਨਹੀਂ ਹਨ। ਬੁਰਾਈ ਦਾ ਪ੍ਰਚਾਰ, ਪ੍ਰਸਾਰ ਅਤੇ ਅਮਲ ਤਾਂ ਪੂਰੇ ਜ਼ੋਰ-ਸ਼ੋਰ ਨਾਲ ਹੋ ਰਿਹਾ ਹੈ। ਚੰਗਿਆਈ ਤਾਂ ਵਿਚਾਰੀ ਲੁਕਦੀ ਫਿਰਦੀ ਹੈ; ਜਿਵੇਂ ਗੁਰੂ ਜੀ ਦਾ ਫੁਰਮਾਨ ਹੈ,

ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥

## ਸੱਚੋ-ਸੱਚ

ਗੁਰੂ ਨਾਨਕ ਪਾਤਿਸ਼ਾਹ ਨੇ ਲੋਕਾਂ ਨੂੰ ਸਿਆਣੇ, ਸੂਝਵਾਨ, ਅਕਲਮੰਦ ਅਤੇ ਤਰਕਸ਼ੀਲ ਬਣਾਉਣ ਵਾਸਤੇ ਆਪਣਾ ਸਾਰਾ ਜੀਵਨ ਲਾ ਦਿੱਤਾ ਅਤੇ ਉਨ੍ਹਾਂ ਨੇ ਵੀ ਸ਼ਾਇਦ ਨਿਰਾਸ਼ ਹੋ ਕੇ ਆਪਣੀ ਕੀਤੀ ਮਿਹਨਤ ਦਾ ਸਿੱਟਾ ਇਹੋ ਹੀ ਕੱਢਿਆ ਸੀ ਕਿ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥' ਭਾਈ ਗੁਰਦਾਸ ਨੇ ਵੀ ਇਸ ਵਰਤਾਰੇ ਬਾਰੇ ਇਉਂ ਫਰਮਾਇਆ, 'ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤਿ ਮੁਖਹੁ ਅਲਾਈ॥'

ਬੌਬ ਖਹਿਰਾ, ਤਰਲੋਚਨ ਸਿੰਘ ਦੁਪਾਲਪੁਰ ਅਤੇ ਹੋਰ ਸੁਹਿਰਦ, ਪ੍ਰਤੀਬੱਧ, ਨੇਕ ਤੇ ਗੰਭੀਰ ਲੇਖਕ, ਦਾਨਿਸ਼ਵਰ, ਸੁਧਾਰਕ ਅਤੇ ਚਿੰਤਕ ਲੋਕਾਂ ਨੂੰ ਸਮਝਾਉਣ ਅਤੇ ਜਾਗ੍ਰਿਤ ਕਰਨ ਦੇ ਯਤਨ ਕਰਦੇ ਰਹਿੰਦੇ ਹਨ, ਨਤੀਜੇ ਵੀ ਕਿਸੇ ਪੱਧਰ ਤੱਕ ਚੰਗੇ ਮਿਲ ਜਾਂਦੇ ਹਨ, ਪਰ ਜੇ ਵਿਗਾੜ ਵੱਡੇ ਪੱਧਰ 'ਤੇ ਪਿਆ ਹੋਵੇ ਤਾਂ ਇਹਦੇ ਵਾਸਤੇ ਵੱਡੀ ਜਥੇਬੰਦਕ ਲਹਿਰ ਉਸਾਰਨੀ ਪਵੇਗੀ। ਉਂਜ ਚੰਗੇ ਕੰਮਾਂ ਵਾਸਤੇ ਐਸੀਆਂ ਲਹਿਰਾਂ ਉਸਾਰਨ ਲਈ ਹੁਣ ਨਾ ਕਿਸੇ ਕੋਲ ਪੈਸਾ ਹੈ, ਨਾ ਸਮਾਂ, ਨਾ ਤਿਆਗ, ਨਾ ਕੁਰਬਾਨੀ ਦੀ ਭਾਵਨਾ ਹੈ ਅਤੇ ਨਾ ਹੀ ਸੁਹਿਰਦ ਨਿਰਪੱਖ, ਨਿਰਸੁਆਰਥ ਤੇ ਪਰਉਪਕਾਰੀ ਸੋਚ। ਇਹ ਵੱਖਰੀ ਗੱਲ ਹੈ ਕਿ ਹਉਮੈ ਹੰਕਾਰ ਦੇ ਡੰਗੇ ਲੋਕ ਹਰ ਰੋਜ਼ ਗੈਰ ਜ਼ਰੂਰੀ ਗਤੀਵਿਧੀਆਂ, ਕੰਮਾਂ, ਪਦਾਰਥਾਂ ਅਤੇ ਅਡੰਬਰਾਂ-ਵਿਖਾਵਿਆਂ ਉਪਰ ਅੰਨ੍ਹੇਵਾਹ ਪੈਸੇ ਅਤੇ ਸਮਾਂ ਬਰਬਾਦ ਕਰ ਰਹੇ ਹਨ!

# ਸਿੱਖ ਬੀਬੀਆਂ ਦੇ ਵਹਿਮ-ਭਰਮ



**ਰਾਜਬੀਰ ਕੌਰ ਸੇਖੋਂ**
**ਪੰਜਾਬੀ ਸੱਥ ਕੈਲੀਫੋਰਨੀਆ**

ਸਮੁੱਚਾ ਸਿੱਖ ਇਤਿਹਾਸ ਗੁਰੂ ਸਾਹਿਬਾਨ ਤੇ ਭਗਤਾਂ-ਮਹਾਂਪੁਰਸ਼ਾਂ ਦੀ ਬਾਣੀ, ਕੁਰਬਾਨੀਆਂ, ਉਦੇਸ਼ਾਂ ਅਤੇ ਸ਼ਹੀਦਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਜਿਸ ਨੂੰ ਪੜ੍ਹ ਸੁਣ ਕੇ ਇੰਜ ਜਾਪਦਾ ਹੈ ਕਿ ਜਿਵੇਂ ਅਸਲ ਵਿਚ ਮਨੁੱਖ ਦਾ ਧਰਤੀ ਉਤੇ ਆਗਮਨ ਹੀ ਬਾਬੇ ਨਾਨਕ ਦੀ ਇਲਾਹੀ ਬਾਣੀ ਨਾਲ ਹੋਇਆ ਹੋਵੇ। ਮਨੁੱਖ ਦੀ ਮਾਨਵਤਾ, ਕੁਦਰਤ ਦੀ ਸਰਵ-ਉਚਤਾ, ਮਨੁੱਖਾਂ ਤੋਂ ਇਲਾਵਾ ਧਰਤੀ ਦੇ ਅਨੇਕ ਜੀਵ-ਜੰਤੂਆਂ ਦਾ ਜ਼ਿਕਰ ਕਰਕੇ ਬਾਣੀਕਾਰਾਂ ਨੇ ਇਕ ਅਸਲੋਂ ਨਵੇਂ ਸੰਸਾਰ ਦੀ ਪਰਿਭਾਸ਼ਾ ਦਿੱਤੀ। ਗੈਰਤ ਅਤੇ ਅਣਖ ਨਾਲ ਜੀਣ ਦੀ ਸੀਖ ਕੇਵਲ 1699 ਦੀ ਵਿਸਾਖੀ ਵਿਚ ਹੀ ਨਹੀਂ ਸਗੋਂ ਸਦੀਆਂ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਸਾਰੇ ਸਿੱਖ ਜਗਤ ਨੂੰ ਮਿਲੀ। ਬਾਬਰ ਦੇ ਜ਼ਾਲਮਾਨਾ ਹਮਲਿਆਂ ਵਿਚ ਹੋਈ ਮਨੁੱਖ ਦੀ ਦੁਰਦਸ਼ਾ ਨੂੰ ਵੇਖ ਬਾਬਰ ਨੂੰ ਲਾਹਣਤਾਂ ਪਾ ਪਰਮਾਤਮਾ ਅੱਗੇ ਹਾਅ ਦਾ ਨਾਅਰਾ ਹੀ ਨਹੀਂ ਮਾਰਿਆ ਸਗੋਂ ਡਿਗ ਚੁੱਕੀ ਜ਼ਮੀਰ, ਮੁੱਕ ਚੁੱਕੀ ਅਣਖ ਅਤੇ ਇਨਸਾਨੀਅਤ ਨੂੰ ਵੀ ਜਗਾਇਆ ਤੇ ਹੁਲਾਰਾ ਦਿੱਤਾ। ਸਿਰ ਚੁੱਕ ਕੇ ਜੀਣ ਦਾ ਫਲਸਫਾ ਦਿੱਤਾ। ਹੋਈ ਬਰਬਾਦੀ ਤੇ ਬੇਪਤੀ ਦਾ ਜ਼ਿੰਮੇਦਾਰ ਆਮ ਮਨੁੱਖ ਨੂੰ ਵੀ ਠਹਿਰਾਇਆ। ਇਹ ਪਹਿਲੀ ਅਜਿਹੀ ਅਵਾਜ਼ ਸੀ ਜੋ ਏਨੀ ਬੁਲੰਦ ਸੀ ਜਿਸ ਨੇ ਆਮ ਜਨਤਾ ਦੇ ਹਿਰਦੇ ਨੂੰ ਹੀ ਨਹੀਂ ਹਲੂਣਿਆ ਸਗੋਂ ਬਾਬਰ ਦਾ ਤਖ਼ਤ ਤੱਕ ਹਿਲਾ ਦਿੱਤਾ।

ਗੁਰੂ ਸਾਹਿਬ ਨੇ ਜ਼ੁਲਮ ਅੱਗੇ ਸਿਰ ਚੁੱਕ ਕੇ ਅਤੇ ਕੇਵਲ ਪਰਮਾਤਮਾ ਅੱਗੇ ਸਿਰ ਨਿਵਾ ਕੇ ਜੀਣ ਦੀ ਗੱਲ ਕੀਤੀ। ਉਨ੍ਹਾਂ ਦੇ ਇਹ ਉਪਦੇਸ਼ ਮਰਦਾਂ ਲਈ ਹੀ ਨਹੀਂ ਸਗੋਂ ਔਰਤਾਂ ਲਈ ਵੀ ਬਰਾਬਰ ਮਹੱਤਤਾ ਰੱਖਦੇ ਹਨ। ਗੁਰੂ ਸਾਹਿਬ ਵੱਲੋਂ ਉਠਾਈ ਗਈ ਨਿਡਰਤਾ ਭਰੀ ਆਵਾਜ਼ ਨੇ ਔਰਤਾਂ 'ਚ ਵੀ ਨਿਰਭੈਤਾ ਤੇ ਨਿਰਵੈਰਤਾ ਵਾਲਾ ਕਣ ਜਗਾ ਦਿੱਤਾ ਜਿਸ ਦੀ ਗਵਾਹੀ ਇਤਿਹਾਸ ਭਰਦਾ ਹੈ।

ਬੇਬੇ ਨਾਨਕੀ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਸਮਝ ਕੇ ਤੇ ਅਪਨਾ ਕੇ ਸਿੱਖੀ ਕਬੂਲ ਕੀਤੀ। ਬੇਬੇ ਨਾਨਕੀ ਤੋਂ ਪ੍ਰੇਰਨਾ ਲੈ ਕੇ ਸਾਦਗੀ, ਬਹਾਦਰੀ ਅਤੇ ਭਾਣਾ ਮੰਨਣ ਦੇ ਉਪਦੇਸ਼ਾਂ ਦੇ ਔਰਤ ਨੇ ਜੀਵਨ ਦੇ ਨਵੇਂ ਅਰਥ ਸਮਝੇ। ਧਰਮ ਦੇ ਰਾਹ ਉਤੇ ਤੁਰਨ ਦੀ ਜਾਚ ਸਿੱਖੀ। ਲੰਗਰ ਦੀ ਸੇਵਾ ਤੋਂ ਸ਼ੁਰੂ ਹੋ ਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਸਿੰਘਾਂ ਦੇ ਬਰਾਬਰ ਤਿਆਰ ਬਰ ਤਿਆਰ, ਘੋੜ ਸਵਾਰੀ ਕਰਦੀਆਂ ਸ਼ਸਤਰਧਾਰੀ ਬੀਬੀਆਂ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਦਿਆਂ ਇਤਿਹਾਸ ਦੇ ਪੰਨ੍ਹਿਆਂ 'ਤੇ ਆਪਣੀ ਅਣਖ ਦੀ ਗੂੜ੍ਹੀ ਛਾਪ ਛੱਡ ਗਈਆਂ। ਮੋਹ ਮਾਇਆ, ਵਹਿਮਾਂ ਭਰਮਾਂ ਅਤੇ ਕਰਮ ਕਾਂਡਾਂ ਤੋਂ ਦੂਰ ਗੁਰੂ ਨੂੰ ਸਮਰਪਿਤ ਇਹ ਬੀਬੀਆਂ ਦੁਨੀਆਂ ਦੇ ਇਤਿਹਾਸ ਵਿਚ ਮਿਸਾਲ ਦੇ ਤੌਰ 'ਤੇ ਜਾਣੀਆਂ ਜਾਣ ਲੱਗੀਆਂ। "ਭੈ ਕਾਹੂ ਕੋ ਦੇਤ ਨਾਹਿ, ਨਹਿ ਭੈ ਮਾਨਤ ਆਨ" ਦੀ ਪਾਵਨ ਤੁੱਕ ਨੂੰ ਹਿਰਦੈ ਵਿਚ ਵਸਾ ਕੇਵਲ ਤੇ ਕੇਵਲ ਉਸ ਅਕਾਲ ਪੁਰਖ ਦੇ ਭਾਣੇ ਨੂੰ ਸਿਰ ਮੱਥੇ ਮੰਨਿਆ। ਬੇਬੇ ਨਾਨਕੀ ਮਾਤਾ ਖੀਵੀ, ਬੀਬੀ ਭਾਨੀ, ਬੀਬੀ ਵੀਰੋ, ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ, ਮਾਤਾ ਜੀਤੋ ਜੀ ਆਦਿ ਅਨੇਕਾਂ ਬੀਬੀਆਂ ਨੇ ਸਿਦਕ ਅਤੇ ਸਿਰੜ ਵਾਲਾ ਜੀਵਨ ਬਤੀਤ ਕੀਤਾ।

ਅੱਜ ਦੀਆਂ ਸਿੱਖ ਬੀਬੀਆਂ ਦੀ ਕੀ ਸਥਿਤੀ ਹੈ? ਕੀ ਉਹ ਗੁਰੂ ਦੇ ਦੱਸੇ ਮਾਰਗ ਉਪਰ ਚੱਲ ਰਹੀਆਂ ਹਨ? ਨਹੀਂ! ਬਿਲਕੁਲ ਨਹੀਂ। ਆਪਣੇ ਆਮ ਖਾਸ ਤਾਂ ਕੀ ਆਪੋ-ਆਪਣੇ ਘਰਾਂ 'ਚ ਨਿਗਾਹ ਮਾਰ ਕੇ ਦੇਖੋ ਕਿ ਕਿਹੋ ਜਿਹਾ ਵਾਤਾਵਰਣ ਬਣ ਚੁੱਕਾ ਹੈ, ਕਿਸ ਮਾਰਗ 'ਤੇ ਚੱਲ ਰਹੀਆਂ ਹਨ ਸਿੱਖ ਬੀਬੀਆਂ? ਸਭ ਤੋਂ ਪਹਿਲਾਂ ਤਾਂ ਗੱਲ ਕਰੀਏ ਵਹਿਮਾਂ ਦੀ। ਜੇ ਕਿਧਰੇ ਜਾਣਾ ਹੋਵੇ ਤਾਂ ਇੱਕ ਜਵਾਕ ਵੱਲੋਂ ਮਾਰੀ ਛਿੱਕ ਸੁਣ ਕੇ ਘਰੋਂ ਹੀ ਨਹੀਂ ਤੁਰਦੀਆਂ। ਸਿਰ ਪੈਂਦੀ ਵੱਲ ਕਰਕੇ ਸੌਣਾ ਘੋਰ ਅਪਸ਼ਗਨ ਹੈ। ਪੌਣ ਪੈ ਜਾਵੇ ਭਾਵ ਕਿਤੇ ਜਾਣ ਵੇਲੇ ਜਾਂ ਕਿਸੇ ਸ਼ੁਭ ਕੰਮ ਵੇਲੇ ਜੇਕਰ ਘੜੀ ਉਤੇ ਪੌਣੇ ਚਾਰ, ਪੌਣੇ ਤਿੰਨ ਆਦਿ ਵਕਤ ਹੋਵੇ ਤਾਂ ਤੁਰਨਾ ਠੀਕ ਨਹੀਂ ਮੰਨਿਆ ਜਾਂਦਾ। ਵਿਆਹ ਸ਼ਾਦੀ ਜਾਂ ਹੋਰ ਖੁਸ਼ੀ ਦੇ ਮੌਕੇ ਉਤੇ ਕਿਸੇ ਵਿਧਵਾ ਜਾਂ ਬਾਂਝ ਔਰਤ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਇਥੋਂ ਤੱਕ ਕਿ ਘਰ ਵਿਚ ਕੋਈ ਲੋਹੇ ਦੀ ਵਸਤੂ ਜਾਂ ਵਾਹਨ ਖਰੀਦਣਾ ਹੋਵੇ ਤਾਂ ਵੀਰਵਾਰ ਦਾ ਦਿਨ ਚੰਗਾ ਨਹੀਂ ਸਮਝਿਆ ਜਾਂਦਾ। ਸੂਰਜ ਢਲਣ ਮਗਰੋਂ ਝਾੜੂ ਫੇਰਨਾ ਅਪਸ਼ਗਨ ਹੈ, ਝਾੜੂ ਸਿੱਧਾ ਖੜਾ ਕਰਨਾ ਅਪਸ਼ਗਨ ਹੈ। ਸੂਰਜ ਢੱਲ ਜਾਣ ਪਿੱਛੋਂ ਸਿਰ ਨਹੀਂ ਵਾਹੁਣਾ, ਮੰਜਾ ਪੁੱਠਾ ਖੜ੍ਹਾ ਕਰਨਾ ਠੀਕ ਨਹੀਂ, ਖਾਸ ਪ੍ਰਾਹੁਣੇ ਦੇ ਤੁਰ ਜਾਣ ਮਗਰੋਂ ਕੱਪੜੇ ਧੋਣੇ ਜਾਂ ਸਫਾਈ ਕਰਨਾ ਠੀਕ ਨਹੀਂ ਸਮਝਿਆ ਜਾਂਦਾ। ਏਹੀ ਨਹੀਂ ਦਿਨਾਂ-ਬਾਰਾਂ ਨੂੰ ਵੀ ਵਹਿਮਾਂ-ਭਰਮਾਂ ਨਾਲ ਜੋੜ ਕੇ ਕੰਮ ਵੰਡ ਲਏ ਗਏ ਜਿਵੇਂ ਮੰਗਲਵਾਰ, ਵੀਰਵਾਰ ਅਤੇ ਸਨਿਚਰਵਾਰ ਨੂੰ ਸਿਰ ਧੋਣਾ, ਕੱਪੜੇ ਧੋਣਾ ਜਾਂ ਮੀਟ ਖਾਣ ਦੀ ਮਨਾਹੀ ਹੈ। ਮੇਰੀ ਹੈਰਾਨੀ ਦੀ ਹੱਦ ਉਸ ਵਕਤ ਹੋਈ ਜਦ ਸਾਡੇ ਘਰ ਆਈਆਂ ਕੁਝ ਮਹਿਮਾਨ ਔਰਤਾਂ ਨੇ ਸਾਡੇ ਘਰ ਪਏ ਲੱਕੜ ਦੇ ਬਣੇ ਹਾਥੀਆਂ ਵੱਲ ਇਸ਼ਾਰਾ ਕਰ ਕੇ ਕਿਹਾ ਕਿ ਘਰ ਵਿਚ ਹਾਥੀ ਰੱਖਣੇ ਚੰਗੇ ਨਹੀਂ ਹੁੰਦੇ।

ਇਹ ਤਾਂ ਗੱਲ ਸੀ ਵਹਿਮਾਂ ਭਰਮਾਂ ਦੀ, ਤੇ ਆਓ ਹੁਣ ਨਜ਼ਰ ਮਾਰੀਏ ਕਿ ਰੱਬ ਦੇ ਭਾਣੇ ਨੂੰ ਕਿਸ ਹੱਦ ਤੱਕ ਮੰਨਿਆ ਜਾਂਦਾ ਹੈ। 80% ਸਿੱਖ ਘਰਾਂ ਵਿਚ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕਿਸੇ ਪੰਡਤ ਤੋਂ ਪੁੱਛ ਲੈਣਾ ਚੰਗਾ ਸਮਝਿਆ ਜਾਂਦਾ ਹੈ। ਕੁੰਡਲੀਆਂ ਬਣਾਉਣਾ ਤਾਂ ਇਕ ਆਮ ਜਿਹੀ ਗੱਲ ਹੈ। ਨਿੱਕੀ ਮੋਟੀ ਬਿਮਾਰੀ ਲਈ ਡਾਕਟਰ ਨਾਲੋਂ 'ਪੁੱਛਾਂ' ਜਾਂ 'ਹੱਥ ਹਉਲਾ' ਕਰਵਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਇਹੀ ਨਹੀਂ ਸਨਿਚਰਵਾਰ ਕਾਲੀ ਚੀਜ਼ ਜਾਂ ਤਾਂ ਗਲੀ 'ਚ ਆਉਣ ਵਾਲੇ ਕਿਸੇ ਭਿਖਾਰੀ ਨੂੰ ਦੇ ਦੇਣਾ ਜਾਂ ਘਰ ਕਿਸੇ ਨੌਕਰ ਆਦਿ ਨੂੰ ਦਾਨ ਕਰ ਦੇਣਾ ਤੇ ਜੇਕਰ ਇਹ ਵੀ ਨਾ ਹੋ ਸਕੇ ਤਾਂ ਗੁਰੂ ਘਰ ਕਾਲੇ ਮਾਂਹ ਹੀ ਚੜ੍ਹਾ ਦਿੱਤੇ ਜਾਣ। ਦਾਨ ਦਾ ਦਾਨ ਤੇ ਨਾਲ ਸ਼ਨੀ ਦੀ ਗ੍ਰਹਿ ਤੋਂ ਮੁਕਤੀ। ਗਾਂਵਾਂ ਨੂੰ ਰੋਟੀ ਪਾਉਣਾ ਤਾਂ ਜੋ ਘਰ ਵਿਚ ਰਿਜਕ ਰਹੇ। ਬੱਚਿਆਂ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਕਿਸੇ ਸਾਧ, ਸਿਆਣੇ, ਪੰਡਤ ਜਾਂ ਬਾਬੇ ਤੋਂ ਪੁੱਛ ਕਾਲੇ ਧਾਗੇ ਗੱਲ, ਬਾਂਹ ਜਾਂ ਪੈਰ 'ਚ ਬੰਨ੍ਹਣਾ ਤਾਂ ਬੜੀ ਹੀ ਆਮ ਜਹੀ ਗੱਲ ਹੈ। ਹੋਰ ਪਤਾ ਨਹੀਂ ਕੀ ਕੀ ਕਰਮ ਕਾਂਡ ਹਰ ਰੋਜ਼ ਵੇਖਣ ਨੂੰ ਮਿਲਦੇ ਹਨ।

ਹੁਣ ਗੱਲ ਕਰਦੇ ਹਾਂ ਮਰਗ ਤੇ ਪਿੱਤਰਾਂ ਨਾਲ ਸਬੰਧਤ ਵਹਿਮਾਂ ਦੀ। ਗੁਰੂ ਸਾਹਿਬਾਨ ਨੇ ਸਾਨੂੰ ਸਬਰ ਸੰਤੋਖ ਅਤੇ ਰੱਬ ਦੇ ਭਾਣੇ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਹਰ ਸਿੱਖ ਪਰਿਵਾਰ ਨੂੰ ਭਾਵੇਂ ਖੁਸ਼ੀ ਦਾ ਮੌਕਾ ਹੋਵੇ ਜਾਂ ਗ਼ਮੀ ਦਾ, ਕੇਵਲ ਗੁਰਬਾਣੀ ਦਾ ਲੜ ਹੀ ਫੜਨਾ ਚਾਹੀਦਾ ਹੈ। ਪਰ ਕੀ ਅਸੀਂ ਇਸ ਉਪਦੇਸ਼ ਨੂੰ ਸਵੀਕਾਰਦੇ ਹਾਂ? ਮਰਗ 'ਤੇ ਨਾਰੀਅਲ ਭੰਨਣਾ, ਪਾਣੀ ਦੇ ਭਰੇ ਘੜੇ ਡੋਲ੍ਹਣਾ ਤੇ ਤੋੜਨਾ, ਚਿਤਾ ਨੂੰ ਅਗਨ ਕੇਵਲ ਪੁੱਤਰ ਵੱਲੋਂ ਦੇਣੀ ਆਦਿ ਵਹਿਮ ਆਮ ਜਿਹੀ ਗੱਲ ਹੈ। ਮਰੇ ਵਿਅਕਤੀ ਦੇ ਕਪੜੇ, ਮੰਜੇ, ਬਿਸਤਰੇ ਤੱਕ ਦਾਨ ਕਰਨ ਦੇ ਨਾਮ ਤੇ ਘਰੋਂ ਕੱਢ ਦਿੱਤੇ ਜਾਂਦੇ ਹਨ ਕਿਉਂਕਿ ਮਰੇ ਵਿਅਕਤੀ ਦੀ ਕੋਈ ਵੀ ਚੀਜ਼ ਘਰ ਰੱਖਣਾ ਠੀਕ ਨਹੀਂ ਸਮਝਿਆ ਜਾਂਦਾ। ਵਰੀਹਣੇ ਦਾ ਭੋਗ ਸਾਲ ਦੇ ਵਿਚ-ਵਿਚ ਪਵਾਇਆ ਜਾਂਦਾ ਹੈ ਨਹੀਂ ਤਾਂ ਮਰੇ ਹੋਏ ਦੀ ਗਤੀ ਨਹੀਂ ਹੁੰਦੀ। ਇੱਥੋਂ ਤੱਕ ਕਿ ਥਾਂਵਾਂ, ਜਠੇਰੇ ਆਦਿ ਉਤੇ ਜੋ ਕਿ ਆਪਣੇ ਵਡੇਰਿਆਂ ਦੀ ਯਾਦ ਵਿਚ ਪਿੰਡਾਂ ਵਿਚ ਜਾਂ ਪਿੰਡੋਂ ਬਾਹਰ ਵਾਰ ਥਾਂਵਾਂ, ਜਗ੍ਹਾ



ਬਣਾ ਕੇ ਅਖੰਡ ਪਾਠ ਤੱਕ ਕਰਵਾਏ ਜਾਂਦੇ ਹਨ।

ਇਹ ਵਹਿਮਾਂ-ਭਰਮਾਂ ਦਾ ਤਾਣਾ-ਬਾਣਾ ਕਮਜ਼ੋਰ ਅਤੇ ਡਰਪੋਕ ਮਾਨਸਿਕਤਾ ਵਿਚੋਂ ਨਿਕਲਦਾ ਹੈ? ਅਫਸੋਸ ਕਿ ਇਸ ਮਾਨਸਿਕਤਾ ਦੀਆਂ ਵੱਡੀਆਂ ਹਿੱਸੇਦਾਰ ਸਾਡੀਆਂ ਸਿੱਖ ਬੀਬੀਆਂ, ਭੈਣਾਂ ਅਤੇ ਮਾਤਾਵਾਂ ਹਨ। ਰਖੜੀ, ਕਰਵਾ ਚੌਥ ਵਰਗੇ ਅੰਧ ਵਿਸ਼ਵਾਸ ਕਈ ਗੁਣਾ ਵੱਧ ਗਏ ਹਨ। "ਮਾਰੈ ਰਾਖੈ ਏਕੋ ਆਪਿ॥ ਮਾਨੁਸ ਕੈ ਕਿਛੁ ਨਾਹਿ ਹਾਥ॥" ਭਾਵ ਸਭ ਕੁਝ ਕਰਨ ਵਾਲਾ ਉਹ ਅਕਾਲ ਪੁਰਖ ਹੈ ਮਨੁੱਖ ਦੇ ਵੱਸ ਕੁਝ ਵੀ ਨਹੀਂ ਪ੍ਰੰਤੂ ਸਾਡੀਆਂ ਬੀਬੀਆਂ ਘਰ 'ਚ ਹੋਏ ਨਿੱਕੇ-ਮੋਟੇ ਨੁਕਸਾਨ ਲਈ ਕਿਸੇ ਗਵਾਂਢੀ ਜਾਂ ਸ਼ਰੀਕ ਦੀ ਮਾੜੀ ਨੀਅਤ ਨੂੰ ਜ਼ਿੰਮੇਦਾਰ ਠਹਿਰਾਉਂਦੀਆਂ ਇਹ ਬੀਬੀਆਂ ਕਿੰਨੀਆਂ ਕੁ ਬਾਣੀ ਨਾਲ ਜੁੜੀਆਂ ਹੋਈਆਂ ਹਨ! ਆਓ ਜਰਾ ਝਾਤੀ ਮਾਰੀਏ ਕਿ ਗੁਰਬਾਣੀ ਇਨ੍ਹਾਂ ਵਹਿਮਾਂ-ਭਰਮਾਂ ਦਾ ਖੰਡਨ ਕਿਵੇਂ ਕਰਦੀ ਹੈ।

ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ॥

ਭਾਵ ਸ਼ਗਨ ਅਤੇ ਅਪਸ਼ਗਨ ਕੇਵਲ ਉਸ ਵਿਅਕਤੀ ਦੇ ਵਿਚਾਰ ਤੇ ਡਰ ਦਾ ਹਿੱਸਾ ਹਨ ਜੋ ਉਸ ਪਰਮਾਤਮਾ ਵਲੋਂ ਬੇਮੁੱਖ ਹੋ ਚੁਕਾ ਹੋਵੇ। ਵਾਰ ਭਾਵ ਸੋਮਵਾਰ, ਵੀਰਵਾਰ, ਸ਼ਨਿਚਰਵਾਰ ਆਦਿ ਜਿਨ੍ਹਾਂ ਸਬੰਧੀ ਅੱਜ ਅਨੇਕਾਂ ਵਹਿਮ ਜੁੜ ਚੁੱਕੇ ਹਨ। ਇਨ੍ਹਾਂ ਵਹਿਮਾਂ ਦਾ ਖੰਡਨ ਕਰਦੀ ਗੁਰੂ ਅਮਰਦਾਸ ਜੀ ਦੀ ਬਾਣੀ ਅਨੁਸਾਰ,

ਸੋਮਵਾਰਿ ਸਚਿ ਰਹਿਆ ਸਮਾਇ॥
ਤਿਸ ਕੀ ਕੀਮਤਿ ਕਹੀ ਨ ਜਾਇ॥
ਮੰਗਲਿ ਮਾਇਆ ਮੋਹੁ ਉਪਾਇਆ॥
ਆਪੇ ਸਿਰਿ ਸਿਰਿ ਧੰਧੈ ਲਾਇਆ॥
ਬੁਧਵਾਰਿ ਆਪੇ ਬੁਧਿ ਸਾਰੁ॥
ਗੁਰ ਮੁਖਿ ਕਰਣੀ ਸ਼ਬਦੁ ਵੀਚਾਰੁ॥
ਵੀਰਵਾਰਿ ਵੀਰ ਭਰਿਮ ਭੁਲਾਇ॥
ਸੁਕ੍ਰਵਾਰਿ ਪ੍ਰਭੁ ਰਹਿਆ ਸਮਾਇ॥
ਆਪਿ ਉਪਾਇ ਸਭ ਕੀਮਤਿ ਪਾਈ॥
ਛਨਿਛਰ ਵਾਰਿ ਸਉਣ ਸਾਸਤ ਬੀਚਾਰੁ॥
ਹਉਮੈ ਮੇਰਾ ਭਰਮੈ ਸੰਸਾਰੁ॥

ਗੁਰੂ ਸਾਹਿਬਾਨ ਨੇ ਹਰ ਵਹਿਮ ਤੋਂ ਉਪਰ ਚੁੱਕ ਹਰ ਦਿਨ ਪਰਮਾਤਮਾ ਦੇ ਨਾਮ ਨਾਲ ਜੋੜ ਦਿੱਤਾ ਅਤੇ ਉਸ ਦੀ ਮੇਹਰ ਨੂੰ ਹੀ ਮੁਕਤੀ ਦਾ ਰਾਹ ਦੱਸਿਆ। ਮਰਗ ਮਗਰੋਂ ਕੀਤੇ ਜਾਣ ਵਾਲੇ ਵਹਿਮਾਂ, ਵਡੇਰਿਆਂ, ਜਠੇਰਿਆਂ ਦੀਆਂ ਥਾਂਵਾਂ ਜਾਂ ਪਿੱਤਰਾਂ ਨੂੰ ਪੂਜਣ ਨੂੰ ਮਨਮਤਿ ਅਤੇ ਝੂਠੇ ਕਰਮ ਕਾਂਡ ਦੱਸਿਆ ਗਿਆ ਹੈ।

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਵਾਈਐ
ਪਿਤਰੀ ਚੋਰ ਕਰੇਇ॥

ਮਾਹਵਾਰੀ ਦੌਰਾਨ ਇਸਤਰੀ ਦਾ ਗੁਰਦੁਆਰੇ ਜਾਂ ਮੰਦਰਾਂ ਵਿਚ ਜਾਣਾ ਪਾਪ ਮੰਨਿਆ ਜਾਂਦਾ ਹੈ ਕਿਉਂਕਿ ਇਨ੍ਹੀਂ ਦਿਨੀਂ ਔਰਤ ਨੂੰ ਅਪਵਿੱਤਰ ਸਮਝਿਆ ਜਾਂਦਾ ਹੈ ਪਰ ਬਾਣੀ ਵਿਚ ਇਸ ਵਹਿਮ ਦਾ ਵੀ ਖੰਡਨ ਹੈ,

ਜਿਉ ਜੋਰੂ ਸਿਰ ਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕ ਜਿਨ ਮਨਿ ਵਸਿਆ ਸੋਇ॥

ਮੂਰਤੀ ਪੂਜਾ ਦਾ ਖੰਡਨ ਕਰਦਿਆਂ ਭਗਤ ਨਾਮ ਦੇਵ ਨੇ ਕਿਹਾ ਹੈ,

ਸਿਵ ਸਿਵ ਕਰਤੇ ਜੋ ਨਰੁ ਧਿਆਵੈ॥
ਬਰਦ ਚਢੇ ਡਉਰ ਢਮਕਾਵੈ॥
ਮਹਾ ਮਾਈ ਕੀ ਪੂਜਾ ਕਰੈ॥
ਨਰ ਸੈ ਨਾਰਿ ਹੋਇ ਅਉਤਰੈ॥
ਤੂੰ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥

ਪ੍ਰੰਤੂ ਇਸ ਸਭ ਦੇ ਬਾਵਜੂਦ ਸਾਡੀਆਂ ਬੀਬੀਆਂ ਵਹਿਮਾਂ-ਭਰਮਾਂ ਵਿਚ ਫਸ ਪਤਾ ਨਹੀਂ ਕਿੱਥੇ-ਕਿੱਥੇ ਮੱਥੇ ਟੇਕਦੀਆਂ, ਦਾਨ ਪੁੰਨ ਕਰਦੀਆਂ, ਟੂਣਿਆਂ ਤੋਂ ਡਰਦੀਆਂ, ਬੁੱਤਾਂ ਨੂੰ ਤਿੱਲਕ ਲਾਉਂਦੀਆਂ ਗੁਰੂ ਦੇ ਦੱਸੇ ਰਾਹ ਤੋਂ ਕੋਹਾਂ ਦੂਰ ਹੋ ਗਈਆਂ ਹਨ।

ਬੀਬੀਆਂ ਨੂੰ ਸਿੱਖ ਧਰਮ ਵਿਚ ਬਰਾਬਰੀ ਦਾ ਦਰਜਾ ਹਾਸਲ ਹੈ, ਸਤਿਕਾਰਯੋਗ ਧੀ, ਭੈਣ, ਮਾਤਾ ਅਤੇ ਬੀਬੀ ਆਖ ਮਾਣ ਦਿੱਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ' ਆਖ ਕੇ ਵਡਿਆਇਆ ਹੈ। ਇੱਥੋਂ ਤੱਕ ਕਿ ਬਾਣੀ ਵਿਚ ਕਿਤੇ ਵੀ ਕੁੜੀ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਕਿਉਂਕਿ ਕੁੜੀ ਸ਼ਬਦ 'ਕੂੜ' ਸ਼ਬਦ ਤੋਂ ਬਣਿਆ ਹੈ, ਇਸੇ ਲਈ ਬਾਣੀ ਵਿਚ ਕੁੜੀ ਦੀ ਥਾਂ ਭੈਣ, ਲੜਕੀ, ਭੰਡ ਆਦਿ ਸ਼ਬਦ ਵਰਤੇ ਗਏ ਹਨ। ਤਾਂ ਫਿਰ ਵਹਿਮ-ਭਰਮ ਕਿਵੇਂ ਇਸ ਦੇ ਸੁਭਾਅ ਦਾ ਹਿੱਸਾ ਬਣੇ? ਇਸ ਮਾਨਸਿਕ ਕਮਜ਼ੋਰੀ ਦਾ ਵੱਡਾ ਕਾਰਨ ਇਤਿਹਾਸ ਤੋਂ ਅਣਜਾਣ ਹੋਣਾ ਹੈ। ਕਿੰਨੀਆਂ ਕੁ ਬੀਬੀਆਂ ਨੂੰ ਪਤਾ ਹੋਵੇਗਾ ਕਿ ਬੀਬੀ ਸ਼ਰਨ ਕੌਰ ਨੇ ਬਿਨਾਂ ਦਿਨ ਅਤੇ ਵਾਰ, ਪਾਪ-ਪੁੰਨ, ਭੂਤ-ਪ੍ਰੇਤ ਜਾਂ ਟੂਣੇ ਦੀ ਪਰਵਾਹ ਕਰਦਿਆਂ ਚਮਕੌਰ ਦੀ ਲੜਾਈ ਸਮੇਂ ਅੱਧੀ ਰਾਤ 32 ਸਿੰਘਾਂ ਦਾ ਦਾਹ ਸਸਕਾਰ ਕੀਤਾ, ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਅਤੇ ਉਸ ਦਾ ਆਪਣਾ ਪਤੀ ਵੀ ਸ਼ਾਮਿਲ ਸੀ। ਬੀਬੀ ਦੀਪ ਕੌਰ ਨੇ ਆਪਣੀ ਇੱਜ਼ਤ ਅਤੇ ਧਰਮ ਦੀ ਰਾਖੀ ਲਈ ਛੇ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਖਾਲਸੇ ਦੀ ਧੀ ਨੂੰ ਦਸ਼ਮੇਸ਼ ਪਿਤਾ ਨੇ ਸੀਨੇ ਨਾਲ ਲਾ ਕੇ ਕਿਹਾ ਸੀ, "ਜਦੋਂ ਤੱਕ ਇਹੋ ਜਿਹੀਆਂ ਮੇਰੀਆਂ ਧੀਆਂ ਰਹਿਣਗੀਆਂ, ਖਾਲਸਾ ਪੰਥ ਸਦਾ ਚੜ੍ਹਦੀ ਕਲਾ ਵਿਚ ਰਹੇਗਾ।" ਬੀਬੀ ਧਰਮ ਕੌਰ ਜਿਸ ਨੇ ਆਪਣੇ ਪਤੀ ਦੀ ਗ੍ਰਿਫ਼ਤਾਰੀ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨਾਲ ਆਢਾ ਲੈ ਕਿਲ੍ਹੇ 'ਤੇ ਕਬਜ਼ਾ ਨਾ ਹੋਣ ਦਿੱਤਾ ਅਤੇ ਅਖੀਰ ਆਪਣੀ ਸੈਨਾ ਲੈ ਮਹਾਰਾਜੇ 'ਤੇ ਚੜ੍ਹਾਈ ਕਰ ਦਿੱਤੀ। ਉਸ ਦੀ ਬਹਾਦਰੀ ਅਤੇ ਦਲੇਰੀ ਅੱਗੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰ ਝੁਕਾਇਆ। ਮਾਈ ਭਾਗੋ ਜਿਸ ਨੇ ਮੁਕਤਸਰ ਦੀ ਜੰਗ ਵਿਚ ਸਿੰਘਾਂ ਦੇ ਬਰਾਬਰ ਤੇਗ ਵਾਹੀ ਤੇ ਮੁਗਲਾਂ ਦੇ ਮੂੰਹ ਭੰਨੇ। ਬੀਬੀ ਖੇਮ ਕੌਰ ਨੇ ਦੂਜੇ ਐਂਗਲੋ ਸਿੱਖ ਯੁੱਧ ਵਿਚ ਸਿੱਖਾਂ ਦੀ ਵੱਧ ਚੜ੍ਹ ਕੇ ਮਦਦ ਕੀਤੀ। ਹੋਰ ਵੀ ਅਨੇਕਾਂ ਨਾਮ ਹਨ-ਬੀਬੀ ਦਲੇਰ ਕੌਰ, ਬੀਬੀ ਸੁੰਦਰੀ, ਬੀਬੀ ਰਣਜੀਤ ਕੌਰ, ਮਾਤਾ ਰਾਜ ਕੌਰ, ਸਦਾ ਕੌਰ, ਮਹਾਰਾਣੀ ਜਿੰਦਾਂ-ਜਿਨ੍ਹਾਂ ਦੇ ਨਾਮ ਤੇ ਕਾਰਨਾਮੇ ਇਤਿਹਾਸਕਾਰ ਅਤੇ ਸਾਡੇ ਧਾਰਮਿਕ ਕਥਾਕਾਰ ਲੈਣਾ ਹੀ ਭੁੱਲ ਗਏ।

ਔਰਤ ਸਮਾਜ ਦੀ ਉਹ ਕੜੀ ਹੈ ਜਿਸ ਵਿਚ ਧਰਮ, ਸੰਸਕਾਰ ਅਤੇ ਸਭਿਅਤਾ ਸਾਂਭੀ ਜਾਂਦੀ ਹੈ। ਔਰਤ ਰਾਹੀਂ ਹੀ ਸਭਿਅਤਾ ਵਿਕਾਸ ਕਰਦੀ ਹੈ। ਪ੍ਰੰਤੂ ਜੇਕਰ ਇਸ ਭਾਂਡੇ ਵਿਚੋਂ ਵਹਿਮਾਂ ਦਾ ਪਾਣੀ ਅਤੇ ਡਰ ਦਾ ਰੰਗ ਨਾ ਕੱਢਿਆ ਗਿਆ ਤਾਂ ਹਰੀ ਸਿੰਘ ਨਲੂਏ, ਬਾਬਾ ਬਘੇਲ ਸਿੰਘ, ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਯੋਧੇ ਸ਼ਾਇਦ ਹੀ ਫੇਰ ਸਾਡੇ ਸਿੱਖ ਪੰਥ ਵਿਚ ਜਨਮ ਲੈਣ। ਜਨਮ ਲੈਣਗੇ ਤਾਂ ਕੇਵਲ ਗਲਿਆਂ ਵਿਚ ਬੱਧੇ ਕਾਲੇ ਧਾਗਿਆਂ ਵਾਲੇ ਜੋ ਕਿਸੇ ਮਾੜੀ ਨਜ਼ਰ ਤੋਂ ਬਚਾਉਣ ਲਈ ਬੰਨ੍ਹੇ ਗਏ ਹੋਣ। ਇਸ ਖੌਫਨਾਕ ਭਵਿੱਖ ਤੋਂ ਬਚਣ ਦਾ ਕੇਵਲ ਇਕ ਹੀ ਰਾਹ ਹੈ ਕਿ ਸਾਡੀਆਂ ਬੀਬੀਆਂ ਮੁੜ ਬਾਣੀ ਨਾਲ ਸਮਝਦਾਰੀ ਦੀ ਪੱਧਰ 'ਤੇ ਜੁੜਨ, ਬਹਾਦਰੀ, ਸਵੈਮਾਣ ਤੇ ਅਣਖ ਵਾਲਾ ਜੀਵਨ ਬਤੀਤ ਕਰਨ। ਉਹ ਖ਼ੁਦ ਸਿਰੜੀ ਸਿਦਕਵਾਨ, ਧੀਰਜ ਵਾਲੀਆਂ, ਭਾਣਾ ਮੰਨਣ ਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੀਆਂ ਬਣਨ।

## ਚਰਚਾ

# 'ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਏਕੇ 'ਤੇ ਹਮਲਾ!'

ਪੰਜਾਬ ਟਾਈਮਜ਼ ਦੇ 7 ਸਤੰਬਰ 2013 ਦੇ ਅੰਕ ਵਿਚ 'ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਏਕੇ 'ਤੇ ਹਮਲਾ!' ਸਿਰਲੇਖ ਹੇਠ ਮਝੈਲ ਸਿੰਘ ਸਰਾਂ ਦੇ ਵਿਚਾਰ ਪੜ੍ਹੇ। ਮੇਰਾ ਇਹ ਪੱਤਰ ਉਨ੍ਹਾਂ ਵੱਲੋਂ ਉਠਾਏ ਕੁਝ ਸਵਾਲਾਂ ਦੇ ਜਵਾਬ ਵਿਚ ਹੈ।

## ਪ੍ਰਤੀਕਰਮ

ਸ੍ਰੀ ਅਕਾਲ ਤਖਤ ਤੋਂ 27 ਨਵੰਬਰ 2006 ਨੂੰ ਜਾਰੀ ਹੋਏ ਹੁਕਮਨਾਮੇ ਵਿਚ ਸਮੁੱਚੇ ਪੰਥ ਨੂੰ ਕਿਹਾ ਗਿਆ ਹੈ, 'ਕੁਝ ਸ਼ਰਾਰਤੀ ਅਨਸਰਾਂ ਵਲੋਂ ਮੀਡੀਏ ਰਾਹੀਂ ਦਸਮ ਗ੍ਰੰਥ ਬਾਰੇ ਗੁਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਸ੍ਰੀ ਅਕਾਲ ਤਖਤ ਦੇ 14 ਮਈ 2000 ਦੇ ਅਦੇਸ਼ਾਂ ਉਪਰ ਪਹਿਰਾ ਦਿੰਦੇ ਹੋਏ ਚੁੱਪ ਹਨ। ਮਾਮਲੇ ਨੂੰ ਧਿਆਨ ਵਿਚ ਰੱਖਦਿਆਂ...ਗੁਰੂ ਪੰਥ ਨੂੰ ਸਮਰਤਿ ਵਿਦਵਾਨ ਅਜਿਹੇ ਸ਼ਰਾਰਤੀ ਅਨਸਰਾਂ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਇਤਹਾਸਕ ਤੱਥਾਂ ਅਤੇ ਗੁਰਮਤਿ ਦੀ ਰੋਸ਼ਨੀ ਦੇ ਅਧਾਰ ਤੇ ਢੁਕਵਾਂ ਉਤਰ ਦੇਣ।' ਇਹ ਜਾਣਕਾਰੀ ਗੁਰਦੁਆਰਾ ਸੈਨ ਹੋਜ਼ੇ ਵਿਖੇ ਜੁਲਾਈ ਮਹੀਨੇ ਹੋਏ ਸੈਮੀਨਾਰ ਦੇ ਆਯੋਜਕਾਂ ਨੇ ਸ਼ੁਰੂ ਵਿਚ ਹੀ ਇਸ ਹੁਕਮਨਾਮੇ ਦੀ ਕਾਪੀ ਵਿਖਾ ਕੇ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਇਸ ਮੌਕੇ ਭੇਜੇ ਵਿਸ਼ੇਸ਼ ਸੰਦੇਸ਼ ਨੂੰ ਵੀ ਸੁਣਾ ਕੇ ਸਾਂਝੀ ਕਰ ਲਈ ਸੀ। ਮੇਰੀ ਸਮਝ ਅਨੁਸਾਰ ਇਸ ਸੈਮੀਨਾਰ ਦਾ ਮਕਸਦ ਪੰਥ ਵਿਰੋਧੀ ਸ਼ਕਤੀਆਂ ਵਲੋਂ ਅਰੰਭੇ ਅੰਮ੍ਰਿਤ ਦੀਆਂ ਅਤੇ ਦਸਮੇਸ਼ ਪਿਤਾ ਦੁਆਰਾ ਰਚੀਆਂ ਬਾਣੀਆਂ ਬਾਰੇ ਹੋ ਰਹੇ ਕੂੜ ਪ੍ਰਚਾਰ ਦੀ ਅਸਲੀਅਤ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਾ ਅਤੇ ਇਨ੍ਹਾਂ ਬਾਣੀਆਂ ਬਾਰੇ ਪੈਦਾ ਕੀਤੀ ਗਈ ਦੁਬਿਧਾ ਨੂੰ ਦੂਰ ਕਰਨਾ ਸੀ।

ਇਸ ਸੈਮੀਨਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਜਗਤ ਗੁਰੂ ਹੋਣ ਬਾਰੇ ਵਾਰ ਵਾਰ ਕਿਹਾ ਗਿਆ। ਨਾਲ ਹੀ ਹਰ ਸਿੱਖ ਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਦਿਆਂ ਪੰਜਾਂ ਬਾਣੀਆਂ ਦਾ ਜਾਪ ਅਤੇ ਅਰਦਾਸ ਕਰਕੇ ਤਿਆਰ ਕੀਤੇ ਅੰਮ੍ਰਿਤ ਬਾਟਾ ਛਕਣ ਦੇ ਦਸ਼ਮੇਸ਼ ਪਿਤਾ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਆ ਗਿਆ। ਇਨ੍ਹਾਂ ਪੰਜਾਂ ਬਾਣੀਆਂ ਵਿਚੋਂ ਤਿੰਨ ਬਾਣੀਆਂ ਤੇ ਅਰਦਾਸ ਦਸਮ ਗ੍ਰੰਥ ਵਿਚੋਂ ਹੀ ਪ੍ਰਾਪਤ ਕੀਤੀਆਂ ਗਈਆਂ ਹਨ।

ਯਾਦ ਰਹੇ 1699 ਈ: ਵਿਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਕੀਤੀ ਅਤੇ 1708 ਅਕਾਲ ਚਲਾਣੇ ਤੋਂ ਪਹਿਲਾਂ ਖਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਸਾਰਾ ਸਿੱਖ ਪੰਥ ਗੁਰੂ ਗ੍ਰੰਥ ਸਾਹਿਬ ਤੋਂ ਅਧਿਆਤਮਿਕ ਸੇਧ ਲੈਂਦਾ ਹੈ ਅਤੇ ਗੁਰੂ ਪੰਥ ਤੋਂ ਜੁਗਤੀ ਪ੍ਰਾਪਤ ਕਰਦਾ ਹੈ। ਇਸ ਪ੍ਰਕਾਰ ਦਸਮ ਗ੍ਰੰਥ ਸਾਹਿਬ ਦਾ ਸਿੱਖੀ ਦੇ ਜਥੇਬੰਧਕ ਢਾਂਚੇ ਵਿਚ ਸ਼ੁਰੂ ਤੋਂ ਹੀ ਅਹਿਮ ਅਸਥਾਨ ਰਿਹਾ ਹੈ।

ਮਝੈਲ ਸਿੰਘ ਸਰਾਂ ਲਿਖਦੇ ਹਨ ਕਿ ਭੰਗਾਣੀ ਦਾ ਯੁੱਧ 1688 ਵਿਚ ਹੋਇਆ ਅਤੇ ਦਸਮ ਗ੍ਰੰਥ 1696 ਵਿਚ ਲਿਖਿਆ ਗਿਆ। ਇਹ ਇਤਿਹਾਸਕ ਪੱਖ ਤੋਂ ਗਲਤ ਬਿਆਨ ਹੈ। ਗੁਰਿੰਦਰ ਸਿੰਘ ਮਾਨ ਨੇ ਸੈਮੀਨਾਰ ਵਿਚ ਵਿਖਾਏ ਸਲਾਈਡ-ਸ਼ੋ ਰਾਹੀਂ ਦਸਿਆ ਸੀ ਕਿ ਦਸਮ ਗ੍ਰੰਥ ਸਾਹਿਬ ਦੀ ਪਹਿਲੀ ਬੀੜ 1696 ਈ: ਵਿਚ ਬਣਾਈ ਗਈ ਸੀ। ਇਸ ਬੀੜ ਨੂੰ ਅਨੰਦਪੁਰੀ ਬੀੜ ਕਹਿੰਦੇ ਹਨ। ਦਸਮ ਗ੍ਰੰਥ ਸਾਹਿਬ ਦੀਆਂ ਕਾਫੀ ਰਚਨਾਵਾਂ 1688 ਤੋਂ ਪਹਿਲਾਂ ਮੁਕੰਮਲ ਹੋ ਚੁਕੀਆਂ ਸਨ। 'ਕ੍ਰਿਸ਼ਨ ਅਵਤਾਰ' ਜਿਸ ਵਿਚ ਗੁਰੂ ਸਾਹਿਬ ਨੇ ਇਕ ਪਾਤਰ ਖੜਗ ਸਿੰਘ ਨੂੰ ਕ੍ਰਿਸ਼ਨ ਨਾਲ ਯੁਧ ਕਰਦਾ ਦਰਸਾਇਆ ਹੈ, ਜੂਨ 1688 ਵਿਚ ਪੂਰਾ ਹੋ ਚੁਕਾ ਸੀ। ਇਹ ਪ੍ਰਮਾਣ ਦਸਮ ਗ੍ਰੰਥ 'ਚ ਹੀ ਮਿਲ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਲਿਖਦੇ ਹਨ, "ਸੱਤ੍ਰਹ ਸੈ ਪੈਤਾਲ ਮਹਿ ਸਾਵਣ ਸੁਦਿ ਥਿਤਿ ਦੀਪ॥ ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥ 2490॥" (ਕ੍ਰਿਸ਼ਨ ਅਵਤਾਰ, ਦਸਮ ਗ੍ਰੰਥ)

ਇਸ ਦਾ ਮਤਲਬ ਹੈ ਕਿ ਕ੍ਰਿਸ਼ਨ ਅਵਤਾਰ ਦੀ ਰਚਨਾ ਸੰਮਤ 1745 (1688 ਈ:) ਸਾਵਣ ਦੇ ਮਹੀਨੇ, ਪਾਉਂਟਾ ਸਾਹਿਬ ਵਿਖੇ ਜਮੁਨਾ ਨਦੀ

*(ਬਾਕੀ ਅਗਲੇ ਸਫੇ 'ਤੇ)*

## ਕਹਾਣੀ

# ਕਿੱਲੇ ਨਾਲ ਬੱਧੀ ਗਾਂ

**ਰਾਜਿੰਦਰ ਕੌਰ**

*ਕਹਾਣੀਕਾਰਾ ਰਾਜਿੰਦਰ ਕੌਰ ਦਿੱਲੀ ਵਰਗੇ ਮਹਾਂਨਗਰ ਦੀ ਵਸਨੀਕ ਰਹੀ ਹੈ ਅਤੇ ਉਸ ਨੇ ਸ਼ਹਿਰੀ ਜੀਵਨ ਨਾਲ ਸਬੰਧਤ ਕਹਾਣੀਆਂ ਦੀ ਰਚਨਾ ਕੀਤੀ। ਔਰਤ ਦੀ ਹੋਣੀ ਅਤੇ ਹਸਤੀ ਬਾਰੇ ਗੱਲਾਂ ਤਾਂ ਉਸ ਦੀ ਤਕਰੀਬਨ ਹਰ ਕਹਾਣੀ ਦਾ ਹਿੱਸਾ ਬਣੀਆਂ। 'ਕਿੱਲੇ ਨਾਲ ਬੱਧੀ ਗਾਂ' ਵਿਚ ਵੀ ਉਸ ਨੇ ਔਰਤ ਦਾ ਦਰਦ ਬਿਆਨ ਕੀਤਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਆਪਣੀਆਂ ਸਭ ਰੀਝਾਂ ਕੁਰਬਾਨ ਕਰ ਰਹੀ ਹੈ ਅਤੇ ਉਸ ਦੇ ਭਰਾਵਾਂ ਨੂੰ ਲਗਦਾ ਹੈ ਕਿ ਇਹ ਕੁਰਬਾਨੀ ਬੱਸ ਉਸੇ ਨੇ ਹੀ ਦੇਣੀ ਹੈ। ਇਸ ਘੁੱਟਵੇਂ ਮਾਹੌਲ ਵਿਚ ਉਹ ਵਾਰ-ਵਾਰ ਉਡਾਣ ਭਰਨ ਬਾਰੇ ਸੋਚਦੀ ਹੈ, ਪਰ ਮਾਂ ਦਾ ਖਿਆਲ ਹਰ ਵਾਰ ਉਸ ਦੀ ਇਸ ਉਡਾਣ ਦੇ ਖੰਭ ਕੁਤਰ ਦਿੰਦਾ ਹੈ। ਰਾਜਿੰਦਰ ਕੌਰ ਨੇ ਇਸ ਕਹਾਣੀ ਵਿਚ ਔਰਤ ਦੀ ਖਾਮੋਸ਼ੀ ਨੂੰ ਆਪਣੇ ਹੀ ਢੰਗ ਨਾਲ ਜ਼ੁਬਾਨ ਦਿੱਤੀ ਹੈ। -ਸੰਪਾਦਕ*

ਪੰਮੀ ਕਾਲਜ ਤੋਂ ਆਈ ਤਾਂ ਸੁਜੀਤ ਘਰ ਹੀ ਸੀ ਤੇ ਮਾਂ ਦੇ ਪਲੰਘ 'ਤੇ ਹੀ ਬੈਠਾ ਸੀ। ਮਾਂ ਥੱਕੀ ਹੋਈ ਆਵਾਜ਼ ਵਿਚ ਹੌਲੀ-ਹੌਲੀ ਸੁਜੀਤ ਨਾਲ ਗੱਲਾਂ ਕਰ ਰਹੀ ਸੀ। ਬੱਬੂ ਪੰਘੂੜੇ ਵਿਚ ਸੁੱਤਾ ਪਿਆ ਸੀ। ਸੁਜੀਤ ਨੇ ਪੰਮੀ ਨੂੰ ਆਪਣੇ ਸਾਹਮਣੇ ਬੈਠਣ ਲਈ ਕਿਹਾ। ਸੁਜੀਤ ਦਾ ਚਿਹਰਾ ਬੜਾ ਉਦਾਸ ਲੱਗ ਰਿਹਾ ਸੀ। ਸ਼ਾਇਦ ਉਹ ਮਾਂ ਦੀਆਂ ਗੱਲਾਂ ਸੁਣ ਕੇ ਭਾਵੁਕ ਹੋ ਗਿਆ। ਸੁਜੀਤ ਦੀ ਭਾਵੁਕਤਾ ਹੁਣ ਪੰਮੀ ਨੂੰ ਟੁੰਬਦੀ ਨਹੀਂ।

ਤਿੰਨ ਹਫ਼ਤੇ ਪਹਿਲਾਂ ਹੀ ਸੁਜੀਤ ਅਮਰੀਕਾ ਤੋਂ ਆਇਆ ਸੀ, ਪੰਜ ਸਾਲ ਬਾਅਦ ਪਾਲਮ ਏਅਰਪੋਰਟ 'ਤੇ ਹੀ ਉਹ ਪੰਮੀ ਅਤੇ ਪਾਲ ਨੂੰ ਗਲੇ ਲਗਾ ਕੇ ਫਿਸ ਪਿਆ ਸੀ। ਪਾਲ ਦੇ ਵੀ ਅੱਥਰੂ ਵਹਿ ਨਿਕਲੇ ਸਨ। ਪੰਮੀ ਹੈਰਾਨ ਸੀ। ਉਨ੍ਹਾਂ ਦੋਵਾਂ ਦੇ ਅੱਥਰੂਆਂ ਨੂੰ ਵੇਖ ਕੇ ਉਹਦਾ ਦਿਲ ਜ਼ਰਾ ਨਹੀਂ ਸੀ ਪਿਘਲਿਆ। ਪਾਲ ਵਰਗੇ ਲੜਕੇ ਦੀਆਂ ਅੱਖਾਂ ਵਿਚ ਵੀ ਲੋੜ ਵੇਲੇ ਪਤਾ ਨਹੀਂ ਕਿੱਥੋਂ ਅੱਥਰੂ ਆ ਟਪਕਦੇ ਹਨ।

ਇਹੀ ਪਾਲ ਹਰ ਵੇਲੇ ਸੁਜੀਤ ਦੇ ਖ਼ਿਲਾਫ ਬੋਲਦਾ ਰਹਿੰਦਾ ਹੈ, 'ਹੂੰ...! ਸੁਜੀਤ ਤਾਂ ਸਭ ਜ਼ਿੰਮੇਵਾਰੀਆਂ ਛੱਡ ਕੇ ਅਮਰੀਕਾ ਜਾ ਬੈਠਾ ਹੈ। ਉਹਨੂੰ ਤਾਂ ਆਪਣੀ ਬਿਮਾਰ ਮਾਂ ਅਤੇ ਜੁਆਨ ਭੈਣ ਦਾ ਕੋਈ ਫਿਕਰ ਨਹੀਂ।'

ਭਾਬੀ ਵੀ ਸਕੂਲ ਤੋਂ ਆ ਗਈ ਸੀ। ਨੰਦੂ ਨੇ ਖਾਣਾ ਮੇਜ਼ 'ਤੇ ਲਗਾ ਕੇ ਆਵਾਜ਼ ਦਿੱਤੀ। ਖਾਣਾ ਖਾਂਦਿਆਂ ਬੋਝਲ ਜਿਹੀ ਚੁੱਪ ਛਾਈ ਰਹੀ। ਤਦੇ ਹੀ ਬੱਬੂ ਦੇ ਰੋਣ ਦੀ ਆਵਾਜ਼ ਨਾਲ ਸਭ ਨੂੰ ਰਾਹਤ ਮਿਲੀ। ਤਿੰਨਾਂ ਦੇ ਖਾਣਾ ਖਾਂਦੇ ਹੋਏ ਹੱਥ ਅਚਾਨਕ ਥੰਮ੍ਹ ਗਏ। ਸਭ ਦੀ ਨਿਗ੍ਹਾ ਬੱਬੂ ਕੋਲ ਪਹੁੰਚ ਚੁੱਕੀ ਸੀ।

"ਬੱਬੂ ਨਾਲ ਪੰਮੀ ਦਾ ਬੜਾ ਮੋਹ ਹੈ।" ਸੁਜੀਤ ਨੇ ਹੀ ਗੱਲ ਚਲਾਈ।

"ਹਾਂ, ਰਾਤ ਨੂੰ ਵੀ ਉਠ-ਉਠ ਕੇ ਘੁੰਮਾਂਦੀ ਰਹਿੰਦੀ ਹੈ। ਗਵਾਂਢੀਆਂ ਦੇ ਬੱਚਿਆਂ ਦੀਆਂ ਗੱਲ੍ਹਾਂ ਵੀ ਸਾਫ਼ ਕਰਦੀ ਥੱਕਦੀ ਨਹੀਂ।"

ਸੁਜੀਤ ਅਤੇ ਭਾਬੀ ਦੀਆਂ ਗੱਲਾਂ ਦਾ ਮੋੜ ਬੱਬੂ ਅਤੇ ਪੰਮੀ ਤੋਂ ਹਟ ਕੇ ਭਾਬੀ ਦੇ ਸਕੂਲ ਵੱਲ ਚਲਾ ਗਿਆ ਸੀ। ਭਾਬੀ ਸੁਜੀਤ ਨੂੰ ਆਪਣੇ ਸਕੂਲ ਦੀ ਇਕ ਕੁੜੀ ਦੇ ਨੱਠ ਜਾਣ ਦੀ ਖ਼ਬਰ ਦੱਸ ਰਹੀ ਸੀ। ਪੰਮੀ ਪਹਿਲਾਂ ਵੀ ਇਹ ਗੱਲ ਸੁਣ ਚੁੱਕੀ ਸੀ। ਪਤਾ ਨਹੀਂ ਕਿਉਂ, ਭਾਬੀ ਦੀ ਇਹ ਗੱਲ ਸੁਣ ਕੇ ਉਹਨੂੰ ਦਹਿਸ਼ਤ ਜਿਹੀ ਹੋਈ ਸੀ।

ਭਾਬੀ ਖਾਣਾ ਖਾ ਕੇ ਬੱਬੂ ਨੂੰ ਲੈ ਕੇ ਆਪਣੇ ਕਮਰੇ 'ਚ ਚਲੀ ਗਈ ਤਾਂ ਪੰਮੀ ਫਿਰ ਖਾਣੇ ਦੀ ਮੇਜ਼ 'ਤੇ ਆ ਬੈਠੀ, ਸੁਜੀਤ ਹਾਲੇ ਉਥੇ ਹੀ ਬੈਠਾ ਸੀ।

ਸੁਜੀਤ ਪੰਮੀ ਕੋਲੋਂ ਉਹਦੇ ਕਾਲਜ ਬਾਰੇ ਕਈ ਗੱਲਾਂ ਪੁੱਛ ਰਿਹਾ ਸੀ। ਉਹ ਬੜੇ ਸੰਖੇਪ ਜਿਹੇ ਉਤਰ ਦਿੰਦੀ ਰਹੀ।

"ਤੂੰ ਆਪਣੇ ਕੈਰੀਅਰ ਦੀ ਗੱਲ ਸੋਚ। ਫਸਟ ਕਲਾਸ ਐਮ.ਐਸਸੀ. ਹੋ ਕੇ ਤੂੰ ਆਪਣਾ ਕੀਮਤੀ ਵਕਤ ਖ਼ਰਾਬ ਕਰ ਰਹੀ ਏਂ। ਪੀਐਚ.ਡੀ. ਕਰ ਲੈ। ਤੂੰ ਚਾਹੇਂ ਤਾਂ ਅਮਰੀਕਾ ਆ ਜਾ, ਪਰ ਮਾਂ ਦੀ ਸਮੱਸਿਆ ਹੈ। ਪਾਲ ਤਾਂ ਕੋਈ ਜ਼ਿੰਮੇਵਾਰੀ ਹੀ ਨਹੀਂ ਲੈਂਦਾ... ਕਈ ਵਾਰ ਸੋਚਦਾ ਹਾਂ, ਇਥੇ ਵਾਪਸ ਆ ਜਾਵਾਂ, ਪਰ ਪੇਟ ਦੀ ਖ਼ਾਤਰ...।"

ਪੰਮੀ ਚੁੱਪ-ਚਾਪ ਸੁਜੀਤ ਨੂੰ ਸੁਣਦੀ ਰਹੀ। ਇਹੀ ਗੱਲਾਂ ਉਹ ਕਈ ਵਾਰ ਖ਼ਤਾਂ ਵਿਚ ਵੀ ਲਿਖ ਚੁੱਕਾ ਸੀ। ਕੋਈ ਵੀ ਗੱਲ ਨਵੀਂ ਨਹੀਂ ਸੀ। ਪੰਮੀ ਸੁਜੀਤ ਨੂੰ ਬਹੁਤ ਕੁਝ ਕਹਿਣਾ ਚਾਹੁੰਦੀ, ਪਰ ਸਾਰੇ ਡਾਇਲਾਗ ਉਹਦੇ ਅੰਦਰ ਹੀ ਘੁੰਮਡਦੇ ਰਹਿੰਦੇ।

ਕਾਲਜ ਦੀ ਪੰਮੀ ਅਤੇ ਘਰ ਦੀ ਪੰਮੀ ਵਿਚ ਬੜਾ ਫਰਕ ਸੀ। ਉਹ ਸਟਾਫ ਰੂਮ ਵਿਚ ਸਾਰਾ ਦਿਨ ਹੱਸਦੀ, ਗਾਂਦੀ ਜਾਂ ਚਹਿਕਦੀ ਰਹਿੰਦੀ। ਮੂੰਹ ਵਿਚ ਪਾਨ ਚਬਾਂਦੀ, ਚੁਟਕਲੇ ਸੁਣਾਂਦੀ, ਉਹ ਠਹਾਕੇ ਮਾਰ ਕੇ ਹੱਸਦੀ। ਉਹਦੀ ਜ਼ੁਬਾਨ ਬੜੀ ਤੇਜ਼ ਸੀ। ਗੱਲਾਂ-ਗੱਲਾਂ ਵਿਚ ਉਹ ਗਾਲ੍ਹ ਕੱਢ



ਮਾਰਦੀ। ਉਹ ਬਹੁਤ ਗੰਦੀਆਂ ਗੱਲਾਂ ਕਰਦੀ। ਗੰਦੀਆਂ ਗੱਲਾਂ ਦੀ ਮੁਰਾਦ ਸੈਕਸ ਦੀਆਂ ਗੱਲਾਂ ਨਹੀਂ, ਪਰ ਉਹ ਤਾਂ ਜ਼ਿੰਦਗੀ ਦੇ ਕੋਝੇ ਪੱਖ ਨੂੰ ਰਸ ਲੈ-ਲੈ ਕੇ ਦਰਸਾਂਦੀ ਰਹਿੰਦੀ। ਉਹ ਵਗਦੇ ਨੱਕ ਦੀ ਗੱਲ, ਪਿਸ਼ਾਬ ਅਤੇ ਟੱਟੀ ਦੀ ਗੱਲ ਤਕ ਲਮਕਾ-ਲਮਕਾ ਕੇ ਚਟਖਾਰੇ ਲੈ-ਲੈ ਕੇ ਸੁਣਾਂਦੀ।

ਕਈ ਸਟਾਫ ਮੈਂਬਰ ਬਹੁਤ ਗੁੱਸੇ ਹੁੰਦੀਆਂ। ਕੰਨਾਂ 'ਤੇ ਹੱਥ ਰੱਖ ਹੱਸਦੀਆਂ ਵੀ ਜਾਂਦੀਆਂ ਤੇ ਉਹਨੂੰ ਡਾਂਟਦੀਆਂ ਵੀ ਜਾਂਦੀਆਂ। ਉਹ ਬੈਠੀ ਹੁੰਦੀ ਤਾਂ ਚਾਹ ਪੀਣੀ ਔਖੀ ਹੋ ਜਾਂਦੀ। ਜਦੋਂ ਉਹ ਨਾ ਆਉਂਦੀ ਤਾਂ ਸਟਾਫ਼ ਰੂਮ 'ਚ ਮੁਰਦੇਹਾਣੀ ਛਾ ਜਾਂਦੀ।

ਉਸ ਦਿਨ ਉਸ ਚਪੜਾਸੀ ਤੋਂ ਪਾਨ ਮੰਗਾਇਆ ਤਾਂ ਬੋਲੀ, "ਇਕ ਹੀ ਹੈ, ਵੈਸੇ ਵੀ ਆਫ਼ਰ ਨਹੀਂ ਕਰ ਸਕਦੀ, ਇਹ ਤੰਬਾਕੂ ਵਾਲਾ ਹੈ।"

ਹੈਰਾਨੀ ਨਾਲ ਸਭ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ ਸਨ।

"ਤੰਬਾਕੂ ਵਾਲਾ ਪਾਨ ਨਾ ਖਾਇਆ ਕਰ, ਮਰੇਂਗੀ।" ਸਭ ਇਕੋ ਸੁਰ ਵਿਚ ਬੋਲੀਆਂ ਸਨ।

"ਇਸੇ ਕਰ ਕੇ ਤਾਂ ਜਿਉਂਦੀ ਹਾਂ", ਉਹ ਹੱਸਦੀ ਬੋਲੀ, "ਇਹਦੇ ਨਾਲ ਹੌਲਾ-ਹੌਲਾ ਨਸ਼ਾ ਰਹਿੰਦਾ ਹੈ। ਆਪਣਾ ਆਪ ਭੁੱਲ ਜਾਈਦਾ ਹੈ।"

ਜਾਂ ਫਿਰ ਉਹਦਾ ਘੜਿਆ-ਘੜਾਇਆ ਜੁਆਬ ਹੁੰਦਾ, "ਅਰੇ ਯਾਰ, ਜ਼ਹਿਰ ਜ਼ਹਿਰ ਨੂੰ ਕੱਟਦਾ ਹੈ। ਮੇਰਾ ਕੀ ਵਿਗਾੜ ਲਵੇਗਾ। ਇਸੇ ਪਾਨ ਦੀ ਬਦੌਲਤ ਹੀ ਤਾਂ ਮੈਂ ਚੜ੍ਹਦੀ ਕਲਾ 'ਚ ਰਹਿੰਦੀ ਹਾਂ।"

ਹਸੋੜ ਪੰਮੀ ਹਰ ਇਕ ਦੇ ਕੰਮ ਆਉਂਦੀ। ਹਰ ਫੰਕਸ਼ਨ ਵਿਚ ਪ੍ਰਧਾਨ ਹੁੰਦੀ। ਗਾਉਣ ਲਗਦੀ ਤਾਂ ਹਰ ਇਕ ਦਾ ਦਿਲ ਹਲੂਣ ਦਿੰਦੀ।

"ਮੇਰਾ ਕੋਈ ਭਰਾ ਜਾਂ ਦੇਵਰ ਕੁਆਰਾ ਹੁੰਦਾ ਤਾਂ ਤੈਨੂੰ ਮੈਂ ਆਪਣੇ ਘਰ ਲੈ ਆਉਂਦੀ।" ਇਕ ਸਟਾਫ ਮੈਂਬਰ ਕਹਿੰਦੀ।

"ਅਰੇ ਯਾਰ! ਕੋਈ ਵੀ ਚਲੇਗਾ, ਤੂੰ ਲਿਆ ਤਾਂ ਸਹੀ।" ਪੰਮੀ ਪਾਨ ਚਬਾਂਦੀ ਹੋਈ ਬੋਲਦੀ।

'ਅਰੇ ਯਾਰ! ਅਰੇ ਸਾਹਿਬ' ਤਾਂ ਉਹਦੇ ਹਰ ਵਾਕ ਨਾਲ ਜੁੜਿਆ ਹੁੰਦਾ।

ਪਰ ਇਹੋ ਪੰਮੀ ਘਰ ਵਿਚ ਕਛੁਕੰਮੇ ਵਾਂਗ ਆਪਣੀ ਹੀ ਖੋਲ ਵਿਚ ਲੁਕੀ ਰਹਿੰਦੀ।

ਪੰਜ ਸਾਲ ਪਹਿਲਾਂ ਬਾਊ ਜੀ ਦੇ ਗੁਜ਼ਰਨ 'ਤੇ ਸੁਜੀਤ ਆਇਆ ਸੀ। ਤਦ ਨਰੇਸ਼ ਵੀ ਇੰਗਲੈਂਡ ਤੋਂ ਇਥੇ ਆਇਆ ਹੋਇਆ ਸੀ। ਪੰਮੀ ਨੇ ਉਸੇ ਸਾਲ ਐਮ.ਐਸਸੀ. ਪੂਰੀ ਕੀਤੀ ਸੀ। ਪੰਮੀ ਨੂੰ ਨਰੇਸ਼ ਤਾਂ ਨਾਲ ਲਿਜਾਣ ਲਈ ਹੀ ਆਇਆ ਸੀ ਪਰ ਅਚਾਨਕ ਪਿਤਾ ਜੀ ਚਲ ਵਸੇ ਸਨ।

ਨਰੇਸ਼ ਵਾਪਸ ਚਲਾ ਗਿਆ ਸੀ। ਪੰਮੀ ਨੂੰ ਨੌਕਰੀ ਮਿਲ ਗਈ ਸੀ। ਉਨ੍ਹਾਂ ਦਿਨਾਂ ਵਿਚ ਹੀ ਮਾਂ ਬਹੁਤ ਬਿਮਾਰ ਰਹਿਣ ਲੱਗ ਪਈ ਸੀ। ਪਾਲ ਦੀ ਮੰਗਣੀ ਬਾਊ ਜੀ ਦੇ ਹੁੰਦਿਆਂ ਹੀ ਹੋ ਚੁੱਕੀ ਸੀ। ਲੜਕੀ ਵਾਲੇ ਵਿਆਹ ਲਈ ਜ਼ੋਰ ਦੇ ਰਹੇ ਸਨ। ਬਾਊ ਜੀ ਤਾਂ ਚਾਹੁੰਦੇ ਸਨ ਕਿ ਪਹਿਲਾਂ ਪੰਮੀ ਨੂੰ ਡੋਲੇ ਪਾ ਕੇ ਫਿਰ ਹੀ ਉਹ ਪਾਲ ਦਾ ਵਿਆਹ ਕਰਨਗੇ, ਪਰ ਉਹ ਇਹ ਚਾਅ ਦਿਲ ਵਿਚ ਨਾਲ ਹੀ ਲੈ ਗਏ ਸਨ।

ਮਜਬੂਰ ਹੋ ਕੇ ਮਾਂ ਨੂੰ ਪਾਲ ਦੇ ਵਿਆਹ ਲਈ ਰਾਜ਼ੀ ਹੋਣਾ ਪਿਆ ਸੀ। ਪਾਲ ਦੇ ਵਿਆਹ 'ਤੇ ਸੁਜੀਤ ਨਹੀਂ ਸੀ ਪਹੁੰਚਿਆ। ਮਾਂ ਨੇ ਹੌਲੀ-ਹੌਲੀ ਮੰਜਾ ਹੀ ਫੜ ਲਿਆ ਸੀ।

ਨਰੇਸ਼ ਫਿਰ ਆਇਆ ਸੀ। ਨਰੇਸ਼ ਨੇ ਹੀ ਪਾਲ ਨਾਲ ਗੱਲ ਚਲਾਈ ਸੀ। ਪਾਲ ਬਿਫਰ ਉਠਿਆ ਸੀ, "ਕਮਾਲ ਹੈ, ਪੰਮੀ! ਮੰਨਿਆ ਕਿ ਬਚਪਨ ਤੋਂ ਹੀ ਅਸੀਂ ਨਰੇਸ਼ ਨੂੰ ਜਾਣਦੇ ਹਾਂ ਪਰ ਇਹਦਾ ਮਤਲਬ ਇਹ ਨਹੀਂ ਕਿ ਜਾਤ ਬਰਾਦਰੀ ਤੋਂ ਬਾਹਰ ਤੇਰਾ ਵਿਆਹ ਕਰ ਦੇਈਏ। ਹੋਰ ਮੁੰਡਿਆਂ ਦਾ ਤੇਰੇ ਲਈ ਕੋਈ ਕਾਲ ਏ।"

ਪੰਮੀ ਮਨ ਹੀ ਮਨ ਬੜਾ ਰੋਈ ਕਲਪੀ, ਪਰ ਮੂੰਹੋਂ ਕੁਝ ਨਾ ਕਹਿ ਸਕੀ। ਛੇਵੀਂ ਕਲਾਸ ਵਿਚ ਹੀ ਸੀ ਤਾਂ ਉਹ ਨਰੇਸ਼ ਕੋਲੋਂ ਸਵਾਲ ਸਮਝਣ ਜਾਂਦੀ ਸੀ। ਜਿਉਂ-ਜਿਉਂ ਹੋਸ਼ ਸੰਭਾਲਦੀ ਗਈ, ਨਰੇਸ਼ ਦੇ ਨੇੜੇ ਹੁੰਦੀ ਗਈ। ਮਾਂ, ਬਾਊ ਜੀ, ਸੁਜੀਤ, ਪਾਲ... ਕਿਸੇ ਨੇ ਕਦੀ ਨਹੀਂ ਸੀ ਟੋਕਿਆ। ਸਭ ਦੇ ਦਿਮਾਗ ਵਿਚ ਨਰੇਸ਼ ਅਤੇ ਪੰਮੀ ਦਾ ਰਿਸ਼ਤਾ ਸਾਫ਼ ਸੀ। ਅੱਜ ਜਾਤ ਬਰਾਦਰੀ ਪਤਾ ਨਹੀਂ ਕਿੱਥੋਂ ਆ ਟਪਕੀ ਸੀ?

ਪੰਮੀ ਨੇ ਸੁਜੀਤ ਨੂੰ ਖ਼ਤ ਪਾਇਆ ਸੀ ਪਰ ਉਹਦਾ ਜੁਆਬ ਉਦੋਂ ਆਇਆ ਸੀ ਜਦੋਂ ਨਰੇਸ਼ ਜਾ ਚੁੱਕਾ ਸੀ। ਜਾਣ ਤੋਂ ਪਹਿਲਾਂ ਉਸ ਪੰਮੀ ਨੂੰ ਕੋਰਟ ਮੈਰਿਜ ਕਰਨ ਲਈ ਕਿਹਾ ਸੀ, ਪਰ ਉਹ ਹਿੰਮਤ ਨਹੀਂ ਸੀ ਜੁਟਾ ਪਾਈ।

ਕਾਲਜ ਵਿਚ ਉਹਦੀਆਂ ਸਾਥਣਾਂ ਉਹਨੂੰ ਉਕਸਾਂਦੀਆਂ ਪਰ ਉਹ ਹੱਸ ਕੇ ਗੱਲ ਨੂੰ ਉਡਾ ਛੱਡਦੀ।

"ਤੂੰ ਵਿਆਹ ਹੀ ਨਹੀਂ ਕਰਾਉਣਾ ਚਾਹੁੰਦੀ।" ਉਹਦੀਆਂ ਸਾਥਣਾਂ ਕਹਿੰਦੀਆਂ।

"ਕੌਣ ਸਾਲੀ ਵਿਆਹ ਨਹੀਂ ਕਰਾਉਣਾ ਚਾਹੁੰਦੀ, ਪਰ ਮਾਂ ਬਿਮਾਰ ਏ।"

ਪਿਛਲੇ ਸਾਲ ਜਦੋਂ ਪੰਮੀ ਨੇ ਸੁਣਿਆ ਕਿ ਨਰੇਸ਼ ਨੇ ਉਥੇ ਹੀ ਵਿਆਹ ਕਰਾ ਲਿਆ ਹੈ ਤਾਂ ਸੁੰਨ ਰਹਿ ਗਈ। ਕਈ ਦਿਨ ਉਹ ਆਪਣੇ ਠਹਾਕੇ, ਮਜ਼ਾਕ ਸਭ ਭੁੱਲ ਗਈ।

ਐਤਕੀਂ ਸੁਜੀਤ ਆਇਆ ਤਾਂ ਉਸ ਨਰੇਸ਼ ਬਾਰੇ ਪੁੱਛਿਆ ਸੀ। ਨਰੇਸ਼ ਦੇ ਵਿਆਹ ਦੀ ਖ਼ਬਰ ਸੁਣ ਕੇ ਉਹ ਪੰਮੀ ਨੂੰ ਗਲੇ ਲਾ ਕੇ ਰੋ ਪਿਆ ਸੀ।

ਪੰਮੀ ਨੂੰ ਇਹ ਸਭ ਕੁਝ ਨਾਟਕ ਲੱਗਾ ਸੀ। ਪੰਮੀ ਦੀ ਇਕ ਸਹੇਲੀ ਨੇ ਉਨ੍ਹਾਂ ਦੀ ਹੀ ਜਾਤ ਬਰਾਦਰੀ ਦਾ ਇਕ ਲੜਕਾ ਪੰਮੀ ਨੂੰ ਵਿਖਾਇਆ। ਲੜਕਾ ਚੰਗਾ ਸੀ। ਉਹਦੀ ਸਹੇਲੀ ਨੇ ਪਾਲ ਨਾਲ ਵੀ ਗੱਲ ਕੀਤੀ। ਪਾਲ ਉਸ ਲੜਕੇ ਨੂੰ ਵੇਖ ਆਇਆ।

"ਲੜਕੇ ਦਾ ਕੱਦ ਕੁਝ ਛੋਟਾ ਹੈ। ਨਾਲੇ ਉਸ ਲੜਕੇ ਦਾ ਬਾਪ ਜ਼ਿੰਦਾ ਨਹੀਂ। ਛੋਟੇ ਭੈਣ ਭਰਾਵਾਂ ਦੀ ਸਾਰੀ ਜ਼ਿੰਮੇਵਾਰੀ ਉਸ 'ਤੇ ਹੀ ਹੈ। ਰਹਿਣ ਸਹਿਣ ਵੀ ਉਨ੍ਹਾਂ ਦਾ ਮੈਨੂੰ ਬੜਾ ਹੀ ਪੁਰਾਣਾ ਲੱਗਾ ਹੈ। ਤੂੰ ਉਥੇ ਰਹਿ ਨਹੀਂ ਪਾਵੇਂਗੀ ਪੰਮੀ।"

ਪਾਲ ਨੇ ਉਸ ਲੜਕੇ ਦੀਆਂ ਸਾਰੀਆਂ ਬੁਰਾਈਆਂ ਗਿਣਾ ਦਿੱਤੀਆਂ ਸਨ ਪਰ ਚੰਗਿਆਈ ਇਕ ਵੀ ਨਹੀਂ ਸੀ ਵੇਖੀ।

ਉਸ ਲੜਕੇ ਨੇ ਪੰਮੀ ਨੂੰ ਕਾਲਜ ਇਕ ਦਿਨ ਫੋਨ ਕੀਤਾ ਅਤੇ ਉਹਦਾ ਫੈਸਲਾ ਜਾਣਨਾ ਚਾਹਿਆ-ਪੰਮੀ ਟਾਲ ਗਈ, ਮੇਰਾ ਵੱਡਾ ਭਰਾ ਅਮਰੀਕਾ ਤੋਂ ਆ ਰਿਹੈ, ਉਹੀ ਫੈਸਲਾ ਕਰੇਗਾ।

"ਤੁਹਾਡਾ ਆਪਣਾ ਫੈਸਲਾ ਕੀ ਹੈ ਮੇਰੇ ਬਾਰੇ?" ਉਸ ਲੜਕੇ ਨੇ ਝੇਂਪਦੇ-ਝੇਂਪਦੇ ਪੰਮੀ ਤੋਂ ਪੁੱਛ ਹੀ ਲਿਆ।

ਪੰਮੀ ਅੱਗਿਉਂ ਕੁਝ ਨਹੀਂ ਸੀ ਕਹਿ ਸਕੀ। ਉਹਦੀ ਜ਼ੁਬਾਨ ਨੂੰ ਜਿਵੇਂ ਲਕਵਾ ਮਾਰ ਗਿਆ ਸੀ।

'ਨਰੇਸ਼ ਵਾਰੀ ਹੀ ਮੈਂ ਆਪਣਾ ਫੈਸਲਾ ਨਾ ਸੁਣਾ ਸਕੀ ਤੇ ਹੁਣ ਮੇਰੇ ਫੈਸਲੇ ਦੀ ਕੀ ਅਹਿਮੀਅਤ ਹੈ... ' ਮਨ ਹੀ ਮਨ ਸੋਚਦੀ ਨੇ ਉਸ ਰਿਸੀਵਰ ਥੱਲੇ ਰੱਖ ਦਿੱਤਾ।

ਉਹ ਲੜਕਾ ਵੀ ਹੁਣ ਤੱਕ ਕਿਧਰੇ ਵਿਆਹਿਆ ਜਾ ਚੁੱਕਾ ਸੀ।

ਸੁਜੀਤ ਨੇ ਇਨ੍ਹਾਂ ਦਿਨਾਂ ਵਿਚ ਮੈਟਰੀਮੋਨੀਅਲ ਕਾਲਮ ਵਿਚ ਇਸ਼ਤਿਹਾਰ ਦਿੱਤਾ ਸੀ।

ਪੰਮੀ ਮਨ ਹੀ ਮਨ ਵਿਅੰਗ ਨਾਲ ਮੁਸਕਰਾ ਉਠਦੀ, "ਦੋਵੇਂ ਵਿਖਾਵੇ ਲਈ ਐਵੇਂ ਵਕਤ ਅਤੇ ਪੈਸਾ ਬਰਬਾਦ ਕਰ ਰਹੇ ਨੇ।"

ਇਕ ਦਿਨ ਦੋਵੇਂ ਭਰਾ ਇਕ ਲੜਕਾ ਵੇਖ ਕੇ ਆਏ ਤਾਂ ਕਹਿਣ ਲੱਗੇ, "ਲੜਕਾ ਤਾਂ ਸੁਹਣਾ ਸੁਨੱਖਾ ਹੈ, ਕਮਾਂਦਾ ਵੀ ਚੰਗਾ ਹੈ, ਪਰ ਕਹਿੰਦਾ ਹੈ ਨੌਕਰੀ ਵਾਲੀ ਘਰ ਵਾਲੀ ਨਹੀਂ ਚਾਹੀਦੀ। ਭਲਾ ਸੁਣੋ! ਨੌਕਰੀ ਕਿਉਂ ਨਹੀਂ ਕਰਾਣੀ। ਅਖੇ! 'ਮੈਂ ਮਾਂ-ਬਾਪ ਦਾ ਇਕਲੌਤਾ ਮੁੰਡਾ ਹਾਂ। ਮਾਂ-ਬਾਪ ਬੁੱਢੇ ਹਨ, ਉਨ੍ਹਾਂ ਦੀ ਦੇਖਭਾਲ ਦੀ ਲੋੜ ਹੈ।' ਬਈ ਸਾਡੀ ਭੈਣ ਨੇ ਕੋਈ ਆਯਾ ਬਣ ਕੇ ਜਾਣਾ ਹੈ। ਜਿਹੜੀ ਕੁੜੀ ਇੰਨੀ ਪੜ੍ਹੀ ਲਿਖੀ ਗੁਣਵੰਤੀ ਹੋਵੇ, ਉਹ ਤਾਂ ਘਰ ਦੀ ਚਾਰ ਦੀਵਾਰੀ ਵਿਚ ਘੁੱਟ ਕੇ ਹੀ ਮਰ ਜਾਵੇ।"

ਦੋਵੇਂ ਭਰਾ ਬੋਲਦੇ ਜਾ ਰਹੇ ਸਨ। ਪੰਮੀ ਦੀ ਰਾਏ ਜਾਣਨ ਦੀ ਤਾਂ ਲੋੜ ਹੀ ਨਹੀਂ ਸੀ ਸਮਝੀ।

ਕੱਲ੍ਹ ਸੁਜੀਤ ਨੇ ਜਾਣਾ ਹੈ। ਉਹ ਪਾਲ ਨੂੰ ਕਈ ਹਦਾਇਤਾਂ ਦੇ ਰਿਹਾ ਹੈ, "ਮਾਂ ਦਾ ਇਲਾਜ ਜਾਰੀ ਰੱਖਣਾ। ਮੈਂ ਜਾਂਦਿਆਂ ਹੀ ਕੁਝ ਪੈਸੇ ਭੇਜਾਂਗਾ। ਪੰਮੀ ਲਈ ਜਦੋਂ ਵੀ ਚੰਗਾ ਲੜਕਾ ਮਿਲੇ, ਮੈਨੂੰ ਲਿਖ ਦੇਣਾ। ਮੈਂ ਵਿਆਹ ਲਈ ਕੁਝ ਪੈਸੇ ਭੇਜਾਂਗਾ। ਲੜਕਾ ਚੰਗਾ ਹੋਣਾ ਚਾਹੀਦਾ ਹੈ ਜੋ ਇਹਦੇ ਗੁਣਾਂ ਨੂੰ ਪਛਾਣੇ। ਵੈਸੇ ਤਾਂ ਇਹਨੂੰ ਆਪਣੇ ਕੈਰੀਅਰ ਦੀ ਗੱਲ ਸੋਚਣੀ ਚਾਹੀਦੀ ਹੈ। ਪੀਐਚ.ਡੀ. ਕਰ ਲਵੇ, ਅਮਰੀਕਾ ਆ ਜਾਵੇ।"

"ਅਮਰੀਕਾ ਕਿੰਜ ਜਾ ਸਕਦੀ ਹੈ। ਮਾਂ ਬਿਮਾਰ ਹੈ, ਇਹਦੀ ਬਾਕੀ ਵੀ ਨੌਕਰੀ ਕਰਦੀ ਹੈ। ਫਿਰ ਹਾਲੇ ਮਕਾਨ ਦਾ ਵੀ ਤਾਂ ਫੈਸਲਾ ਕੁਝ ਨਹੀਂ ਹੋਇਆ। ਬਾਊ ਜੀ ਵੀ ਤਾਂ ਕਮਾਲ ਕਰ ਗਏ। ਮਕਾਨ ਇਹਦੇ ਨਾਂ ਕਰ ਗਏ। ਹੁਣ ਚਾਚਾ ਜੀ ਮਾਮਲਾ ਕੋਰਟ ਵਿਚ ਲੈ ਗਏ ਹਨ। ਜਦੋਂ ਤੱਕ ਇਹ ਝਗੜਾ ਨਹੀਂ ਮੁੱਕਦਾ, ਉਦੋਂ ਤੱਕ ਪੰਮੀ...।"

ਪਾਲ ਬੋਲੀ ਜਾ ਰਿਹਾ ਸੀ।

ਪੰਮੀ ਮਨ ਹੀ ਮਨ ਉਬਲ ਰਹੀ ਹੈ।

"ਹੂੰ! ਵੱਡੇ ਭਰਾ ਨੂੰ ਮੇਰੇ ਕੈਰੀਅਰ ਦੀ ਫਿਕਰ ਹੈ ਤੇ ਛੋਟੇ ਨੂੰ ਮਕਾਨ ਦੀ ਅਤੇ ਮਾਂ ਲਈ ਆਯਾ ਦੀ। ਜੇ ਮੈਂ ਉਦੋਂ ਹੀ ਨਰੇਸ਼ ਨਾਲ ਨੱਠ ਗਈ ਹੁੰਦੀ ਤਾਂ...।" ਪਰ ਮਾਂ ਦੀਆਂ ਸਿੱਲ੍ਹੀਆਂ ਅੱਖਾਂ ਵੇਖ ਉਹਦੀ ਸੋਚਣੀ ਕੰਬ ਗਈ, ਮਨ ਦੇ ਉਬਾਲ ਦਾ ਤੂਫ਼ਾਨ ਥੱਲੇ ਬੈਠਣ ਲੱਗ ਪਿਆ।

"ਸਾਲੀ ਤੂੰ ਤਾਂ ਕਿੱਲੇ ਨਾਲ ਬੱਧੀ ਗਾਂ ਹੈਂ।" ਉਸ ਮਨ ਹੀ ਮਨ ਸੋਚਿਆ ਤੇ ਮੁਸਕਰਾ ਪਈ।

---

## ਪ੍ਰਤੀਕਰਮ

ਦੇ ਕਿਨਾਰੇ ਸੰਪੂਰਨ ਕੀਤੀ ਗਈ। ਭੰਗਾਣੀ ਦੀ ਜੰਗ ਅਕਤੂਬਰ 1688 ਈ: ਵਿਚ ਹੋਈ ਸੀ।

ਮਝੈਲ ਸਿੰਘ ਸਰਾਂ ਦੇ ਵਿਚਾਰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਚਰਿਤਰੋ ਪਾਖਿਆਨ ਦੇ ਢਾਂਚੇ ਬਾਰੇ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੇ ਦਸਮ ਗ੍ਰੰਥ ਪੜ੍ਹਿਆ ਹੈ।

ਚਰਿਤਰੋ ਪਾਖਿਆਨ ਵਿਚ 404 ਚਰਿਤਰ ਹਨ। ਉਪਾਖਿਆਨ ਦਾ ਅਰਥ ਹੈ, ਇਕ ਛੋਟੀ ਕਹਾਣੀ ਜੋ ਕਿ ਇਕ ਵੱਡੀ ਮੂਲ ਕਹਾਣੀ ਦਾ ਹਿੱਸਾ ਹੈ। ਚਰਿਤਰ ਨੰ: 2 ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਚਿਤਰ ਸਿੰਘ ਨਾਮ ਦਾ ਇਕ ਰਾਜਾ ਬੁੱਢੀ ਉਮਰੇ ਇਕ ਜਵਾਨ ਲੜਕੀ ਨਾਲ ਵਿਆਹ ਕਰ ਲੈਂਦਾ ਹੈ। ਰਾਣੀ ਰਾਜੇ ਦੇ (ਪਹਿਲੇ ਵਿਆਹ 'ਚੋਂ ਹੋਏ) ਪੁੱਤਰ ਨਾਲ ਸਰੀਰਕ ਸਬੰਧ ਬਣਾਉਣਾ ਚਾਹੁੰਦੀ ਹੈ। ਨਾਂਹ ਕਰਨ 'ਤੇ ਖ਼ਫ਼ਾ ਹੋ ਕੇ ਜਵਾਨ ਰਾਣੀ ਰਾਜੇ ਨੂੰ ਉਸ ਦੇ ਪੁੱਤਰ ਦੇ ਮਾੜੇ ਇਰਾਦੇ ਬਾਰੇ ਝੂਠੇ ਇਲਜ਼ਾਮ ਲਾ ਕੇ ਸ਼ਿਕਾਇਤ ਕਰ ਦਿੰਦੀ ਹੈ। ਰਾਜਾ ਨਾਰਾਜ਼ ਹੋ ਕੇ ਆਪਣੇ ਹੀ ਬੇਕਸੂਰ ਪੁੱਤਰ ਨੂੰ ਫਾਂਸੀ ਲਾਉਣਾ ਚਾਹੁੰਦਾ ਹੈ। ਉਧਰ, ਰਾਜੇ ਦਾ ਮੰਤਰੀ ਅਸਲੀਅਤ ਤੋਂ ਜਾਣੂੰ ਹੈ ਅਤੇ ਇਕ ਸਿਆਣਾ ਪੁਰਖ ਹੋਣ ਦੇ ਨਾਤੇ ਰਾਜੇ ਨੂੰ ਸਿੱਧਾ ਤਾਂ ਕੁਝ ਨਹੀਂ ਕਹਿੰਦਾ ਪਰ ਦੁਨੀਆਂ ਵਿਚ ਵਿਚਰ ਰਹੇ ਲੋਕਾਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਬਦਇਖਲਾਕੀ ਕਰਤੂਤਾਂ ਨੂੰ ਵਖ ਵਖ ਕਹਾਣੀਆਂ ਦੇ ਰੂਪ ਵਿਚ ਬਿਆਨ ਕਰਦਾ ਹੈ। ਮੰਤਰੀ ਦਾ ਮੰਤਵ ਰਾਜੇ ਨੂੰ ਉਸ ਦੇ ਪੁੱਤਰ ਦੇ ਬੇਕਸੂਰ ਹੋਣ ਬਾਰੇ ਜਾਣੂੰ ਕਰਵਾਉਣਾ ਹੈ। ਅਗਲੇ ਚਰਿਤਰ ਇਸੇ ਹੀ ਕੜੀ ਦਾ ਹਿੱਸਾ ਹਨ ਅਤੇ ਉਨ੍ਹਾਂ ਵਿਚ ਵਖ ਵਖ ਕਹਾਣੀਆਂ ਦਸ ਕੇ ਕਾਮ ਵਾਸਨਾ ਵਿਚ ਗ੍ਰਸੇ ਲੋਕਾਂ ਦੀ ਹਾਲਤ ਦਰਸਾਈ ਗਈ ਹੈ। ਇਹ ਦਸਮ ਗ੍ਰੰਥ ਦਾ ਗਲਪ ਹਿੱਸਾ ਹੈ ਅਤੇ ਇਸ ਦਾ ਮਨੋਰਥ ਖ਼ਾਲਸੇ ਨੂੰ ਆਪਣਾ ਇਖਲਾਕ ਉਚਾ ਰੱਖਣ ਦੀ ਸਿਖਿਆ ਹੈ। ਖ਼ਾਲਸੇ ਦੀਆਂ ਚਾਰ ਬੱਜਰ ਕੁਰਹਿਤਾਂ ਵਿਚੋਂ ਪਰ ਨਾਰੀ ਦਾ ਸੰਗ ਵਿਵਰਜਿਤ ਕਰਦੀ ਕੁਰਹਿਤ ਦਾ ਵਰਨਣ ਵੀ ਇਸੇ ਹੀ ਰਚਨਾ ਵਿਚੋਂ ਹੈ। ਗੁਰੂ ਗੋਬਿੰਦ ਸਿੰਘ ਲਿਖਦੇ ਹਨ,

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ।
(ਚਰਿਤਰੋ ਪਾਖਿਆਨ, ਦਸਮ ਗ੍ਰੰਥ)

ਮਝੈਲ ਸਿੰਘ ਸਰਾਂ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਜੰਗਾਂ ਜਿੱਤੀਆਂ। ਉਹ ਕਿਹੜਾ ਦਸਮ ਗ੍ਰੰਥ ਪੜ੍ਹਦੇ ਸਨ। ਇਹ ਬਿਆਨ ਉਨ੍ਹਾਂ ਦੇ ਸਿੱਖ ਇਤਿਹਾਸ ਦੇ ਗਿਆਨ ਵਿਹੂਣੇ ਹੋਣਾ ਸਾਬਿਤ ਕਰਦਾ ਹੈ। ਇੱਥੇ ਇਹ ਦਸਣਾ ਜ਼ਰੂਰੀ ਹੈ ਕਿ ਮੁਫਤੀ ਅੱਲ ਉਦ-ਦੀਨ ਇਬਾਰਤਨਾਮਾ ਵਿਚ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜਦੋਂ ਵੀ ਦੌਰੇ ਅਤੇ ਜੰਗ ਵਿਚ ਜਾਂਦੇ ਸਨ ਤਾਂ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸਰੂਪ ਗ੍ਰੰਥੀ ਸਿੰਘਾਂ ਸਮੇਤ ਨਾਲ ਲੈ ਕੇ ਜਾਂਦੇ ਸਨ। ਇਨ੍ਹਾਂ ਦੋਨੋਂ ਹੀ ਸਰੂਪਾਂ ਦੇ ਨਾਲ ਨਿਸ਼ਾਨ ਸਾਹਿਬ ਅਤੇ ਇਕ ਖ਼ਾਸ ਫ਼ੌਜੀ ਦਸਤੇ ਦਾ ਪਹਿਰਾ ਹੁੰਦਾ ਸੀ। ਹਰ ਰੈਜੀਮੈਂਟ ਵਿਚ ਇਹ ਦੋਵੇਂ ਹੀ ਗ੍ਰੰਥ ਮੌਜੂਦ ਹੁੰਦੇ ਸਨ। ਉਸ ਸਮੇਂ ਦਸਮ ਗ੍ਰੰਥ 'ਦਸਮਾਂ ਪਾਤਸ਼ਾਹ ਜੂ ਕਾ ਗ੍ਰੰਥ' ਨਾਮ ਨਾਲ ਜਾਣਿਆ ਜਾਂਦਾ ਸੀ।

ਅੰਗਰੇਜ਼ ਲਿਖਾਰੀ ਜੌਨ ਮੈਲਕਮ ਵੀ ਆਪਣੀ 1812 ਵਿਚ ਲਿਖੀ ਕਿਤਾਬ 'ਸਕੈਚ ਆਫ ਦ ਸਿਖਸ' ਵਿਚ ਦੋਹਾਂ ਗ੍ਰੰਥਾਂ ਦੀ ਹੋਂਦ ਬਾਰੇ ਲਿਖਦਾ ਹੈ।

ਸੈਮੀਨਾਰ ਦੇ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ ਕਿ ਉਨ੍ਹਾਂ ਇਕ ਬੇਮਿਸਾਲ ਪ੍ਰੋਗਰਾਮ ਕੀਤਾ। ਸੰਗਤਾਂ ਨੂੰ ਅੰਮ੍ਰਿਤ ਬਾਣੀਆਂ ਬਾਰੇ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਸਾਵਧਾਨ ਕੀਤਾ। ਸਾਰੀ ਸੰਗਤ ਨੇ ਬੜੇ ਹੀ ਉਤਸ਼ਾਹ ਨਾਲ ਇਹ ਸਮੁੱਚਾ ਪ੍ਰੋਗਰਾਮ ਸੁਣਿਆ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸ਼ਰਾਰਤੀ ਅਨਸਰਾਂ ਦੇ ਝੂਠੇ ਪ੍ਰਚਾਰ ਨੂੰ, ਜੋ ਜ਼ਿਆਦਾ ਕਰਕੇ ਇੰਟਰਨੈਟ ਦੇ ਜ਼ਰੀਏ ਕੀਤਾ ਜਾਂਦਾ ਹੈ, ਬਹੁਤ ਹੱਦ ਤਕ ਠੱਲ ਪੈ ਗਈ ਹੈ।

*-ਇੰਦਰ ਸਿੰਘ, ਕੈਲੀਫੋਰਨੀਆ*
*ਫੋਨ: 916-804-0811*

# ਫਿਲਮ 'ਜ਼ਿੰਗੋ', ਮੁੱਖਧਾਰਾ ਤੇ ਮੂਲਵਾਸੀ




ਜ਼ਿੰਗੋ ਬ੍ਰਾਜ਼ੀਲ ਦੇ ਉੱਤਰੀ-ਕੇਂਦਰੀ ਖਿੱਤੇ 'ਚ ਵਹਿੰਦਾ ਮਸ਼ਹੂਰ ਦਰਿਆ ਹੈ। ਇਹਨੂੰ ਮਹਾਨ ਐਮਾਜ਼ੌਨ ਦਰਿਆ ਦੀ ਉੱਪ-ਨਦੀ ਵਜੋਂ ਵੀ ਜਾਣਿਆਂ ਜਾਂਦਾ ਹੈ। ਜ਼ਿੰਗੋ ਦੇ ਆਸ-ਪਾਸ ਸੰਘਣੇ ਜੰਗਲ ਹਨ ਅਤੇ ਉਨ੍ਹਾਂ ਜੰਗਲਾਂ 'ਚ ਮੂਲਵਾਸੀਆਂ ਦਾ ਸਦੀਆਂ ਤੋਂ ਬਸੇਰਾ ਹੈ। ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਤੱਕ ਜ਼ਿੰਗੋ ਦਾ ਖਿੱਤਾ 'ਅਣਛੋਹਿਆ' ਸੀ। ਅਣਛੋਹੇ ਦਾ ਮਤਲਬ, ਕੁਦਰਤੀ ਸੋਮਿਆਂ ਦੀ ਲੁੱਟ ਮਚਾਉਣ ਲਈ ਗੋਰੇ ਅਜੇ ਉਸ ਖਿੱਤੇ ਵਿਚ ਨਹੀਂ ਸਨ ਪਹੁੰਚੇ। ਪੰਜਾਹਵਿਆਂ ਦੇ ਸ਼ੁਰੂ 'ਚ ਬ੍ਰਾਜ਼ੀਲੀ ਗੋਰੀ ਸਰਕਾਰ ਨੇ ਇਹ ਖ਼ਿੱਤਾ ਗਾਹੁਣ ਦਾ ਫ਼ੈਸਲਾ ਕੀਤਾ। ਇਸ ਮੁਹਿੰਮ ਨੂੰ 'ਮਾਰਚ ਵੈਸਟ' ਦਾ ਨਾਮ ਦਿੱਤਾ ਗਿਆ। ਇਹਨੂੰ ਉਹ ਮੂਲਵਾਸੀਆਂ ਨੂੰ 'ਮੁੱਖਧਾਰਾ' ਵਿਚ ਲਿਆਉਣ ਦਾ ਕਾਰਜ ਕਹਿੰਦੇ ਸਨ। ... ਤੇ 'ਮੁੱਖਧਾਰਾ' ਸ਼ਬਦ ਦੀ ਸਿਆਸਤ ਬੇਹੱਦ ਖ਼ਤਰਨਾਕ ਹੈ।

ਪਹਿਲਾ ਖੋਜੀ ਦਲ ਜ਼ਿੰਗੋ ਦਰਿਆ ਦੇ ਆਲੇ-ਦੁਆਲੇ 'ਨਵੇਂ ਸੰਪਰਕ' ਬਣਾਉਣ ਲਈ ਭੇਜਿਆ ਗਿਆ। ਇਸ ਦਲ ਵਿਚ ਤਿੰਨ ਵਿਲਾਸ ਬੋਆਜ਼ ਭਰਾ ਸ਼ਾਮਲ ਸਨ। ਅਸਲ ਵਿਚ ਖੋਜੀ ਦਲ 'ਚ ਅਨਪੜ੍ਹਾਂ ਨੂੰ ਚੁਣਿਆ ਜਾ ਰਿਹਾ ਸੀ। ਇਨ੍ਹਾਂ ਜਗਿਆਸੂ ਭਰਾਵਾਂ ਨੇ ਆਪਣੇ ਆਪ ਨੂੰ ਅਨਪੜ੍ਹ ਦੱਸ ਕੇ ਦਲ 'ਚ ਥਾਂ ਬਣਾ ਲਈ। ਬ੍ਰਾਜ਼ੀਲੀ ਫ਼ਿਲਮ 'ਜ਼ਿੰਗੋ' ਇਨ੍ਹਾਂ ਤਿੰਨਾਂ ਭਰਾਵਾਂ ਦੀ ਕਹਾਣੀ ਹੈ। 'ਅਣਛੋਹੇ' ਇਲਾਕੇ ਵਿਚ ਜਾਣਾ ਜੋਖ਼ਮ ਭਰਿਆ ਕੰਮ ਸੀ। ਉਂਝ ਕਿਸੇ ਦੇ ਇਲਾਕੇ 'ਚ ਧੱਕੇ ਦੀ ਘੁਸਪੈਠ ਖ਼ਤਰੇ ਤੋਂ ਖਾਲੀ ਨਹੀਂ ਹੈ। ਛੇਤੀ ਹੀ ਹਥਿਆਰਾਂ ਨਾਲ ਲੈਸ ਦਲ ਦਾ ਸਾਹਮਣਾ ਮੂਲਵਾਸੀ ਕਬੀਲੇ ਨਾਲ ਹੋ ਜਾਂਦਾ ਹੈ। ਕਬੀਲੇ ਨੇ ਪਹਿਲੀ ਵਾਰ ਗੋਰੇ ਬੰਦੇ ਦੇਖੇ ਸਨ। ਗੋਰਿਆਂ ਦੇ ਪ੍ਰਚਾਰ ਦੇ ਉਲਟ ਮੂਲਵਾਸੀ ਖੋਜੀ ਦਲ ਦਾ ਸੁਆਗਤ ਕਰਦੇ ਹਨ। ਦਲ ਦਾ ਕੰਮ ਇਲਾਕੇ 'ਚ ਹਵਾਈ ਪੱਟੀ ਬਣਾਉਣਾ ਹੈ ਤਾਂ ਕਿ ਸਰਕਾਰ ਸਾਰੇ ਖਿੱਤੇ ਵਿਚ 'ਵਿਕਾਸ' ਕਰ ਸਕੇ। ਗੋਰਿਆਂ ਦਾ ਮੂਲਵਾਸੀਆਂ ਨਾਲ ਪਹਿਲਾ ਸੰਪਰਕ ਹੀ ਕਬੀਲੇ ਦੀ ਜਾਨ ਦਾ ਖੌਅ ਬਣ ਜਾਂਦਾ ਹੈ। ਗੋਰਿਆਂ ਨਾਲ ਆਈਆਂ ਮਾਮੂਲੀ ਅਤੇ ਇਲਾਜਯੋਗ ਬਿਮਾਰੀਆਂ (ਫਲੂ, ਮਿਆਦੀ ਬੁਖਾਰ) ਨਾਲ ਪਿੰਡ ਦੀ ਅੱਧੀ ਵਸੋਂ ਖਤਮ ਹੋ ਗਈ। ਛੇਤੀ ਹੀ ਇਹ ਬਿਮਾਰੀ ਉਪਰਲੇ ਜ਼ਿੰਗੋ ਖ਼ਿੱਤੇ 'ਚ ਫੈਲ ਗਈ। ਉਨ੍ਹਾਂ ਦੇ ਇਲਾਜ ਦਾ ਕੋਈ ਇੰਤਜ਼ਾਮ ਨਹੀਂ ਸੋਚਿਆ ਸੀ ਗਿਆ। ਵਿਲਾਸ ਬੋਆਜ਼ ਭਰਾ ਸਰਕਾਰ ਤੋਂ ਦਵਾਈਆਂ ਦੀ ਮੰਗ ਕਰਦੇ ਹਨ ਜੋ ਪੂਰੀ ਨਹੀਂ ਕੀਤੀ ਜਾਂਦੀ। ਖੋਜੀ ਦਲ ਦੇ ਪਿੱਛੇ ਸਰਕਾਰੀ ਨੁਮਾਇੰਦੇ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਉਨ੍ਹਾਂ ਦੀ ਨੀਤ ਜ਼ਾਹਿਰ ਹੋ ਜਾਂਦੀ ਹੈ। ਸਰਕਾਰ ਅਮੀਰਾਂ ਨੂੰ ਜੰਗਲ ਵੇਚਣੇ ਸ਼ੁਰੂ ਕਰ ਦਿੰਦੀ ਹੈ। ਮੂਲਵਾਸੀਆਂ ਨੂੰ ਕੰਮ ਬਦਲੇ ਰੋਟੀ ਵੀ ਨਹੀਂ ਦਿੱਤੀ ਜਾਂਦੀ। ਜ਼ਮੀਨ 'ਤੇ ਕਬਜ਼ੇ ਲਈ ਮੂਲਵਾਸੀਆਂ ਦੇ ਪਿੰਡ ਜਲਾਏ ਜਾਂਦੇ ਹਨ। ਕਤਲੇਆਮ ਅਤੇ ਬਲਾਤਕਾਰ ਦੇ ਸਾਕੇ ਵਰਤਾਏ ਜਾ ਰਹੇ ਹਨ। ਹਕੂਮਤ ਮੂਲਵਾਸੀਆਂ ਨੂੰ ਸੁਰੱਖਿਅਤ ਇਲਾਕਾ ਦੇਣ ਤੋਂ ਵੀ ਮੁੱਕਰ ਜਾਂਦੀ ਹੈ। ਬੋਆਜ਼ ਭਰਾਵਾਂ ਮੂਹਰੇ ਇਹ ਚੁਣੌਤੀ ਹੈ ਕਿ ਗੋਰਿਆਂ ਦਾ ਆਉਣਾ ਮੂਲਵਾਸੀਆਂ ਦੀ ਤਬਾਹੀ ਹੈ, ਗੋਰੇ ਉਨ੍ਹਾਂ ਦੇ ਕਹਿਣ ਨਾਲ ਆਉਣ ਤੋਂ ਰੁਕਣਗੇ ਨਹੀਂ; ਇਸ ਕਰ ਕੇ ਸਰਕਾਰ ਨਾਲ ਗੱਲਬਾਤ ਕਰ ਕੇ ਮੂਲਵਾਸੀਆਂ ਲਈ ਰਾਖਵੇਂ ਇਲਾਕੇ ਲਈ ਜ਼ੋਰ ਪਾਇਆ ਜਾਵੇ। ਤਿੰਨਾਂ ਭਰਾਵਾਂ 'ਚੋਂ ਇੱਕ ਕਲਾਡੀਓ, ਮੂਲਵਾਸੀਆਂ ਨੂੰ ਹਥਿਆਰਬੰਦ ਕਰ ਕੇ ਜੰਗਲ ਦੇ ਇਕ ਹਿੱਸੇ 'ਤੇ ਕਬਜ਼ਾ ਕਰੀ ਬੈਠੇ ਅਮੀਰ ਨੂੰ ਭਜਾਉਂਦਾ ਹੈ। ਸਰਕਾਰ ਰਾਖਵਾਂ ਇਲਾਕਾ ਦੇਣ ਲਈ ਮੰਨ ਜਾਂਦੀ ਹੈ। ਕਲਾਡੀਓ ਨੂੰ ਮਸੌਦਾ ਲਿਖਣ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਉਹ ਰਾਖ਼ਵੇਂ ਇਲਾਕੇ ਦਾ ਨਾਮ 'ਜ਼ਿੰਗੋ ਮੂਲਵਾਸੀ ਪਾਰਕ' ਰੱਖਣ ਦੀ ਤਜ਼ਵੀਜ਼ ਰੱਖਦਾ ਹੈ। ਸਰਕਾਰੀ ਨੁਮਾਇੰਦੇ ਦਾ ਕਹਿਣਾ ਹੈ ਕਿ ਮੂਲਵਾਸੀਆਂ ਨੂੰ ਬ੍ਰਾਜ਼ੀਲ 'ਚ ਕੋਈ ਪਸੰਦ ਨਹੀਂ ਕਰਦਾ, ਇਸ ਕਰ ਕੇ ਮੂਲਵਾਸੀ ਸ਼ਬਦ ਹਟਾ ਦਿਓ। ਬ੍ਰਾਜ਼ੀਲ ਦਾ ਅਰਥ ਇੱਥੇ 'ਪੜ੍ਹੇ-ਲਿਖੇ, ਸ਼ਹਿਰੀ ਅਤੇ ਸੱਭਿਅਕ ਗੋਰਿਆਂ' ਤੋਂ ਹੈ। ਪਾਰਕ ਦਾ ਨਾਮ 'ਜ਼ਿੰਗੋ ਕੌਮੀ ਪਾਰਕ' ਰੱਖਿਆ ਜਾਂਦਾ ਹੈ ਕਿਉਂਕਿ 'ਕੌਮੀ' ਸ਼ਬਦ ਫ਼ੌਜ ਅਤੇ 'ਸ਼ਹਿਰੀ ਸੱਭਿਅਕ ਜਮਾਤ' ਦੇ ਸੂਤ ਬੈਠਦਾ ਹੈ। ਇਸ ਬਿਆਨ 'ਚੋਂ ਨੇਸ਼ਨ ਸਟੇਟ ਦੇ ਕਿਰਦਾਰ ਦੀ ਝਲਕ ਪੈਂਦੀ ਹੈ ਜਿੱਥੇ ਮੁਲਕ ਦੀ ਏਕਤਾ ਅਤੇ ਅਖੰਡਤਾ ਦੇ ਨਾਮ 'ਤੇ ਮੂਲਵਾਸੀਆਂ ਦੀ ਹਰ ਹੱਕੀ ਮੰਗ 'ਤੇ ਸੁਹਾਗਾ ਫੇਰਨਾ ਨਿਆਂ ਸੰਗਤ ਠਹਿਰਾਇਆ ਜਾ ਸਕਦਾ ਹੈ। ਨੇਸ਼ਨ ਸਟੇਟ ਦੀ ਨਜ਼ਰ 'ਚ ਮੂਲਵਾਸੀਆਂ ਦੀ ਕੀਮਤ ਜਾਨਵਰਾਂ ਦੇ ਬਰਾਬਰ ਹੈ ਜਿਨ੍ਹਾਂ ਨੂੰ ਪਾਰਕ 'ਚ ਤਾੜਨਾ ਮਜਬੂਰੀ ਹੈ। ਸਰਮਾਏਦਾਰ ਅਤੇ ਉਨ੍ਹਾਂ ਦੀਆਂ ਪਾਲਤੂ ਸਰਕਾਰਾਂ ਇਹ ਜਾਣਦੀਆਂ ਹਨ ਕਿ 'ਤਰੱਕੀ' ਦਾ ਲਾਹਾ ਕੁਝ ਇੱਕ ਅਮੀਰਾਂ ਦੇ ਹੱਥ ਹੀ ਜਾਣਾ ਹੈ। ਮੂਲਵਾਸੀਆਂ ਦੇ ਪੱਲੇ ਉਜਾੜਾ ਹੀ ਪੈਣਾ ਹੈ। ਕਲਾਡੀਓ ਦਾ ਮੰਨਣਾ ਹੈ ਕਿ ਇਨ੍ਹਾਂ ਨੂੰ ਗੋਰਿਆਂ ਤੋਂ ਦੂਰ ਰੱਖ ਕੇ ਹੀ ਬਚਾਇਆ ਜਾ ਸਕਦਾ ਹੈ। ਸਰਕਾਰ ਖਿੱਤੇ ਨੂੰ ਕਬਜ਼ੇ ਹੇਠ ਕਰ ਰਹੀ ਹੈ। ਗੋਰਿਆਂ ਦੇ ਸੰਪਰਕ 'ਚ ਆਉਂਦੇ ਸਾਰ ਮੂਲਵਾਸੀ ਮਰਨੇ ਸ਼ੁਰੂ ਹੋ ਜਾਂਦੇ ਹਨ। ਕਲਾਡੀਓ ਇਨ੍ਹਾਂ ਨੂੰ ਵੱਖ-ਵੱਖ ਇਲਾਕਿਆਂ ਤੋਂ 'ਕੱਠੇ ਕਰ ਕੇ ਪਾਰਕ 'ਚ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਜੋ ਨਹੀਂ ਆਉਂਦੇ। ਉਨ੍ਹਾਂ ਦੀ ਤਬਾਹੀ ਅਟੱਲ ਹੈ।






ਫਿਲਮਸਾਜ਼ ਕਾਓ ਹੈਮਬਰਗਰ ਵੱਲੋਂ 2012 ਵਿਚ ਬਣਾਈ ਫਿਲਮ 'ਜ਼ਿੰਗੋ' ਦਾ ਪੋਸਟਰ (ਉਪਰ) ਅਤੇ (ਹੇਠਾਂ, ਖੱਬੇ ਹੱਥ) ਫਿਲਮ ਦੇ ਇਕ ਦ੍ਰਿਸ਼ ਵਿਚ ਨੱਚ ਰਹੇ ਆਦਿਵਾਸੀ।

ਮੂਲਵਾਸੀਆਂ ਜਾਂ ਆਦਿਵਾਸੀਆਂ ਦੀ ਇਹ ਸੰਸਾਰ ਪੱਧਰ ਦੀ ਹੋਣੀ ਹੈ। ਭਾਰਤ ਵਿਚ ਪਿਛਲੇ ਦਸ ਸਾਲਾਂ 'ਚ ਮੂਲਵਾਸੀਆਂ ਦਾ ਉਜਾੜਾ ਹੋਰ ਤੇਜ਼ ਹੋਇਆ ਹੈ। ਖ਼ਾਸ ਕਰ ਕੇ ਕੇਂਦਰੀ ਭਾਰਤ 'ਚ ਮੂਲਵਾਸੀ ਇਸ ਉਜਾੜੇ ਖ਼ਿਲਾਫ਼ ਲੜ ਰਹੇ ਹਨ। ਜੰਗਲ, ਪਾਣੀ, ਜ਼ਮੀਨ ਅਤੇ ਖਣਿਜ ਦਿਉਕੱਦ ਬਹੁਕੌਮੀ ਕੰਪਨੀਆਂ ਨੂੰ ਲੁਟਾਏ ਜਾ ਰਹੇ ਹਨ। ਇਸ ਨੂੰ ਭਾਰਤ ਸਰਕਾਰ ਵੀ ਆਦਿਵਾਸੀਆਂ ਨੂੰ 'ਮੁੱਖਧਾਰਾ' ਵਿਚ ਲਿਆਉਣ ਦਾ ਪਵਿੱਤਰ ਕਾਰਜ ਮੰਨਦੀ ਹੈ। ਮਸ਼ਹੂਰ ਨਾਬਰ-ਚਿੰਤਕ ਜੌਹਨ ਜ਼ਾਰਜ਼ਨ ਨਾਬਰੀ ਦੇ ਪੈਂਤੜੇ ਤੋਂ ਦਲੀਲ ਦਿੰਦਾ ਹੈ ਕਿ ਅਖੌਤੀ ਆਧੁਨਿਕਤਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਦਿਵਾਸੀਆਂ ਨੂੰ ਪਾਲਤੂ ਬਣਾਉਣ ਦਾ ਕੰਮ ਕਰਦੀ ਹੈ। ਮੁਖਧਾਰਾ 'ਚ ਲਿਆਉਣ ਦਾ ਮਤਲਬ ਮਨੁੱਖ ਨੂੰ ਪਾਲਤੂ ਬਣਾਉਣਾ ਗਿਣਿਆ ਜਾਵੇਗਾ। ਫ਼ਿਲਮ 'ਚ ਜਦੋਂ ਸਾਰੇ ਜ਼ਿੰਗੋ ਖ਼ਿੱਤੇ ਉਤੇ ਸਰਕਾਰ ਦਾ ਕਬਜ਼ਾ ਹੋ ਜਾਂਦਾ ਹੈ, ਇੱਕ ਆਖ਼ਰੀ ਕਬੀਲਾ 'ਕਰੀਨ ਅਕਰੋਰੀ' ਗੋਰਿਆਂ ਤੋਂ 'ਅਣਛੋਹਿਆ' ਪਿਆ ਹੈ। ਬ੍ਰਾਜ਼ੀਲ 'ਚ ਉਸ ਵੇਲੇ ਅਮਰੀਕਾ ਪੱਖੀ ਫ਼ੌਜੀ ਹਕੂਮਤ ਸੱਤਾ 'ਚ ਆ ਚੁੱਕੀ ਸੀ ਜੋ ਐਮਾਜ਼ੌਨ ਦੇ ਜੰਗਲਾਂ 'ਤੇ ਹਾਬੜੀ ਪਈ ਸੀ। ਫ਼ੌਜੀ ਜਰਨੈਲ, ਉਰਲਾਂਡੋ ਵਿਲਾਸ ਬੋਆਜ਼ ਨੂੰ ਕਹਿੰਦਾ ਹੈ ਕਿ ਅਸੀਂ ਇਸ ਕਬੀਲੇ ਦੇ ਇਲਾਕੇ 'ਚ ਟਰਾਂਸ-ਐਮਾਜ਼ੌਨ ਸ਼ਾਹਰਾਹ ਕੱਢ ਰਹੇ ਹਾਂ। ਉਰਲਾਂਡੋ ਬੇਨਤੀ ਕਰਦਾ ਹੈ ਕਿ ਘੱਟੋ-ਘੱਟ ਇੱਕ ਕਬੀਲੇ ਨੂੰ ਤਾਂ ਇਕਾਂਤ ਬਖ਼ਸ਼ ਦਿਓ। ਫ਼ੌਜੀ ਦਾ ਪੈਂਤੜਾ ਸਾਫ਼ ਹੈ। ਉਹ ਕਹਿੰਦਾ ਹੈ, "ਕਿਸੇ ਦਾ ਵੀ ਇਕਾਂਤ 'ਚ ਰਹਿਣਾ ਚੰਗੀ ਗੱਲ ਨਹੀਂ ਹੈ। ਸਿਰਫ਼ 'ਤਰੱਕੀ' ਹੀ ਚੰਗੀ ਚੀਜ਼ ਹੈ। ਉਹ ਮੂਲਵਾਸੀਆਂ ਲਈ ਵੀ ਚੰਗੀ ਹੈ।" ਉਰਲਾਂਡੋ ਦਾ ਜਵਾਬ ਹੈ, "ਤਰੱਕੀ ਦਾ ਇਹ ਮਾਡਲ ਸਾਡੇ ਲਈ ਵੀ ਚੰਗਾ ਨਹੀਂ ਹੈ। ਮੂਲਵਾਸੀਆਂ ਲਈ ਤਾਂ ਇਹ ਖ਼ਤਰਨਾਕ ਤੇ ਗ਼ੈਰ-ਜ਼ਰੂਰੀ ਹੈ।" ਪਹਿਲੀ ਵਾਰ ਛੇ ਸੌ 'ਕਰੀਨ ਅਕਰੋਰੀ' ਮੂਲਵਾਸੀ ਗੋਰੇ ਬੰਦੇ ਦੇ ਸੰਪਰਕ 'ਚ ਆਏ ਸਨ। ਸ਼ਾਹਰਾਹ ਬਣਨ ਤੱਕ ਸਿਰਫ਼ ਉਣਾਸੀ ਮੂਲਵਾਸੀ ਬਚੇ ਸਨ ਜਿਨ੍ਹਾਂ ਨੂੰ 'ਜ਼ਿੰਗੋ ਕੌਮੀ ਪਾਰਕ' ਵਿਚ ਲਿਆਂਦਾ ਗਿਆ। ਇਸੇ ਕੜੀ 'ਚ ਲੇਖਕ ਅਰੁੰਧਤੀ ਰਾਏ ਭਾਰਤ ਸਰਕਾਰ ਨੂੰ ਕਹਿੰਦੀ ਹੈ ਕਿ ਆਦਿਵਾਸੀਆਂ ਅਤੇ ਚੌਗਿਰਦੇ ਦੀ ਭਲਾਈ ਲਈ ਬਾਕਸਾਈਟ ਪਹਾੜਾਂ ਵਿਚ ਹੀ ਪਿਆ ਰਹਿਣ ਦਿਉ। ਅਰੁੰਧਤੀ ਦਾ ਇਸ਼ਾਰਾ ਉਸ ਅਖੌਤੀ ਵਿਕਾਸ ਦੇ ਸਿੱਟਿਆਂ ਵੱਲ ਹੈ ਜੋ ਸਾਂਝੀਵਾਲਤਾ, ਕੁਦਰਤ ਪੱਖੀ ਜਾਂ ਸਭ ਦੀ ਸ਼ਮੂਲੀਅਤ ਦੇ ਵਿਚਾਰ ਉੱਤੇ ਟਿਕਿਆ ਹੋਇਆ ਨਹੀਂ ਹੈ। ਉੜੀਸਾ ਦਾ ਡੌਂਗਰੀਆ ਕੌਂਧ ਕਬੀਲਾ ਉਨ੍ਹਾਂ ਪਹਾੜਾਂ ਦਾ ਵਾਸੀ ਹੈ ਜਿਨ੍ਹਾਂ ਹੇਠ ਬਾਕਸਾਈਟ ਦੱਬਿਆ ਪਿਆ ਹੈ। ਇਸੇ ਬਾਕਸਾਈਟ ਦੀ ਲੁੱਟ ਮਚਾਉਣ ਲਈ ਕੌਂਧ ਕਬੀਲੇ ਨੂੰ ਉਜਾੜਿਆ ਜਾ ਰਿਹਾ ਹੈ। 'ਇੰਡੀਅਨ ਐਕਸਪ੍ਰੈਸ' ਵਿਚ ਕਾਲਮਨਵੀਸ ਤਵਲੀਨ ਸਿੰਘ ਲਿਖਦੀ ਹੈ ਕਿ ਹੁਣ ਅਨਪੜ੍ਹ ਆਦਿਵਾਸੀ ਸਾਨੂੰ ਦੱਸਣਗੇ ਕਿ ਜਲ, ਜੰਗਲ ਅਤੇ ਜ਼ਮੀਨ ਕਿਸ ਦੀ ਹੈ? ਉਹ ਸਰਕਾਰ ਨੂੰ ਲੁੱਟ ਦਾ ਹੱਲਾ ਹੋਰ ਤੇਜ਼ ਕਰਨ ਲਈ ਉਕਸਾਉਂਦੀ ਹੈ। ਇਹ ਉਹੀ 'ਸ਼ਹਿਰੀ ਸੱਭਿਅਕ ਜਮਾਤ' ਹੈ ਜੋ 'ਜ਼ਿੰਗੋ ਪਾਰਕ' ਵਿਚ ਮੂਲਵਾਸੀ ਸ਼ਬਦ ਵੀ ਬਰਦਾਸ਼ਤ ਨਹੀਂ ਕਰਦੀ। ਉਂਝ ਇਹ ਬ੍ਰਾਜ਼ੀਲੀ ਸਰਕਾਰ ਦੇ ਉਲਟ ਆਦਿਵਾਸੀਆਂ ਲਈ ਰੱਤੀ ਭਰ ਜ਼ਮੀਨ ਛੱਡਣ ਲਈ ਵੀ ਤਿਆਰ ਨਹੀਂ ਹੋਣਗੇ। 'ਤਰੱਕੀ' ਅਤੇ 'ਤਜਰਬਾ' ਵੀ ਤਾਂ ਆਖ਼ਰ ਕੋਈ ਸ਼ੈਅ ਹੈ।



ਸੋਨੀਆ ਮਾਨ

# ਫਿਲਮ 'ਹਾਣੀ' ਦੀ ਕਹਾਣੀ




ਹਰਭਜਨ ਮਾਨ ਅਤੇ ਮਹਿਰੀਨ ਕਾਲੇਕਾ ਫਿਲਮ ਹਾਣੀ ਦੇ ਇਕ ਦ੍ਰਿਸ਼ ਵਿਚ।

ਹਰਭਜਨ ਮਾਨ ਨੇ 2002 ਵਿਚ ਫਿਲਮ 'ਜੀ ਆਇਆਂ ਨੂੰ' ਨਾਲ ਪੰਜਾਬੀ ਫਿਲਮਾਂ ਦੇ ਵਿਹੜੇ ਪੈਰ ਧਰਿਆ ਸੀ ਅਤੇ ਹੁਣ ਉਸ ਦੀ ਨਵੀਂ ਫਿਲਮ 'ਹਾਣੀ' ਰਿਲੀਜ਼ ਹੋਈ ਹੈ। ਇਸ ਫਿਲਮ ਵਿਚ ਉਹਦੇ ਨਾਲ ਮਹਿਰੀਨ ਕਾਲੇਕਾ, ਸੋਨੀਆ ਮਾਨ ਅਤੇ ਸਰਬਜੀਤ ਚੀਮਾ ਮੁੱਖ ਕਲਾਕਾਰ ਹਨ। ਅੱਜਕੱਲ੍ਹ ਜਿਸ ਤਰ੍ਹਾਂ ਦੀਆਂ ਹਲਕੀਆਂ ਅਤੇ ਅਖੌਤੀ ਕਾਮੇਡੀ ਫਿਲਮਾਂ ਆ ਰਹੀਆਂ ਹਨ, ਉਨ੍ਹਾਂ ਦੇ ਮੁਕਾਬਲੇ 'ਹਾਣੀ' ਕਿਤੇ ਸੁਥਰੀ ਫਿਲਮ ਹੈ। ਕਾਮੇਡੀ ਫਿਲਮਾਂ ਦਾ ਤਾਂ ਟ੍ਰੈਂਡ ਇੰਨਾ ਜ਼ਿਆਦਾ ਹਾਵੀ ਹੋਇਆ ਹੈ ਕਿ ਇਹ ਫਿਲਮਾਂ ਚੁਟਕਲਿਆਂ ਦਾ ਸੰਗ੍ਰਹਿ ਲੱਗਣ ਲੱਗ ਪਈਆਂ ਹਨ।

ਹਿੱਟ ਫਿਲਮਾਂ ਦਾ ਕਦੀ ਕੋਈ ਬੱਝਿਆ ਫਾਰਮੂਲਾ ਨਹੀਂ ਹੁੰਦਾ। ਕਿਸੇ ਵੇਲੇ ਫਿਲਮ ਦੀ ਸਫਲਤਾ ਲਈ ਮਿਹਰ ਮਿੱਤਲ ਨੂੰ ਫਿਲਮ ਵਿਚ ਜ਼ਰੂਰ ਲਿਆ ਜਾਂਦਾ ਸੀ ਅਤੇ ਉਸ ਦਾ ਗੰਦ-ਮੰਦ ਸਭ ਸੁਣੀ-ਦੇਖੀ ਜਾਂਦੇ ਸਨ। ਹੁਣ ਵੀ ਉਦਾਂ ਕੁ ਦੀ ਗੱਲ ਹੋ ਗਈ ਹੈ। ਘਟੀਆ ਤੇ ਚਾਲੂ ਜਿਹਾ ਹਾਸਰਸ ਪੰਜਾਬੀ ਫਿਲਮਾਂ ਦਾ ਹਿੱਸਾ ਬਣਾ ਦਿੱਤਾ ਗਿਆ ਹੈ। 'ਹਾਣੀ' ਅਜਿਹੇ ਫਾਰਮੂਲਿਆਂ ਤੋਂ ਹਟਵੀਂ ਫਿਲਮ ਹੈ। ਇਸ ਫਿਲਮ ਵਿਚ ਪਿਆਰ ਦੀ ਤਾਕਤ ਅਤੇ ਪਰਿਵਾਰ ਦੇ ਪਿਆਰ ਦੀ ਬਾਤ ਪਾਈ ਗਈ ਹੈ। ਫਿਲਮ ਦੇ ਨਿਰਦੇਸ਼ਕ ਅਮਿਤੋਜ ਮਾਨ ਹਨ। ਹਰਭਜਨ ਮਾਨ ਦੀਆਂ ਫਿਲਮਾਂ ਵੀ ਭਾਵੇਂ ਦੇਸ-ਪਰਦੇਸ ਦੇ ਫਾਰਮੂਲੇ ਵੱਲ ਛਾਲਾਂ ਮਾਰਦੀਆਂ ਜਾਂਦੀਆਂ ਹਨ ਪਰ ਉਸ ਦੀਆਂ ਫਿਲਮਾਂ ਵਿਚ ਉਹ ਜੱਕੜ ਨਹੀਂ ਮਾਰੇ ਜਾਂਦੇ ਜਿਸ ਤਰ੍ਹਾਂ ਕਥਿਤ ਕਾਮੇਡੀ ਵਿਚ ਦੇਖਣ ਨੂੰ ਮਿਲ ਰਹੇ ਹਨ। ਜਿਸ ਤਰ੍ਹਾਂ ਹਰਭਜਨ ਮਾਨ ਉਸ ਦੇ ਗਾਏ ਹਰ ਗੀਤ ਦਾ ਮਤਲਬ ਬਣਦਾ ਹੈ, ਐਨ ਉਸੇ ਤਰ੍ਹਾਂ ਉਸ ਦੀਆਂ ਹੋਰ ਫਿਲਮਾਂ ਵਾਂਗ ਇਹ ਫਿਲਮ ਵੀ ਬੜੀ ਭਾਵਪੂਰਤ ਹੈ। ਇਸ ਵਿਚ ਪਿਆਰ ਦਾ ਸੁਨੇਹਾ ਬਹੁਤ ਸੁਹਣੇ ਢੰਗ ਨਾਲ ਦਿੱਤਾ ਗਿਆ ਹੈ।

## ਗੋਲਡਨ ਪੰਜਾਬ ਕਲੱਬ ਵਲੋਂ ਪੇਸ਼ ਹੈ

# ਰੂਪ ਪੰਜਾਬਣ ਦਾ

**Oct. 19th, 2013 (3pm to 7pm)**

**Union City Sports Center**
31224 Union City Blvd, Union City CA 94587

Tickets: $10

- ਕੇਵਲ ਬੱਚੀਆਂ, ਮੁਟਿਆਰਾਂ ਅਤੇ ਔਰਤਾਂ ਲਈ
- ਗੀਤ-ਸੰਗੀਤ, ਗਿੱਧਾ, ਬੋਲੀਆਂ ਅਤੇ ਡੀ.ਜੇ.
- ਪੰਜਾਬੀ ਸੂਟਾਂ ਵਿਚ ਸਜੀਆਂ ਤਿੰਨ ਪੰਜਾਬਣਾਂ ਦੀ ਚੋਣ
- ਖਾਣ-ਪੀਣ ਦੇ ਨਾਲ ਨਾਲ ਜਿਊਲਰੀ, ਮਹਿੰਦੀ ਅਤੇ ਔਰਤਾਂ ਦੇ ਮਨਭਾਉਂਦੇ ਹਰ ਤਰ੍ਹਾਂ ਦੇ ਸਟਾਲ ਲਗਾਏ ਜਾਣਗੇ






*Stage Host: Neelam Saini*



*Dr. Baljit Jammu*







**For More Info., Contact: Neelam Saini, Ph: 510-502-0551 or Dr. Baljit Jammu, Ph: 510-343-4162**

# Sixth Annual GENCO Golf Tournament

## ਛੇਵਾਂ ਸਾਲਾਨਾ ਜੈਨਕੋ ਗੌਲਫ ਟੂਰਨਾਮੈਂਟ

**September 21, 2013 *(Saturday)***

**Lake Chabot Golf Course**

SPONSORSHIP LEVELS!
- $2000 and above-GENCO GRAND SPONSOR-CO-SPONSOR THE TOURNAMENT
- $500 GOLD SPONSOR-Sponsor a Hole
Your name displayed on the sponsored hole & at the Tournament Registration
- $250 SILVER SPONSOR-SUPPORT GENCO CHARITY
Your name listed at the Tournament Registration

**$125 Per Player**

10:00 am Registration, Range Opens
11:00 am Putting Contest, Lunch
12:00 noon Cart-Boarding, Group Picture & Rules etc.
12:30 pm Shotgun Start
5:45 pm Dinner & Awards Ceremony

Register at: www.gencobayarea.com





ਪਿਛਲੇ ਕਈ ਸਾਲਾਂ ਤੋਂ ਜੈਨਕੋ ਵਲੋਂ ਪ੍ਰਤੀਯੋਗੀ ਗੌਲਫ, ਨੈਟਵਰਕਿੰਗ, ਸਮਾਜਿਕ ਮਿਲਣਵਰਤੋ ਨੂੰ ਪ੍ਰਫੁਲਿਤ ਕਰਨ ਅਤੇ ਖੈਰਾਇਤੀ ਕਾਰਜਾਂ ਲਈ ਮਾਲੀ ਵਸੀਲੇ ਜੁਟਾਉਣ ਲਈ ਸਾਲਾਨਾ ਗੌਲਫ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜੈਨਕੋ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਮਿੱਤਰਾਂ/ਪਰਿਵਾਰਾਂ ਨੂੰ ਇਸ ਟੂਰਨਾਮੈਂਟ ਵਿਚ ਹਿੱਸਾ ਲੈਣ ਲਈ ਖੁੱਲ੍ਹਾ ਸੱਦਾ ਹੈ।

For any question or more information, please contact:
Satwant Singh, Chairman Genco Charitable Corp.
(510) 882-2314 or Email: gencospirit@yahoo.com

You can also contact any of the following:
Gurpreet Dayal: (510)-304-2580, Manraj Natt: (408)-802-7181
Novinder Waraich: (408)-857-6022, Rupinder Gill: (650)-336-3534

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

### JUST SOLD

1. 4326 San Juan Way, Fremont, CA 94536
2. 43881 Cameron Hills Dr., Fremont CA 94539
3. 8308 Medeiros Way, Sacramento, CA 95829
4. 27659 Persimmon Dr., Hayward, CA 94544
5. 34782 Klondike Dr., Union City, CA 94587
6. 1555 Bolton Ln., Manteca, CA 95337
7. 30770 Oxford Way, Union City, CA 94587
8. 3386 San Gabriel Ave., Clovis, CA 93619
9. 4421 Corto Monterey, Union City, CA 94587
10. 8211 Mullberry Ct., Dublin, CA 94568

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Market is still hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095